ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK sadelok.com

10-16 ਜੂਨ 2026

ਸਾਲ 17ਵਾਂ - ਅੰਕ 24
email : info@sadelok.com
510-706-1300

## ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਲਈ ਰਵਾਨਾ



(ਦੇਖੋ ਸਫ਼ਾ 39 'ਤੇ)

## ਟਰੰਪ ਦਾ ਇਕ ਲੱਖ ਡਾਲਰ ਫੀਸ ਲਾਉਣ ਦਾ ਫੈਸਲਾ ਰੱਦ




**ਭਾਰਤੀ ਪਰਵਾਸੀ ਭਾਈਚਾਰੇ ਤੇ ਰਿਪਬਲਿਕਨਾਂ ਸਣੇ ਅਮਰੀਕੀ ਕਾਨੂੰਨਸਾਜ਼ਾਂ ਵੱਲੋਂ ਫੈਡਰਲ ਕੋਰਟ ਦੇ ਫੈਸਲੇ ਦਾ ਸਵਾਗਤ**

ਵਾਸ਼ਿੰਗਟਨ : ਫੈਡਰਲ ਜੱਜ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਐੱਚ-1ਬੀ ਅਰਜ਼ੀਆਂ ਉੱਤੇ 1,00,000 ਡਾਲਰ ਦੀ ਫੀਸ ਲਾਉਣ ਦੇ ਫੈਸਲੇ ਨੂੰ ਗ਼ੈਰਕਾਨੂੰਨੀ ਦੱਸ ਕੇ ਰੱਦ ਕਰ ਦਿੱਤਾ ਹੈ। ਜੱਜ ਨੇ ਕਿਹਾ ਕਿ (ਦੇਖੋ ਸਫ਼ਾ 4 'ਤੇ)

## SGPC ਦੇ ਉਚ ਪੱਧਰੀ ਵਫ਼ਦ ਦਾ ਕੈਲੀਫੋਰਨੀਆ ਪਹੁੰਚਣ 'ਤੇ ਭਰਵਾਂ ਸਵਾਗਤ



ਸਾਨ ਫਰਾਂਸਿਸਕੋ (ਕੈਲੀਫੋਰਨੀਆ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਕ ਉੱਚ-ਪੱਧਰੀ ਸਿੱਖ ਵਫ਼ਦ ਅਮਰੀਕਾ ਪਹੁੰਚ ਚੁੱਕਾ ਹੈ। ਸਾਨਫਰਾਂਸਿਸਕੋ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਸਥਾਨਕ ਸਿੱਖ ਆਗੂਆਂ, ਪ੍ਰਮੁੱਖ ਸ਼ਖਸੀਅਤਾਂ ਅਤੇ ਸੰਗਤਾਂ (ਦੇਖੋ ਸਫ਼ਾ 31 'ਤੇ)

### ਸਾਨ ਫਰਾਂਸਿਸਕੋ ਦੀ ਧਰਤੀ 'ਤੇ ਗੂੰਜਿਆ 'ਪਾਤਸ਼ਾਹੀ ਦਾਅਵਾ'

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਯਾਦ 'ਚ ਖਾਲਸਾਈ ਸ਼ਕਤੀ ਦਾ ਇਤਿਹਾਸਕ ਸੈਲਾਬ

## ਕੌਮ ਦੀ ਅਣਖ ਸਨਮਾਨ ਅਤੇ ਅਜ਼ਾਦੀ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ

ਸਾਨ ਫਰਾਂਸਿਸਕੋ (ਕੈਲੀਫੋਰਨੀਆ) : ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਲਾਸਾਨੀ ਸ਼ਹੀਦੀ ਪੁਰਬ ਅਤੇ ਜੂਨ 1984 ਦੇ ਨਾ-ਭੁੱਲਣਯੋਗ 'ਤੀਜੇ ਘੱਲੂਘਾਰੇ' ਦੇ ਮਹਾਨ ਸ਼ਹੀਦਾਂ ਦੀ ਪਾਵਨ ਯਾਦ ਨੂੰ ਸਮਰਪਿਤ, ਕੈਲੀਫੋਰਨੀਆ ਦੇ ਪ੍ਰਸਿੱਧ ਇਤਿਹਾਸਕ ਸ਼ਹਿਰ ਸਾਨ ਫਰਾਂਸਿਸਕੋ ਵਿਖੇ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ ਅਤੇ 'ਪਾਤਸ਼ਾਹੀ ਰੈਲੀ' ਅਲੌਕਿਕ ਜਲੌਅ ਅਤੇ ਕੌਮੀ ਵੀਰ ਰਸ ਦੇ ਪ੍ਰਗਟਾਵੇ ਨਾਲ ਸੰਪੰਨ ਹੋਇਆ। ਇਸ ਮਹਾਨ ਸਮਾਗਮ ਵਿੱਚ ਪੂਰੇ ਕੈਲੀਫੋਰਨੀਆ ਅਤੇ ਅਮਰੀਕਾ ਦੇ ਵੱਖ-ਵੱਖ ਸੂਬਿਆਂ ਤੋਂ ਲੱਖਾਂ ਦੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੇ ਸ਼ਹੀਦਾਂ ਪ੍ਰਤੀ ਆਪਣੀ ਅਕੀਦਤ ਭੇਟ ਕੀਤੀ ਅਤੇ ਸਿੱਖ ਕੌਮ (ਦੇਖੋ ਸਫ਼ਾ 32-33 'ਤੇ)



# ਭਾਰਤੀ ਫੌਜ ਵਲੋਂ 1984 ਵਿਚ ਕਤਲ ਕੀਤੇ ਗਏ ਸ਼ਰਧਾਲੂਆਂ ਦੇ ਪਰਿਵਾਰਾਂ ਦਾ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸਨਮਾਨ



ਅੰਮ੍ਰਿਤਸਰ : ਜੂਨ 1984 ਵਿੱਚ ਜਿੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਹਮਲੇ ਦੌਰਾਨ ਕਈ ਬੇਕਸੂਰ ਸੰਗਤਾਂ ਵੀ ਆਪਣੀਆਂ ਜਾਨਾਂ ਗਵਾਹ ਬੈਠੀਆਂ ਸਨ। ਉਸੇ ਦੌਰਾਨ ਗੁਰਦਾਸਪੁਰ ਜ਼ਿਲ੍ਹੇ ਤੋਂ ਭਾਈ ਮਨਜੀਤ ਸਿੰਘ ਅਤੇ ਭਾਈ ਹਰਦੀਪ ਸਿੰਘ ਵੀ ਇਸ ਦਾ ਸ਼ਿਕਾਰ ਹੋ ਗਏ ਸਨ, ਜਿਨ੍ਹਾਂ ਦੀ ਸ੍ਰੀ ਦਰਬਾਰ ਸਾਹਿਬ 1984 ਸ਼ਹੀਦੀ ਗੈਲਰੀ 'ਚ ਲੱਗੀਆਂ ਤਸਵੀਰਾਂ ਨੂੰ ਦੇਖਣ ਆਈ ਮਾਤਾ ਬੀਬੀ ਜਗੀਰ ਕੌਰ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਇਸ ਬਜ਼ੁਰਗ ਮਾਤਾ ਦੇ ਦੋ ਪੁੱਤਰ ਭਾਈ ਮਨਜੀਤ ਸਿੰਘ (ਦੇਖੋ ਸਫ਼ਾ 27 'ਤੇ)

## ਪੰਜਾਬ ਦੇ ਕਿਸਾਨਾਂ ਵਲੋਂ ਭਾਰਤ-ਅਮਰੀਕਾ ਸਮਝੌਤੇ ਦਾ ਵਿਰੋਧ, ਕੀਤਾ ਰੋਸ ਮੁਜ਼ਾਹਰਾ

ਅੰਮ੍ਰਿਤਸਰ : ਆਲ ਇੰਡੀਆ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਯੂਰੀਆ ਖਾਦ ਦੀ ਕਮੀ, ਡੀਜ਼ਲ, ਪੈਟਰੋਲ ਤੇ ਰਸੋਈ ਗੈਸ ਦੀਆਂ ਵੱਧ ਰਹੀਆਂ ਕੀਮਤਾਂ ਅਤੇ ਭਾਰਤ ਅਮਰੀਕਾ ਸਮਝੌਤੇ ਖ਼ਿਲਾਫ਼ ਅੰਮ੍ਰਿਤਸਰ ਵਿੱਚ ਗੋਲਡਨ ਗੇਟ ਸਮੇਤ



ਦੇਸ਼ ਭਰ ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜਥੇਬੰਦੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਪੰਜਾਬ ਸਮੇਤ ਦੇਸ਼ ਦੇ ਪੰਜ ਸੂਬਿਆਂ ਵਿੱਚ ਪ੍ਰਦਰਸ਼ਨ ਕੀਤੇ ਗਏ, ਜਿਸ ਤਹਿਤ ਪੰਜਾਬ ਦੇ 22 ਜ਼ਿਲ੍ਹਿਆਂ ਵਿੱਚ 74 ਥਾਵਾਂ 'ਤੇ ਅਰਥੀ ਫੂਕ ਮੁਜ਼ਾਹਰੇ ਹੋਏ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਗੋਲਡਨ ਗੇਟ, ਰਈਆ,
ਜੰਡਿਆਲਾ ਗੁਰੂ, ਮਹਿਤਾ ਚੌਂਕ, ਕੱਥੂਨੰਗਲ ਟੋਲ ਪਲਾਜ਼ਾ, ਮਜੀਠਾ, ਰਮਦਾਸ, ਗੱਗੋਮਾਹਲ ਚੌਂਕ, ਅਜਨਾਲਾ, ਲੋਪੋਕੇ ਅਤੇ
ਖ਼ਾਸਾ ਸਮੇਤ 12 ਥਾਵਾਂ 'ਤੇ ਰੋਸ ਵਿਖਾਵੇ ਹੋਏ। ਆਗੂਆਂ ਨੇ ਆਖਿਆ ਕਿ ਝੋਨੇ ਦੀ ਲਵਾਈ (ਦੇਖੋ ਸਫ਼ਾ 17 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਾਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਡਾ. ਜਸਦੀਪ ਸਿੰਘ 'ਜੱਸੀ' ਦਾ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨ

ਵਾਸ਼ਿੰਗਟਨ (ਰਾਜ ਗੋਗਨਾ) : ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ ਨੂੰ ਸਿੱਖਸ ਆਫ਼ ਅਮਰੀਕਾ ਐਸੋਸੀਏਸ਼ਨ ਆਫ਼ ਅਮਰੀਕਾ ਵੱਲੋਂ ਵਾਸ਼ਿੰਗਟਨ ਡੀ.ਸੀ ਵਿਖੇਂ ਵੱਕਾਰੀ ਲਾਈਫਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਬੀਤੇ ਦਿਨ ਐਤਵਾਰ ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਇੱਕ ਸ਼ਾਨਦਾਰ ਸਮਾਰੋਹ ਵਿੱਚ ਦਿੱਤਾ ਗਿਆ, ਜਿੱਥੇ ਜਿੱਥੇ ਨੈਸ਼ਨਲ ਕੌਂਸਲ ਆਫ਼ ਏਸ਼ੀਅਨ ਇੰਡੀਅਨ ਐਸੋਸੀਏਸ਼ਨ ਅਮਰੀਕਾ ਨੇ 20 ਸਾਲਾਂ ਦੀ ਸੇਵਾ, ਏਕਤਾ ਤੇ ਸਸ਼ਕਤੀਕਰਨ ਦੀ ਆਪਣੀ ਸ਼ਾਨਦਾਰ ਯਾਤਰਾ ਦਾ ਜਸ਼ਨ ਮਨਾਇਆ।



ਇਸ ਮੌਕੇ 'ਤੇ ਭਾਈਚਾਰੇ ਦੇ ਆਗੂ, ਸੱਭਿਆਚਾਰਕ ਕਲਾਕਾਰ, ਪਤਵੰਤੇ ਅਤੇ ਏਸ਼ੀਆਈ ਭਾਰਤੀ ਭਾਈਚਾਰੇ ਦੇ ਵੱਡੀ ਗਿਣਤੀ ਵਿੱਚ ਮੈਂਬਰ ਮੌਜੂਦ ਸਨ। ਸਮਾਗਮ ਦੀ ਸ਼ੁਰੂਆਤ ਰਵਾਇਤੀ ਦੀਵੇ ਜਗਾਉਣ ਨਾਲ ਹੋਈ, ਜਿਸ ਤੋਂ ਬਾਅਦ ਭਾਰਤੀ ਸ਼ਾਸਤਰੀ ਨਾਚ, ਸੰਗੀਤ ਅਤੇ ਲੋਕ ਨਾਚ ਸਮੇਤ ਕਈ ਤਰ੍ਹਾਂ ਦੇ ਰੰਗੀਨ ਸੱਭਿਆਚਾਰਕ ਪ੍ਰਦਰਸ਼ਨ ਕੀਤੇ ਗਏ। ਸਿੱਖਸ ਆਫ਼ ਅਮੇਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ' ਦੇ ਭਾਈਚਾਰੇ ਨੂੰ ਦਿੱਤੇ ਯੋਗਦਾਨ ਜਿਨ੍ਹਾਂ 'ਚ ਭਾਈਚਾਰੇ ਦੇ ਵਿਕਾਸ, ਸਿੱਖ ਪਛਾਣ ਨੂੰ ਮਜ਼ਬੂਤ ਕਰਨ, ਅੰਤਰ-ਧਰਮ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ ਸੇਵਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਐੱਨਸੀਏ ਦੇ ਅਹੁਦੇਦਾਰਾਂ ਨੇ ਕਿਹਾ ਕਿ ਡਾ. ਜੱਸੀ ਨੇ ਭਾਰਤੀ ਪ੍ਰਵਾਸੀਆਂ, ਖਾਸ ਕਰਕੇ ਸਿੱਖ ਭਾਈਚਾਰੇ ਪ੍ਰਦੇਸ਼ ਵਿੱਚੇ ਰਹਿੰਦੇ ਹੋਏ ਵੀ ਬਹੁਤ ਸੇਵਾ ਕੀਤੀ ਹੈ।

ਡਾ. ਜਸਦੀਪ ਸਿੰਘ ਨੂੰ ਵਾਸ਼ਿੰਗਟਨ ਡੀ.ਸੀ. ਦੇ ਲੋਕਾਂ ਪ੍ਰਤੀ ਉਨ੍ਹਾਂ ਦੀ ਸੇਵਾ ਅਤੇ ਦੇਸ਼ ਪ੍ਰਤੀ ਉਨ੍ਹਾਂ ਦੇ ਯੋਗਦਾਨ ਲਈ ਇਹ ਪ੍ਰਸ਼ੰਸਾ ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਸੱਭਿਆਚਾਰਕ ਵਿੱਚ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ। ਜਿੱਥੇ ਪ੍ਰਸਿੱਧ ਸੱਭਿਆਚਾਰਕ ਨਾਚ, ਭੰਗੜਾ ਤੇ ਗੀਤਾ ਰਾਹੀਂ ਪੁੱਜੇ ਲੋਕਾਂ ਦਾ ਮਨੋਰੰਜਨ ਵੀ ਕੀਤਾ ਗਿਆ। ਭਾਈਚਾਰੇ ਵੱਲੋਂ ਡਾ: ਡਾ. ਜਸਦੀਪ ਸਿੰਘ ਜੱਸੀ' ਚੇਅਰਮੈਨ ਸਿੱਖਸ ਆਫ਼ ਅਮੇਰਿਕਾ ਨੂੰ ਉਨ੍ਹਾਂ ਵੱਲੋਂ ਭਾਈਚਾਰੇ ਨੂੰ ਮੁੱਖ ਧਾਰਾ ਵਿੱਚ ਲਿਆਉਣ, ਨੌਜਵਾਨਾਂ ਨੂੰ ਲੀਡਰਸ਼ਿਪ ਲਈ ਪ੍ਰੇਰਿਤ ਕਰਨ ਅਤੇ ਲੋੜਵੰਦਾਂ ਦੀ ਮਾਲੀ ਸਹਾਇਤਾ ਲਈ ਕਈ ਜਿੰਨਾਂ ਨੇ ਕਈ ਪਹਿਲਕਦਮੀਆਂ ਪੰਜਾਬ 'ਚ ਸ਼ੁਰੂ ਕੀਤੀਆਂ ਹਨ। ਉਸਦੀ ਅਗਵਾਈ ਹੇਠ, ਸਿੱਖਸ ਆਫ਼ ਅਮਰੀਕਾ ਨੇ ਸਿੱਖਿਆ, ਸਿਹਤ, ਨਸ਼ਾ ਛੁਡਾਊ, ਆਫ਼ਤ ਰਾਹਤ ਅਤੇ ਮਨੁੱਖੀ ਅਧਿਕਾਰਾਂ ਦੇ ਖੇਤਰਾਂ 'ਚ ਮਹੱਤਵਪੂਰਨ ਕੰਮ ਕੀਤਾ ਅਤੇ ਭਾਈਚਾਰਕ ਏਕਤਾ ਅਤੇ ਸਮਾਜਿਕ ਨਿਆਂ ਲਈ ਅਮੇਰਿਕਾ ਅਤੇ ਪੰਜਾਬ ਲਈ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੇ ਭਾਈਚਾਰੇ ਲਈ ਪ੍ਰਭਾਵਸ਼ਾਲੀ ਕੰਮ ਕੀਤੇ ਹਨ। ਸਮਾਗਮ ਦੇ ਅੰਤ 'ਚ ਡਾ. ਜਸਦੀਪ ਸਿੰਘ ਜੱਸੀ ਨੇ ਇਸ ਸਨਮਾਨ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਇਹ ਸਨਮਾਨ ਸਮੁੱਚੇ ਸਿੱਖ ਭਾਈਚਾਰੇ ਤੇ ਮੇਰੀ ਟੀਮ ਨੂੰ ਸਮਰਪਿਤ ਹੈ। ਇਕੱਠੇ ਮਿਲ ਕੇ ਅਸੀਂ ਸੇਵਾ, ਏਕਤਾ ਅਤੇ ਮਨੁੱਖਤਾ ਲਈ ਕੰਮ ਕਰਦੇ ਰਹਾਂਗੇ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration

3073 W Ashlan Ave <> Fresno, CA 93722

Ph. (559) 243-9200, Fax (559) 549-6211

or visit www.rakhrataxservice.com or avtar06@gmail.com






Balsani Welders & Builders

We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences








ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।






ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh

844-573-3824 | 510 862 2332

433 W Scotts Ave Stockton, CA 95203

PH: (925) 487-7117

ਸਾਡੇ ਲੋਕ

# 'ਸਾਨੂੰ ਜਵਾਬ ਦੇਣਾ ਪਵੇਗਾ...', ਅਪਾਚੇ ਹੈਲੀਕਾਪਟਰ ਡਿੱਗਣ ਮਗਰੋਂ ਟਰੰਪ ਦਾ ਵੱਡਾ ਬਿਆਨ

ਵਾਸ਼ਿੰਗਟਨ: ਈਰਾਨ ਨੇ ਹੋਰਮੁਜ਼ ਦੇ ਰਣਨੀਤਕ ਜਲਮਾਰਗ ਦੇ ਉੱਪਰ ਗਸ਼ਤ ਕਰ ਰਹੇ ਇੱਕ ਅਮਰੀਕੀ ਅਪਾਚੇ ਹੈਲੀਕਾਪਟਰ ਨੂੰ ਡੇਗ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਇਹ ਘਟਨਾ ਈਰਾਨ ਦੇ ਸਿਰ ਮੜ੍ਹਦਿਆਂ ਕਿਹਾ ਕਿ ਅਮਰੀਕਾ ਇਸ ਹਮਲੇ ਦਾ ਜਵਾਬ ਜ਼ਰੂਰ ਦੇਵੇਗਾ।



ਅਮਰੀਕੀ ਫੌਜ ਦੇ ਮੁਤਾਬਕ 18-64 ਅਪਾਚੇ ਹੈਲੀਕਾਪਟਰ ਸਥਾਨਕ ਸਮੇਂ ਅਨੁਸਾਰ ਮੰਗਲਵਾਰ ਤੜਕੇ 3 ਵਜੇ ਈਰਾਨ ਦੇ ਕੰਟਰੋਲ ਵਾਲੇ ਹੋਰਮੁਜ਼ ਨੇੜੇ ਹਾਦਸੇ ਦਾ ਸ਼ਿਕਾਰ ਹੋਇਆ। ਹੈਲੀਕਾਪਟਰ ਵਿੱਚ ਸਵਾਰ ਦੋਵੇਂ ਚਾਲਕ ਦਲ ਦੇ ਮੈਂਬਰ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ। ਅਮਰੀਕੀ ਕੇਂਦਰੀ ਕਮਾਂਡ ਨੇ ਦੱਸਿਆ ਕਿ ਦੋਵਾਂ ਪਾਇਲਟਾਂ ਨੂੰ ਘਟਨਾ ਦੇ ਲਗਭਗ ਦੋ ਘੰਟਿਆਂ ਦੇ ਅੰਦਰ ਹੀ ਬਚਾ ਲਿਆ ਗਿਆ ਸੀ। ਉਨ੍ਹਾਂ ਦੀ ਭਾਲ ਅਤੇ ਬਚਾਅ ਕਾਰਜ ਵਿੱਚ ਯੂਐਸ ਨੇਵੀ ਦੇ ਇੱਕ ਸਰਫੇਸ ਡਰੋਨ ਦੀ ਮਦਦ ਲਈ ਗਈ। ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਲਿਖਿਆ, 'ਮੈਨੂੰ ਸਾਡੀ ਮਹਾਨ ਫੌਜ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਬੀਤੀ ਰਾਤ ਈਰਾਨੀਆਂ ਨੇ ਸਾਡੇ ਇੱਕ ਬਹੁਤ ਹੀ ਆਧੁਨਿਕ ਅਪਾਚੇ ਹੈਲੀਕਾਪਟਰ ਨੂੰ ਡੇਗ ਦਿੱਤਾ ਹੈ। ਦੋਵੇਂ ਪਾਇਲਟ ਸੁਰੱਖਿਅਤ ਹਨ, ਫਿਰ ਵੀ ਅਮਰੀਕਾ ਨੂੰ ਇਸ ਹਮਲੇ ਦਾ ਜਵਾਬ ਦੇਣਾ ਪਵੇਗਾ'।

ਬਾਅਦ 'ਚ ਨਿਊਯਾਰਕ ਦੇ ਜੌਨ ਐੱਫ. ਕੈਨੇਡੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਪਾਇਲਟਾਂ ਦੀ ਸਲਾਮਤੀ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ 'ਕੋਈ ਵੀ ਜ਼ਖ਼ਮੀ ਨਹੀਂ ਹੋਇਆ'। ਹਾਲਾਂਕਿ ਟਰੰਪ ਨੇ ਈਰਾਨੀ ਹਮਲੇ ਦਾ ਦਾਅਵਾ ਕੀਤਾ ਹੈ, ਪਰ ਅਜੇ ਤੱਕ ਇਹ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਹੈਲੀਕਾਪਟਰ ਈਰਾਨੀ ਗੋਲੀਬਾਰੀ ਕਾਰਨ ਡਿੱਗਿਆ ਸੀ ਜਾਂ ਕਿਸੇ ਤਕਨੀਕੀ ਖਰਾਬੀ ਕਾਰਨ। ਟਰੰਪ ਨੇ ਕਿਹਾ ਕਿ ਇਸ ਘਟਨਾ ਦੇ ਕਾਰਨਾਂ ਬਾਰੇ ਇੱਕ ਵਿਸਤ੍ਰਿਤ ਰਿਪੋਰਟ ਮੰਗਲਵਾਰ ਨੂੰ ਬਾਅਦ ਵਿੱਚ ਜਾਰੀ ਕੀਤੀ ਜਾਵੇਗੀ।

# ਕਰਮਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਹੋਏ ਵਿਸ਼ੇਸ਼ ਸਮਾਗਮ


ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸਮੂੰਹ ਸ਼ਹੀਦਾਂ ਨੂੰ ਸਮਰਪਿਤ ਪ੍ਰੋਗਰਾਮ ਕਰਮਨ ਸ਼ਹਿਰ ਵਿਖੇ ਕਰਵਾਏ ਗਏ। ਜਿੰਨ੍ਹਾਂ ਦੀ ਸੇਵਾ ਹਰ ਸਾਲ ਦੀ ਤਰ੍ਹਾਂ ਕਰਮਨ ਸ਼ਹਿਰ ਦੇ ਟਰੱਕਾ ਦੇ ਕਾਰੋਵਾਰ ਨਾਲ ਸੰਬੰਧਤ ਪਰਿਵਾਰਾਂ ਨੇ ਸਾਝੇ ਤੌਰ 'ਤੇ ਗੁਰਦੁਆਰਾ ਅਨੰਦਗੜ ਸਾਹਿਬ, ਕਰਮਨ" ਵਿਖੇ ਕੀਤੀ। ਇਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਪਾਠ ਹੋਏ। ਸਮਾਪਤੀ 'ਤੇ ਵਿਸ਼ੇਸ਼ ਸਮਾਗਮ ਵਿੱਚ ਗੁਰੂ ਘਰ ਦੇ ਹਜ਼ੂਰੀ ਰਾਗੀ ਜੱਥੇ ਦੇ ਭਾਈ ਬਲਜਿੰਦਰ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਇਸ ਉਪਰੰਤ ਭਾਈ ਸੰਦੀਪ ਸਿੰਘ



ਲੁਹਾਰਾ ਦੇ ਢਾਡੀ ਜੱਥੇ ਨੇ ਹਾਜ਼ਰੀ ਭਰਦੇ ਹੋਏ 1984 ਦੇ ਘੱਲੂਘਾਰੇ ਦਾ ਇਤਿਹਾਸ ਜ਼ੋਸੀਲੇ ਅੰਦਾਜ਼ ਵਿੱਚ ਸੰਗਤਾਂ ਨੂੰ ਸੁਣਾਇਆ। ਜਿਸ ਦੌਰਾਨ ਪ੍ਰਬੰਧਕਾਂ ਵੱਲੋਂ ਢਾਡੀ ਜੱਥੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਸਮਾਗਮ ਦੀ ਦੀ ਸਮਾਪਤੀ 'ਤੇ 'ਸਰਬੱਤ ਦੇ ਭਲੇ' ਦੀ ਅਰਦਾਸ ਕੀਤੀ ਗਈ। ਗੁਰੂਘਰ ਦੇ ਪ੍ਰਬੰਧਕਾਂ ਅਤੇ ਸੇਵਾਦਾਰਾਂ ਵੱਲੋਂ ਅੰਤ ਸੰਗਤਾਂ ਦੇ ਹਾਜ਼ਰੀ ਭਰਨ ਅਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤੇ। ਇਸ ਸਮਾਗਮ ਦੌਰਾਨ ਇਲਾਕੇ ਭਰ ਤੋਂ ਸੰਗਤਾਂ ਨਤਮਸਤਕ ਹੋਈਆ।

# ਫਿਲਾਡੈਲਫੀਆ ਵਿੱਚ ਭਾਰਤੀ ਦੀ ਗੋਲੀ ਮਾਰ ਕੇ ਹੱਤਿਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਭਾਰਤੀ ਨਾਗਰਿਕ 28 ਸਾਲਾ ਵਿਅਕਤੀ ਦੀ ਫਿਲਾਡੇਲਫੀਆ, ਪੈਨਸਿਲਵੇਨੀਆ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਹ ਤੇਲੰਗਾਨਾ ਰਾਜ ਦੇ ਮੇਡਚਲ ਮਲਕਾਜਗਿਰੀ ਜ਼ਿਲੇ ਦੇ ਗੁੰਡਲਾਪੋਚਮਪੱਲੀ ਕਸਬੇ ਦਾ ਰਹਿਣ ਵਾਲਾ ਸੀ। ਅੰਸ਼ੁਲ ਕੁੰਚਾ, ਜੋ 2023 ਵਿੱਚ ਪੜਨ ਲਈ ਅਮਰੀਕਾ ਗਿਆ ਸੀ, ਇੱਕ ਬਹੁ-ਰਾਸ਼ਟਰੀ ਕੰਪਨੀ ਵਿੱਚ ਨੌਕਰੀ ਕਰਦਾ ਸੀ ਅਤੇ ਵੀਕਐਂਡ 'ਤੇ ਪੀਜ਼ਾ ਡਿਲੀਵਰੀ ਵਰਕਰ ਵਜੋਂ ਪਾਰਟ-ਟਾਈਮ ਕੰਮ ਕਰਦਾ ਸੀ। ਉਸ ਦੇ ਪਰਿਵਾਰ ਅਨੁਸਾਰ ਅੰਸ਼ੁਲ ਨੂੰ ਅੱਧੀ ਰਾਤ ਤੋਂ ਥੋੜੀ ਦੇਰ ਬਾਅਦ ਇੱਕ ਸੁੰਨਸਾਨ ਜਗਾ ਤੋਂ ਡਿਲੀਵਰੀ ਆਰਡਰ ਮਿਲਿਆ। ਜਦੋਂ ਉਹ ਪਹੁੰਚਿਆ, ਤਾਂ ਦੋ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਗੋਲੀ



ਮਾਰ ਦਿੱਤੀ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਰਿਵਾਰ ਦਾ ਮੰਨਣਾ ਹੈ ਕਿ ਪੀਜ਼ਾ ਆਰਡਰ ਫਰਜੀ ਸੀ ਤੇ ਅਸਲ ਵਿੱਚ ਉਸ ਨੂੰ ਮਾਰਨ ਦੇ ਇਰਾਦੇ ਨਾਲ ਹੀ ਸੁੰਨਸਾਨ ਜਗਾ 'ਤੇ ਸੱਦਿਆ ਸੀ। ਪਰਿਵਾਰ ਨੇ ਕੇਂਦਰ ਅਤੇ ਤੇਲੰਗਾਨਾ ਸਰਕਾਰਾਂ ਨੂੰ ਉਸ ਦੀ ਲਾਸ਼ ਨੂੰ ਭਾਰਤ ਲਿਆਉਣ ਵਿੱਚ ਸਹਾਇਤਾ ਕਰਨ ਦੀ ਅਪੀਲ ਕੀਤੀ ਹੈ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਕਿਹਾ ਕਿ ਉਹ ਸਥਾਨਕ ਅਧਿਕਾਰੀਆਂ ਤੇ ਅੰਸ਼ੁਲ ਦੇ ਪਰਿਵਾਰ ਨਾਲ ਸੰਪਰਕ ਵਿੱਚ ਹੈ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਿਹਾ ਹੈ।

# ਟਰੰਪ ਦਾ ਇਕ ਲੱਖ ਡਾਲਰ ਫੀਸ ਲਾਉਣ ਦਾ ਫੈਸਲਾ ਰੱਦ

## ਭਾਰਤੀ ਪਰਵਾਸੀ ਭਾਈਚਾਰੇ ਤੇ ਰਿਪਬਲਿਕਨਾਂ ਸਣੇ ਅਮਰੀਕੀ ਕਾਨੂੰਨਸਾਜ਼ਾਂ ਵੱਲੋਂ ਫੈਡਰਲ ਕੋਰਟ ਦੇ ਫੈਸਲੇ ਦਾ ਸਵਾਗਤ

ਵਾਸ਼ਿੰਗਟਨ : ਫੈਡਰਲ ਜੱਜ ਨੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਐੱਚ-1ਬੀ ਅਰਜ਼ੀਆਂ ਉੱਤੇ 1,00,000 ਡਾਲਰ ਦੀ ਫੀਸ ਲਾਉਣ ਦੇ ਫੈਸਲੇ ਨੂੰ ਗ਼ੈਰਕਾਨੂੰਨੀ ਦੱਸ ਕੇ ਰੱਦ ਕਰ ਦਿੱਤਾ ਹੈ। ਜੱਜ ਨੇ ਕਿਹਾ ਕਿ ਟਰੰਪ ਕੋਲ ਇਹ ਫੈਸਲਾ ਲਾਗੂ ਕਰਨ ਲਈ ਲੋੜੀਂਦੀ ਸੰਸਦੀ ਪ੍ਰਵਾਨਗੀ ਨਹੀਂ ਸੀ। ਉਧਰ, ਵ੍ਹਾਈਟ ਹਾਊਸ ਦੇ ਤਰਜਮਾਨ ਨੇ ਇਸ਼ਾਰਾ ਕੀਤਾ ਕਿ ਇਸ ਫੈਸਲੇ ਨੂੰ ਅਪੀਲੀ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ। ਇਸ ਦੌਰਾਨ ਭਾਰਤੀ ਪਰਵਾਸੀ ਭਾਈਚਾਰੇ ਅਤੇ ਰਿਪਬਲਿਕਨਾਂ ਸਣੇ ਅਮਰੀਕੀ ਕਾਨੂੰਨਸਾਜ਼ਾਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਐੱਚ-1ਬੀ ਪ੍ਰੋਗਰਾਮ ਅਮਰੀਕੀ ਵਰਕ ਵੀਜ਼ਿਆਂ ਮਗਰੋਂ ਸਭ ਤੋਂ ਵੱਧ ਮੰਗੇ ਜਾਣ ਵਾਲੇ ਵੀਜ਼ਿਆਂ 'ਚੋਂ ਇੱਕ ਹੈ, ਜੋ ਅਮਰੀਕੀ ਕੰਪਨੀਆਂ ਨੂੰ ਆਲਮੀ ਪੱਧਰ 'ਤੇ ਹੁਨਰਮੰਦ ਕਾਮਿਆਂ ਨੂੰ ਨਿਯੁਕਤ ਕਰਨ ਦੀ ਖੁੱਲ੍ਹ ਦਿੰਦਾ ਹੈ।

ਮੈਸੇਚਿਊਸੈਟਸ ਦੇ ਫੈਡਰਲ ਜੱਜ ਲੀਓ ਸੋਰੋਕਿਨ ਨੇ ਟਰੰਪ ਪ੍ਰਸ਼ਾਸਨ ਦੇ ਉੱਚ ਹੁਨਰਮੰਦ ਕਾਮਿਆਂ ਲਈ ਐੱਚ-1ਬੀ ਵੀਜ਼ਾ 'ਤੇ 1,00,000 ਅਮਰੀਕੀ ਡਾਲਰ ਦੀ ਫੀਸ ਨੂੰ ਰੱਦ ਕਰ ਦਿੱਤਾ। ਕੈਲੀਫੋਰਨੀਆ ਤੇ 19 ਹੋਰ ਰਾਜਾਂ ਨੇ ਟਰੰਪ ਦੇ ਫੈਸਲੇ ਨੂੰ ਚੁਣੌਤੀ




ਦਿੱਤੀ ਸੀ। ਟਰੰਪ ਨੇ ਪਿਛਲੇ ਸਾਲ ਸਤੰਬਰ ਵਿੱਚ ਨਵੀਆਂ ਐੱਚ-1ਬੀ ਅਰਜ਼ੀਆਂ ਉੱਤੇ 1,00,000 ਡਾਲਰ ਦੀ ਫੀਸ ਲਾਉਣ ਦੇ ਹੁਕਮਾਂ 'ਤੇ ਸਹੀ ਪਾਈ ਸੀ।

ਵ੍ਹਾਈਟ ਹਾਊਸ ਦੇ ਤਰਜਮਾਨ ਨੇ ਇਸ਼ਾਰਾ ਕੀਤਾ ਕਿ ਇਸ ਫੈਸਲੇ ਨੂੰ ਅਪੀਲੀ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ। ਤਰਜਮਾਨ ਟੇਲਰ ਰੌਜਰਜ਼ ਨੇ ਕਿਹਾ, "ਐੱਚ-1ਬੀ ਪ੍ਰੋਗਰਾਮ ਦੀ ਦਹਾਕਿਆਂ ਤੋਂ ਦੁਰਵਰਤੋਂ ਹੁੰਦੀ ਰਹੀ ਹੈ ਤੇ ਰਾਸ਼ਟਰਪਤੀ ਟਰੰਪ ਨੇ ਅਖੀਰ ਇਸ ਨੂੰ ਰੋਕਣ ਲਈ ਕਦਮ ਚੁੱਕਿਆ ਹੈ।" ਰੌਜਰਜ਼ ਨੇ ਕਿਹਾ ਕਿ ਵਾਸ਼ਿੰਗਟਨ ਦੇ ਫੈਡਰਲ ਜੱਜ ਨੇ ਵੀ ਮਿਲਦਾ ਜੁਲਦਾ ਹੁਕਮ ਪਾਸ ਕੀਤਾ ਸੀ ਤੇ ਪ੍ਰਸ਼ਾਸਨ ਨੂੰ ਉਮੀਦ ਹੈ ਕਿ ਅਪੀਲ ਕਰਨ ਉੱਤੇ ਇਸ ਫੈਸਲੇ ਨੂੰ ਵੀ ਉਲਟ ਦਿੱਤਾ ਜਾਵੇਗਾ।

ਰਿਪਬਲਿਕਨ ਸੈਨੇਟਰਾਂ ਲਿਸਾ ਮੁਰਕੋਵਸਕੀ, ਡੌਨ ਬੇਅਰ, ਮਾਈਕ ਲਾਅਲਰ, ਡੈਮੋਕਰੈਟ ਸੰਸਦ ਮੈਂਬਰ ਸੈਂਡਫੋਰਡ ਡੀ ਬਿਸ਼ਪ, ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੌਬ ਬੌਂਟਾ ਤੇ ਨਿਊ ਜਰਸੀ ਦੇ ਉਨ੍ਹਾਂ ਦੇ ਹਮਰੁਤਬਾ ਜੈਨੀਫਰ ਡੇਵਨਪੋਰਟ ਨੇ ਫੈਸਲੇ ਦਾ ਸਵਾਗਤ ਕੀਤਾ ਹੈ। ਅਮਰੀਕਾ ਅਧਾਰਿਤ ਭਾਰਤੀ ਡਾਇਸਪੋਰਾ ਐਡਵੋਕੇਸੀ ਸਮੂਹਾਂ ਜਿਵੇਂ ਐੱਫ ਆਈ ਆਈ ਡੀ ਐੱਸ ਦੇ ਖਾਂਡੇਰਾਓ ਕਾਂਡ ਤੇ ਇੰਡੀਆਸਪੋਰਾ ਦੇ ਕਾਰਜਕਾਰੀ ਡਾਇਰੈਕਟਰ ਸੰਜੀਵ ਜੋਸ਼ੀਪੁਰਾ ਨੇ ਵੀ ਕੋਰਟ ਦੇ ਫੈਸਲੇ ਨੂੰ ਜੀ ਆਇਆਂ ਕਿਹਾ ਹੈ। -

**ਅਜਿਹੇ ਫ਼ੈਸਲਿਆਂ ਨਾਲ ਮੁਲਕ ਨੂੰ ਵੱਡਾ ਨੁਕਸਾਨ ਹੋਵੇਗਾ: ਟਰੰਪ**

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਫੈਡਰਲ ਕੋਰਟ ਦੇ ਫ਼ੈਸਲੇ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਨਾਲ ਮੁਲਕ ਨੂੰ ਵੱਡਾ ਨੁਕਸਾਨ ਹੋਵੇਗਾ। ਟਰੰਪ ਨੇ ਮੈਡੀਸਨ ਸਕੁਏਅਰ ਗਾਰਡਨ ਵਿੱਚ ਐੱਨ ਬੀ ਏ ਫਾਈਨਲਜ਼ ਦੇਖਣ ਮਗਰੋਂ ਕਿਹਾ, "ਇਹ ਜੱਜ ਸੱਚਮੁੱਚ ਸਾਨੂੰ ਬਹੁਤ ਪ੍ਰੇਸ਼ਾਨ ਕਰ ਰਹੇ ਹਨ, ਸੱਚ ਵਿੱਚ ਬਹੁਤ ਅਜੀਬ ਹੈ। ਉਹ ਸਾਨੂੰ ਬਹੁਤ ਜ਼ਿਆਦਾ ਪ੍ਰੇਸ਼ਾਨ ਕਰ ਰਹੇ ਹਨ...ਉਹ ਸਾਡੇ ਦੇਸ਼ ਨੂੰ ਬਹੁਤ ਬੁਰੀ ਤਰ੍ਹਾਂ ਨੁਕਸਾਨ ਪਹੁੰਚਾ ਰਹੇ ਹਨ।"

# Louise Arbour ਨੇ ਕੈਨੇਡਾ ਦੀ 31ਵੀਂ ਗਵਰਨਰ ਜਨਰਲ ਵਜੋਂ ਅਹੁਦਾ ਸੰਭਾਲਿਆ

ਵਿੰਨੀਪੈੱਗ : ਕੈਨੇਡਾ ਦੀ ਸਾਬਕਾ ਸੁਪਰੀਮ ਕੋਰਟ ਜੱਜ ਅਤੇ ਮਨੁੱਖੀ ਅਧਿਕਾਰਾਂ ਦੀ ਪ੍ਰਮੁੱਖ ਵਕੀਲ ਲੂਈਸ ਆਰਬਰ (Louise Arbour) ਨੇ ਅੱਜ ਸਹੁੰ ਚੁੱਕ ਕੇ ਦੇਸ਼ ਦੀ 31ਵੀਂ ਗਵਰਨਰ ਜਨਰਲ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਨੇ ਮੈਰੀ ਸਾਈਮਨ (Mary Simon) ਦੀ ਥਾਂ ਇਹ ਅਹੁਦਾ ਸੰਭਾਲਿਆ ਹੈ। ਓਟਾਵਾ ਵਿੱਚ ਸੰਸਦ ਭਵਨ ਨੇੜੇ ਹੋਏ ਸਮਾਗਮ ਦੌਰਾਨ ਉਨ੍ਹਾਂ ਨੂੰ ਰਵਾਇਤੀ ਸੈਨਿਕ ਸਨਮਾਨ ਦਿੱਤਾ ਗਿਆ ਅਤੇ 21 ਤੋਪਾਂ ਦੀ ਸਲਾਮੀ ਨਾਲ ਸਵਾਗਤ ਕੀਤਾ ਗਿਆ।

ਆਪਣੇ ਪਹਿਲੇ ਸੰਬੋਧਨ ਵਿੱਚ 79 ਸਾਲਾ ਆਰਬਰ ਨੇ ਲੋਕਤੰਤਰੀ ਸੰਸਥਾਵਾਂ, ਅਦਾਲਤਾਂ, ਮੀਡੀਆ ਅਤੇ ਸਿੱਖਿਆ ਪ੍ਰਣਾਲੀ ਦੀ ਮਜ਼ਬੂਤੀ ਨੂੰ ਸਮੇਂ ਦੀ ਲੋੜ ਕਰਾਰ ਦਿੱਤਾ। ਉਨ੍ਹਾਂ ਨੇ ਭਰੋਸੇਯੋਗ ਜਾਣਕਾਰੀ ਦੀ ਮਹੱਤਤਾ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਵਧਦੇ ਪ੍ਰਭਾਵ ਪ੍ਰਤੀ ਸਾਵਧਾਨ ਰਹਿਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਆਰਬਰ ਦੀ ਨਿਯੁਕਤੀ ਕੈਨੇਡਾ ਦੀਆਂ ਲੋਕਤੰਤਰੀ ਸੰਸਥਾਵਾਂ, ਨਿਆਂ ਅਤੇ ਜਨ ਸੇਵਾ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ



ਕਿ ਆਰਬਰ ਦਾ ਲੰਮਾ ਜਨਤਕ ਜੀਵਨ ਅਤੇ ਤਜਰਬਾ ਦੇਸ਼ ਲਈ ਮਹੱਤਵਪੂਰਨ ਸਾਬਤ ਹੋਵੇਗਾ। ਜ਼ਿਕਰਯੋਗ ਹੈ ਕਿ ਕੈਨੇਡਾ ਦੇ ਰਸਮੀ ਰਾਸ਼ਟਰ ਮੁਖੀ ਕਿੰਗ ਚਾਰਲਸ III (King Charles III) ਹਨ ਅਤੇ ਗਵਰਨਰ ਜਨਰਲ ਉਨ੍ਹਾਂ ਦੇ ਪ੍ਰਤੀਨਿਧ ਵਜੋਂ ਸੰਵਿਧਾਨਕ ਅਤੇ ਰਸਮੀ ਜ਼ਿੰਮੇਵਾਰੀਆਂ ਨਿਭਾਉਂਦਾ ਹੈ। ਇਸ ਅਹੁਦੇ ਦੀਆਂ ਮੁੱਖ ਜ਼ਿੰਮੇਵਾਰੀਆਂ ਵਿੱਚ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਨੂੰ ਸਹੁੰ ਚੁਕਾਉਣਾ, ਸੰਸਦ ਨੂੰ ਸੱਦਣਾ ਜਾਂ ਭੰਗ ਕਰਨਾ ਅਤੇ ਸੰਸਦ ਵੱਲੋਂ ਪਾਸ ਕੀਤੇ ਕਾਨੂੰਨਾਂ ਨੂੰ ਸ਼ਾਹੀ ਮਨਜ਼ੂਰੀ (Royal Assent) ਦੇਣਾ ਸ਼ਾਮਲ ਹੈ।

# ਹਰ ਸਾਲ 10 ਲੱਖ ਲੋਕ ਡਿਪੋਰਟ ਕਰੇਗਾ ਅਮਰੀਕਾ !

## ਸੰਸਦ 'ਚ ਇਮੀਗ੍ਰੇਸ਼ਨ ਇਨਫੋਰਸਮੈਂਟ ਬਿੱਲ ਪਾਸ

ਵਾਸ਼ਿੰਗਟਨ : ਅਮਰੀਕੀ ਪ੍ਰਤੀਨਿਧੀ ਸਭਾ ਨੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਲਗਭਗ 70 ਬਿਲੀਅਨ ਡਾਲਰ ਦਾ ਇਕ ਬਿੱਲ ਬਹੁਤ ਹੀ ਘੱਟ ਫਰਕ ਨਾਲ ਪਾਸ ਕਰ ਦਿੱਤਾ ਹੈ। ਇਹ ਬਿੱਲ ਹੁਣ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਉਨ੍ਹਾਂ ਦੇ ਦਸਤਖਤ ਲਈ ਭੇਜਿਆ ਜਾਵੇਗਾ, ਜੋ ਕਿ ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਅਤੇ ਦਫਤਰ) ਵਿੱਚ ਉਨ੍ਹਾਂ ਦੇ ਬਾਕੀ ਕਾਰਜਕਾਲ ਦੌਰਾਨ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਏਜੰਡੇ ਨੂੰ ਅੱਗੇ ਵਧਾਉਂਦਾ ਹੈ। ਰਿਪਬਲਿਕਨ ਬਹੁਮਤ ਨਾਲ ਪਾਸ ਹੋਏ ਇਸ ਬਿੱਲ ਦੇ ਹੱਕ ਵਿਚ 214 ਅਤੇ ਵਿਰੋਧ ਵਿਚ 212 ਵੋਟ ਪਏ। ਵ੍ਹਾਈਟ ਹਾਊਸ ਅਨੁਸਾਰ ਇਸ ਰਕਮ ਵਿੱਚੋਂ 38 ਬਿਲੀਅਨ ਡਾਲਰ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈਸੀਈ), 26 ਬਿਲੀਅਨ ਡਾਲਰ ਬਾਰਡਰ ਪੈਟਰੋਲ ਲਈ ਅਤੇ 5 ਬਿਲੀਅਨ ਡਾਲਰ ਅਣਕਿਆਸੇ ਖਰਚਿਆਂ ਲਈ ਅਲਾਟ ਕੀਤੇ ਜਾਣਗੇ। ਇਸ ਨਾਲ ਟਰੰਪ ਪ੍ਰਸ਼ਾਸਨ ਨੂੰ ਪ੍ਰਤੀ ਸਾਲ ਲਗਭਗ 10 ਲੱਖ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੇ ਆਪਣੇ ਟੀਚੇ ਨੂੰ ਅੱਗੇ ਵਧਾਉਣ ਵਿੱਚ ਮਦਦ ਮਿਲੇਗੀ।

ਰਿਪਬਲਿਕਨ ਨੇਤਾਵਾਂ ਦਾ ਕਹਿਣਾ ਹੈ ਕਿ ਇਹ ਸਰਹੱਦੀ ਸੁਰੱਖਿਆ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਲਈ ਜ਼ਰੂਰੀ ਹੈ।



ਹਾਊਸ ਸਪੀਕਰ ਮਾਈਕ ਜੌਹਨਸਨ ਨੇ ਕਿਹਾ ਕਿ ਇਹ ਫੰਡਿੰਗ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਲੰਬੇ ਸਮੇਂ ਤੋਂ ਬਕਾਇਆ ਸੀ। ਇਸ ਦੌਰਾਨ ਡੈਮੋਕ੍ਰੇਟਿਕ ਪਾਰਟੀ ਨੇ ਬਿੱਲ ਦਾ ਸਖ਼ਤ ਵਿਰੋਧ ਕੀਤਾ। ਡੈਮੋਕ੍ਰੇਟਿਕ ਕਾਂਗਰਸਮੈਨ ਲੋਇਡ ਡੌਗੇਟ ਨੇ ਇਸਨੂੰ 'ਆਈਸੀਈ ਲਈ ਇੱਕ ਖੁੱਲ੍ਹਾ ਖਜ਼ਾਨਾ' ਕਿਹਾ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਏਜੰਸੀ ਨੂੰ ਬਿਨਾਂ ਕਿਸੇ ਨਿਗਰਾਨੀ, ਜਵਾਬਦੇਹੀ ਜਾਂ ਸੁਧਾਰ ਦੇ ਵਾਧੂ ਫੰਡ ਪ੍ਰਦਾਨ ਕੀਤੇ ਜਾ ਰਹੇ ਹਨ। ਡੈਮੋਕ੍ਰੇਟਿਕ ਨੇਤਾ ਹਕੀਮ ਜੈਫਰੀਜ਼ ਨੇ ਕਿਹਾ ਕਿ ਰਿਪਬਲਿਕਨ ਅਮਰੀਕੀ ਨਾਗਰਿਕਾਂ ਦੀ ਸਿਹਤ ਅਤੇ ਪੋਸ਼ਣ ਸੰਬੰਧੀ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਟਰੰਪ ਦੀ 'ਜਨਤਕ ਦੇਸ਼ ਨਿਕਾਲੇ ਦੀ ਮਸ਼ੀਨ' ਨੂੰ ਵਧੇਰੇ ਸਰੋਤ ਪ੍ਰਦਾਨ ਕਰ ਰਹੇ ਹਨ।

ਇਹ ਬਿੱਲ ਅਜਿਹੇ ਸਮੇਂ ਵਿਚ ਪਾਸ ਹੋਇਆ ਹੈ, ਜਦੋਂ ਟਰੰਪ ਪ੍ਰਸ਼ਾਸਨ ਕਾਨੂੰਨੀ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੋਵਾਂ 'ਤੇ ਆਪਣੀ ਸਖ਼ਤੀ ਨੂੰ ਸਖ਼ਤ ਕਰ ਰਿਹਾ ਹੈ। ਪ੍ਰਸ਼ਾਸਨ ਅਸਥਾਈ ਸੁਰੱਖਿਆ ਪ੍ਰੋਗਰਾਮਾਂ ਨੂੰ ਖਤਮ ਕਰਨ, ਗ੍ਰੀਨ ਕਾਰਡ ਪ੍ਰਕਿਰਿਆਵਾਂ ਨੂੰ ਬਦਲਣ ਅਤੇ ਹੋਰ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰਨ ਲਈ ਵੀ ਕਦਮ ਚੁੱਕ ਰਿਹਾ ਹੈ। ਰਿਪਬਲਿਕਨ ਦਾਅਵਾ ਕਰਦੇ ਹਨ ਕਿ ਇਹ ਕਾਨੂੰਨ ਰਾਸ਼ਟਰੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰੇਗਾ, ਜਦੋਂ ਕਿ ਡੈਮੋਕ੍ਰੇਟ ਇਸਨੂੰ ਮਨੁੱਖੀ ਅਧਿਕਾਰਾਂ ਅਤੇ ਪ੍ਰਵਾਸੀਆਂ ਦੇ ਹਿੱਤਾਂ ਲਈ ਖ਼ਤਰਾ ਕਹਿੰਦੇ ਹਨ।

# ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਸੈਨਿਕਾਂ ਨੂੰ ਕਦੇ ਨਹੀਂ ਭੁੱਲਾਂਗੇ- ਮੈਮੋਰੀਅਲ ਡੇਅ ’ਤੇ ਬੇਕਰਸਫੀਲਡ ਵਿਖੇ ਗੂੰਜਿਆ ਸ਼ਹੀਦਾਂ ਦਾ ਸਤਿਕਾਰ !

## ਦੇਸ਼ ਦੇ ਸ਼ਹੀਦਾਂ ਨੂੰ ਸਿਜਦਾ: ਟੀਮ ਵੈਲਾਡਾਓ ਵੱਲੋਂ ‘ਮੈਮੋਰੀਅਲ ਡੇਅ’ ਮੌਕੇ ਬੇਕਰਸਫੀਲਡ ਵਿਖੇ 1,000 ਲਹਿਰਾਉਂਦੇ ਝੰਡਿਆਂ ਨਾਲ ਬਹਾਦਰ ਸੈਨਿਕਾਂ ਨੂੰ ਭਾਵੁਕ ਸ਼ਰਧਾਂਜਲੀ !








ਬੇਕਰਸਫੀਲਡ (ਕੈਲੀਫੋਰਨੀਆ): ਅਮਰੀਕਾ ਵਿੱਚ ਮੈਮੋਰੀਅਲ ਡੇਅ (Memorial Day – ਸ਼ਹੀਦੀ ਯਾਦਗਾਰੀ ਦਿਵਸ) ਦੇ ਸਬੰਧ ਵਿੱਚ ਦੇਸ਼ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਬਹਾਦਰ ਸੈਨਿਕਾਂ ਨੂੰ ਸ਼ਰਧਾਂਜਲੀ ਦੇਣ ਲਈ ਵਿਸ਼ੇਸ਼ ਸਮਾਗਮ ਉਲੇਖਣੀ ਰਹੇ। ਕਾਂਗਰਸਮੈਨ ਡੇਵਿਡ ਵੈਲਾਡਾਓ (David Valadao) ਦੀ ਅਗਵਾਈ ਹੇਠ ‘ਟੀਮ ਵੈਲਾਡਾਓ’ ਨੇ ਬੇਕਰਸਫੀਲਡ ਵਿਖੇ ਕਰਵਾਏ ਗਏ ਵੱਖ-ਵੱਖ ਸਥਾਨਕ ਯਾਦਗਾਰੀ ਸਮਾਗਮਾਂ ਵਿੱਚ ਹਿੱਸਾ ਲਿਆ।

1,000 ਝੰਡਿਆਂ ਦੀ ਇਤਿਹਾਸਕ ਸ਼ਰਧਾਂਜਲੀ ਟੀਮ ਵੈਲਾਡਾਓ ਨੇ ‘ਬੇਕਰਸਫੀਲਡ ਬ੍ਰੇਕਫਾਸਟ ਰੋਟਰੀ ਕਲੱਬ’ ਵੱਲੋਂ ਆਯੋਜਿਤ ‘1,000 ਫਲੈਗ ਮੈਮੋਰੀਅਲ ਡੇਅ ਸੈਰੇਮਨੀ’ (1,000 Flag Memorial Day Ceremony) ਵਿੱਚ ਸ਼ਿਰਕਤ ਕੀਤੀ। ‘ਦ ਪਾਰਕ ਐਟ ਰਿਵਰ ਵਾਕ’ ਵਿਖੇ ਲਗਾਏ ਗਏ ਇਹ ਇੱਕ ਹਜ਼ਾਰ ਤੋਂ ਵੱਧ ਅਮਰੀਕੀ ਝੰਡੇ ਉਨ੍ਹਾਂ ਸੂਰਬੀਰਾਂ ਦੀ ਯਾਦ ਵਿੱਚ ਲਹਿਰਾਏ ਗਏ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਅਤੇ ਸੁਰੱਖਿਆ ਲਈ ਸਰਵਉੱਚ ਕੁਰਬਾਨੀ ਦਿੱਤੀ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ ਗਿਆ।

**ਬੇਕਰਸਫੀਲਡ ਨੈਸ਼ਨਲ ਸੈਮੇਟਰੀ ਵਿਖੇ ਭਾਵੁਕ ਸਮਾਗਮ** : ਇਸ ਤੋਂ ਇਲਾਵਾ, ਵੈਲਾਡਾਓ ਦੀ ਟੀਮ ਬੇਕਰਸਫੀਲਡ ਨੈਸ਼ਨਲ ਸੈਮੇਟਰੀ (Bakersfield National Cemetery) ਵਿਖੇ ਹੋਏ ਮੁੱਖ ਸ਼ਰਧਾਂਜਲੀ ਸਮਾਰੋਹ ਵਿੱਚ ਵੀ ਸ਼ਾਮਲ ਹੋਈ। ਉੱਥੇ ਦੇਸ਼ ਭਗਤਾਂ ਦੀਆਂ ਸਮਾਧਾਂ ’ਤੇ ਫੁੱਲ ਮਾਲਾਵਾਂ ਭੇਂਟ ਕਰਕੇ ਦੇਸ਼ ਦੇ ਨਾਇਕਾਂ ਨੂੰ ਸਤਿਕਾਰ ਦਿੱਤਾ ਗਿਆ।

**ਕਾਂਗਰਸਮੈਨ ਡੇਵਿਡ ਵੈਲਾਡਾਓ ਨੇ ਕਿਹਾ:** ‘ਅਸੀਂ ਉਨ੍ਹਾਂ ਬਹਾਦਰ ਮਰਦਾਂ ਅਤੇ ਔਰਤਾਂ ਨੂੰ ਕਦੇ ਨਹੀਂ ਭੁੱਲਾਂਗੇ ਜਿਨ੍ਹਾਂ ਨੇ ਸਾਡੀ ਆਜ਼ਾਦੀ ਅਤੇ ਸਾਡੀ ਜੀਵਨਸ਼ੈਲੀ ਦੀ ਰੱਖਿਆ ਲਈ ਆਪਣਾ ਅੱਜ ਕੁਰਬਾਨ ਕਰ ਦਿੱਤਾ। ਮੈਮੋਰੀਅਲ ਡੇਅ ਸਾਨੂੰ ਯਾਦ ਦਿਵਾਉਂਦਾ ਹੈ ਕਿ ਆਜ਼ਾਦੀ ਮੁਫ਼ਤ ਵਿੱਚ ਨਹੀਂ ਮਿਲਦੀ, ਇਸ ਲਈ ਸਾਡੇ ਬਹਾਦਰ ਸੈਨਿਕਾਂ ਨੇ ਬਹੁਤ ਵੱਡੀ ਕੀਮਤ ਚੁਕਾਈ ਹੈ।’

# ਗੁਰਮਤਿ ਸਿਧਾਂਤਾਂ ਦੀ ਮਿਸਾਲ: ਗੁਰਦੁਆਰਾ ਦਸ਼ਮੇਸ਼ ਦਰਬਾਰ (ਲੋਡਾਈ) ਵਿਖੇ ਸਿੱਖ ਰਹਿਤ ਮਰਯਾਦਾ ਅਨੁਸਾਰ ਸੰਪੰਨ ਹੋਇਆ ਅਨੰਦ ਕਾਰਜ

## ਗੁਰੂ ਸਾਹਿਬ ਨੇ ਸਾਨੂੰ ਰਾਜੇ-ਮਹਾਰਾਜੇ, ਯੋਧੇ, ਦਾਨੀ ਅਤੇ ਸੇਵਾਦਾਰ ਸਿਰਜਿਆ ਹੈ : ਸ. ਪਰਮਜੀਤ ਸਿੰਘ



ਲੋਡਾਈ, ਕੈਲੀਫੋਰਨੀਆ, (ਸਾਡੇ ਲੋਕ ਬਿਊਰੋ): ਸਿੱਖ ਧਰਮ ਵਿੱਚ ਵਿਆਹ ਕੇਵਲ ਦੋ ਇਨਸਾਨਾਂ ਦਾ ਸਮਾਜਿਕ ਸਮਝੌਤਾ ਨਹੀਂ, ਬਲਕਿ ਇਹ ਦੋ ਰੂਹਾਂ ਦਾ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਇੱਕ ਪਵਿੱਤਰ ਆਤਮਿਕ ਮਿਲਾਪ ਹੈ, ਜਿਸ ਨੂੰ ‘ਅਨੰਦ ਕਾਰਜ’ ਕਿਹਾ ਜਾਂਦਾ ਹੈ। ਹਾਲ ਹੀ ਵਿੱਚ ਗੁਰਦੁਆਰਾ ਦਸ਼ਮੇਸ਼ ਦਰਬਾਰ, ਲੋਡਾਈ (ਕੈਲੀਫੋਰਨੀਆ) ਵਿਖੇ ਗੁਰਮਤਿ ਮਰਯਾਦਾ ਨੂੰ ਪੂਰਨ ਤੌਰ ’ਤੇ ਸਮਰਪਿਤ ਇੱਕ ਵਿਲੱਖਣ ਅਨੰਦ ਕਾਰਜ ਸੰਪੰਨ ਹੋਇਆ, ਜੋ ਸਮੁੱਚੇ ਸਿੱਖ ਜਗਤ ਅਤੇ ਪ੍ਰਵਾਸੀ ਭਾਈਚਾਰੇ ਲਈ ਇੱਕ ਪ੍ਰੇਰਨਾਦਾਇਕ ਮਿਸਾਲ ਬਣ ਕੇ ਸਾਹਮਣੇ ਆਇਆ ਹੈ।

ਇਸ ਸਮਾਗਮ ਨੇ ਸਾਬਤ ਕਰ ਦਿੱਤਾ ਹੈ ਕਿ ਜੇਕਰ ਪਰਿਵਾਰ ਦ੍ਰਿੜ ਸੰਕਲਪ ਕਰਨ, ਤਾਂ ਉਹ ਬੇਲੋੜੀ ਦਿਖਾਵੇਬਾਜ਼ੀ ਅਤੇ ਮਨਮਤਿ (ਹੁਕਮ-ਅਦੂਲੀ) ਨੂੰ ਤਿਆਗ ਕੇ ਗੁਰੂ ਦੀ ਦੱਸੀ ਹੋਈ ‘ਸਿੱਖ ਰਹਿਤ ਮਰਯਾਦਾ’ ਅਨੁਸਾਰ ਜੀਵਨ ਦੀ ਨਵੀਂ ਸ਼ੁਰੂਆਤ ਕਰ ਸਕਦੇ ਹਨ।

**1. ਗੁਰਮਤਿ ਪਹਿਰਾਵਾ: ਸੋਹਣੀਆਂ ਦਸਤਾਰਾਂ ਅਤੇ ਕੁੜਤਾ-ਪਜਾਮਾ**

ਅਜੋਕੇ ਸਮੇਂ ਵਿੱਚ ਜਿੱਥੇ ਵਿਆਹ-ਸ਼ਾਦੀਆਂ ਦੌਰਾਨ ਪੱਛਮੀ ਪਹਿਰਾਵੇ ਜਾਂ ਬੇਲੋੜੇ ਫੈਸ਼ਨ ਦਾ ਬੋਲਬਾਲਾ ਵਧ ਰਿਹਾ ਹੈ, ਉੱਥੇ ਇਸ ਅਨੰਦ ਕਾਰਜ ਵਿੱਚ ਸ਼ਾਮਲ ਹੋਏ ਨੌਜਵਾਨ ਲੜਕੇ ਸਿੱਖੀ ਸਰੂਪ ਦੇ ਗੌਰਵ ਨੂੰ ਵਧਾਉਂਦੇ ਹੋਏ ਸੋਹਣੀਆਂ ਦਸਤਾਰਾਂ ਅਤੇ ਸ਼ੁੱਧ ਕੁੜਤਾ-ਪਜਾਮਾ ਪਾ ਕੇ ਪਹੁੰਚੇ।

**ਦਸਤਾਰ ਦਾ ਗੌਰਵ:** ਸਿੱਖੀ ਵਿੱਚ ਦਸਤਾਰ ਕੋਈ ਆਮ ਕੱਪੜਾ ਨਹੀਂ, ਬਲਕਿ ਗੁਰੂ ਸਾਹਿਬ ਵੱਲੋਂ ਬਖਸ਼ਿਆ ਹੋਇਆ ਇੱਕ ਅਦੁੱਤੀ ਤਾਜ ਹੈ। ਨੌਜਵਾਨਾਂ ਦਾ ਇਹ ਸਾਦਾ ਅਤੇ ਪ੍ਰਭਾਵਸ਼ਾਲੀ ਪਹਿਰਾਵਾ ਨਵੀਂ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਨਾਲ ਜੁੜਨ ਦਾ ਹੋਕਾ ਦਿੰਦਾ ਹੈ।

**2. ਅਨੰਦ ਕਾਰਜ ਤੋਂ ਪਹਿਲਾਂ ਕਲਗੀ ਉਤਾਰਨਾ: ਗੁਰੂ ਸਾਹਿਬ ਪ੍ਰਤੀ ਅਥਾਹ ਸਤਿਕਾਰ**

ਇਸ ਵਿਆਹ ਦੀ ਸਭ ਤੋਂ ਪ੍ਰਸ਼ੰਸਾਯੋਗ ਅਤੇ ਸਿਧਾਂਤਕ ਗੱਲ ਇਹ ਰਹੀ ਕਿ ਵਿਆਹ ਵਾਲੇ ਲੜਕੇ (ਦੂਲ੍ਹੇ) ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਆਪਣੀ ਕਲਗੀ ਉਤਾਰ ਦਿੱਤੀ। ਸਿੱਖ ਰਹਿਤ ਮਰਯਾਦਾ ਅਨੁਸਾਰ ਇਹ ਬਹੁਤ ਵੱਡਾ ਅਦਬ ਸਤਿਕਾਰ ਹੈ:

**ਸੱਚੇ ਪਾਤਸ਼ਾਹ ਦੀ ਬਰਾਬਰੀ ਤੋਂ ਸੰਕੋਚ:** ਕਲਗੀ ਨੂੰ ਬਾਦਸ਼ਾਹੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ‘ਕਲਗੀਧਰ ਪਾਤਸ਼ਾਹ’ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਅਸੀਂ ਇੱਕ ਨਿਮਾਣੇ ਜਾਚਕ ਵਜੋਂ ਜਾਂਦੇ ਹਾਂ, ਇਸ ਲਈ ਉੱਥੇ ਆਪਣੀ ਬਾਦਸ਼ਾਹੀ ਦਾ ਪ੍ਰਦਰਸ਼ਨ ਕਰਨਾ ਗੁਰਮਤਿ ਦੇ ਅਨੁਕੂਲ ਨਹੀਂ ਹੈ।

**ਹਉਮੈ ਦਾ ਤਿਆਗ:** ਗੁਰੂ ਦੇ ਸਨਮੁਖ ਜਾ ਕੇ ਆਪਣੀ ਕਲਗੀ ਉਤਾਰਨਾ ਇਹ ਦਰਸਾਉਂਦਾ ਹੈ ਕਿ ਜੀਵ ਆਪਣੀ ਹਉਮੈ ਅਤੇ ਝੂਠੀ ਸ਼ਾਨ ਨੂੰ ਗੁਰੂ ਦੇ ਚਰਨਾਂ ਵਿੱਚ ਅਰਪਣ ਕਰ ਰਿਹਾ ਹੈ।

**3. ਭਾਈ ਗੁਰਮੀਤ ਸਿੰਘ ਪੱਟੀ (ਹੈੱਡ ਗ੍ਰੰਥੀ) ਵੱਲੋਂ ‘ਗੁਰਮਤਿ ਸਿਧਾਂਤ’ ਕਿਤਾਬ ਭੇਟ**

ਇਸ ਸ਼ੁਭ ਅਵਸਰ ’ਤੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਗੁਰਮੀਤ ਸਿੰਘ ਪੱਟੀ ਜੀ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਉਨ੍ਹਾਂ ਨੇ ਨਵ-ਵਿਆਹੀ ਜੋੜੀ ਅਤੇ ਪਰਿਵਾਰ ਨੂੰ ਆਸ਼ੀਰਵਾਦ ਦਿੰਦਿਆਂ ਆਪਣੀ ਲਿਖੀ ਹੋਈ ਅਨਮੋਲ ਕਿਤਾਬ ‘ਗੁਰਮਤਿ ਸਿਧਾਂਤ’ ਭੇਟ ਕੀਤੀ।

**ਸਾਰਥਕ ਤੋਹਫ਼ਾ:** ਅਜੋਕੇ ਸਮੇਂ ਵਿੱਚ ਮਹਿੰਗੇ ਅਤੇ ਬੇਲੋੜੇ ਤੋਹਫ਼ੇ ਦੇਣ ਦਾ ਰਿਵਾਜ ਹੈ, ਪਰ ਗੁਰੂ ਦੇ ਗਿਆਨ ਨਾਲ ਭਰਪੂਰ ਕਿਤਾਬ ਭੇਟ ਕਰਨਾ ਸਭ ਤੋਂ ਉੱਤਮ ਤੋਹਫ਼ਾ ਹੈ। ਇਹ ਕਿਤਾਬ ਨਵੀਂ ਸ਼ੁਰੂਆਤ ਕਰ ਰਹੇ ਜੋੜੇ ਨੂੰ ਗ੍ਰਿਹਸਥ ਜੀਵਨ ਸਫਲ ਬਣਾਉਣ ਵਿੱਚ ਮਾਰਗਦਰਸ਼ਨ ਕਰੇਗੀ।

**ਪਰਿਵਾਰਾਂ ਦਾ ਧੰਨਵਾਦ:** ਭਾਈ ਗੁਰਮੀਤ ਸਿੰਘ ਜੀ ਨੇ ਦੋਵਾਂ ਪਰਿਵਾਰਾਂ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਸਮਾਜਿਕ ਦਿਖਾਵਿਆਂ ਤੋਂ ਉੱਪਰ ਉੱਠ ਕੇ ਗੁਰੂ ਕੀ ਮਰਯਾਦਾ ਨੂੰ ਮੁੱਖ ਰੱਖਿਆ।

**5. ਨੌਜਵਾਨ ਸਿੱਖ ਆਗੂ ਸ. ਪਰਮਜੀਤ ਸਿੰਘ ਦੇ ਵਿਚਾਰ**

‘ਸਾਡੇ ਲੋਕ’ ਅਖ਼ਬਾਰ ਦੇ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਨੌਜਵਾਨ ਸਿੱਖ ਆਗੂ ਸਰਦਾਰ ਪਰਮਜੀਤ ਸਿੰਘ ਨੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਆਖਿਆ: ‘ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਰਾਜੇ-ਮਹਾਰਾਜੇ, ਯੋਧੇ, ਦਾਨੀ ਅਤੇ ਸੇਵਾਦਾਰ ਸਿਰਜਿਆ ਹੈ। ਸਿੱਖਾਂ ਦਾ ਮੂਲ ਸਿਧਾਂਤ ’ਮਨ ਨੀਵਾਂ ਮੱਤ ਉੱਚੀ’ ਅਤੇ ਸਾਦਾ ਜੀਵਨ ਉੱਚੀ ਸੋਚ (Simple Living, High Thinking) ’ਤੇ ਆਧਾਰਿਤ ਹੈ। ਅੱਜ ਜਦੋਂ ਵਿਆਹ ਦੇ ਮੌਕੇ ਨੌਜਵਾਨ ਕੁੜਤੇ-ਪਜਾਮੇ ਅਤੇ ਸੋਹਣੀਆਂ ਦਸਤਾਰਾਂ ਸਜਾ ਕੇ ਆਏ, ਤਾਂ ਉਹ ਦ੍ਰਿਸ਼ ਕਿਸੇ ਵੀ ਬਾਲੀਵੁੱਡ ਜਾਂ ਹਾਲੀਵੁੱਡ ਦੇ ਸੀਨ ਤੋਂ ਕਿਤੇ ਵੱਧ ਪ੍ਰਭਾਵਸ਼ਾਲੀ ਅਤੇ ਸ਼ਾਹੀ ਸੀ।’

ਸ. ਪਰਮਜੀਤ ਸਿੰਘ ਨੇ ਵਿਆਹ ਦੀ ਖੁਸ਼ੀ ਵਿੱਚ ਦੋਵਾਂ ਪਰਿਵਾਰਾਂ ਨੂੰ ਲੱਖ-ਲੱਖ ਵਧਾਈ ਦਿੱਤੀ ਅਤੇ ਨੌਜਵਾਨਾਂ ਦੇ ਇਸ ਕਦਮ ਨੂੰ ਕੌਮ ਲਈ ਮਾਣਮੱਤਾ ਦੱਸਿਆ।

ਲੋਡਾਈ ਦੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਹੋਇਆ ਇਹ ਅਨੰਦ ਕਾਰਜ ਸਮੁੱਚੇ ਪ੍ਰਵਾਸੀ ਸਿੱਖ ਜਗਤ ਲਈ ਇੱਕ ਚਾਨਣ ਮੁਨਾਰਾ ਹੈ। ਜਦੋਂ ਸਾਡੀ ਨਵੀਂ ਪੀੜ੍ਹੀ ਇਸ ਤਰ੍ਹਾਂ ਗੁਰੂ ਸਾਹਿਬ ਦੇ ਸਤਿਕਾਰ ਅਤੇ ਰਹਿਤ ਮਰਯਾਦਾ ਨੂੰ ਮੁੱਖ ਰੱਖ ਕੇ ਫੈਸਲੇ ਲਵੇਗੀ, ਤਾਂ ਸਿੱਖੀ ਦੇ ਸਿਧਾਂਤ ਪੂਰੀ ਦੁਨੀਆ ਵਿੱਚ ਹੋਰ ਪ੍ਰਫੁੱਲਤ ਹੋਣਗੇ। ਦੋਵਾਂ ਪਰਿਵਾਰਾਂ, ਪ੍ਰਬੰਧਕਾਂ ਅਤੇ ਨੌਜਵਾਨਾਂ ਵੱਲੋਂ ਮਰਯਾਦਾ ਦਾ ਪਾਲਣ ਕਰਨਾ ਬੇਹੱਦ ਸ਼ਲਾਘਾਯੋਗ ਕਦਮ ਹੈ।

**ਸਿੱਖ ਰਹਿਤ ਮਰਯਾਦਾ ਅਨੁਸਾਰ ਅਨੰਦ ਕਾਰਜ ਦੇ ਮੁੱਖ ਨਿਯਮ**

| ਮਰਯਾਦਾ ਦਾ ਪਹਿਲੂ | ਗੁਰਮਤਿ ਅਨੁਸਾਰ ਸ਼ੁੱਧ ਨਿਯਮ |
|---|---|
| ਕੇਂਦਰ ਬਿੰਦੂ | ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਅਤੇ ਚਾਰ ਲਾਵਾਂ ਦਾ ਪਾਠ। |
| ਬਰਾਬਰੀ | ਜਾਤ-ਪਾਤ, ਰੈਂਕ, ਜਾਂ ਅਮੀਰੀ-ਗਰੀਬੀ ਦਾ ਕੋਈ ਭੇਦਭਾਵ ਨਹੀਂ। |
| ਸਾਦਗੀ | ਦਾਜ-ਦਹੇਜ ਦੀ ਸਖ਼ਤ ਮਨਾਹੀ, ਫ਼ਜ਼ੂਲਖ਼ਰਚੀ ਦਾ ਤਿਆਗ ਅਤੇ ਸਾਦਾ ਪਹਿਰਾਵਾ। |
| ਗੁਰੂ ਅਦਬ | ਗੁਰੂ ਸਾਹਿਬ ਦੇ ਬਰਾਬਰ ਕਿਸੇ ਵੀ ਹੋਰ ਰੀਤ (ਜਿਵੇਂ ਸਿਹਰਾ, ਕਲਗੀ ਦੀ ਦਿਖਾਵੇਬਾਜ਼ੀ) ਨੂੰ ਸਖ਼ਤੀ ਨਾਲ ਵਰਜਣਾ। |

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

**ESQ, Abogado**

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# 66ਵੇਂ ਗੋਲਡਨ ਵੈਸਟ ਮੁਕਾਬਲਿਆਂ 'ਚ ਫਰਿਜ਼ਨੋ ਦੇ ਗੁਰਬਖ਼ਸ਼ ਸਿੰਘ ਨੇ ਗੱਡੇ ਝੰਡੇ, ਹੈਮਰ ਥਰੋਅ 'ਚ ਜਿੱਤਿਆ ਸੋਨਾ

ਰੈਂਚੋ ਕਾਰਡੋਵਾ/ਕੈਲੀਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ) : ਕੈਲੀਫੋਰਨੀਆ ਦੇ ਰੈਂਚੋ ਕਾਰਡੋਵਾ ਸਥਿਤ ਕੋਰਡੋਵਾ ਹਾਈ ਸਕੂਲ ਸਟੇਡੀਅਮ ਵਿੱਚ 66ਵਾਂ ਸਾਲਾਨਾ ਗੋਲਡਨ ਵੈਸਟ ਟਰੈਕ ਐਂਡ ਫੀਲਡ ਇਨਵਾਈਟੇਸ਼ਨਲ ਸ਼ਾਨਦਾਰ ਢੰਗ ਨਾਲ ਕਰਵਾਇਆ ਗਿਆ। ਤਿੰਨ ਦਿਨਾਂ ਤੱਕ ਚੱਲਣ ਵਾਲੇ ਇਸ ਪ੍ਰਸਿੱਧ ਮੁਕਾਬਲੇ ਵਿੱਚ ਕੈਲੀਫੋਰਨੀਆ ਭਰ ਤੋਂ ਨੌਜਵਾਨ ਅਤੇ ਮਾਸਟਰਜ਼ ਵਰਗ ਦੇ ਖਿਡਾਰੀਆਂ ਨੇ ਹਿੱਸਾ ਲਿਆ। ਫਰਿਜ਼ਨੋ ਦੇ ਉੱਘੇ ਮਾਸਟਰਜ਼ ਐਥਲੀਟ ਗੁਰਬਖ਼ਸ਼ ਸਿੰਘ ਸਿੱਧੂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹੈਮਰ ਥਰੋ ਮੁਕਾਬਲੇ ਵਿੱਚ 41.08 ਮੀਟਰ ਦੀ ਦੂਰੀ ਨਾਲ ਸੋਨੇ ਦਾ ਤਗਮਾ ਆਪਣੇ ਨਾਂਅ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਸ਼ਾਟ ਪੁੱਟ ਮੁਕਾਬਲੇ ਵਿੱਚ 9.47 ਮੀਟਰ ਦੀ ਥਰੋ ਕਰਕੇ ਚਾਂਦੀ ਦਾ ਤਗਮਾ ਵੀ ਜਿੱਤਿਆ।

ਇਸ ਵੱਕਾਰੀ ਐਥਲੈਟਿਕਸ ਮੁਕਾਬਲੇ ਵਿੱਚ ਲਗਭਗ 250 ਨੌਜਵਾਨ ਲੜਕੇ-ਲੜਕੀਆਂ ਅਤੇ ਮਾਸਟਰਜ਼ ਖਿਡਾਰੀਆਂ ਨੇ ਵੱਖ-ਵੱਖ ਟਰੈਕ ਅਤੇ ਫੀਲਡ ਈਵੈਂਟਾਂ ਵਿੱਚ ਹਿੱਸਾ ਲਿਆ।



ਗੁਰਬਖ਼ਸ਼ ਸਿੰਘ ਸਿੱਧੂ ਦੀ ਇਸ ਉਪਲਬਧੀ ਨਾਲ ਫਰਿਜ਼ਨੋ ਅਤੇ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਖੇਡ ਪ੍ਰੇਮੀਆਂ ਅਤੇ ਸਾਥੀ ਖਿਡਾਰੀਆਂ ਨੇ ਗੁਰਬਖ਼ਸ਼ ਸਿੰਘ ਸਿੱਧੂ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੰਦਿਆਂ ਭਵਿੱਖ ਦੇ ਮੁਕਾਬਲਿਆਂ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਵਰਜੀਨੀਆ ਵਿਚ ਬੱਸ ਤੇ ਕਾਰਾਂ ਵਿਚਾਲੇ ਭਿਆਨਕ ਟੱਕਰ 'ਚ 5 ਮੌਤਾਂ ਤੇ 44 ਜ਼ਖਮੀ


ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਵਰਜੀਨੀਆ ਵਿੱਚ ਇੱਕ ਹਾਈਵੇਅ 'ਤੇ ਇੱਕ ਬੱਸ ਕਈ ਹੋਰ ਕਾਰਾਂ ਨਾਲ ਟਕਰਾ ਗਈ ਜਿਸ ਕਾਰਨ ਪੰਜ ਲੋਕ ਮਾਰੇ ਗਏ ਅਤੇ 44 ਤੋਂ ਵੱਧ ਲੋਕ ਜ਼ਖਮੀ ਹੋ ਗਏ। ਅਧਿਕਾਰੀਆਂ ਅਨੁਸਾਰ ਇਹ ਹਾਦਸਾ ਸਟੈਫੋਰਡ ਕਾਉਂਟੀ ਵਿੱਚ ਇੰਟਰਸਟੇਟ 95 ਉਪਰ ਹੋਇਆ। ਇਹ ਜਾਣਕਾਰੀ ਵਰਜੀਨੀਆ ਸਟੇਟ ਪੁਲਿਸ ਨੇ ਜਾਰੀ ਇਕ ਬਿਆਨ ਵਿੱਚ ਦਿੱਤੀ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਸੜਕ 'ਤੇ ਕੰਮ ਹੋ ਰਿਹਾ ਸੀ ਤੇ ਆਵਾਜਾਈ ਹੌਲੀ ਚੱਲ ਰਹੀ ਸੀ ਪਰੰਤੂ ਬੱਸ ਦਾ ਡਰਾਈਵਰ ਬੱਸ ਦੀ ਰਫਤਾਰ ਘਟਾਉਣ ਵਿੱਚ ਅਸਫਲ ਰਿਹਾ ਤੇ ਬੱਸ ਨੇ ਛੇ ਹੋਰ ਕਾਰਾਂ ਨੂੰ ਟੱਕਰ ਮਾਰ ਦਿੱਤੀ। ਮਾਰੇ ਗਏ ਪੰਜ ਲੋਕ ਬੱਸ ਨਾਲ ਟਕਰਾਈਆਂ ਕਾਰਾਂ ਵਿੱਚ ਸਵਾਰ ਸਨ। ਰਾਜ ਪੁਲਿਸ ਨੇ ਕਿਹਾ ਕਿ 44 ਜ਼ਖਮੀਆਂ ਨੂੰ ਖੇਤਰ ਦੇ ਹਸਪਤਾਲਾਂ ਵਿੱਚ ਲਿਜਾਇਆ ਗਿਆ, ਜਿਨ੍ਹਾਂ ਵਿੱਚੋਂ ਤਿੰਨ ਗੰਭੀਰ ਜ਼ਖਮੀ ਹਨ। ਪੁਲਿਸ ਅਨੁਸਾਰ ਹਾਦਸੇ ਦੀ ਜਾਂਚ ਚੱਲ ਰਹੀ



ਹਾਦਸੇ ਉਪਰੰਤ ਸੜਕ ਤੋਂ ਹੇਠਾਂ ਉੱਤਰੀ ਬੱਸ

ਹੈ ਅਤੇ ਘਟਨਾ ਲਈ ਜਿੰਮੇਵਾਰ ਡਰਾਈਵਰ ਵਿਰੁੱਧ ਅਪਰਾਧਕ ਦੋਸ਼ ਲਾਏ ਜਾ ਸਕਦੇ ਹਨ। ਪੁਲਿਸ ਨੇ ਬੱਸ ਦੇ ਡਰਾਈਵਰ ਤੇ ਪੀੜਤਾਂ ਦੇ ਨਾਂ ਜਨਤਿਕ ਨਹੀਂ ਕੀਤੇ ਹਨ।

# ਭਾਰਤ ਵਿਰੋਧੀ ਪ੍ਰਦਰਸ਼ਨ ਦੌਰਾਨ ਭਾਰਤੀ ਝੰਡੇ ਦਾ ਨਿਰਾਦਰ



ਕਲੇਟਨ ਵਾਕਰ ਭਾਰਤੀ ਝੰਡੇ ਨਾਲ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਫ੍ਰਿਸਕੋ, ਟੈਕਸਾਸ ਵਿਚ ਇਮੀਗ੍ਰੇਸ਼ਨ ਨਾਲ ਸਬੰਧਤ ਵਿਰੋਧ ਪ੍ਰਦਰਸ਼ਨ ਦੌਰਾਨ ਫ੍ਰਿਸਕੋ ਸਿਟੀ ਹਾਲ ਦੇ ਬਾਹਰ ਇੱਕ ਵਿਅਕਤੀ ਵੱਲੋਂ ਭਾਰਤ ਦੇ ਰਾਸ਼ਟਰੀ ਝੰਡੇ ਦਾ ਨਿਰਾਦਰ ਕਰਨ ਦੀ ਖਬਰ ਹੈ। ਵਾਇਰਲ ਹੋਈ ਵੀਡੀਓ ਵਿੱਚ ਇਕ ਵਿਅਕਤੀ ਭਾਰਤੀ ਝੰਡੇ ਨੂੰ ਪਾੜਦਾ ਹੋਇਆ ਨਰ ਆ ਰਿਹਾ ਹੈ। ਇਸ ਘਟਨਾ ਦੀ ਵਿਆਪਕ ਨਿੰਦਾ ਹੋਈ ਹੈ। ਪ੍ਰਦਰਸ਼ਨ ਦੌਰਾਨ ਭੀੜ ਵਿੱਚ ਲੋਕਾਂ ਵੱਲੋਂ ਭਾਰਤ ਵਿਰੋਧੀ ਨਾਅਰ ਲਾਏ ਗਏ। ਇਸ ਘਟਨਾ 'ਤੇ ਬਹੁਤ ਸਾਰੇ ਭਾਰਤੀ ਅਮਰੀਕੀਆਂ ਅਤੇ ਹੋਰ ਸੋਸ਼ਲ ਮੀਡੀਆ ਉਪਭੋਗਤਾਵਾਂ ਨੇ ਸਖ਼ਤ ਪ੍ਰਤੀਕਿਰਿਆਵਾਂ ਦਿੱਤੀਆਂ ਹਨ ਜਿਨਾਂ ਵਿੱਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਨੀਤੀ 'ਤੇ ਅਸਹਿਮਤੀ ਹੋ ਸਕਦੀ ਹੈ ਪਰੰਤੂ ਇਸ ਦਾ ਇਹ ਮਤਲਬ ਨਹੀਂ ਹੈ ਕਿ ਪੂਰੇ ਭਾਰਤੀ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾਵੇ ਤੇ ਕਿਸੇ ਦੂਸਰੇ ਦੇਸ਼ ਦੇ ਝੰਡੇ ਦਾ ਨਿਰਾਦਰ ਕੀਤਾ ਜਾਵੇ। ਕੁਝ ਟਿੱਪਣੀਕਾਰਾਂ ਨੇ ਅਮਰੀਕੀ ਅਰਥਵਿਵਸਥਾ ਵਿੱਚ ਭਾਰਤੀ ਪ੍ਰਵਾਸੀਆਂ ਅਤੇ ਭਾਰਤੀ ਅਮਰੀਕੀਆਂ ਦੇ ਯੋਗਦਾਨ ਨੂੰ ਉਜਾਗਰ ਕੀਤਾ ਹੈ ਜਦੋਂ ਕਿ ਹੋਰਾਂ ਨੇ ਨੀਤੀਗਤ ਚਰਚਾਵਾਂ ਨੂੰ ਵਿਅਕਤੀਆਂ ਜਾਂ ਨਸਲੀ ਸਮੂਹਾਂ ਦੀ ਬਜਾਏ ਇਮੀਗ੍ਰੇਸ਼ਨ ਮੁੱਦਿਆਂ 'ਤੇ ਕੇਂਦ੍ਰਿਤ ਰੱਖਣ ਦੀ ਮੰਗ ਕੀਤੀ ਹੈ। ਝੰਡਾ ਪਾੜਨ ਵਾਲੇ ਵਿਅਕਤੀ ਦੀ ਪਛਾਣ ਕਲੇਟਨ ਵਾਕਰ ਵਜੋਂ ਹੋਈ ਹੈ। ਵਾਕਰ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ।

# ਟਰੰਪ ਨੇ ਨੇਤਨਯਾਹੂ ਨੂੰ ਇਰਾਨ 'ਤੇ ਹਮਲਾ ਕਰਨ ਵਿਰੁੱਧ ਦਿੱਤੀ ਚਿਤਾਵਨੀ

ਦੁਬਈ : ਇਰਾਨ ਅਤੇ ਇਜ਼ਰਾਈਲ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਪੀਲ ਤੋਂ ਬਾਅਦ ਇੱਕ-ਦੂਜੇ 'ਤੇ ਹਮਲੇ ਰੋਕ ਦਿੱਤੇ ਹਨ, ਹਾਲਾਂਕਿ ਤਹਿਰਾਨ (ਇਰਾਨ) ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਜ਼ਰਾਈਲ ਨੇ ਲਿਬਨਾਨ ਵਿੱਚ ਹਿਜ਼ਬੁੱਲਾ 'ਤੇ ਹਮਲੇ ਜਾਰੀ ਰੱਖੇ ਤਾਂ ਉਹ ਦੁਬਾਰਾ ਜੰਗ ਸ਼ੁਰੂ ਕਰ ਦੇਵੇਗਾ।

ਅਪਰੈਲ ਮਹੀਨੇ ਤੋਂ ਬਾਅਦ ਦੋਵਾਂ ਦੇਸ਼ਾਂ (ਇਰਾਨ ਅਤੇ ਇਜ਼ਰਾਈਲ) ਵਿਚਕਾਰ ਹੋਈ ਇਸ ਸਿੱਧੀ ਲੜਾਈ ਕਾਰਨ ਅਮਰੀਕਾ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗ ਸਕਦਾ ਸੀ। ਅਸਲ ਵਿੱਚ, ਅਮਰੀਕਾ ਪਿਛਲੇ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਇਸ ਜੰਗ ਨੂੰ ਖ਼ਤਮ ਕਰਨ ਲਈ ਇਰਾਨ (ਤਹਿਰਾਨ) ਨਾਲ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਜੋ ਕਿ ਇਸ ਹਮਲੇ ਕਾਰਨ ਟੁੱਟਣ ਦੀ ਕਗਾਰ 'ਤੇ ਪਹੁੰਚ ਗਈ ਸੀ।

ਇਨ੍ਹਾਂ ਹਮਲਿਆਂ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਵਿੱਚ 5 ਫੀਸਦੀ ਤੱਕ ਦਾ ਉਛਾਲ ਆ ਗਿਆ, ਪਰ ਜਿਵੇਂ ਹੀ ਇਰਾਨੀ ਫੌਜ ਨੇ ਇਹ ਬਿਆਨ ਦਿੱਤਾ ਕਿ ਇਜ਼ਰਾਈਲ 'ਤੇ ਉਨ੍ਹਾਂ ਦੇ ਪਹਿਲੇ ਗੇੜ ਦੇ ਹਮਲੇ ਪੂਰੇ ਹੋ ਚੁੱਕੇ ਹਨ, ਤਾਂ ਤੇਲ ਦੀਆਂ ਕੀਮਤਾਂ ਦੁਬਾਰਾ ਹੇਠਾਂ ਡਿੱਗ ਗਈਆਂ। ਇਸ ਦੇ ਨਾਲ ਹੀ, ਅਮਰੀਕੀ ਡਾਲਰ ਵੀ ਪਿਛਲੇ ਦੋ ਮਹੀਨਿਆਂ ਦੇ ਆਪਣੇ ਸਭ ਤੋਂ ਉੱਚੇ ਪੱਧਰ ਤੋਂ ਹੇਠਾਂ ਆ ਗਿਆ।

ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਇੱਕ ਸੂਤਰ ਨੇ ਦੱਸਿਆ ਕਿ ਇਜ਼ਰਾਈਲ ਨੇ



ਵੀ ਇਰਾਨ 'ਤੇ ਆਪਣੇ ਹਮਲੇ ਰੋਕਣ ਦਾ ਫੈਸਲਾ ਕੀਤਾ ਹੈ।

ਉੱਥੇ ਹੀ ਟਰੰਪ ਨੇ ਕਿਹਾ ਕਿ ਇਜ਼ਰਾਈਲ ਅਤੇ ਇਰਾਨ ਦੋਵੇਂ ਤੁਰੰਤ ਜੰਗਬੰਦੀ ਚਾਹੁੰਦੇ ਹਨ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ 'ਸ਼ਾਂਤੀ' ਬਹਾਲ ਕਰਨ ਲਈ ਆਖਰੀ ਦੌਰ ਦੀ ਗੱਲਬਾਤ ਚੱਲ ਰਹੀ ਹੈ, ਪਰ ਅਜਿਹਾ ਤਾਂ ਹੀ ਹੋ ਸਕੇਗਾ ਜੇਕਰ ਕਿਸੇ ਦੀ ਨਾਸਮਝੀ ਜਾਂ ਮੂਰਖਤਾ ਇਸ ਦੇ ਰਸਤੇ ਵਿੱਚ ਰੁਕਾਵਟ ਨਾ ਬਣੇ।

ਸੋਮਵਾਰ ਨੂੰ ਸਾਹਮਣੇ ਆਈ 'ਐਕਸੀਓਸ' (Axios) ਦੀ ਇੱਕ ਇੰਟਰਵਿਊ ਵਿੱਚ ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਨੇਤਨਯਾਹੂ ਨੂੰ ਸਾਫ਼ ਚਿਤਾਵਨੀ ਦਿੱਤੀ ਹੈ। ਟਰੰਪ ਮੁਤਾਬਕ ਜੇਕਰ ਇਜ਼ਰਾਈਲੀ ਆਗੂ ਨੇ ਦੁਬਾਰਾ ਇਰਾਨ ਨਾਲ ਜੰਗ ਛੇੜੀ, ਤਾਂ ਉਨ੍ਹਾਂ ਨੂੰ ਅਮਰੀਕਾ ਦਾ ਸਾਥ ਨਹੀਂ ਮਿਲੇਗਾ ਅਤੇ ਉਹ ਇਕੱਲੇ ਰਹਿ ਜਾਣਗੇ। ਟਰੰਪ ਨੇ ਆਪਣੇ ਸ਼ਬਦਾਂ ਨੂੰ ਦੁਹਰਾਉਂਦੇ ਹੋਏ ਕਿਹਾ, 'ਮੈਂ ਨੇਤਨਯਾਹੂ ਨੂੰ ਕਿਹਾ ਸੀ ਕਿ ਬੀਬੀ (ਨੇਤਨਯਾਹੂ ਦਾ ਨਿੱਕ-ਨੇਮ), ਤੈਨੂੰ ਸੰਭਲ ਕੇ ਚੱਲਣਾ ਚਾਹੀਦਾ ਹੈ, ਨਹੀਂ ਤਾਂ ਬਹੁਤ ਜਲਦ ਤੂੰ ਇਸ ਲੜਾਈ ਵਿੱਚ ਬਿਲਕੁਲ ਇਕੱਲਾ ਰਹਿ ਜਾਵੇਂਗਾ।"

ਦੂਜੇ ਪਾਸੇ ਅਮਰੀਕਾ ਵਿੱਚ ਇਜ਼ਰਾਈਲ ਦੇ ਰਾਜਦੂਤ ਯੇਚੀਏਲ ਲੀਟਰ ਨੇ ਉਨ੍ਹਾਂ ਰਿਪੋਰਟਾਂ ਨੂੰ ਖਾਰਜ ਕਰ ਦਿੱਤਾ ਕਿ ਟਰੰਪ ਨੇ ਨੇਤਨਯਾਹੂ 'ਤੇ ਦਬਾਅ ਪਾਇਆ ਸੀ। ਉਨ੍ਹਾਂ ਨੇ ਫੌਕਸ ਨਿਊਜ਼ ਦੇ 'ਸਪੈਸ਼ਲ ਰਿਪੋਰਟ' ਨੂੰ ਦੱਸਿਆ ਕਿ ਦੋਵਾਂ ਆਗੂਆਂ ਵਿਚਾਲੇ ਗੱਲਬਾਤ ਸਹਿਯੋਗ ਵਾਲੀ ਸੀ। ਉਨ੍ਹਾਂ ਨੇ ਪੱਤਰਕਾਰਾਂ 'ਤੇ ਇੱਕ ਗੁੰਮਰਾਹਕੁੰਨ ਕਹਾਣੀ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦਾ ਦੋਸ਼ ਲਗਾਇਆ।

# ਐਮੀ ਬੇਰਾ ਨੇ ਪ੍ਰਾਇਮਰੀ ਚੋਣ ਜਿੱਤੀ

ਸੈਕਰਾਮੈਂਟੋ/ਕੈਲੀਫੋਰਨੀਆ : ਭਾਰਤੀ ਅਮਰੀਕੀ ਕਾਂਗਰਸਮੈਨ ਐਮੀ ਬੇਰਾ ਪ੍ਰਾਇਮਰੀ ਚੋਣ ਜਿੱਤ ਗਏ ਹਨ। ਹੁਣ ਉਨਾਂ ਦਾ ਸਾਹਮਣਾ ਇਸ ਸਾਲ ਨਵੰਬਰ ਵਿੱਚ ਕੈਲੀਫੋਰਨੀਆ ਦੇ ਤੀਜੇ ਕਾਂਗਰਸ ਜਿਲੇ ਵਿੱਚ ਰਿਪਬਲਿਕਨ ਨੇਵਾਡਾ ਕਾਉਂਟੀ ਸੁਪਰਵਾਈਜ਼ਰ ਰੌਬ ਟਕਰ ਨਾਲ ਹੋਵੇਗਾ। ਡੈਮੋਕਰੇਟ ਆਗੂ ਬੇਰਾ 2013 ਤੋਂ ਕੈਲੀਫੋਰਨੀਆ ਦੇ 6ਵੇਂ ਜ਼ਿਲੇ ਦੀ ਨੁਮਾਇੰਦਗੀ ਕਰ ਰਿਹਾ ਹੈ। ਪ੍ਰਸਤਾਵ 50 ਦੇ ਤਹਿਤ ਰਾਜ ਦੇ ਕਾਂਗਰੇਸ਼ਨਲ ਨਕਸ਼ੇ ਵਿੱਚ ਬਦਲਾਅ ਤੋਂ ਬਾਅਦ ਹੁਣ ਉਹ ਨਵੇਂ ਬਣਾਏ ਗਏ ਤੀਜੇ ਜ਼ਿਲੇ ਵਿੱਚ ਰਾਜਸੀ ਕਿਸਮਤ ਅਜਮਾਉਣਗੇ। ਇਹ ਜ਼ਿਲਾ ਫੋਲਸਮ ਅਤੇ ਰੋਜ਼ਵਿਲ ਸਮੇਤ ਸੈਕਰਾਮੈਂਟੋ ਖੇਤਰ ਦੇ ਕੁਝ ਹਿੱਸਿਆਂ ਵਿੱਚ ਫੈਲਿਆ ਹੋਇਆ ਹੈ ਅਤੇ ਪੂਰਬ ਵੱਲ ਟਰੱਕੀ ਅਤੇ ਝੀਲ ਤਾਹੋ ਵੱਲ ਫੈਲਿਆ ਹੋਇਆ ਹੈ।



ਆਪਣੀ ਪ੍ਰਾਇਮਰੀ ਚੋਣ ਮੁਹਿੰਮ ਦੌਰਾਨ, ਬੇਰਾ ਨੇ ਸਾਫ਼ ਊਰਜਾ, ਬੁਨਿਆਦੀ ਢਾਂਚੇ ਵਿੱਚ ਨਿਵੇਸ਼, ਸਥਾਨਕ ਭਾਈਚਾਰਿਆਂ ਦਾ ਸਮਰਥਨ ਕਰਨ ਲਈ ਜਨਤਕ-ਨਿੱਜੀ ਭਾਈਵਾਲੀ, ਅਤੇ ਪ੍ਰਜਨਨ ਸਿਹਤ ਸੰਭਾਲ ਤੱਕ ਪਹੁੰਚ 'ਤੇ ਜ਼ੋਰ ਦਿੱਤਾ।

# ਹੁਣ 'ਪੱਕਿਆਂ' ਦੀ ਨਾਗਰਿਕਤਾ ਰੱਦ ਕਰਨ ਲੱਗਾ ਅਮਰੀਕਾ !

## ਭਾਰਤੀ ਸਣੇ 17 ਖ਼ਿਲਾਫ਼ ਸ਼ੁਰੂ ਹੋਈ ਕਾਰਵਾਈ

ਨਿਊਜਰਸੀ : ਰਾਸ਼ਟਰਪਤੀ ਟਰੰਪ ਦੀ ਅਗਵਾਈ ਵਾਲੇ ਅਮਰੀਕੀ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਪਹਿਲਾਂ ਹੀ ਕਾਰਵਾਈ ਸ਼ੁਰੂ ਕੀਤੀ ਹੋਈ ਹੈ। ਇਸੇ ਦੌਰਾਨ ਅਮਰੀਕਾ ਹੁਣ ਪ੍ਰਵਾਸੀ ਨਾਗਰਿਕਾਂ ਦੀ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਵੀ ਸ਼ੁਰੂ ਕਰਨ ਜਾ ਰਿਹਾ ਹੈ। ਪ੍ਰਸ਼ਾਸਨ ਨੇ ਗੰਭੀਰ ਅਪਰਾਧਾਂ ਦੇ ਦੋਸ਼ੀ ਇੱਕ ਭਾਰਤੀ ਪ੍ਰਵਾਸੀ ਸਣੇ 17 ਲੋਕਾਂ ਦੀ ਨਾਗਰਿਕਤਾ ਰੱਦ ਕਰਨ ਦੀ ਕਾਨੂੰਨੀ ਪ੍ਰਕਿਰਿਆ ਸੋਮਵਾਰ ਨੂੰ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਸਾਰੇ ਵਿਅਕਤੀਆਂ 'ਤੇ ਧੋਖਾਧੜੀ, ਝੂਠੇ ਬਿਆਨ ਸਣੇ ਕਈ ਗੰਭੀਰ ਅਪਰਾਧਿਕ ਗਤੀਵਿਧੀਆਂ 'ਚ ਸ਼ਾਮਲ ਹੋਣ ਦੇ ਦੋਸ਼ ਹਨ।

ਅਮਰੀਕਾ ਦੇ ਨਿਆਂ ਵਿਭਾਗ ਮੁਤਾਬਕ, ਨਿਊਜਰਸੀ ਸਥਿਤ ਪਲੇਸਮੈਂਟ ਫਰਮ 'ਮੈਗਨਾਵਿਜ਼ਨ LLC' ਦੇ 50 ਸਾਲਾ ਮਾਲਕ ਨੀਰਜ ਸ਼ਰਮਾ 'ਤੇ 11 ਜਾਅਲੀ H-1B ਵੀਜ਼ਾ ਅਰਜ਼ੀਆਂ 'ਤੇ ਦਸਤਖਤ ਕਰਨ ਦਾ ਦੋਸ਼ ਹੈ। ਉਸ ਨੇ ਦਾਅਵਾ ਕੀਤਾ ਸੀ ਕਿ ਇਹ ਵਿਅਕਤੀ ਇੱਕ ਗਲੋਬਲ ਵਿੱਤੀ ਸੰਸਥਾ 'ਚ ਕੰਮ ਕਰਨਗੇ, ਜਦਕਿ ਵੀਜ਼ਾ ਦਸਤਾਵੇਜ਼ਾਂ 'ਚ ਅਧਿਕਾਰੀਆਂ ਦੇ ਜਾਅਲੀ ਦਸਤਖਤ ਕੀਤੇ ਗਏ ਸਨ।

ਸ਼ਰਮਾ ਨੇ 2017 ਵਿੱਚ ਅਮਰੀਕੀ ਨਾਗਰਿਕਤਾ ਲਈ ਅਪਲਾਈ ਕੀਤਾ ਸੀ ਅਤੇ ਦਸੰਬਰ 2017 ਵਿੱਚ ਉਸ ਨੂੰ ਨਾਗਰਿਕਤਾ ਮਿਲ ਗਈ। ਹਾਲਾਂਕਿ, ਉਸ 'ਤੇ ਦੋਸ਼ ਹੈ ਕਿ ਉਸ ਨੇ ਨਾਗਰਿਕਤਾ ਦੇ ਇੰਟਰਵਿਊ ਦੌਰਾਨ ਆਪਣੇ ਪਿਛਲੇ ਅਪਰਾਧਿਕ ਰਿਕਾਰਡ ਬਾਰੇ ਝੂਠ ਬੋਲਿਆ ਸੀ। ਬਾਅਦ ਵਿੱਚ ਉਸ ਨੂੰ ਅਪ੍ਰੈਲ 2015 ਤੋਂ ਅਪ੍ਰੈਲ 2017 ਦਰਮਿਆਨ ਅਮਰੀਕੀ ਵੀਜ਼ਾ ਦੀ ਗ਼ਲਤ ਵਰਤੋਂ ਅਤੇ ਧੋਖਾਧੜੀ ਦਾ ਦੋਸ਼ੀ ਪਾਇਆ ਗਿਆ।

ਹੋਮਲੈਂਡ ਸਕਿਓਰਿਟੀ ਵਿਭਾਗ ਦੇ ਮੁਖੀ ਮਾਰਕਵੇਨ ਮੁਲਿਨ ਨੇ ਸਖ਼ਤ ਬਿਆਨ ਜਾਰੀ ਕਰਦਿਆਂ ਕਿਹਾ, 'ਅਮਰੀਕੀ ਨਾਗਰਿਕਤਾ ਇੱਕ ਵਿਸ਼ੇਸ਼ ਅਧਿਕਾਰ ਹੈ, ਜਿਸ ਨੂੰ ਇਮਾਨਦਾਰੀ ਨਾਲ ਹਾਸਲ ਕੀਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਇੱਥੇ ਆ ਕੇ ਸਾਡੇ ਕਾਨੂੰਨ ਤੋੜਦੇ ਹੋ ਅਤੇ ਇਮੀਗ੍ਰੇਸ਼ਨ ਪ੍ਰਕਿਰਿਆ ਦੌਰਾਨ ਝੂਠ ਬੋਲਦੇ ਹੋ, ਤਾਂ ਤੁਸੀਂ ਇਸ ਅਧਿਕਾਰ ਦੇ ਹੱਕਦਾਰ ਨਹੀਂ ਹੋ।' ਅਮਰੀਕੀ ਕਾਨੂੰਨ ਮੁਤਾਬਕ ਧੋਖਾਧੜੀ ਜਾਂ ਜਾਣਕਾਰੀ ਛੁਪਾ ਕੇ ਲਈ ਗਈ ਨਾਗਰਿਕਤਾ ਰੱਦ ਕੀਤੀ ਜਾ ਸਕਦੀ ਹੈ।

ਨੀਰਜ ਸ਼ਰਮਾ ਤੋਂ ਇਲਾਵਾ ਜਿਨ੍ਹਾਂ 16 ਹੋਰ ਲੋਕਾਂ ਦੀ ਨਾਗਰਿਕਤਾ ਖੋਹਣ ਦੀ ਪ੍ਰਕਿਰਿਆ ਸ਼ੁਰੂ ਹੋਈ ਹੈ, ਉਨ੍ਹਾਂ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ, ਨਾਬਾਲਗਾਂ ਦੀਆਂ ਅਸ਼ਲੀਲ ਤਸਵੀਰਾਂ ਰੱਖਣ ਅਤੇ ਹੋਰ ਘਿਨਾਉਣੇ ਅਪਰਾਧਾਂ ਦੇ ਦੋਸ਼ੀ ਸ਼ਾਮਲ ਹਨ, ਜੋ ਮੈਕਸੀਕੋ, ਕੋਲੰਬੀਆ, ਫਿਲੀਪੀਨਜ਼, ਹੈਤੀ ਅਤੇ ਯੂਗੋਸਲਾਵੀਆ ਵਰਗੇ ਦੇਸ਼ਾਂ ਤੋਂ ਆਏ ਪ੍ਰਵਾਸੀ ਹਨ।

# ਕਾਕਰੋਚ ਜਨਤਾ ਪਾਰਟੀ ਦੀ ਸਰਗਰਮੀ

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀ ਕਿਸੇ ਮਾਮਲੇ ਦੇ ਸੰਦਰਭ ’ਚ ਕੀਤੀ ਗਈ ਇਕ ਟਿੱਪਣੀ ਨੂੰ ਲੈ ਕੇ ਦੇਸ਼ ’ਚ ਜਿਸ ਤਰ੍ਹਾਂ ਦਾ ਮਾਹੌਲ ਪੈਦਾ ਹੋਇਆ ਜਾਂ ਪੈਦਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਉਹ ਦੇਸ਼ ਸਾਹਮਣੇ ਗੰਭੀਰ ਸਵਾਲਾਂ ਅਤੇ ਇਸ ਦੀ ਵਿਵਸਥਾ ’ਚ ਰਹਿ ਗਈਆਂ ਵੱਡੀਆਂ ਤਰੁਟੀਆਂ ਵੱਲ ਧਿਆਨ ਕੇਂਦਰਿਤ ਕਰਦਾ ਹੈ। ਅਮਰੀਕਾ ’ਚ ਗਏ ਅਭਿਜੀਤ ਦੀਪਕੇ ਵਲੋਂ ਨੀਟ, ਸੀ.ਬੀ.ਐਸ.ਈ. ਤੇ ਹੋਰ ਕੇਂਦਰੀ ਪ੍ਰੀਖਿਆਵਾਂ ਵਿਚ ਰਹਿ ਗਈਆਂ ਤਰੁੱਟੀਆਂ ਨੂੰ ਸੋਸ਼ਲ ਮੀਡੀਆ ’ਤੇ ਵਿਅੰਗਮਈ ਢੰਗ ਨਾਲ ਕਾਕਰੋਚ ਜਨਤਾ ਪਾਰਟੀ ਬਣਾ ਕੇ ਉਸ ਦੇ ਮਾਧਿਅਮ ਰਾਹੀਂ ਉਜਾਗਰ ਕੀਤਾ ਗਿਆ ਸੀ, ਜਿਸ ਨੂੰ ਦੇਸ਼ ਭਰ ’ਚ ਲੋਕਾਂ ਵਲੋਂ ਵੱਡਾ ਹੁੰਗਾਰਾ ਭਰਿਆ ਗਿਆ। ਇਸ ਪਾਰਟੀ ਨਾਲ ਨੌਜਵਾਨ ਵਧੇਰੇ ਗਿਣਤੀ ’ਚ ਜੁੜੇ। ਫਿਰ ਤੇਜ਼ੀ ਨਾਲ ਸੋਸ਼ਲ ਮੀਡੀਆ ’ਤੇ ਕਾਕਰੋਚ ਜਨਤਾ ਪਾਰਟੀ ਨਾਲ ਜੁੜਨ ਵਾਲਿਆਂ ਦੀ ਗਿਣਤੀ ਕਰੋੜਾਂ ਤੱਕ ਪਹੁੰਚ ਗਈ ਸੀ।

ਅਮਰੀਕਾ ਤੋਂ ਪਰਤ ਕੇ ਜੰਤਰ-ਮੰਤਰ ਵਿਖੇ ਅਭਿਜੀਤ ਦੀਪਕੇ ਨੀਟ ਪੇਪਰ ਲੀਕ ਤੇ ਸੀ.ਬੀ.ਐਸ.ਈ. ਵਲੋਂ 12ਵੀਂ ਕਲਾਸ ਦੇ ਵਿਦਿਆਰਥੀਆਂ ਦੇ ਪੇਪਰਾਂ ਦੀ ਆਨ ਸਕਰੀਨਿੰਗ ਕਰਵਾਈ ਗਈ ਨੁਕਸਦਾਰ ਮਾਰਕਿੰਗ ਵਿਰੁੱਧ ਰੋਸ ਪ੍ਰਗਟ ਕਰਨ ’ਤੇ ਇਸ ਕਾਰਨ ਦੇਸ਼ ਦੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਅਸਤੀਫ਼ਾ ਮੰਗਣ ਲਈ ਹਜ਼ਾਰਾਂ ਨੌਜਵਾਨਾਂ ਸਮੇਤ ਇਕੱਠੇ ਹੋਏ। ਉਸ ਦਾ ਬੜੀ ਸਰਗਰਮੀ ਨਾਲ ਸਵਾਗਤ ਕੀਤਾ ਗਿਆ। ਉਸ ਵਲੋਂ ਬਣਾਈ ਗਈ ‘ਕਾਕਰੋਚ ਜਨਤਾ ਪਾਰਟੀ’ ਦੇ ਹੱਕ ’ਚ ਨਾਅਰੇ ਲਾਏ ਗਏ ਅਤੇ ‘ਨੀਟ’ ਦਾ ਪੇਪਰ ਲੀਕ ਹੋਣ ਲਈ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਦੋਸ਼ੀ ਠਹਿਰਾਇਆ ਗਿਆ ਤੇ ਉਸ ਦੇ ਅਸਤੀਫ਼ੇ ਦੀ ਮੰਗ ਕੀਤੀ ਗਈ। ਇਸ ਇਕੱਠ ’ਚ ਲੱਦਾਖ ਦੇ ਆਗੂ ਸੋਨਮ ਵਾਂਗਚੁਕ ਤੋਂ ਇਲਾਵਾ ਖੱਬੇ ਪੱਖੀ ਪਾਰਟੀਆਂ ਦੇ ਕਈ ਆਗੂ ਵੀ ਸ਼ਾਮਿਲ ਹੋਏ। ਦੀਪਕੇ ਤੇ ਉਸ ਦੇ ਸਾਥੀਆਂ ਨੇ ਕੇਂਦਰੀ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਇਕ ਹਫ਼ਤੇ ਦਾ ਰਸਮੀ ਨੋਟਿਸ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਉਹ ਇਕ ਹਫ਼ਤੇ ’ਚ ਅਸਤੀਫ਼ਾ ਨਹੀਂ ਦਿੰਦੇ ਤਾਂ ਇਸ ਵਿਰੁੱਧ ਦਿੱਲੀ ਦੇ ਜੰਤਰ-ਮੰਤਰ ਤੋਂ ਇਕ ਵੱਡਾ ਅੰਦੋਲਨ ਆਰੰਭਿਆ ਜਾਏਗਾ। ਕਾਕਰੋਚ ਜਨਤਾ ਪਾਰਟੀ ਦੇ ਇਨ੍ਹਾਂ ਆਗੂਆਂ ਦੀ ਚਿਤਾਵਨੀ ਦਾ ਕੇਂਦਰ ਸਰਕਾਰ ’ਤੇ ਕਿੰਨਾ ਕੁ ਅਸਰ ਹੁੰਦਾ ਹੈ, ਇਹ ਅੱਗੇ ਦੇਖਣ ਵਾਲੀ ਗੱਲ ਹੋਵੇਗੀ। ਇਹ ਵੀ ਦੇਖਣ ਵਾਲੀ ਗੱਲ ਹੋਵੇਗੀ ਕਿ ਸੋਸ਼ਲ ਮੀਡੀਆ ਰਾਹੀਂ ਹੋਂਦ ਵਿਚ ਆਈ ਇਹ ਨਵੀਂ ਪਾਰਟੀ ਕਿੰਨੀ ਕੁ ਸਰਗਰਮੀ ਫੜ ਸਕੇਗੀ।

ਬਿਨਾਂ ਸ਼ੱਕ ਭਾਰਤ ਇਸ ਸਮੇਂ ਬੇਰੁਜ਼ਗਾਰੀ, ਗੁਰਬਤ ਤੇ ਮਹਿੰਗਾਈ ਆਦਿ ਅਨੇਕਾਂ ਅਨੇਕ ਹੋਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਸਿਧਾਂਤਕ ਤੌਰ ’ਤੇ ਵੀ ਵੱਖ-ਵੱਖ ਪਾਰਟੀਆਂ ਆਪਣੇ ਏਜੰਡੇ ਅਨੁਸਾਰ ਕੰਮ ਕਰਦੀਆਂ ਵਿਖਾਈ ਦੇ ਰਹੀਆਂ ਹਨ। ਇਸ ਨਵੀਂ ਪਾਰਟੀ ਦੇ ਆਗੂਆਂ ਨੇ ਸੱਤਾਧਾਰੀਆਂ ’ਤੇ ਸਿਆਸਤ ਵਿਚ ਹਿੰਦੂ-ਮੁਸਲਿਮ ਦਾ ਮਸਲਾ ਖੜ੍ਹਾ ਕਰਕੇ ਵੋਟਾਂ ਹਾਸਿਲ ਕਰਨ ਦਾ ਗੰਭੀਰ ਦੋਸ਼ ਵੀ ਲਾਇਆ ਹੈ। ਅਸੀਂ ਵੀ ਅਜਿਹੇ ਫਿਰਕੂ ਏਜੰਡੇ ਨਾਲ ਸਹਿਮਤ ਨਹੀਂ ਹਾਂ। ਪਰ ਇਸ ਮੁੱਦੇ ’ਤੇ ਕਈ ਕੌਮੀ ਤੇ ਪ੍ਰਾਂਤਕ ਪਾਰਟੀਆਂ ਵੀ ਲਗਾਤਾਰ ਆਵਾਜ਼ ਚੁੱਕਦੀਆਂ ਰਹੀਆਂ ਹਨ। ਪਰ ਅਨੇਕਾਂ ਕਾਰਨਾਂ ਕਰਕੇ ਅੱਜ ਕਾਂਗਰਸ ਅਤੇ ਦੇਸ਼ ਦੀਆਂ ਹੋਰ ਵਿਰੋਧੀ ਪਾਰਟੀਆਂ ਚੋਣਾਂ ਵਿਚ ਭਾਜਪਾ ਤੋਂ ਪਛੜ ਰਹੀਆਂ ਦਿਖਾਈ ਦੇ ਰਹੀਆਂ ਹਨ। ਇਸ ਦੇ ਬਾਵਜੂਦ ਉਨ੍ਹਾਂ ਨੇ ਆਪਣੇ-ਆਪਣੇ ਵਿਚਾਰਾਂ ਮੁਤਾਬਿਕ ਸਰਗਰਮੀ ਜ਼ਰੂਰ ਜਾਰੀ ਰੱਖੀ ਹੋਈ ਹੈ। ਪਿਛਲੇ ਮਹੀਨਿਆਂ ਵਿਚ ਹੀ ਦੇਸ਼ ’ਚ ਕਈ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ ਹਨ। ਉਨ੍ਹਾਂ ’ਚ ਚਾਹੇ ਭਾਜਪਾ ਦੀ ਵੱਡੀ ਬੜ੍ਹਤ ਜ਼ਰੂਰ ਦਿਖਾਈ ਦਿੰਦੀ ਹੈ ਪਰ ਦੂਸਰੀਆਂ ਪਾਰਟੀਆਂ ਨੇ ਵੀ ਕਈ ਥਾਵਾਂ ’ਤੇ ਆਪਣੀ ਜਿੱਤ ਦੇ ਝੰਡੇ ਗੱਡੇ ਹਨ। ਹੁਣ ਉਹ ਫਿਰ ਇਕ ਸਟੇਜ ’ਤੇ ਇਕੱਠੇ ਹੋ ਕੇ ਭਾਜਪਾ ਦਾ ਮੁਕਾਬਲਾ ਕਰਨ ਲਈ ਨਵੀਂ ਰਣਨੀਤੀ ਤਿਆਰ ਕਰ ਰਹੀਆਂ ਹਨ।

ਅਜਿਹੀ ਸੂਰਤ ਵਿਚ ਕਾਕਰੋਚ ਜਨਤਾ ਪਾਰਟੀ ਵਿਸ਼ੇਸ਼ ਤੌਰ ’ਤੇ ਸਿੱਖਿਆ ਦੇ ਖੇਤਰ ਵਿਚ ਅਤੇ ਹੋਰ ਮੁੱਦਿਆਂ ’ਤੇ ਕਿਸ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਹੋਂਦ ਜਤਾ ਸਕੇਗੀ, ਇਸ ਬਾਰੇ ਨਿਸਚਿਤ ਰੂਪ ’ਚ ਅਜੇ ਕੁਝ ਕਿਹਾ ਨਹੀਂ ਜਾ ਸਕਦਾ, ਪਰ ਅਜਿਹਾ ਉਠਾਲ ਤੇ ਉਬਾਲ ਇਸ ਗੱਲ ਵੱਲ ਸੰਕੇਤ ਜ਼ਰੂਰ ਕਰਦਾ ਹੈ ਕਿ ਭਾਰਤੀ ਸਰਕਾਰਾਂ ਨੂੰ ਸਮਾਜ ਵਿਚ ਰਹਿ ਗਈਆਂ ਵੱਡੀਆਂ ਤਰੁੱਟੀਆਂ ਵੱਲ ਫੌਰੀ ਧਿਆਨ ਦੇਣ ਦੀ ਜ਼ਰੂਰਤ ਹੋਵੇਗੀ। ਇਕ ਦਮ ਉੱਠਿਆ ਅਸੰਤੋਸ਼ ਵੀ ਇਨ੍ਹਾਂ ਗੰਭੀਰ ਸਮਾਜਿਕ ਤਰੁੱਟੀਆਂ ਵੱਲ ਇਸ਼ਾਰਾ ਕਰਦਾ ਨਜ਼ਰ ਆ ਰਿਹਾ ਹੈ, ਜਿਸ ਵੱਲ ਸਰਕਾਰ ਦੇ ਨਾਲ-ਨਾਲ ਵਿਰੋਧੀ ਪਾਰਟੀਆਂ ਅਤੇ ਸਮਾਜ ਦੇ ਸਾਰੇ ਚੇਤੰਨ ਵਰਗਾਂ ਨੂੰ ਗੰਭੀਰਤਾ ਨਾਲ ਧਿਆਨ ਦੇਣ ਦੀ ਜ਼ਰੂਰਤ ਹੋਵੇਗੀ।

# ਨਕਲਮੁਕਤ ਸਿੱਖਿਆ ਵਿਵਸਥਾ : ਪ੍ਰਬੰਧਨ ਕਿਵੇਂ ਹੋਵੇ ?




ਵਿਨੀਤ ਨਾਰਾਇਣ

ਹਾਲ ਹੀ ’ਚ ਰੱਦ ਹੋਈਆਂ ਨੀਟ ਪ੍ਰੀਖਿਆਵਾਂ ਦੇ ਵਿਵਾਦ ਨਾਲ ਦੇਸ਼ ਭਰ ’ਚ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ। ਇਹ ਪ੍ਰੀਖਿਆਵਾਂ ਦੁਬਾਰਾ ਕਰਵਾਉਣ ਦੀ ਗੱਲ ਵੀ ਹੋ ਰਹੀ ਹੈ ਪਰ ਅਕਸਰ ਇਹ ਦੇਖਿਆ ਗਿਆ ਹੈ ਕਿ ਭਾਰਤ ’ਚ ਹੋਣ ਵਾਲੀਆਂ ਪ੍ਰੀਖਿਆਵਾਂ ’ਚ ਜਾਂ ਤਾਂ ਪੇਪਰ ਲੀਕ ਕੀਤੇ ਜਾਂਦੇ ਹਨ ਜਾਂ ਫਿਰ ਪ੍ਰੀਖਿਆਵਾਂ ਦੇ ਸਮੇਂ ਵੱਡੇ ਪੱਧਰ ’ਤੇ ਨਕਲ ਕੀਤੀ ਜਾਂਦੀ ਹੈ। ਅਜਿਹੇ ’ਚ ਸਰਕਾਰ ਦੀ ਤਰਜੀਹ ਰਹਿੰਦੀ ਹੈ ਕਿ ਜੋ ਪ੍ਰੀਖਿਆਵਾਂ ਹੋਣ, ਨਾ ਤਾਂ ਉਨ੍ਹਾਂ ਦੇ ਪੇਪਰ ਲੀਕ ਹੋਣ ਅਤੇ ਨਾ ਹੀ ਅਜਿਹੀਆਂ ਪ੍ਰੀਖਿਆਵਾਂ ’ਚ ਨਕਲ ਹੋਵੇ ਪਰ ਅਸਲ ’ਚ ਹਕੀਕਤ ਇਸ ਦੇ ਉਲਟ ਹੀ ਹੋ ਜਾਂਦੀ ਹੈ। ਅਜਿਹਾ ਨਹੀਂ ਹੈ ਕਿ ਦੇਸ਼ ’ਚ ਨਕਲਮੁਕਤ ਸਿੱਖਿਆ ਸੰਭਵ ਨਹੀਂ ਹੈ। ਕਮੀ ਹੈ ਤਾਂ ਸਿਰਫ਼ ਇਸ ਦੇ ਪ੍ਰਬੰਧਨ ਦੀ।

ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਦੇਸ਼ ਦਾ ਹਰ ਨੌਜਵਾਨ, ਦੇਸ਼ ਦੇ ਵਿਕਾਸ ’ਚ ਯੋਗਦਾਨ ਪਾਵੇ। ਇਸ ਦੇ ਲਈ ਉਨ੍ਹਾਂ ਨੇ ‘ਹੁਨਰ ਵਿਕਾਸ’ ਦਾ ਵਿਸ਼ੇਸ਼ ਮੰਤਰਾਲਾ ਵੀ ਬਣਾਇਆ ਹੈ। ਸਭ ਜਾਣਦੇ ਹਨ ਕਿ ਸਰਕਾਰ ਹਰ ਨੌਜਵਾਨ ਨੂੰ ਨੌਕਰੀ ਨਹੀਂ ਦੇ ਸਕਦੀ। ਨਿੱਜੀ ਖੇਤਰ, ਖੇਤੀਬਾੜੀ ਜਾਂ ਸਵੈ-ਰੁਜ਼ਗਾਰ ਹੀ ਉਹ ਰਸਤੇ ਹਨ, ਜਿਨ੍ਹਾਂ ਰਾਹੀਂ ਇਕ ਨੌਜਵਾਨ ਆਪਣੇ ਜੀਵਨ ’ਚ ਸਥਿਰਤਾ ਲਿਆ ਸਕਦਾ ਹੈ। ਜੀਵਨ ਜਿਊਣ ਦੀਆਂ ਚੁਣੌਤੀਆਂ ਅਨੇਕਾਂ ਹਨ, ਜਿਨ੍ਹਾਂ ਦਾ ਸਾਹਮਣਾ ਕਰਨ ਲਈ ਹਰ ਨੌਜਵਾਨ ਦਾ ਸੰਤੁਲਿਤ ਵਿਕਾਸ ਹੋਣਾ ਜ਼ਰੂਰੀ ਹੈ। ਸ਼ਖਸੀਅਤ ਦੇ ਵਿਕਾਸ ਦਾ ਇਕ ਮਹੱਤਵਪੂਰਨ ਅੰਗ ਸਿੱਖਿਆ ਹੈ। ਅਨਪੜ੍ਹ ਨੌਜਵਾਨਾਂ ਲਈ ਚੁਣੌਤੀਆਂ ਹੋਰ ਵੀ ਵਧ ਜਾਂਦੀਆਂ ਹਨ। ਪਰ ਸਮੱਸਿਆ ਇਸ ਗੱਲ ਦੀ ਹੈ ਕਿ ਜਿਨ੍ਹਾਂ ਨੂੰ ਸਿੱਖਿਅਤ ਜਾਂ ਡਿਗਰੀਧਾਰਕ ਮੰਨਿਆ ਜਾਂਦਾ ਹੈ, ਉਹ ਖੁਦ ਹੀ ਹਨੇਰੇ ਖੂਹ ’ਚ ਪਏ ਹਨ। ਡਿਗਰੀਆਂ ਹੱਥਾਂ ’ਚ ਹਨ, ਫਿਰ ਵੀ ਉਹ ਸਿੱਖਿਅਤ ਨਹੀਂ ਕਹੇ ਜਾਂਦੇ।

ਉਂਝ ਤਾਂ ਪੂਰੇ ਭਾਰਤ ’ਚ ਪ੍ਰਾਇਮਰੀ, ਮਿਡਲ ਅਤੇ ਗ੍ਰੈਜੂਏਸ਼ਨ ਪੱਧਰ ਦੀ ਸਿੱਖਿਆ ਪ੍ਰਣਾਲੀ ਆਪਣੀ ਆਤਮਾ ਅਤੇ ਬੁਨਿਆਦੀ ਢਾਂਚੇ ’ਚ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਮੁਤਾਬਕ ਨਹੀਂ ਹੈ ਪਰ ਵਿਸ਼ੇਸ਼ ਤੌਰ ’ਤੇ ਉੱਤਰ ਪ੍ਰਦੇਸ਼ ਦੇ ਸੰਦਰਭ ’ਚ ਇਸ ਨੂੰ ਸਰਕਾਰੀ ਸਰਪ੍ਰਸਤੀ ਹੇਠ ਨਕਲ ਮਾਫ਼ੀਆ ਦੇ ਹਵਾਲੇ ਕਰਕੇ ਇਸ ਦਾ ਲਗਭਗ ਕਤਲ ਹੀ ਕਰ ਦਿੱਤਾ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਸਮਾਜ, ਸਰਕਾਰ, ਪ੍ਰਸ਼ਾਸਨ ਅਤੇ ਮੀਡੀਆ, ਇਸ ਨਾ ਬਦਲੀ ਜਾ ਸਕਣ ਵਾਲੀ ਸਮਾਜਿਕ ਅਤੇ ਰਾਸ਼ਟਰੀ ਬਰਬਾਦੀ ’ਤੇ ਚੁੱਪ ਧਾਰੀ ਬੈਠੇ ਹਨ।

ਸਾਰਾ ਸਾਲ ਸਕੂਲਾਂ ਅਤੇ ਕਾਲਜਾਂ ’ਚ ਪੜ੍ਹਾਈ ਨਾਂਹ ਦੇ ਬਰਾਬਰ ਹੁੰਦੀ ਹੈ। ਸਿੱਖਿਆ ਪ੍ਰਣਾਲੀ ਦੇ ਪ੍ਰਬੰਧਕੀ ਤੰਤਰ, ਅਧਿਆਪਕ ਅਤੇ ਵਿਦਿਆਰਥੀ ਸਾਰੇ ਭਾਈ-ਭਤੀਜਾਵਾਦ ਅਤੇ ਪੈਸਿਆਂ ਦੇ ਲੈਣ-ਦੇਣ ਨਾਲ ਨਕਲ ਕਰਵਾ ਕੇ ਸਰਟੀਫਿਕੇਟ ਹਾਸਲ ਕਰ ਲੈਣ ਦੇ ਚੱਕਰ ’ਚ ਫਸ ਚੁੱਕੇ ਹਨ। ਇਸ ਮਾਫ਼ੀਆ ਦਾ ਹਿੱਸਾ ਬਣਿਆ ਨੌਜਵਾਨ, ਹੋਣਹਾਰ ਬੱਚਿਆਂ ਦੀਆਂ ਸੰਭਾਵਨਾਵਾਂ ਦਾ ਗਲਾ ਘੁੱਟ ਕੇ, ਆਪਣੇ ਸਰਟੀਫਿਕੇਟ ਲਹਿਰਾ ਕੇ ਸਿੱਖਿਅਤ ਦਿਖਾਈ ਦਿੰਦਾ ਹੈ, ਸਰਕਾਰੀ ਨੌਕਰੀ ਪ੍ਰਾਪਤ ਕਰ ਲੈਂਦਾ ਹੈ ਜਾਂ ਫਿਰ ਵੱਡੀਆਂ ਸੰਸਥਾਵਾਂ ’ਚ ਦਾਖਲਾ ਪਾ ਲੈਂਦਾ ਹੈ, ਜਦਕਿ ਹੋਣਹਾਰ ਵਿਦਿਆਰਥੀ, ਜੋ ਇਸ ਫਰੇਬ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ, ਉਹ ਪਿੱਛੇ ਰਹਿ ਜਾਂਦੇ ਹਨ। ਇਸ ਨਾਲ ਪੈਦਾ ਹੋਈ ਆਰਥਿਕਤਾ ਤੋਂ ਸਰਕਾਰੀ ਅਧਿਕਾਰੀ, ਪ੍ਰੀਖਿਆ ਕਰਵਾਉਣ ਵਾਲੀਆਂ ਸੰਸਥਾਵਾਂ, ਸਕੂਲਾਂ-ਕਾਲਜਾਂ ਦੇ ਮਾਲਕ, ਅਧਿਆਪਕ, ਮਾਫ਼ੀਆ ਅਤੇ ਨਿਕੰਮੇ ਵਿਦਿਆਰਥੀ ਲਾਭ ਉਠਾਉਂਦੇ ਹਨ ਅਤੇ ਭਾਰਤ ਦੇ ਤਾਬੂਤ ’ਚ ਹਰ ਸਾਲ ਕਿੱਲਾਂ ਠੋਕ ਰਹੇ ਹਨ। ਹੈਰਾਨੀ ਹੈ ਕਿ ਇਸ ਸਮੂਹਿਕ ਬਰਬਾਦੀ ’ਤੇ ਸਭ ਚੁੱਪ ਹਨ। ਸਰਕਾਰ ਸ਼ਾਇਦ ਮਜਬੂਰ ਹੈ ਕਿ ਉਹ ਨਿਕੰਮੇ ਅਤੇ ਜਾਅਲਸਾਜ਼ ਅਧਿਆਪਕਾਂ ’ਤੇ ਚੰਗਾ ਕੰਮ ਕਰਨ ਦਾ ਦਬਾਅ ਪਾਉਣਾ ਨਹੀਂ ਚਾਹੁੰਦੀ ਕਿਉਂਕਿ ਉਹ ਚੋਣ ਤੰਤਰ ਦਾ ਮਹੱਤਵਪੂਰਨ ਹਿੱਸਾ ਹਨ।

ਸੂਬਿਆਂ ’ਚ ਕਈ ਵਾਰ ਅਜਿਹੇ ਮੁੱਖ ਮੰਤਰੀ ਹੋਏ ਹਨ ਜਿਨ੍ਹਾਂ ਨੇ ਗੱਲਾਂ ਤਾਂ ਵੱਡੀਆਂ-ਵੱਡੀਆਂ ਕੀਤੀਆਂ ਪਰ ਬਜਾਏ ਇਸ ਦੇ ਕਿ ਉਹ ਸਿੱਖਿਆ ’ਚ ਸੁਧਾਰ ਲਿਆਉਂਦੇ, ਉਨ੍ਹਾਂ ਨੇ ਇਕ ਅਜਿਹਾ ਸਿੱਖਿਆ ਮਾਫ਼ੀਆ ਖੜ੍ਹਾ ਕਰ ਦਿੱਤਾ, ਜਿਸ ਨੇ ਵਿਦਿਆਰਥੀਆਂ ਦੀ ਨਕਲ ਕਰਨ ਦੀ ਪ੍ਰਵਿਰਤੀ ਨੂੰ ਉਤਸ਼ਾਹਿਤ ਕੀਤਾ ਅਤੇ ਇਸ ਤੋਂ ਪੈਦਾ ਹੋਣ ਵਾਲੇ ਧਨ ਦੇ ਸੰਗ੍ਰਹਿ ਲਈ ਪੂਰੀ ਲੜੀ ਖੜ੍ਹੀ ਕਰ ਦਿੱਤੀ। ਕੋਈ ਵੀ ਪੀੜ੍ਹੀ ਜਿਸ ਦੀ ਸਿੱਖਿਆ ਦੀਆਂ ਜੜ੍ਹਾਂ ਹਵਾ ’ਚ ਹੋਣ, ਮਜ਼ਬੂਤ ਭਾਰਤ ਦੇ ਨਿਰਮਾਣ ’ਚ ਕਿਵੇਂ ਸਹਾਈ ਹੋਵੇਗੀ? ਖੋਖਲੀ ਸਿੱਖਿਆ ਦੇ ਆਧਾਰ ’ਤੇ ਤਿਆਰ ਇਹ ਪੀੜ੍ਹੀ, ਜਿਸ ਦੇ ਹੱਥਾਂ ’ਚ ਸਮਾਰਟ ਫੋਨ ਹੈ, ਉਹੀ ਇਸ ਮਾਫ਼ੀਆ ਤੰਤਰ ਦਾ ਹਿੱਸਾ ਬਣ ਜਾਂਦੀ ਹੈ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ।

ਛੋਟੇ-ਛੋਟੇ ਦੇਸ਼ ਆਪਣੀ ਮਜ਼ਬੂਤ ਸਿੱਖਿਆ ਪ੍ਰਣਾਲੀ ਕਾਰਨ ਵਿਕਸਿਤ ਦੇਸ਼ਾਂ ਦੀ ਕਤਾਰ ’ਚ ਆ ਗਏ ਹਨ। ਅਸੀਂ ਮਾਫ਼ੀਆ ਨੂੰ ਸਿੱਖਿਆ ਪ੍ਰਣਾਲੀ ਸੌਂਪ ਕੇ ਆਪਣੀਆਂ ਘੱਟੋ-ਘੱਟ ਦੋ ਪੀੜ੍ਹੀਆਂ ਨੂੰ ਨਿਕੰਮਾ ਅਤੇ ਲਾਚਾਰ ਬਣਾ ਦਿੱਤਾ ਹੈ। ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਇਹ ਪੀੜ੍ਹੀ ਨਕਸਲਵਾਦ, ਅੱਤਵਾਦ ਅਤੇ ਸੰਗਠਿਤ ਅਪਰਾਧ ਵੱਲ ਜਾਵੇ। ਅਜਿਹੀ ਸਥਿਤੀ ’ਚ ਇਹ ਪੀੜ੍ਹੀ ਨਾ ਸਮਾਜ ਲਈ ਅਤੇ ਨਾ ਹੀ ਦੇਸ਼ ਦੇ ਵਿਕਾਸ ਲਈ ਕੋਈ ਯੋਗਦਾਨ ਪਾਉਣ ਦੇ ਯੋਗ ਹੋ ਸਕੇਗੀ।

ਜੇਕਰ ਅਸੀਂ ਇਕ ਵਿਕਸਿਤ ਸਮਾਜ ਅਤੇ ਦੇਸ਼ ਦੀ ਸੰਰਚਨਾ ਕਰਨੀ ਹੈ, ਜਿਵੇਂ ਸਾਡੇ ਆਗੂ ਵੀ ਆਪਣੇ ਚੋਣ ਭਾਸ਼ਣਾਂ ’ਚ ਬੋਲਦੇ ਹਨ, ਤਾਂ ਆਗੂਆਂ ਅਤੇ ਬੁੱਧੀਜੀਵੀਆਂ ਨੂੰ ਇਕ ਅਜਿਹੀ ਸਿੱਖਿਆ ਪ੍ਰਣਾਲੀ ਸਥਾਪਿਤ ਕਰਨੀ ਹੀ ਪਵੇਗੀ, ਜਿਸ ’ਚ ਤਕਨਾਲੋਜੀ ਦੁਆਰਾ ਸੰਚਾਲਿਤ ਨਕਲ ਮੁਕਤ ਸਿੱਖਿਆ ਪ੍ਰਣਾਲੀਆਂ ਦਾ ਵਿਕਾਸ, ਮਾਨਕੀਕਰਨ ਅਤੇ ਨਿਗਰਾਨੀ ਤਜਰਬੇਕਾਰ ਵਿਅਕਤੀਆਂ ਦੀ ਕਮੇਟੀ ਜਾਂ ਕਮਿਸ਼ਨ ਦੁਆਰਾ ਕੀਤੀ ਜਾਵੇ। ਨੌਕਰਸ਼ਾਹੀ, ਅਧਿਆਪਕਾਂ ਅਤੇ ਪੁਲਸ ਦੁਆਰਾ ਸਿਰਫ ਪ੍ਰਬੰਧਨ ਹੀ ਕੀਤਾ ਜਾਵੇ, ਕਿਉਂਕਿ ਨੌਕਰਸ਼ਾਹੀ, ਅਧਿਆਪਕ ਅਤੇ ਪੁਲਸ ਇਸ ਵਿਵਸਥਾ ਨੂੰ ਠੀਕ ਕਰਨ ’ਚ ਲਗਾਤਾਰ ਨਾਕਾਮ ਰਹੇ ਹਨ।

ਤਕਨਾਲੋਜੀ ’ਤੇ ਆਧਾਰਿਤ ਸਿੱਖਿਆ ਪ੍ਰਣਾਲੀ ਹੀ ਸਾਨੂੰ ਇਸ ਮਨੁੱਖੀ ਔਗੁਣ ਤੋਂ ਬਚਾ ਸਕਦੀ ਹੈ। ਨਹੀਂ ਤਾਂ ਅਸੀਂ ਅਜਿਹੇ ਸਮੂਹਿਕ ਵਿਨਾਸ਼ ਵੱਲ ਵਧਾਂਗੇ, ਜਿਸ ਨੂੰ ਠੀਕ ਕਰਨ ਦਾ ਮੌਕਾ ਵੀ ਸਮਾਂ ਸਾਨੂੰ ਨਹੀਂ ਦੇਵੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸਾਰੇ ਸਿੱਖਿਆ ਸ਼ਾਸਤਰੀ ਇਸ ਦੀ ਮਹੱਤਤਾ ਨੂੰ ਸਮਝਣਗੇ ਅਤੇ ਮੌਜੂਦਾ ਆਗੂ ਇਸ ਵਿਸ਼ੇ ’ਤੇ ਗੰਭੀਰ ਅਤੇ ਮਹੱਤਵਪੂਰਨ ਫੈਸਲੇ ਲੈਣਗੇ ਅਤੇ ਇਸ ਗਿਰਾਵਟ ਨੂੰ ਰੋਕਣ ’ਚ ਸਹਾਈ ਹੋਣਗੇ।

ਆਜ਼ਾਦੀ ਤੋਂ ਬਾਅਦ ਹੁਣ ਤੱਕ ਸਿੱਖਿਆ ਨੂੰ ਸੁਧਾਰਨ ਲਈ ਦਰਜਨਾਂ ਕਮਿਸ਼ਨ ਬਣੇ ਅਤੇ ਉਨ੍ਹਾਂ ਨੇ ਤਮਾਮ ਸੁਝਾਅ ਵੀ ਦਿੱਤੇ, ਜਿਨ੍ਹਾਂ ਦੀ ਰਿਪੋਰਟ ਦਹਾਕਿਆਂ ਤੋਂ ਧੂੜ ਫੱਕ ਰਹੀ ਹੈ। ਜਦੋਂ ਦੇਸ਼ ’ਚ ਇੰਨਾ ਕੁਝ ਬਦਲ ਰਿਹਾ ਹੈ, ਤਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਆਪਣੇ-ਆਪਣੇ ਸੂਬਿਆਂ ਦੇ ਸਿੱਖਿਆ ਤੰਤਰ ’ਚੋਂ ਇਸ ਮਾਫ਼ੀਆ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਸਿੱਖਿਆ ਨੀਤੀ ’ਚ ਵੱਡੀ ਤਬਦੀਲੀ ਕਰਨੀ ਚਾਹੀਦੀ ਹੈ। ਉਦੋਂ ਹੀ ‘ਸਬਕਾ ਸਾਥ ਔਰ ਸਬਕਾ ਵਿਕਾਸ’ ਦਾ ਨਾਅਰਾ ਸਾਰਥਕ ਹੋਵੇਗਾ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

## ਭਾਰਤ-ਫ਼ਰਾਂਸ ਰੱਖਿਆ ਸਾਂਝੇਦਾਰੀ 'ਚ ਨਵਾਂ ਮੋੜ

# ਫ਼ਰਾਂਸੀਸੀ ਜਲ ਸੈਨਾ ਅਤੇ ਹਵਾਈ ਰੱਖਿਆ ਮਾਹਰਾਂ ਨਾਲ ਭਾਰਤੀ ਹਵਾਈ ਫ਼ੌਜ ਮੁਖੀ ਦੀ ਅਹਿਮ ਮੁਲਾਕਾਤ, ਯੁੱਧ ਅਭਿਆਸਾਂ 'ਤੇ ਵੱਡੀ ਸਹਿਮਤੀ !

ਮੌਂਟ-ਡੀ-ਮਾਰਸਨ (ਫ਼ਰਾਂਸ) : ਭਾਰਤੀ ਹਵਾਈ ਫ਼ੌਜ (IAF) ਦੇ ਮੁਖੀ ਏਅਰ ਚੀਫ਼ ਮਾਰਸ਼ਲ ਅਮਰ ਪ੍ਰੀਤ ਸਿੰਘ ਨੇ ਅੱਜ ਫ਼ਰਾਂਸ ਦੇ ਮਸ਼ਹੂਰ 'ਮੌਂਟ-ਡੀ-ਮਾਰਸਨ ਏਅਰ ਕੰਬੈਟ ਸੈਂਟਰ' (Mont-de-Marsan Air Combat Centre) ਦਾ ਇੱਕ ਅਹਿਮ ਅਤੇ ਉੱਚ-ਪੱਧਰੀ ਦੌਰਾ ਕੀਤਾ। ਇਹ ਦੌਰਾ ਭਾਰਤ ਅਤੇ ਫ਼ਰਾਂਸ ਦਰਮਿਆਨ ਵਧ ਰਹੇ ਰਣਨੀਤਿਕ ਅਤੇ ਰੱਖਿਆ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ।

ਇਸ ਵਿਸ਼ੇਸ਼ ਦੌਰੇ ਦੌਰਾਨ ਏਅਰ ਚੀਫ਼ ਮਾਰਸ਼ਲ ਅਮਰ ਪ੍ਰੀਤ ਸਿੰਘ ਨੇ ਫ਼ਰਾਂਸੀਸੀ ਜਲ ਸੈਨਾ (French Navy) ਦੇ ਉੱਚ ਅਧਿਕਾਰੀਆਂ ਅਤੇ ਹਵਾਈ ਰੱਖਿਆ ਮਾਹਰਾਂ ਨਾਲ ਮੁਲਾਕਾਤ ਕੀਤੀ ਅਤੇ ਆਪਸੀ ਹਿੱਤਾਂ ਦੇ ਕਈ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।





**ਜੰਗੀ ਤਿਆਰੀਆਂ ਅਤੇ ਆਧੁਨਿਕ ਤਕਨੀਕ 'ਤੇ ਹੋਈ ਚਰਚਾ :** ਮੌਂਟ-ਡੀ-ਮਾਰਸਨ ਏਅਰ ਬੇਸ ਨੂੰ ਫ਼ਰਾਂਸੀਸੀ ਹਵਾਈ ਅਤੇ ਅੰਤਰਿਕਸ਼ ਫ਼ੌਜ ਦਾ ਸਭ ਤੋਂ ਪ੍ਰਮੁੱਖ ਰਣਨੀਤਿਕ ਕੇਂਦਰ ਮੰਨਿਆ ਜਾਂਦਾ ਹੈ, ਜਿੱਥੇ ਆਧੁਨਿਕ ਜੰਗੀ ਜਹਾਜ਼ਾਂ (ਜਿਵੇਂ ਕਿ ਰਾਫੇਲ) ਦੀ ਟੈਸਟਿੰਗ ਅਤੇ ਹਵਾਈ ਯੁੱਧ ਕਲਾ (Air Combat) ਦੀ ਉੱਨਤ ਸਿਖਲਾਈ ਦਿੱਤੀ ਜਾਂਦੀ ਹੈ।

**ਰਣਨੀਤਿਕ ਤਾਲਮੇਲ:** ਭਾਰਤੀ ਹਵਾਈ ਫ਼ੌਜ ਦੇ ਮੁਖੀ ਨੇ ਫ਼ਰਾਂਸੀਸੀ ਅਧਿਕਾਰੀਆਂ ਨਾਲ ਭਵਿੱਖੀ ਹਵਾਈ ਚੁਣੌਤੀਆਂ, ਸਾਂਝੇ ਯੁੱਧ ਅਭਿਆਸਾਂ (Joint Military Exercises) ਅਤੇ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਵਿਚਕਾਰ ਆਪਸੀ ਤਾਲਮੇਲ (Interoperability) ਨੂੰ ਵਧਾਉਣ 'ਤੇ ਵਿਸਥਾਰਪੂਰਵਕ ਗੱਲਬਾਤ ਕੀਤੀ।

**ਤਕਨਾਲੋਜੀ ਦਾ ਆਦਾਨ-ਪ੍ਰਦਾਨ:** ਬੈਠਕ ਦੌਰਾਨ ਆਧੁਨਿਕ ਜੰਗੀ ਰਣਨੀਤੀਆਂ, ਨਵੀਂ ਪੀੜ੍ਹੀ ਦੇ ਹਥਿਆਰਾਂ ਅਤੇ ਰੱਖਿਆ ਪ੍ਰਣਾਲੀਆਂ ਦੇ ਆਦਾਨ-ਪ੍ਰਦਾਨ ਸਬੰਧੀ ਵੀ ਅਹਿਮ ਚਰਚਾ ਹੋਈ।

**ਭਾਰਤ-ਫ਼ਰਾਂਸ ਰੱਖਿਆ ਸਾਂਝੇਦਾਰੀ ਵਿੱਚ ਨਵਾਂ ਮੋੜ** : ਪਿਛਲੇ ਕੁਝ ਸਾਲਾਂ ਵਿੱਚ ਭਾਰਤ ਅਤੇ ਫ਼ਰਾਂਸ ਦੇ ਰੱਖਿਆ ਸਬੰਧ ਬਹੁਤ ਉਚਾਈ 'ਤੇ ਪਹੁੰਚ ਚੁੱਕੇ ਹਨ, ਖ਼ਾਸ ਕਰਕੇ ਭਾਰਤੀ ਹਵਾਈ ਫ਼ੌਜ ਵਿੱਚ ਫ਼ਰਾਂਸੀਸੀ 'ਰਾਫੇਲ' (Rafale) ਜੰਗੀ ਜਹਾਜ਼ਾਂ ਦੇ ਸ਼ਾਮਲ ਹੋਣ ਤੋਂ ਬਾਅਦ।

**ਰੱਖਿਆ ਮਾਹਿਰਾਂ ਦਾ ਮੰਨਣਾ ਹੈ:** ਏਅਰ ਚੀਫ਼ ਮਾਰਸ਼ਲ ਅਮਰ ਪ੍ਰੀਤ ਸਿੰਘ ਦਾ ਇਹ ਫ਼ਰਾਂਸ ਦੌਰਾ ਅਤੇ ਉੱਥੋਂ ਦੇ ਹਵਾਈ ਕੰਬੈਟ ਸੈਂਟਰ ਦਾ ਨਿਰੀਖਣ ਕਰਨਾ ਇਹ ਸਾਫ਼ ਦਰਸਾਉਂਦਾ ਹੈ ਕਿ ਭਾਰਤ ਗਲੋਬਲ ਪੱਧਰ 'ਤੇ ਆਪਣੀ ਹਵਾਈ ਤਾਕਤ ਨੂੰ ਹੋਰ ਮਜ਼ਬੂਤ ਅਤੇ ਆਧੁਨਿਕ ਬਣਾਉਣ ਲਈ ਵਚਨਬੱਧ ਹੈ। ਇਹ ਦੌਰਾ ਦੋਵਾਂ ਦੇਸ਼ਾਂ ਦੇ ਸਾਂਝੇ ਸੁਰੱਖਿਆ ਹਿੱਤਾਂ ਨੂੰ ਇੱਕ ਨਵੀਂ ਊਰਜਾ ਪ੍ਰਦਾਨ ਕਰੇਗਾ।

# ਭਾਰਤੀ ਮੂਲ ਦੇ ਵਿਦਿਆਰਥੀ ਵ੍ਹਾਈਟ ਹਾਊਸ 'ਚ ਸਨਮਾਨਿਤ

ਵਾਸ਼ਿੰਗਟਨ : ਸਕੂਲਾਂ ਵਿੱਚ ਧੱਕੇਸ਼ਾਹੀ (ਬੁਲਿੰਗ) ਨੂੰ ਰੋਕਣ ਲਈ ਵਿਕਸਤ ਕੀਤੇ ਗਏ ਚੈਟਬੋਟ ਲਈ ਭਾਰਤੀ-ਅਮਰੀਕੀ ਵਿਦਿਆਰਥੀਆਂ ਦੀ ਇੱਕ ਟੀਮ ਨੂੰ ਵ੍ਹਾਈਟ ਹਾਊਸ ਵਿਚ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿਦਿਆਰਥੀਆਂ ਨੂੰ ਪਹਿਲੇ ਪ੍ਰੈਜ਼ੀਡੈਂਸ਼ੀਅਲ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਚੈਲੇਂਜ ਦੇ ਨੈਸ਼ਨਲ ਚੈਂਪੀਅਨ ਅਵਾਰਡਾਂ ਨਾਲ ਨਵਾਜਿਆ ਗਿਆ। ਅਮਰੀਕਾ ਦੀ ਪਹਿਲੀ ਮਹਿਲਾ ਮੇਲਾਨੀਆ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਆਯੋਜਿਤ ਇੱਕ ਸਮਾਰੋਹ ਵਿੱਚ ਪੁਰਸਕਾਰ ਪ੍ਰਦਾਨ ਕੀਤੇ। ਵਰਜੀਨੀਆ ਦੇ ਐਲਡੀ ਸ਼ਹਿਰ ਦੀ ਪੰਜ ਮੈਂਬਰੀ ਟੀਮ ਅਰਨਾ ਜੈਸਵਾਲ, ਈਸ਼ਾਨੀ ਖੱਤਰੀ, ਰੀਵਾ ਮੱਡਾ, ਸੰਹਿਤਾ ਪਿਨਾਮਾਰੈਡੀ ਅਤੇ ਸਾਨੁਲੀ ਰਤਨਾਇਕੇ ਨੇ 'ਫਰੈਂਡਜ਼ੋਨ ਚੈਟਬੋਟ ਧੱਕੇਸ਼ਾਹੀ ਰੋਕਥਾਮ ਐਪ' ਵਿਕਸਤ ਕਰਨ ਲਈ ਐਲੀਮੈਂਟਰੀ ਸਕੂਲ ਟਰੈਕ 2 ਸ਼੍ਰੇਣੀ ਵਿੱਚ ਰਾਸ਼ਟਰੀ ਪੁਰਸਕਾਰ ਜਿੱਤਿਆ।





ਵਾਸ਼ਿੰਗਟਨ ਦੇ ਸੰਮਾਮਿਸ਼ ਵਿੱਚ ਨੌਰਥਸਟਾਰ ਮਿਡਲ ਸਕੂਲ ਦੇ ਵਿਦਿਆਰਥੀਆਂ ਵਿਹਾ ਅਈਅਰ, ਆਰੀਆ ਪ੍ਰਤਾਪ ਅਤੇ ਸ਼੍ਰੀਮਈ ਸ਼ੈੱਟੀ ਦੀ ਟੀਮ ਨੇ ਆਪਣੇ 'ਸਕਿੱਲਅੱਪ' ਪ੍ਰੋਜੈਕਟ ਲਈ ਮਿਡਲ ਸਕੂਲ ਟਰੈਕ 1 ਸ਼੍ਰੇਣੀ ਵਿੱਚ ਸਿਖਰਲਾ ਸਥਾਨ ਪ੍ਰਾਪਤ ਕੀਤਾ। ਹਾਈ ਸਕੂਲ ਸ਼੍ਰੇਣੀ ਵਿੱਚ, ਪੈਨਸਿਲਵੇਨੀਆ ਦੇ ਅੱਪਰ ਡਾਰਬੀ ਸੀਨੀਅਰ ਹਾਈ ਸਕੂਲ ਦੇ ਵਿਦਿਆਰਥੀ ਖੰਡਾਕਰ ਮਾਹਿਨ ਨੇ ਆਪਣੇ ਪ੍ਰੋਜੈਕਟ, 'ਅਪਰਾਧਿਕ ਜਾਂਚ ਵਿੱਚ ਹੋਟਲ ਕਮਰਿਆਂ ਦੀ ਪਛਾਣ ਕਰਨ ਲਈ ਕੰਪਿਊਟਰ ਵਿਜ਼ਨ ਦੀ ਵਰਤੋਂ" ਲਈ ਟਰੈਕ 1 ਸ਼੍ਰੇਣੀ ਵਿੱਚ ਰਾਸ਼ਟਰੀ ਖਿਤਾਬ ਜਿੱਤਿਆ। ਮਾਹਿਨ ਇਸ ਹਫਤੇ ਹਾਈ ਸਕੂਲ ਗ੍ਰੈਜੂਏਟ ਹੋਵੇਗਾ ਅਤੇ ਪਤਝੜ ਸਮੈਸਟਰ ਵਿੱਚ ਹਾਰਵਰਡ ਯੂਨੀਵਰਸਿਟੀ ਵਿੱਚ ਦਾਖਲ ਹੋਵੇਗਾ।

ਹੋਰ ਜੇਤੂਆਂ ਵਿੱਚ ਟੈਨੇਸੀ ਦੇ ਅਲਕੋਆ ਇੰਟਰਮੀਡੀਏਟ ਸਕੂਲ ਦੇ ਵਿਦਿਆਰਥੀਆਂ ਦੀ ਇੱਕ ਟੀਮ ਸ਼ਾਮਲ ਸੀ। ਰਿਕਰ ਕੋਚਰੇਨ, ਐਮਾ ਕੋਨਰ, ਐਰੋਨ ਗੈਲਾਘਰ ਅਤੇ ਏਡਨ ਟਵੇਰਨਾ ਦੀ ਟੀਮ ਨੇ ਆਪਣੇ ਪ੍ਰੋਜੈਕਟ, 'ਹੋਮਵਰਕ ਹੈਲਪਰ' ਲਈ ਐਲੀਮੈਂਟਰੀ ਟਰੈਕ 1 ਸ਼੍ਰੇਣੀ ਦਾ ਪੁਰਸਕਾਰ ਜਿੱਤਿਆ। ਮਿਡਲ ਸਕੂਲ ਟਰੈਕ 2 ਸ਼੍ਰੇਣੀ ਵਿੱਚ, ਫਲੋਰੀਡਾ ਦੇ ਜੈਕਸਨਵਿਲ ਵਿੱਚ ਜੂਲੀਆ ਲੈਂਡਨ ਕਾਲਜ ਪ੍ਰੈਪਰੇਟਰੀ ਸਕੂਲ ਦੀ ਵਿਦਿਆਰਥਣ ਸ਼ਾਨ ਵੈਂਸ ਨੂੰ ਉਸਦੇ ਪ੍ਰੋਜੈਕਟ, 'ਸਟਰੀਟ-ਵਿਊ ਚਿੱਤਰਾਂ ਦੀ ਵਰਤੋਂ ਕਰਕੇ ਸ਼ਹਿਰੀ ਗੜਬੜ ਦਾ ਪਤਾ ਲਗਾਉਣ ਲਈ ਏਆਈ ਮਾਡਲਾਂ ਦੀ ਵਰਤੋਂ" ਲਈ ਸਨਮਾਨਿਤ ਕੀਤਾ ਗਿਆ। ਪੁਰਸਕਾਰ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ, ਪਹਿਲੀ ਮਹਿਲਾ ਮੇਲਾਨੀਆ ਟਰੰਪ ਨੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਅਮਰੀਕਾ ਦੇ ਭਵਿੱਖ ਦੇ ਨਵੀਨਤਾਕਾਰੀ ਕਿਹਾ। ਪ੍ਰੈਜ਼ੀਡੈਂਸ਼ੀਅਲ ਏਆਈ ਚੈਲੇਂਜ ਨੂੰ ਸਾਰੇ 50 ਅਮਰੀਕੀ ਰਾਜਾਂ, ਡਿਸਟ੍ਰਿਕਟ ਆਫ਼ ਕੋਲੰਬੀਆ, ਪੋਰਟੋ ਰੀਕੋ ਅਤੇ ਵਿਦੇਸ਼ਾਂ ਵਿੱਚ ਡਿਪਾਰਟਮੈਂਟ ਆਫ਼ ਡਿਫੈਂਸ ਸਕੂਲਾਂ ਤੋਂ ਐਂਟਰੀਆਂ ਪ੍ਰਾਪਤ ਹੋਈਆਂ।

# ਅਮਰੀਕਾ ਦਾ ਨਵਾਂ ਪਾਇਲਟ ਪ੍ਰੋਗਰਾਮ, 65,000 ਰੁਪਏ ਦੇ ਕੇ 10 ਦਿਨਾਂ 'ਚ ਮਿਲੇਗਾ ਵੀਜ਼ਾ ਇੰਟਰਵਿਊ ਸਲਾਟ

ਵਾਸ਼ਿੰਗਟਨ : ਅਮਰੀਕਾ ਦਾ ਵਿਦੇਸ਼ ਮੰਤਰਾਲਾ (ਸਟੇਟ ਡਿਪਾਰਟਮੈਂਟ) ਬੀ-1 ਅਤੇ ਬੀ-2 ਸ਼੍ਰੇਣੀ ਦੇ ਵਿਜ਼ਿਟਰ ਵੀਜ਼ਾ ਬੇਨਤੀਕਰਤਾਵਾਂ ਲਈ ਇਕ ਨਵਾਂ ਪਾਇਲਟ ਪ੍ਰੋਗਰਾਮ ਸ਼ੁਰੂ ਕਰਨ ਜਾ ਰਿਹਾ ਹੈ। ਇਸ ਦੇ ਤਹਿਤ ਵਾਧੂ 750 ਡਾਲਰ ਮਤਲਬ 65,000 ਰੁਪਏ ਫੀਸ ਦਾ ਭੁਗਤਾਨ ਕਰਨ ਵਾਲੇ ਯੋਗ ਬੇਨਤੀਕਰਤਾਵਾਂ ਨੂੰ ਆਮ ਪ੍ਰਕਿਰਿਆ ਦੇ ਮੁਕਾਬਲੇ ਤੇਜ਼ੀ ਨਾਲ ਵੀਜ਼ਾ ਇੰਟਰਵਿਊ ਦੀ ਤਰੀਕ ਮੁਹੱਈਆ ਕਰਵਾਈ ਜਾਵੇਗੀ।

**1 ਜੁਲਾਈ ਤੋਂ ਸ਼ੁਰੂ ਹੋਵੇਗਾ ਪ੍ਰੋਗਰਾਮ**

ਫੈੱਡਰਲ ਰਜਿਸਟਰ ਵਿਚ ਇਸ ਹਫ਼ਤੇ ਛਪਣ ਵਾਲੇ ਨੋਟੀਫਿਕੇਸ਼ਨ ਅਨੁਸਾਰ ਇਹ ਪਾਇਲਟ ਪ੍ਰੋਗਰਾਮ 1 ਜੁਲਾਈ ਤੋਂ 31 ਦਸੰਬਰ, 2026 ਤੱਕ ਲਾਗੂ ਰਹੇਗਾ। ਯੋਜਨਾ ਦੇ ਤਹਿਤ ਕਾਰੋਬਾਰ (ਬੀ-1) ਅਤੇ ਸੈਰ-ਸਪਾਟਾ (ਬੀ-2) ਵੀਜ਼ਾ ਲਈ ਅਪਲਾਈ ਕਰਨ ਵਾਲੇ ਯੋਗ ਲੋਕਾਂ ਨੂੰ ਇਸ ਵਿਚ ਹਿੱਸਾ ਲੈਣ ਵਾਲੇ ਅਮਰੀਕੀ ਦੂਤਘਰਾਂ ਅਤੇ ਕੌਂਸਲੇਟਾਂ ਵਿਚ 10 ਕੰਮਕਾਜੀ ਦਿਨਾਂ ਦੇ ਅੰਦਰ ਇੰਟਰਵਿਊ ਦੀ ਅਪੁਆਇੰਟਮੈਂਟ ਮਿਲ ਸਕੇਗੀ।

**ਸਾਰੇ ਦੂਤਘਰਾਂ ਵਿਚ ਨਹੀਂ ਮਿਲੇਗੀ ਸਹੂਲਤ**

ਸਟੇਟ ਡਿਪਾਰਟਮੈਂਟ ਨੇ ਸਪੱਸ਼ਟ ਕੀਤਾ ਹੈ ਕਿ ਇਹ ਸਹੂਲਤ ਸਾਰੇ ਅਮਰੀਕੀ ਮਿਸ਼ਨਾਂ ਵਿਚ ਉਪਲਬਧ ਨਹੀਂ ਹੋਵੇਗੀ। ਸਿਰਫ਼ ਚੋਣਵੇਂ ਦੂਤਘਰਾਂ ਅਤੇ ਕੌਂਸਲੇਟਾਂ ਨੂੰ ਹੀ ਇਸ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਜਾਵੇਗਾ। ਇਸ ਵਿਚ ਸ਼ਾਮਲ ਮਿਸ਼ਨਾਂ ਦੀ ਸੂਚੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ 'ਤੇ ਜਾਰੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪ੍ਰੀਮੀਅਮ ਸ਼੍ਰੇਣੀ ਦੇ ਇੰਟਰਵਿਊ ਸਲਾਟਾਂ ਦੀ ਗਿਣਤੀ ਵੀ ਸੀਮਤ ਰਹੇਗੀ।

**ਵਾਧੂ ਫੀਸ ਨਾਲ ਨਹੀਂ ਵਧੇਗੀ ਮਨਜ਼ੂਰੀ ਦੀ ਸੰਭਾਵਨਾ**

ਅਮਰੀਕੀ ਅਧਿਕਾਰੀਆਂ ਨੇ ਕਿਹਾ ਹੈ ਕਿ 750 ਡਾਲਰ ਦੀ ਵਾਧੂ ਫੀਸ ਸਿਰਫ਼ ਇੰਟਰਵਿਊ ਦੀ ਤਰੀਕ ਜਲਦੀ ਲੈਣ ਲਈ ਹੋਵੇਗੀ। ਇਸ ਦਾ ਵੀਜ਼ਾ ਅਰਜ਼ੀ ਦੇ ਮੁਲਾਂਕਣ, ਫੈਸਲੇ ਜਾਂ ਮਨਜ਼ੂਰੀ ਦੀ ਸੰਭਾਵਨਾ 'ਤੇ ਕੋਈ ਅਸਰ ਨਹੀਂ ਪਵੇਗਾ। ਸਾਰੇ ਬੇਨਤੀਕਰਤਾਵਾਂ ਨੂੰ ਮੌਜੂਦਾ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਨਾ ਪਵੇਗਾ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਇੰਟਰਵਿਊ ਜਲਦੀ ਮਿਲਣ ਦਾ ਮਤਲਬ ਇਹ ਨਹੀਂ ਹੈ ਕਿ ਵੀਜ਼ਾ ਪ੍ਰੋਸੈਸਿੰਗ ਵੀ ਤੇਜ਼ ਹੋ ਜਾਵੇਗੀ। ਸੁਰੱਖਿਆ ਜਾਂਚ, ਪ੍ਰਸ਼ਾਸਨਿਕ ਸਮੀਖਿਆ ਅਤੇ ਯੋਗਤਾ ਨਾਲ ਜੁੜੀਆਂ ਹੋਰ ਪ੍ਰਕਿਰਿਆਵਾਂ ਆਮ ਸਮੇਂ ਅਨੁਸਾਰ ਹੀ ਪੂਰੀਆਂ ਕੀਤੀਆਂ ਜਾਣਗੀਆਂ। ਜੇਕਰ ਕਿਸੇ ਮਾਮਲੇ ਵਿਚ ਵਾਧੂ ਜਾਂਚ ਦੀ ਲੋੜ ਪੈਂਦੀ ਹੈ, ਤਾਂ ਵੀਜ਼ਾ ਜਾਰੀ ਹੋਣ 'ਚ ਦੇਰੀ ਹੋ ਸਕਦੀ ਹੈ।

**ਬੇਨਤੀਕਰਤਾਵਾਂ ਲਈ ਬਰਾਬਰ ਨਿਯਮ ਲਾਗੂ**

ਸਟੇਟ ਡਿਪਾਰਟਮੈਂਟ ਅਨੁਸਾਰ ਪ੍ਰੀਮੀਅਮ ਅਪੁਆਇੰਟਮੈਂਟ ਲੈਣ ਵਾਲੇ ਬੇਨਤੀਕਰਤਾਵਾਂ 'ਤੇ ਵੀ ਉਹੀ ਨਿਯਮ ਲਾਗੂ ਹੋਣਗੇ, ਜੋ ਆਮ ਬੇਨਤੀਕਰਤਾਵਾਂ 'ਤੇ ਲਾਗੂ ਹੁੰਦੇ ਹਨ। ਜਲਦੀ ਇੰਟਰਵਿਊ ਮਿਲਣ ਨਾਲ ਨਾ ਤਾਂ ਵੀਜ਼ਾ ਮਿਲਣ ਦੀ ਸੰਭਾਵਨਾ ਵਧੇਗੀ ਅਤੇ ਨਾ ਹੀ ਅਰਜ਼ੀ ਦੇ ਨਤੀਜੇ 'ਤੇ ਕੋਈ ਵਿਸ਼ੇਸ਼ ਅਸਰ ਪਵੇਗਾ।

**ਲੰਮੀ ਵੇਟਿੰਗ ਲਿਸਟ ਘਟਾਉਣ ਦੀ ਕੋਸ਼ਿਸ਼**

ਮਾਹਿਰਾਂ ਦਾ ਮੰਨਣਾ ਹੈ ਕਿ ਇਹ ਪਹਿਲਕਦਮੀ ਉਨ੍ਹਾਂ ਬੇਨਤੀਕਰਤਾਵਾਂ ਲਈ ਰਾਹਤ ਸਾਬਿਤ ਹੋ ਸਕਦੀ ਹੈ, ਜਿਨ੍ਹਾਂ ਨੂੰ ਕਾਰੋਬਾਰੀ ਜਾਂ ਨਿੱਜੀ ਕਾਰਨਾਂ ਕਰ ਕੇ ਜਲਦੀ ਯਾਤਰਾ ਕਰਨੀ ਪੈਂਦੀ ਹੈ। ਇਸ ਦੇ ਨਾਲ ਹੀ, ਇਸ ਨਾਲ ਵੀਜ਼ਾ ਇੰਟਰਵਿਊ ਦੀ ਲੰਮੀ ਵੇਟਿੰਗ ਲਿਸਟ ਦੇ ਦਬਾਅ ਨੂੰ ਵੀ ਕੁਝ ਹੱਦ ਤੱਕ ਘੱਟ ਕਰਨ ਵਿਚ ਮਦਦ ਮਿਲ ਸਕਦੀ ਹੈ।


ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

(੫) ਤਾਰੀਫ਼ ਕੀਤੀ ਹੀ ਨਾ ਜਾਏ, ਸਾਰਾ ਖਰੜਾ ਸਿੱਖ ਦੀ ਤਾਰੀਫ਼ ਹੀ ਕਰ ਰਿਹਾ ਹੈ। (ਸ. ਗੰਡਾ ਸਿੰਘ ਜੀ ਕੇਵਲ, ਗਿ. ਨਾਹਰ ਸਿੰਘ ਜੀ)

(੬) ਤਾਰੀਫ਼ ਅਖੀਰ ਤੇ ਕਰ ਲਈ ਜਾਵੇ : (ਸ. ਗੰਡਾ ਸਿੰਘ ਜੀ, ਸ. ਗੁਰਚਰਨ ਸਿੰਘ ਜੀ)

ਭਾਈ ਸਾਹਿਬ ਕਾਹਨ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ, ਸੰਤ ਤੇਜਾ ਸਿੰਘ ਜੀ, ਪ੍ਰੋਫੈਸਰ ਗੰਗਾ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ ਆਦਿ ਨੇ ਫੁਰਮਾਇਆ ਕਿ ਖਰੜੇ ਵਾਲੀ ਤਾਰੀਫ ਮੁਕੰਮਲ ਹੈ ਅਤੇ ਇਹ ਸ਼ੁਰੂ ਵਿਚ ਜ਼ਰੂਰ ਦਰਜ ਹੋਣੀ ਚਾਹੀਦੀ ਹੈ।

ਪ੍ਰਧਾਨ ਸਾਹਿਬ ਨੇ ਸਮਾਗਮ ਦੇ ਖਿਆਲਾਤ ਜਾਚ ਕੇ ਰੂਲਿੰਗ ਦਿੱਤਾ ਕਿ ਸਮਾਗਮ ਤਾਰੀਫ਼ ਸਬੰਧੀ ਸਹਿਮਤ ਨਹੀਂ ਹੈ, ਜਿਸ ਲਈ ਇਹ ਮਾਮਲਾ ਰਹੁਰੀਤੀ ਕਮੇਟੀ ਦੇ ਸਪੁਰਦ ਕੀਤਾ ਜਾਂਦਾ ਹੈ। ਰਹੁਰੀਤੀ ਸਬ ਕਮੇਟੀ ਦੀ ਵਿਚਾਰ ਮੁੜ ਭਰੇ ਸਮਾਗਮ ਵਿਚ ਪੇਸ਼ ਹੋਵੇਗੀ ਪਰ ਉਸ ਸਮੇਂ ਨਵੀਆਂ ਤਰਮੀਮਾ ਪੇਸ਼ ਨਹੀਂ ਹੋ ਸਕਣਗੀਆਂ।

ਜੇ ਸਭ ਤਜਵੀਜ਼ਾਂ ਰੱਦ ਹੋ ਜਾਣ ਤਾਂ ਫੇਰ ਨਵੀਂ ਤਜਵੀਜ਼ ਹੋ ਸਕਦੀ ਹੈ। ਇਸ ਸਬੰਧੀ ਜੇ ਕਿਸੇ ਸੱਜਣ ਨੂੰ ਕੋਈ ਹੋਰ ਤਜਵੀਜ਼ ਸੁਝੇ ਤਾਂ ਉਹ ਭੀ ਰਹੁਰੀਤ। ਕਮੇਟੀ ਦੀ ਵਿਚਾਰ ਲਈ ਭੇਜ ਦੇਵੇ।

ਇਸ ਉਪਰੰਤ ਇਕੱਤ੍ਰਤਾ ਅਗਲੇਰ ਦਨ ਸਵੇਰੇ ੧੦ ਵਜੇ ਹੋਣ ਲਈ ਮੁਲਤਵੀ ਕੀਤੀ ਗਈ।

ਮੁਲਤਵੀ ਹੋਈ ੨ ਇਕਤ੍ਰਤਾ ੩੧-੧੨-੩੩ ਨੂੰ ੨੧-੩੦ ਵਜੇ ਆਰੰਭ ਹੋਈ। ਹਜ਼ਾਰੀ ਵਿਚ ਪਿਛਲੇ ਦਿਨ ਨਾਲੋਂ ਹੇਠ ਲਿਖੇ ਅਨੁਸਾਰ ਫਰਕ ਸੀ :

(ੳ) ਜਿਹੜੇ ਸੱਜਣ ੩੦-੧੨-੩੩ ਨੂੰ ਨਹੀਂ ਸਨ ਆਏ, ਪਜ ੩੧-੧੨-੩੩ ਨੂੰ ਹੋ ਗਏ :-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ

੧. ਸ. ਹੀਰਾ ਸਿੰਘ ਜੀ ਜ਼ਿਲ੍ਹਾ ਅੰਮ੍ਰਿਤਸਰ, ੨ ਸ. ਪਾਲਾ ਸਿੰਘ ਜੀ ਜ਼ਿਲ੍ਹਾ ਅੰਮ੍ਰਿਤਸਰ।

ਗੁਰੂ ਨਾਨਕ ਵਿਦਿਆ ਭੰਡਾਰ

੩. ਸ. ਅਮਰ ਸਿੰਘ ਜੀ, ੪. ਸ. ਬਿਸੰਬਰ ਸਿੰਘ ਜੀ।

ਸੈਂ ਗੁ. ਪ੍ਰ. ਸ਼੍ਰੋ. ਲਾਹੌਰ

੫. ਸ. ਗੁਰਬਖਸ਼ ਸਿੰਘ ਜੀ ਖਾਤਨੀ।

ਅਖਬਾਰਾਂ ਦੇ ਐਡੀਟਰ

੬. ਗਿਆਨੀ ਹੀਰਾ ਸਿੰਘ ਜੀ 'ਦਰਦ' ਫੁਲਵਾੜੀ।

ਗੁ. ਕਮੇਟੀਆਂ

੭. ਸ. ਜੈ ਸਿੰਘ ਜੀ ਮੈਂਬਰ ਲੋ. ਗੁ. ਕਮੇਟੀ ਅੰਮ੍ਰਿਤਸਰ।

ਹੋਰ ਸੰਜਣ

੮. ਸ. ਗੁਰਪਾਲ ਸਿੰਘ ਜੀ ਆਡੀਟਰ

ਅਕਾਲੀ ਜਥੇ

੯. ਸ. ਹਰਨਾਮ ਸਿੰਘ ਜੀ ਜਥੇਦਾਰ ਅ. ਜਥਾ ਫਿਰੋਜ਼ਪੁਰ, ੧੦. ਸ. ਫੌਜਾ ਸਿੰਘ ਜੀ ਜਥੇਦਾਰ ਅ. ਜਥਾ ਹੁਸ਼ਿਆਰਪੁਰ।


ਸਿੰਘ ਸਭਾਵਾਂ

੧੧. ਸ. ਹਰਦਿਆਲ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਡੇਰਾ ਇਸਮਾਈਲ ਖਾਂ।

੧੨. ਸ. ਹਰਨਾਮ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਮਸੂਰੀ।

੧੩. ਸ. ਮਹਿੰਦਰ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਸ਼ੰਕਰ, ਜਲੰਧਰ।

੧੪. ਬਾਬੂ ਗੁਰਬਚਨ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਬੂੰਡਾਲਾ (ਜਲੰਧਰ)




੧੫. ਸ. ਸੰਤੋਖ ਸਿੰਘ ਜੀ.ਬੀ.ਏ. ਸਕੱਤਰ ਸ੍ਰੀ ਗੁਰੂ ਸਿੰਘ ਸਭਾ ਬਾਗਬਾਨਪੁਰਾ।

ਸ਼੍ਰੋਮਣੀ ਗੁ. ਪ੍ਰ. ਕਮੇਟੀ ਦੇ ਮੈਂਬਰ

੧. ਸ. ਮੇਹਰ ਸਿੰਘ ਜੀ ਜ਼ਿਲ੍ਹਾ ਹਿਸਾਰ

੨. ਸ. ਹਰਦਿਤ ਸਿੰਘ ਜੀ, ਜ਼ਿਲ੍ਹਾ ਲੁਧਿਆਣਾ

੩. ਸ. ਸੁੰਦਰ ਸਿੰਘ ਜੀ ਜ਼ਿਲ੍ਹਾ ਲੁਧਿਆਣਾ

੪. ਸ. ਲਾਲ ਸਿੰਘ ਜੀ ਜ਼ਿਲ੍ਹਾ ਲੁਧਿਆਣਾ, ੫. ਸ. ਸੁਖਦੇਵ ਸਿੰਘ ਜੀ ਜ਼ਿਲ੍ਹਾ ਲੁਧਿਆਣਾ, ੬. ਗਿ. ਸ਼ੇਰ ਸਿੰਘ ਜੀ ਜ਼ਿਲ੍ਹਾ ਫਿਰੋਜ਼ਪੁਰ, ੭. ਸ੍ਰ. ਈਸ਼ਰ ਸਿੰਘ ਜੀ ਪਿੰਡ ਮਾਣੂਕ, ਜ਼ਿਲ੍ਹਾ ਫਿਰੋਜ਼ਪੁਰ, ੮. ਸ. ਈਸ਼ਰ ਸਿੰਘ ਜੀ ਪਿੰਡ ਗਦੋਂਡੋਬ ਜ਼ਿਲ੍ਹਾ ਫਿਰੋਜ਼ਪੁਰ, ੯. ਸ. ਹਰਨਾਮ ਸਿੰਘ ਜੀ ਲਾਹੌਰ। ੧੦. ਸ. ਵਰਿਆਮ ਸਿੰਘ ਜੀ ਬੁਤ ਜ਼ਿਲ੍ਹਾ ਲਾਹੌਰ, ੧੧. ਸ. ਤੇਜਾ ਸਿੰਘ ਜੀ ਜ਼ਿਲ੍ਹਾ ਲਾਹੌਰ, ੧੨. ਚੰਨਣ ਸਿੰਘ ਜੀ ਜ਼ਿਲ੍ਹਾ ਲਾਹੌਰ, ੧੩. ਅਰੂੜ ਸਿੰਘ ਜੀ ਜ਼ਿਲ੍ਹਾ ਅੰਮ੍ਰਿਤਸਰ, ੧੪. ਸ. ਮੋਹਨ ਸਿੰਘ ਜੀ ਵੈਦ ਜ਼ਿਲ੍ਹਾ ਅੰਮ੍ਰਿਤਸਰ, ੧੫. ਸ. ਪ੍ਰਤਾਪ ਸਿੰਘ ਜੀ ਜ਼ਿਲ੍ਹਾ ਅੰਮ੍ਰਿਤਸਰ, ੧੬. ਸ. ਭਾਗ ਸਿੰਘ ਜੀ ਵਕੀਲ, ਗੁਰਦਾਸਪੁਰ, ੧੭. ਜਥੇਦਾਰ ਤੇਜਾ ਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ, ੧੮. ਸ. ਮੇਹਰਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ, .੯. ਸ. ਸੁੰਦਰ ਸਿੰਘ ਜੀ, ਜ਼ਿਲ੍ਹਾ ਸਿਆਲਕੋਟ, ੨੦. ਸ.ਗੁਰਬਖਸ਼ ਸਿੰਘ ਜੀ ਜ਼ਿਲ੍ਹਾ ਸਿਆਲਕੋਟ, ੨੧. ਸ. ਅਵਤਾਰ ਸਿੰਘ ਜੀ ਗਜ਼ਲ੍ਹਾ ਗੁਜਰਾਂਵਾਲਾ, ੨੨. ਸ. ਤਾਰਾ ਸਿੰਘ ਜੀ ਜ਼ਿਲ੍ਹਾ ਗੁਜਰਾਂਵਾਲਾ, ੨੩. ਸ. ਕਰਤਾਰ ਸਿੰਘ ਜੀ ਬੱਬਰ ਜ਼ਿਲ੍ਹਾ ਸ਼ੇਖੂਪੁਰਾ, ੨੪. ਸ.ਬਲਬੀਰ ਸਿੰਘ ਜੀ ਜ਼ਿਲ੍ਹਾ ਸਰਗੋਧਾ, ੨੫. ਸ. ਬਲਵੰਤ ਸਿੰਘ ਜੀ, ਜ਼ਿਲ੍ਹਾ ਰਾਵਲਪਿੰਡੀ, ੨੬. ਸ. ਗੋਪਾਲ ਸਿੰਘ ਜੀ ਜ਼ਿਲ੍ਹਾ ਰਾਵਲਪਿੰਡੀ, ੨੭. ਸ. ਸ਼ੇਰ ਸਿੰਘ ਜੀ ਜ਼ਿਲ੍ਹਾ ਮਿੰਟਗੁਮਰੀ, ੨੯. ਸ. ਅਜੈਬ ਸਿੰਘ ਜੀ ਜ਼ਿਲ੍ਹਾ ਮੁਜੱਫਰਗੜ੍ਹ, ੨੯. ਸ. ਆਤਮਾ ਸਿੰਘ ਜੀ ਰਿਆਸਤ ਪਟਿਆਲਾ, ੩੦. ਸ. ਅਮਰ ਸਿੰਘ ਜੀ ਨਾਮਜ਼ਦ ਮੈਂਬਰ ਲਾਹੌਰ, ੩੧. ਸ. ਤਾਰਾ ਸਿੰਘ ਨਾਮਜ਼ਦ ਮੈਂਬਰ ਠੈਠਰ।

ਗੜਗਜ ਅਕਾਲੀ ਦੀਵਾਨ

੩੨. ਭਾਈ ਲਾਭ ਸਿੰਘ ਜੀ

ਸੈਂਟਰਲ ਮਾਝਾ ਦੀਵਾਨ

੩੩. ਭਾਈ ਤਰਲੋਚਨ ਸਿੰਘ ਜੀ,

(ਚਲਦਾ)

# ਭਾਰਤ 'ਚ ਮਾਨਸੂਨ ਦੇ ਮੌਸਮ ਦੌਰਾਨ ਗਰਮੀ ਅਤੇ ਹੁੰਮਸ ਕਾਰਨ ਵਧ ਸਕਦੈ 'ਅਸਹਿਣਯੋਗ ਤਾਪ' ਦਾ ਕਹਿਰ

ਵਾਸ਼ਿੰਗਟਨ : ਜੇਕਰ ਗਲੋਬਲ ਤਾਪਮਾਨ 2 ਡਿਗਰੀ ਸੈਲਸੀਅਸ ਹੋਰ ਵਧ ਗਿਆ ਤਾਂ ਭਾਰਤ ਵਿਚ ਮਾਨਸੂਨ ਸਮੇਂ ਪੈਣ ਵਾਲੀ ਭਾਰੀ ਹੁੰਮਸ ਅਤੇ ਗਰਮੀ ਕਾਰਨ ਲੋਕਾਂ ਦੀਆਂ ਮੁਸ਼ਕਿਲਾਂ ਹੋਰ ਵਧ ਜਾਣਗੀਆਂ। ਇਸ ਨਾਲ ਗਰਮੀਆਂ ਦੇ ਮੌਸਮ ਵਿਚ ਹੋਣ ਵਾਲੀ ਜਾਨਲੇਵਾ ਅਤੇ ਅਸਹਿਣਯੋਗ ਗਰਮੀ ਦਾ ਅਸਰ ਹੋਰ ਲੰਬੇ ਸਮੇਂ ਤੱਕ ਬਣਿਆ ਰਹੇਗਾ। ਇਸ ਨੂੰ 'ਅਨਕੰਪੈਂਸੇਬਲ ਹੀਟ ਸਟਰੈੱਸ' ਕਿਹਾ ਜਾਂਦਾ ਹੈ। ਇਕ ਅਧਿਐਨ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। 'ਅਮਰੀਕਨ ਜੀਓਫਿਜ਼ੀਕਲ ਯੂਨੀਅਨ (ਏ. ਜੀ. ਯੂ.) ਐਡਵਾਂਸਜ਼' ਨਾਮਕ ਪੱਤ੍ਰਿਕਾ ਵਿਚ ਛਪੇ ਸਿੱਟਿਆਂ 'ਚ 'ਮਾਨਸੂਨ ਦੇ ਮੌਸਮ (ਜੁਲਾਈ-ਅਕਤੂਬਰ) ਵਿਚ ਅਸਹਿਣਯੋਗ ਤਾਪ ਦੇ ਪ੍ਰਕੋਪ' 'ਤੇ ਜ਼ੋਰ ਦਿੱਤਾ ਗਿਆ ਹੈ।

ਭਾਰਤੀ ਤਕਨਾਲੋਜੀ ਸੰਸਥਾ ਗਾਂਧੀਨਗਰ ਅਤੇ ਅਮਰੀਕਾ ਦੀਆਂ ਸਟੈਨਫੋਰਡ ਤੇ ਪੱਡਿਊ ਯੂਨੀਵਰਸਿਟੀਆਂ ਦੇ ਖੋਜਕਰਤਾਵਾਂ ਨੇ ਕਿਹਾ ਕਿ ਦੋਵਾਂ ਮੌਸਮਾਂ— ਗਰਮੀ ਅਤੇ ਮਾਨਸੂਨ ਵਿਚ ਲੰਬੇ ਸਮੇਂ ਤੱਕ ਚੱਲਣ ਵਾਲਾ ਅਸਹਿਣਯੋਗ 'ਹੀਟ ਸਟਰੈੱਸ' ਸੰਘਣੀ ਆਬਾਦੀ ਵਾਲੇ ਅਤੇ ਸੰਵੇਦਨਸ਼ੀਲ ਇਲਾਕਿਆਂ 'ਚ ਜਨਤਕ ਸਿਹਤ, ਮਜ਼ਦੂਰ ਉਤਪਾਦਕਤਾ ਅਤੇ ਜਲਵਾਯੂ ਲਚਕੀਲੇਪਣ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਸਕਦਾ ਹੈ।



# ਹਰ 18 ਦਿਨ 'ਚ ਇਕ ਪ੍ਰਮਾਣੂ ਹਥਿਆਰ ਤਿਆਰ ਕਰ ਰਿਹੈ ਚੀਨ ! ਅਮਰੀਕਾ ਦੀ ਵਧੀ ਚਿੰਤਾ

ਬੀਜਿੰਗ/ਸਟਾਕਹੋਮ : ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (SIPRI) ਦੀ ਇੱਕ ਤਾਜ਼ਾ ਰਿਪੋਰਟ ਨੇ ਰੂਸ ਤੇ ਅਮਰੀਕਾ ਦੀ ਚਿੰਤਾ ਵਧਾ ਦਿੱਤੀ ਹੈ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੀਨ ਆਪਣੇ ਪ੍ਰਮਾਣੂ ਹਥਿਆਰਾਂ ਦੇ ਭੰਡਾਰ ਨੂੰ ਬੜੀ ਤੇਜ਼ੀ ਨਾਲ ਵਧਾ ਰਿਹਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੀਨ ਹਰ 18 ਦਿਨਾਂ ਵਿਚ ਇੱਕ ਨਵਾਂ ਪ੍ਰਮਾਣੂ ਵਾਰਹੈੱਡ ਆਪਣੇ ਜਖ਼ੀਰੇ ਵਿੱਚ ਸ਼ਾਮਲ ਕਰ ਰਿਹਾ ਹੈ।

ਅੰਕੜਿਆਂ ਮੁਤਾਬਕ, ਜਨਵਰੀ 2025 'ਚ ਚੀਨ ਕੋਲ 600 ਪ੍ਰਮਾਣੂ ਵਾਰਹੈੱਡ ਸਨ, ਜੋ ਜਨਵਰੀ 2026 ਤੱਕ ਵਧ ਕੇ 620 ਹੋ ਗਏ ਹਨ। ਚੀਨ ਨਾ ਸਿਰਫ਼ ਵਾਰਹੈੱਡਾਂ ਦੀ ਗਿਣਤੀ ਵਧਾ ਰਿਹਾ ਹੈ, ਸਗੋਂ ਆਪਣੇ ਪੂਰੇ ਪ੍ਰਮਾਣੂ ਪ੍ਰੋਗਰਾਮ ਨੂੰ ਆਧੁਨਿਕ ਵੀ ਬਣਾ ਰਿਹਾ ਹੈ। ਇਸ 'ਚ ਮਿਜ਼ਾਈਲ ਸਾਈਲੋ, ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲਾਂ (ICBM) ਤੇ ਹੋਰ ਨਿਊਕਲੀਅਰ ਵੈਪਨ ਸਿਸਟਮ ਸ਼ਾਮਲ ਹਨ।

**ਅਮਰੀਕਾ ਤੇ ਰੂਸ ਦੀ ਵਧੀ ਚਿੰਤਾ**

ਰਿਪੋਰਟ 'ਚ ਇੱਕ ਹੈਰਾਨੀਜਨਕ ਤੱਥ ਇਹ ਸਾਹਮਣੇ ਆਇਆ ਹੈ ਕਿ ਚੀਨ ਕੋਲ ਹੁਣ ਜ਼ਮੀਨ ਅਧਾਰਤ ICBM ਲਾਂਚਰਾਂ ਦੀ ਗਿਣਤੀ ਰੂਸ ਅਤੇ ਅਮਰੀਕਾ ਤੋਂ ਵੀ ਜ਼ਿਆਦਾ ਹੋ ਗਈ ਹੈ। ਜਨਵਰੀ 2026 ਤੱਕ ਚੀਨ ਕੋਲ 775 ਮਿਜ਼ਾਈਲ ਸਾਈਲੋ ਸਨ। ਅਨੁਮਾਨ ਹੈ ਕਿ ਇਸ ਦਹਾਕੇ ਦੇ ਅੰਤ ਤੱਕ ਚੀਨ ਦਾ ICBM ਭੰਡਾਰ ਰੂਸ ਤੇ ਅਮਰੀਕਾ ਦੇ ਬਰਾਬਰ ਪਹੁੰਚ ਸਕਦਾ ਹੈ।



ਹਾਲਾਂਕਿ ਚੀਨ ਦਾ ਕਹਿਣਾ ਹੈ ਕਿ ਉਸਦੀ ਪ੍ਰਮਾਣੂ ਨੀਤੀ ਪੂਰੀ ਤਰ੍ਹਾਂ ਰੱਖਿਆਤਮਕ ਹੈ ਅਤੇ ਉਹ 'ਨੋ ਫਸਟ ਯੂਜ਼' (ਪਹਿਲਾਂ ਹਮਲਾ ਨਾ ਕਰਨ) ਦੀ ਨੀਤੀ ਦਾ ਪਾਲਣ ਕਰਦਾ ਹੈ, ਪਰ ਰਿਪੋਰਟ ਦੱਸਦੀ ਹੈ ਕਿ ਚੀਨ ਨੇ ਹੁਣ ਸ਼ਾਂਤੀ ਦੇ ਸਮੇਂ ਦੌਰਾਨ ਵੀ ਕੁਝ ਮਿਜ਼ਾਈਲ ਯੂਨਿਟਾਂ 'ਤੇ ਵਾਰਹੈੱਡ ਤਾਇਨਾਤ ਕਰਨੇ ਸ਼ੁਰੂ ਕਰ ਦਿੱਤੇ ਹਨ। 2025 'ਚ ਤਾਇਨਾਤ ਵਾਰਹੈੱਡਾਂ ਦੀ ਗਿਣਤੀ 24 ਸੀ, ਜੋ 2026 'ਚ ਵਧ ਕੇ 34 ਹੋ ਗਈ ਹੈ।

SIPRI ਅਨੁਸਾਰ, ਦੁਨੀਆ ਦੇ ਸਾਰੇ 9 ਪ੍ਰਮਾਣੂ ਸੰਪੰਨ ਦੇਸ਼ ਆਪਣੇ ਹਥਿਆਰਾਂ ਨੂੰ ਆਧੁਨਿਕ ਬਣਾ ਰਹੇ ਹਨ। ਜਨਵਰੀ 2026 ਤੱਕ ਪੂਰੀ ਦੁਨੀਆ 'ਚ ਕੁੱਲ 12,187 ਪ੍ਰਮਾਣੂ ਵਾਰਹੈੱਡ ਮੌਜੂਦ ਸਨ। ਭਾਵੇਂ ਕੁੱਲ ਗਿਣਤੀ ਵਿੱਚ ਮਾਮੂਲੀ ਕਮੀ ਆਈ ਹੈ, ਪਰ ਤੁਰੰਤ ਇਸਤੇਮਾਲ ਲਈ ਤਿਆਰ ਹਥਿਆਰਾਂ ਦੀ ਗਿਣਤੀ 3,912 ਤੋਂ ਵਧ ਕੇ 4,012 ਹੋ ਗਈ ਹੈ, ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ।

# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਜੀਵਾਂ ਨੂੰ ਨਜਾਇਜ਼ ਤੰਗ ਕਰਨ ਤੇ ਪਰਮੇਸ਼ਰ ਵੱਲੋਂ ਕਰੋਪੀ ਹੁੰਦੀ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਕੋਈ ਵਿਰਲਾ ਹੀ ਭਾਗਾਂ ਵਾਲਾ ਥੋੜ੍ਹੀ ਦੇਰ ਗੁਰਬਾਣੀ ਦਾ ਪਾਠ ਸੁਣਨ ਲਈ ਬੈਠਦਾ। ਜੋ ਬੈਠਦਾ ਵੀ, ਉਹ ਵੀ ਦੋ-ਚਾਰ ਅਸਟਪਦੀਆਂ ਸੁਣ ਕੇ ਕਹਿ ਦਿੰਦਾ ਕਿ ਚੰਗਾ ਜੀ, ਸਾਨੂੰ ਹੁਣ ਖੁਸ਼ੀਆਂ ਬਖਸ਼ੋ ਤੇ ਤੁਰ ਜਾਂਦਾ ਕਿਉਂਕਿ ਗੁਰੂ ਪਾਤਸ਼ਾਹ ਜੀ ਦਾ ਵੀ ਅਟੱਲ ਫ਼ੁਰਮਾਨ ਹੈ ਕਿ :

ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ ॥ (ਸਲੋਕ ਮ: ੪, ਅੰਗ ੩੧੨)

ਜਿਸ ਖੁਰਾਕ ਦੀ ਪੂਰਤੀ ਲਈ ਉਹ ਬੈਠੇ ਸਨ ਉਹਨਾਂ ਦੀ ਖੁਰਾਕ ਉਥੋਂ ਮਿਲਣੀ ਬੰਦ ਹੋ ਗਈ ਜਿਸ ਸਦਕਾ ਉਹਨਾਂ ਨੂੰ ਅਲਵਿਦਾ ਕਹਿਣੀ ਹੀ ਪੈਣੀ ਹੈ। ਆਪ ਜੀ ਦਾ ਇਹ ਤਜ਼ਰਬਾ ਅਜੇ ਵੀ ਕਿਸੇ ਨੇ ਅਜ਼ਮਾਉਣਾ ਹੋਵੇ ਤਾਂ ਅਜ਼ਮਾ ਕੇ ਵੇਖਿਆ ਜਾ ਸਕਦਾ ਹੈ। ਦੁਨਿਆਵੀ ਗੱਲਾਂ ਕਰਦਿਆਂ ਭਾਵੇਂ ਘੰਟੇ ਬੀਤ ਜਾਣ ਪਰ ਜੇ ਗੱਲਾਂ ਨੂੰ ਰੋਕ ਕੇ ਤੁਸੀਂ ਗੁਰਬਾਣੀ ਦਾ ਪਾਠ ਕਰਨਾ ਅਰੰਭ ਕਰ ਦੇਵੋ ਤਾਂ ਵੇਖਣਾ ਪੰਜ ਦਸ ਮਿੰਟਾਂ ਵਿੱਚ ਹੀ ਇੱਕ-ਇੱਕ, ਦੋ-ਦੋ ਕਰਕੇ ਸਾਰੇ ਉੱਠਣੇ ਸ਼ੁਰੂ ਹੋ ਜਾਣਗੇ ਤੇ ਵਿਰਲੇ ਭਾਗਾਂ ਵਾਲੇ ਖਰੇ ਸੌਦੇ ਦੇ ਵਪਾਰੀ ਹੀ ਰਹਿ ਜਾਣਗੇ ਕਿਉਂਕਿ ਪੰਜਵੇਂ ਸਤਿਗੁਰੂ ਜੀ ਦਾ ਫ਼ੁਰਮਾਨ ਹੈ :

ਇਹੁ ਵਾਪਾਰੁ ਵਿਰਲਾ ਵਾਪਾਰੈ ॥ (ਸੁਖਮਨੀ ਸਾਹਿਬ, ਅੰਗ ੨੮੩)

ਜਾਂ

ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥ (ਸੋਰਠਿ ਮ: ੧, ਅੰਗ ੬੩੬)

ਕਿਉਂਕਿ ਸੱਚ ਤੇ ਕੂੜ ਦਾ ਮੇਲ ਨਹੀਂ।

ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥ (ਮਹਲਾ ੩, ਅੰਗ ੩੧੪)

ਗੁਰਬਾਣੀ ਸੱਚ ਦ੍ਰਿੜ੍ਹ ਕਰਨ ਲਈ ਪ੍ਰੇਰਦੀ ਹੈ। ਸੰਸਾਰ ਦਾ ਸਾਰਾ ਅਧਾਰ ਕੂੜ ਤੇ ਹੈ। ਸੋ ਇਸ ਖਰੇ ਸੌਦੇ ਦੇ ਵਪਾਰੀ ਵਿਰਲੇ ਹੀ ਹੁੰਦੇ ਹਨ :

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ (ਸਲੋਕ ਮ: ੯, ਅੰਗ ੧੪੨੭)

ਅਤੇ

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥ (ਮ: ੧, ਅੰਗ ੧੪੧੧)

ਉਹ ਪ੍ਰੇਮੀ ਅਜੇ ਗਏ ਹੀ ਸਨ ਕਿ ਪਿੰਡ ਮਾਛੀਆਂ ਤੋਂ ਇੱਕ ਪ੍ਰੇਮੀ ਜਿਸ ਦਾ ਨਾਉਂ ਸ. ਹਰਬਖਸ਼ ਸਿੰਘ ਸੀ, ਆ ਪੁੱਜੇ। ਬਾਬਾ ਜੀ ਨੂੰ ਫ਼ਤਹਿ ਬੁਲਾਈ ਤੇ ਪਾਠ ਸੁਣਨ ਲੱਗ ਪਏ। ਪਾਠ ਦੀ ਸਮਾਪਤੀ ਤੇ ਬਾਬਾ ਜੀ ਨੇ ਸ. ਹਰਬਖਸ਼ ਸਿੰਘ ਜੀ ਨੂੰ ਆਉਣ ਦਾ ਕਾਰਨ ਪੁੱਛਿਆ। ਸ. ਹਰਬਖਸ਼ ਸਿੰਘ ਜੀ ਨੇ ਬੇਨਤੀ ਕੀਤੀ ਕਿ ਬਾਬਾ ਜੀ! ਆਪ ਜੀ ਜਾਣੀ-ਜਾਣ ਹੋ ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਬਾਰਸ਼ ਕਦੇ ਸਮੇਂ ਨਾਲ ਹੋ ਜਾਂਦੀ ਹੈ, ਕਈ ਵਾਰ ਔੜ ਲੱਗ ਜਾਂਦੀ ਹੈ, ਜਿਸ ਸਦਕਾ ਫ਼ਸਲ ਨਹੀਂ ਹੁੰਦੀ। ਸਾਡੇ ਨਾਲ ਦੇ ਖੇਤਾਂ ਵਿੱਚ ਲੋਕਾਂ ਨੇ ਟਿਊਬਵੈੱਲ ਲਾਏ ਹਨ, ਉਹ ਆਪਣੀ ਮਰਜ਼ੀ ਨਾਲ ਜਦੋਂ ਚਾਹੁੰਣ ਫ਼ਸਲ ਨੂੰ ਪਾਣੀ ਲਾ ਲੈਂਦੇ ਹਨ। ਸੋ ਉਹਨਾਂ ਵੱਲ ਵੇਖ ਕੇ ਮੈਂ ਵੀ ਆਪਣੇ ਖੇਤ ਵਿੱਚ ਬੋਰ ਕਰਾਉਣਾ ਅਰੰਭ ਕੀਤਾ ਸੀ। ਤਕਰੀਬਨ ਦੂਰ-ਦੂਰ ਤੱਕ ਦਸ-ਬਾਰ੍ਹਾਂ ਬੋਰ ਕਾਫ਼ੀ ਡੂੰਘਾਈ ਤੱਕ ਕੀਤੇ ਹਨ, ਪੱਤਣ ਵੀ ਠੀਕ ਆ ਜਾਂਦਾ ਹੈ, ਬੋਰ ਕਰਨ ਵਾਲੇ ਵੀ ਕਹਿੰਦੇ ਹਨ ਕਿ ਪੱਤਣ ਬਹੁਤ ਸੋਹਣਾ ਹੈ, ਬਾਕੀ ਸਾਰੇ ਬੋਰ ਇਸੇ ਪੱਤਣ ਤੇ ਚਲਦੇ ਹਨ ਪਰ ਜਦੋਂ ਬੋਰ ਚਾਲੂ ਕਰੀਦਾ ਹੈ ਤਾਂ ਪਾਣੀ ਨਹੀਂ ਆਉਂਦਾ। ਖਰਚਾ ਵੀ ਵਿੱਤ ਤੋਂ ਜ਼ਿਆਦਾ ਹੋ ਚੁੱਕਾ ਹੈ, ਅਗਾਂਹ ਵੀ ਕੋਈ ਆਸ ਨਹੀਂ। ਮੈਂ ਹੁਣ ਆਪ ਜੀ ਪਾਸ ਬੇਨਤੀ ਲੈ ਕੇ ਆਇਆ ਹਾਂ ਕਿ ਮੈਨੂੰ ਕੋਈ ਉਪਾਓ ਦੱਸੋ, ਜਿਸ ਕਰਕੇ ਮੈਨੂੰ ਟਿਊਬਵੈੱਲ ਲਾਉਣ ਵਿੱਚ ਸਫ਼ਲਤਾ ਪ੍ਰਾਪਤ ਹੋਵੇ ਤੇ ਪਾਣੀ ਮਿਲ ਜਾਵੇ।

ਬਾਬਾ ਜੀ, ਸ. ਹਰਬਖਸ਼ ਸਿੰਘ ਹੁਰਾਂ ਦੀ ਗੱਲ ਸੁਣ ਕੇ ਕੁਝ ਦੇਰ ਚੁੱਪ ਰਹੇ ਤੇ ਕਹਿਣ ਲੱਗੇ ਕਿ ਤੁਸੀਂ ਧੁੱਪੇ ਆਏ ਹੋ, ਕੁਛ ਜਲ-ਪਾਣੀ ਛਕ ਲਵੋ। ਆਪ ਦਾ ਬਚਨ ਮੰਨ ਕੇ ਸ. ਹਰਬਖਸ਼ ਸਿੰਘ ਜੀ ਨੇ ਥੋੜ੍ਹਾ ਜਲ-ਪਾਣੀ ਛਕਿਆ ਤੇ ਮੁੜ ਬਾਬਾ ਜੀ ਪਾਸ ਆ ਬੈਠੇ। ਸ: ਹਰਬਖਸ਼ ਸਿੰਘ ਦੇ ਬੈਠਦੇ ਹੀ ਆਪ ਨੇ ਉਹਨਾਂ ਨੂੰ ਕਿਹਾ ਕਿ ਸਰਦਾਰ ਜੀ! ਤੁਸੀਂ ਕਿਸੇ ਗਰੀਬ ਦੇ ਪੈਸੇ ਦੇਣੇ ਹਨ, ਜੋ ਨਹੀਂ ਦਿੱਤੇ। ਤੁਸੀਂ ਦੇ ਵੀ ਸਕਦੇ ਹੋ ਪਰ ਧਿੰਙੋਜ਼ੋਰੀ ਉਸ ਦੇ ਪੈਸੇ ਦਬਾਏ ਹੋਏ ਹਨ। ਉਸ ਗਰੀਬ ਦੀ ਹਾਅ ਤੁਹਾਡੇ ਬੋਰ ਵਿੱਚ ਰੁਕਾਵਟ ਬਣ ਰਹੀ ਹੈ। ਬਾਬਾ ਜੀ! ਦੇ ਇਹ ਬਚਨ ਸੁਣ ਕੇ ਸ. ਹਰਬਖਸ਼ ਸਿੰਘ ਨੇ ਦੁਨਿਆਵੀ ਚਤੁਰਾਈ ਅਧੀਨ ਉੱਤਰ ਦਿੱਤਾ ਕਿ ਬਾਬਾ ਜੀ! ਮੈਂ ਤਾਂ ਕਿਸੇ ਦੇ ਪੈਸੇ ਨਹੀਂ ਮਾਰੇ ਅਤੇ ਨਾ ਹੀ ਕਿਸੇ ਦੇ ਦੇਣੇ ਹਨ। ਬਾਬਾ ਜੀ ਕਹਿਣ ਲੱਗੇ ਸ. ਹਰਬਖਸ਼ ਸਿੰਘ ਜੀ, ਜ਼ਰਾ ਧਿਆਨ ਨਾਲ ਸੋਚ ਲਵੋ, ਕਾਰਨ ਇਹੋ ਹੀ ਹੈ। ਜਿੰਨਾ ਚਿਰ ਤੁਸੀਂ ਉਸ ਗਰੀਬ ਦੇ ਪੈਸੇ ਦੇ ਕੇ ਉਸ ਦੇ ਅੰਦਰੋਂ ਨਿਕਲ ਰਹੀ ਹਾਅ ਨੂੰ ਬੰਦ ਨਹੀਂ ਕਰਦੇ, ਦਸ-



ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ ?

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ:+91-1886-260334, 98767-60334
Website : www.RamPurKhera.com | Email : RamPurKhera@yahoo.ca

3

ਬਾਰ੍ਹਾਂ ਤਾਂ ਕੀ, ਭਾਵੇਂ ਸਾਰੇ ਖੇਤਾਂ ਵਿੱਚ ਬੋਰ ਕਰਾਈ ਜਾਵੋ ਪਾਣੀ ਨਹੀਂ ਆਵੇਗਾ। ਗਰੀਬ ਦੀ ਹਾਅ ਬਹੁਤ ਦੂਰ ਤੱਕ ਅਸਰ ਕਰਦੀ ਹੈ। ਭਾਵੇਂ ਉਸ ਵਿੱਚ ਇਹ ਸਮਰੱਥਾ ਨਹੀਂ ਕਿ ਉਹ ਤੁਹਾਡੇ ਪਾਸੋਂ ਜ਼ੋਰ ਨਾਲ ਜਾਂ ਸਰਕਾਰੇ-ਦਰਬਾਰੇ ਫ਼ਰਿਆਦ ਕਰਕੇ ਪੈਸੇ ਲੈ ਲਵੇ ਪਰ ਉਸ ਗਰੀਬ ਦੇ ਅੰਦਰੋਂ ਹਰ ਵੇਲੇ ਨਿਕਲ ਰਹੀ ਬਦ-ਅਸੀਸ ਤੇ ਹਾਅ ਤੁਹਾਡੇ ਕੰਮ ਵਿੱਚ ਰੁਕਾਵਟ ਬਣ ਰਹੀ ਹੈ। ਜ਼ਰਾ ਧਿਆਨ ਨਾਲ ਆਪਣੇ ਅੰਦਰ ਝਾਤੀ ਮਾਰੋ, ਕਾਰਨ ਇਹੋ ਹੀ ਹੈ।

ਸ. ਹਰਬਖਸ਼ ਸਿੰਘ ਨੂੰ ਪਤਾ ਤਾਂ ਸੀ ਹੀ, ਜਦੋਂ ਆਪ ਜੀ ਦੇ ਦੁਬਾਰਾ ਦ੍ਰਿੜ੍ਹਤਾ ਭਰੇ ਸੱਚੇ ਬਚਨ ਸ੍ਰਵਣ ਕੀਤੇ ਤਾਂ ਅੰਦਰ ਜੋ ਅਸਲੀਅਤ ਸੀ, ਉਹ ਮੁਲੰਮੇ ਦਾ ਪਰਦਾ ਤੋੜ ਕੇ ਬਾਹਰ ਆ ਗਈ। ਸ. ਹਰਬਖਸ਼ ਸਿੰਘ ਨੇ ਕਿਹਾ ਕਿ ਬਾਬਾ ਜੀ ਆਪ ਜੀ ਦਾ ਬਚਨ ਸਤਿ ਹੈ। ਮੈਂ ਇੱਕ ਗਰੀਬ ਦੇ 280/- ਰੁਪਏ ਦੇਣੇ ਹਨ। ਦੋ ਸਾਲ ਹੋ ਗਏ ਹਨ, ਉਸ ਨੇ ਕਈ ਵਾਰੀ ਮੰਗੇ ਹਨ ਪਰ ਮੈਂ ਉਸ ਨੂੰ ਨਹੀਂ ਦਿੱਤੇ। ਆਪ ਜੀ ਨੇ ਸ. ਹਰਬਖਸ਼ ਸਿੰਘ ਜੀ ਨੂੰ ਕਿਹਾ ਕਿ ਸਰਦਾਰ ਜੀ! ਜੇ ਬੋਰ ਵਿੱਚੋਂ ਪਾਣੀ ਲੈਣਾ ਹੈ ਤਾਂ ਪਹਿਲਾਂ ਉਸ ਗਰੀਬ ਦੇ ਜਿੰਨੇ ਵੀ ਪੈਸੇ ਦੇਣੇ ਹਨ, ਉਸ ਨੂੰ ਮੂਲ ਨਾਲ ਵਿਆਜ ਵੀ ਦੇ ਕੇ ਆਉ, ਤਦ ਉਸ ਦੀ ਖ਼ੁਸ਼ੀ ਹੋਵੇਗੀ। ਪੈਸੇ ਦੇਣ ਉਪ੍ਰੰਤ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ, ਕੀਤੀ ਭੁੱਲ ਦੀ ਮੁਆਫ਼ੀ ਲਈ ਅਰਦਾਸ ਕਰਾਵੋ, ਤੁਹਾਨੂੰ ਪਾਣੀ ਉਸੇ ਬੋਰ ਵਿੱਚੋਂ ਹੀ ਮਿਲ ਜਾਵੇਗਾ।

ਸ. ਹਰਬਖਸ਼ ਸਿੰਘ ਜੀ ਦੇ ਮਨ ਵਿੱਚ ਆਪ ਜੀ ਦੇ ਸੱਚੇ ਬਚਨਾਂ ਨੇ ਘਰ ਕੀਤਾ ਤੇ ਮਨ ਵਿੱਚ ਪਛਤਾਵਾ ਹੋਣਾ ਸ਼ੁਰੂ ਹੋ ਗਿਆ। ਬਾਬਾ ਜੀ ਨਾਲ ਪੈਸੇ ਦੇਣ ਦਾ ਬਚਨ ਕਰਕੇ ਵਿਦਾਇਗੀ ਲਈ। ਘਰ ਜਾ ਕੇ ਪੈਸੇ ਇਕੱਤਰ ਕੀਤੇ ਤੇ ਉਸ ਪ੍ਰੇਮੀ ਨੂੰ ਘਰ ਸੱਦ ਕੇ ਮੂਲ ਦੇ ਨਾਲ ਪੰਜਾਹ ਰੁਪਏ ਹੋਰ ਪਾ ਕੇ ਦਿੱਤੇ। 330/- ਰੁਪਏ ਮਿਲਣ ਨਾਲ ਉਸ ਗਰੀਬ ਦੇ ਮਨ ਵਿੱਚ ਕਈ ਆਸਾਂ ਉਮੀਦਾਂ ਜਾਗ ਪਈਆਂ। ਭਾਵੇਂ ਉਸ ਦੇ ਪੈਸੇ ਹੀ ਉਸ ਨੂੰ ਮਿਲੇ ਪਰ ਅਚਾਨਕ ਮਰੀ ਹੋਈ ਰਕਮ ਸਮੇਤ ਵਿਆਜ ਮਿਲਣ ਨਾਲ ਉਸ ਦਾ ਅੰਦਰ ਖਿੜ ਗਿਆ ਤੇ ਉਹ ਅਸੀਸਾਂ ਦਿੰਦਾ ਘਰ ਨੂੰ ਚਲਾ ਗਿਆ।

ਅਗਲੇ ਦਿਨ ਸ. ਹਰਬਖਸ਼ ਸਿੰਘ ਨੇ ਘਰੋਂ ਰਸਦ ਖੜੀ, ਗੁਰਦਵਾਰਾ ਸਾਹਿਬ ਆ ਕੇ ਪ੍ਰਸ਼ਾਦ ਬਣਵਾਇਆ। ਬਾਬਾ ਜੀ ਨੇ ਅਰਦਾਸ ਕੀਤੀ ਕਿ ਮਹਾਰਾਜ ਜੀ ਇਹ ਪ੍ਰੇਮੀ ਹੋਈ ਭੁੱਲ ਨੂੰ ਦੂਰ ਕਰਕੇ ਹੁਣ ਆਪ ਜੀ ਪਾਸੋਂ ਮੁਆਫ਼ੀ ਮੰਗਣ ਲਈ ਹਾਜ਼ਰ ਹੋਇਆ ਹੈ। ਅਨਜਾਣ ਜਾਣ ਕੇ ਖਿਮਾ ਕਰੋ ਤੇ ਆਪਣੇ ਭਾਣੇ ਵਿੱਚ ਮਨੋ-ਕਾਮਨਾ ਦੀ ਪੂਰਤੀ ਕਰੋ। ਅਰਦਾਸ ਉਪ੍ਰੰਤ ਪ੍ਰਸ਼ਾਦ ਲੈ ਕੇ ਸ. ਹਰਬਖਸ਼ ਸਿੰਘ ਸਿੱਧਾ ਬੋਰ ਵਾਲੇ ਖੇਤ ਵਿੱਚ ਪੁੱਜਾ। ਕਾਰੀਗਰਾਂ ਨੇ ਦੋ-ਚਾਰ ਬੋਕੀਆਂ ਬੋਰ ਵਿੱਚ ਮਾਰ ਕੇ ਚੜ੍ਹੀ ਹੋਈ ਰੇਤਾ ਕੱਢੀ ਤੇ ਬੋਰ ਦਾ ਸਮਾਨ ਵਿੱਚ ਪਾ ਦਿੱਤਾ। ਸਾਰੀ ਤਿਆਰੀ ਹੋ ਜਾਣ ਉਪ੍ਰੰਤ ਟਿਊਬਵੈੱਲ ਚਲਾਇਆ ਗਿਆ, ਪਾਣੀ ਬੇਅੰਤ ਆਇਆ। ਸਾਰੇ ਹੈਰਾਨ ਸਨ ਪਰ ਵਿੱਚਲੀ ਗੱਲ ਦਾ ਕਿਸੇ ਨੂੰ ਕੀ ਪਤਾ ਸੀ। ਤਕਰੀਬਨ ਅੱਜ 30 ਸਾਲ ਤੋਂ ਉੱਤੇ ਦਾ ਸਮਾਂ ਹੋ ਗਿਆ ਹੈ, ਨਿਰੰਤਰ ਉਹ ਬੋਰ ਲਗਾਤਾਰ ਪਾਣੀ ਦੇ ਰਿਹਾ ਹੈ।

ਸੋ ਇਹ ਘਟਨਾ ਲਿਖਣ ਤੋਂ ਭਾਵ ਹੈ ਕਿ ਪਰਮੇਸ਼ਰ ਹਰ ਪ੍ਰਾਣੀ-ਮਾਤਰ ਵਿੱਚ ਵਸਦਾ ਹੈ। ਜਦੋਂ ਆਪਾਂ ਕਿਸੇ ਦੇ ਮਨ ਨੂੰ ਕਿਸੇ ਕਾਰਨ ਵੀ ਠੇਸ ਪਹੁੰਚਾਉਂਦੇ ਹਾਂ ਤਾਂ ਉਹ ਜਿੱਥੇ ਸਾਡੇ ਆਤਮਿਕ ਪੰਧ ਵਿੱਚ ਬਹੁਤ ਵੱਡਾ ਨੁਕਸਾਨ ਕਰਦੀ ਹੈ, ਉਥੇ ਦੁਨਿਆਵੀ ਕੰਮਾਂ ਵਿੱਚ ਵੀ ਰੁਕਾਵਟ ਹੋ ਖੜੋਂਦੀ ਹੈ। ਇਸੇ ਲਈ ਹੀ ਬਾਬਾ ਫ਼ਰੀਦ ਜੀ ਨੇ ਫ਼ੁਰਮਾਨ ਕੀਤਾ ਹੈ ਕਿ :

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥** (ਸਲੋਕ ਫਰੀਦ ਜੀ, ਅੰਗ ੧੩੮੪)

ਭਾਈ ਨੰਦ ਲਾਲ ਜੀ ਦਾ ਵੀ ਫ਼ੁਰਮਾਨ ਹੈ :

ਖਲਕ ਖਾਲਕ ਕੀ ਜਾਣ ਕੇ ਖਲਕ ਦੁਖਾਵੈ ਨਾਹਿ
**ਖਲਕ ਦੁਖੇ ਜਬ ਨੰਦ ਜੀ ਖਾਲਕ ਕੋਪੇ ਤਾਹਿ।**

ਬਾਬਾ ਫ਼ਰੀਦ ਜੀ ਨੇ ਤਾਂ ਮੁੜ ਮੁੜ ਕਿਹਾ ਹੈ:

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥(ਸਲੋਕ ਫਰੀਦ ਜੀ ਕੇ, ਅੰਗ ੧੩੮੧)**

ਉਹ ਪਰਮੇਸ਼ਰ ਸਾਰਿਆਂ ਵਿੱਚ ਆਪ ਵਰਤ ਰਿਹਾ ਹੈ।

ਸਭਨਾ ਵਿਚਿ ਤੂ ਵਰਤਦਾ ਸਾਹਾ
**ਸਭਿ ਤੁਝਹਿ ਧਿਆਵਹਿ ਦਿਨੁ ਰਾਤਿ ॥**
**(ਧਨਾਸਰੀ ਮ: ੫, ਅੰਗ ੬੭੦)**

ਆਪਾਂ ਨੂੰ ਗੁਰੂ ਹੁਕਮ ਸਮਝ ਲੈਣਾ ਚਾਹੀਦਾ ਹੈ ਕਿ :

**ਸਭਨਾ ਵਿਚਿ ਵਰਤੈ ਇਕੁ ਸੋਈ ॥**
**(ਮਾਰੂ ਮ: ੫, ਅੰਗ ੧੦੪੯)**

**ਸਭ ਤੇਰੀ ਤੂ ਸਭਸ ਦਾ ਸਭ ਤੁਧੁ ਉਪਾਇਆ ॥**
**ਸਭਨਾ ਵਿਚਿ ਤੂ ਵਰਤਦਾ ਤੂ ਸਭਨੀ ਧਿਆਇਆ ॥**
**(ਅੰਗ ੫੪੮)**

ਜੇ ਆਪਾਂ ਕਿਸੇ ਦੀ ਲੋੜ ਪੂਰੀ ਕਰਕੇ ਕਿਸੇ ਨੂੰ ਸੁੱਖ ਦੇਣ ਦਾ ਕਾਰਨ ਨਾ ਬਣ ਸਕੀਏ, ਉਥੇ ਆਪਾਂ ਨੂੰ ਅਕਾਰਨ ਹੀ ਕਿਸੇ ਦੀ ਬਦ-ਦੁਆ ਦੇ ਭਾਗੀ ਵੀ ਨਹੀਂ ਬਣਨਾ ਚਾਹੀਦਾ। ਗੁਰੂ ਪਾਤਸ਼ਾਹ ਨੇ ਪਰਾਏ ਹੱਕ ਤੋਂ ਬਚਣ ਲਈ ਬਹੁਤ ਸਾਵਧਾਨ ਕੀਤਾ ਹੈ ਤੇ ਗੁਰਬਾਣੀ ਵਿੱਚ ਪਹਿਲੇ ਸਤਿਗੁਰਾਂ ਨੇ ਹੁਕਮ ਕੀਤਾ ਹੈ ਕਿ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥**
**(ਮ: ੧, ਅੰਗ ੧੪੧)**

ਇਸ ਲਈ ਕਿਸੇ ਦੀ ਹਾਅ (ਬਦ-ਅਸੀਸ) ਤੋਂ ਹਮੇਸ਼ਾਂ ਬਚਕੇ ਰਹਿਣ ਲਈ ਯਤਨ ਕਰਨਾ ਚਾਹੀਦਾ ਹੈ।

(ਚਲਦਾ)

# ਅਮਰੀਕਾ 'ਚ ਹਰੀਪ੍ਰਕਾਸ਼ ਦਾਸਜੀ ਸਵਾਮੀ ਸਨਮਾਨਿਤ

ਨਿਊਯਾਰਕ, (ਰਾਜ ਗੋਗਨਾ) : ਭਾਰਤ ਦੇ ਰਾਜ ਗੁਜਰਾਤ ਦੇ ਸਲੰਗਪੁਰ ਧਾਮ ਦੇ ਸਵਾਮੀ ਹਰੀਪ੍ਰਕਾਸ਼ਦਾਸ ਜੀ ਸਵਾਮੀ ਨੂੰ ਅਮਰੀਕਾ ਦੀ ਮਿਸੂਰੀ ਰਾਜ ਦੀ ਰਾਜਧਾਨੀ ਵਿੱਚ ਸਨਮਾਨਿਤ ਕੀਤਾ ਗਿਆ। ਸਟੇਟ ਖਜ਼ਾਨਾ ਮੰਤਰੀ ਵਿਵੇਕ ਮਲਿਕ ਦੁਆਰਾ ਇਸ ਸਬੰਧੀ ਇੱਕ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਸਵਾਮੀ ਸਲੰਗਪੁਰ ਹਨੂੰਮਾਨਜੀ ਮੰਦਰ ਦੇ ਮੁੱਖ ਪ੍ਰੇਰਨਾ ਅਤੇ ਇੱਕ ਮਸ਼ਹੂਰ ਅਧਿਆਤਮਿਕ ਸੰਤ ਹਨ। ਜਿਨ੍ਹਾਂ ਨੂੰ ਅਮਰੀਕਾ ਦੇ ਮਿਸੂਰੀ ਰਾਜ ਦੀ ਅਧਿਕਾਰਤ ਰਾਜਧਾਨੀ ਵਿੱਚ ਸਨਮਾਨਿਤ ਕੀਤਾ ਗਿਆ ਹੈ। ਅਮਰੀਕਾ ਦੇ ਮਿਸੂਰੀ ਰਾਜ ਦੇ ਵਿੱਤ ਮੰਤਰੀ ਵਿਵੇਕ ਮਲਿਕ ਨੇ ਇੱਕ ਵਿਸ਼ੇਸ਼ ਅਧਿਕਾਰਤ ਐਲਾਨ ਜਾਰੀ ਕੀਤਾ, ਜਿਸ ਵਿੱਚ ਸਵਾਮੀ ਜੀ ਦੀਆਂ ਵਿਸ਼ਵਵਿਆਪੀ ਮਾਨਵਤਾਵਾਦੀ ਅਤੇ ਅਧਿਆਤਮਿਕ ਸੇਵਾਵਾਂ ਨੂੰ ਮਾਨਤਾ ਦਿੱਤੀ ਗਈ। ਇਸ ਸਰਕਾਰੀ ਦਸਤਾਵੇਜ਼ ਵਿੱਚ ਸਵਾਮੀ ਨੂੰ 'ਸ਼ਾਂਤੀ ਅਤੇ ਮਨੁੱਖਤਾ ਦੇ ਗਲੋਬਲ ਦੂਤ' ਵਜੋਂ ਸੰਬੋਧਿਤ ਵੀ ਕੀਤਾ ਗਿਆ। ਪ੍ਰਸ਼ੰਸਾ ਪੱਤਰ ਵਿੱਚ ਸਵਾਮੀ ਜੀ ਦੇ ਕੰਮਾਂ ਦੀ ਪ੍ਰਸ਼ੰਸਾ ਕਰਨ ਵਾਲੇ ਮੁੱਖ ਨੁਕਤੇ ਵੀ ਦਰਜ ਸਨ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ ਨੂੰ ਵਿਸ਼ਵ ਪ੍ਰਸਿੱਧ ਸ਼੍ਰੀ ਕਸ਼ਟਭੰਜਨ ਦੇਵ ਹਨੂੰਮਾਨਜੀ ਮੰਦਿਰ, ਸਲੰਗਪੁਰ ਦੇ ਵਿਕਾਸ ਪਿੱਛੇ ਮੁੱਖ ਪ੍ਰੇਰਕ ਸ਼ਕਤੀ



ਅਤੇ ਮਾਰਗਦਰਸ਼ਕ ਵਜੋਂ ਸਵੀਕਾਰ ਕੀਤਾ ਗਿਆ ਹੈ। ਸਲੰਗਪੁਰ ਮੰਦਿਰ ਦੀ ਰਸੋਈ ਰਾਹੀਂ ਹਰ ਰੋਜ਼ 25 ਹਜ਼ਾਰ ਤੋਂ ਵੱਧ ਲੋਕਾਂ ਨੂੰ ਮੁਫਤ, ਪੌਸ਼ਟਿਕ ਅਤੇ ਪਵਿੱਤਰ ਭੋਜਨ (ਪ੍ਰਸਾਦ) ਪ੍ਰਦਾਨ ਕਰਕੇ ਇਹ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਮਾਨਵਤਾਵਾਦੀ ਸੇਵਾ ਦੀ ਸ਼ਲਾਘਾ ਕੀਤੀ ਗਈ ਹੈ ਕਿ ਕੋਈ ਵੀ ਭੁੱਖਾ ਨਾ ਰਹੇ। ਜਿੰਨਾਂ 'ਚ' ਨੌਜਵਾਨਾਂ ਦੀ ਜਾਗਰੂਕਤਾ ਅਤੇ ਨਸ਼ਾਖੋਰੀ ਤੋਰ ਦੂਰ ਰਹਿਣ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਸਵਾਮੀ ਜੀ ਵੱਲੋਂ 1 ਲੱਖ ਤੋਂ ਵੱਧ ਨੌਜਵਾਨਾਂ ਨੂੰ ਭਾਸ਼ਣਾਂ ਮਤਾਂ, ਨਸ਼ਾ-ਮੁਕਤੀ ਅਤੇ ਸਵੈ-ਅਨੁਸ਼ਾਸਨ ਦੇ ਮਾਰਗ 'ਤੇ ਚਲਾਇਆ ਗਿਆ ਹੈ। ਸਵਾਮੀ ਜੀ ਦੁਆਰਾ ਫੈਲਾਏ ਗਏ ਵਿਸ਼ਵ ਸ਼ਾਂਤੀ, ਅੰਤਰ-ਧਰਮ ਸਦਭਾਵਨਾ ਅਤੇ ਆਪਸੀ ਸਤਿਕਾਰ ਦੇ ਸੰਦੇਸ਼ ਦੇ ਨਾਲ-ਨਾਲ ਵਾਤਾਵਰਣ ਸੁਰੱਖਿਆ, ਵਿਦਿਅਕ ਸਹਾਇਤਾ ਅਤੇ ਆਫ਼ਤ ਪ੍ਰਬੰਧਨ (ਕੁਦਰਤੀ ਆਫ਼ਤਾਂ ਦੌਰਾਨ ਰਾਹਤ ਕਾਰਜ) ਵਰਗੇ ਕੰਮਾਂ ਰਾਹੀਂ ਸਮਾਜ ਵਿੱਚ ਲਿਆਂਦੀਆਂ ਗਈਆਂ ਸਕਾਰਾਤਮਕ ਤਬਦੀਲੀਆਂ ਦੀ ਵੀ ਭਰਪੂਰ ਸ਼ਲਾਘਾ ਕੀਤੀ ਗਈ ਹੈ। ਇਹ ਸਨਮਾਨ ਨਾ ਸਿਰਫ਼ ਸਲੰਗਪੁਰ ਧਾਮ ਲਈ, ਨਹੀ ਸਗੋਂ ਪੂਰੇ ਭਾਰਤ ਦੇਸ਼ ਅਤੇ ਸਨਾਤਨ ਸੱਭਿਆਚਾਰ ਲਈ ਇੱਕ ਮਾਣ ਵਾਲਾ ਬੁਲਾਰਿਆਂ ਨੇ ਪਲ ਦੱਸਿਆ ਹੈ, ਜੋ ਦਰਸਾਉਂਦਾ ਹੈ ਕਿ ਸਲੰਗਪੁਰ ਤੋਂ ਸ਼ੁਰੂ ਹੋਈ ਸੇਵਾ ਦੀ ਖ਼ੁਸ਼ਬੂ ਅੱਜ ਸੱਤ ਸਮੁੰਦਰਾਂ ਤੋਂ ਪਾਰ ਅਮਰੀਕਾ ਦੇ ਸਰਕਾਰੀ ਗਲਿਆਰਿਆਂ ਤੱਕ ਪਹੁੰਚ ਗਈ ਹੈ।

# ਪੋਲੋਨੀਆ ਕੈਂਪ 2026 (Polonia Camp 2026) - ਦੂਜਾ ਐਡੀਸ਼ਨ !












23 ਤੋਂ 26 ਜੁਲਾਈ 2026 ਤੱਕ, ਵਾਰਸਾ (Warsaw) ਵਿੱਚ ਸਥਿਤ SGGW ਕੈਂਪਸ ਵਿਖੇ 'ਵਰਲਡ ਯੂਥ ਪੋਲੋਨੀਆ ਮੀਟਿੰਗ' (Swiatowe Spotkanie Mlodej Polonii) ਦਾ ਸ਼ਾਨਦਾਰ ਆਯੋਜਨ ਹੋਣ ਜਾ ਰਿਹਾ ਹੈ!

ਇਸ ਵਿਸ਼ੇਸ਼ ਪ੍ਰੋਗਰਾਮ ਦਾ ਪ੍ਰਬੰਧ 'ਵਸਪੋਲਨੋਤਾ ਪੋਲਸਕਾ' ਐਸੋਸੀਏਸ਼ਨ (Stowarzyszenie, Wspólnota Polska) ਵੱਲੋਂ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਪੋਲੈਂਡ ਦੇ ਗਣਰਾਜ ਦੀ ਸੈਨੇਟ ਦੀ ਮਾਰਸ਼ਲ (Marszalkini Senatu RP) ਮਾਲਗੋਰਜ਼ਾਤਾ ਕਿਦਾਵਾ-ਬਲੋਂਸਕਾ (Malgorzata Kidawa-Blonska) ਦੀ ਸਰਪ੍ਰਸਤੀ ਹਾਸਲ ਹੈ।

ਇਹ ਸੰਮੇਲਨ ਪੋਲੈਂਡ ਤੋਂ ਬਾਹਰ ਰਹਿਣ ਵਾਲੇ 18 ਤੋਂ 30 ਸਾਲ ਦੇ ਪੋਲਿਸ਼ ਮੂਲ ਦੇ ਨੌਜਵਾਨਾਂ ਲਈ ਇੱਕ ਬੇਹੱਦ ਖ਼ਾਸ ਮੌਕਾ ਹੈ। ਇਸ ਰਾਹੀਂ ਉਹ ਪੋਲਿਸ਼ ਪਛਾਣ, ਸੱਭਿਆਚਾਰ ਅਤੇ ਵਿਰਾਸਤ 'ਤੇ ਅਧਾਰਤ ਇੱਕ ਵਿਸ਼ਵਵਿਆਪੀ ਭਾਈਚਾਰੇ ਦੇ ਨਿਰਮਾਣ ਵਿੱਚ ਹਿੱਸਾ ਲੈ ਸਕਦੇ ਹਨ ਅਤੇ ਦੁਨੀਆ ਭਰ ਦੇ ਆਪਣੇ ਹਾਣੀਆਂ (ਨੌਜਵਾਨਾਂ) ਨਾਲ ਸੰਪਰਕ ਕਾਇਮ ਕਰ ਸਕਦੇ ਹਨ!

ਪ੍ਰੋਗਰਾਮ ਦੇ ਮੁੱਖ ਆਕਰਸ਼ਣ:

ਪ੍ਰੇਰਣਾਦਾਇਕ ਚਰਚਾਵਾਂ (Discussions): ਨਵੇਂ ਵਿਚਾਰਾਂ ਅਤੇ ਵਿਸ਼ਿਆਂ 'ਤੇ ਖੁੱਲ੍ਹੀ ਗੱਲਬਾਤ।

ਮਹੱਤਵਪੂਰਨ ਵਰਕਸ਼ਾਪਾਂ (Workshops): ਹੁਨਰ ਅਤੇ ਗਿਆਨ ਨੂੰ ਵਧਾਉਣ ਲਈ ਵਿਸ਼ੇਸ਼ ਸੈਸ਼ਨ।

ਆਧੁਨਿਕ ਪ੍ਰਦਰਸ਼ਨੀਆਂ: ਸਮਕਾਲੀ ਪੋਲਿਸ਼ ਵਿਗਿਆਨ, ਸੱਭਿਆਚਾਰ ਅਤੇ ਆਰਥਿਕਤਾ ਦੀਆਂ ਪ੍ਰਾਪਤੀਆਂ ਦੀ ਪੇਸ਼ਕਾਰੀ।

ਸੱਭਿਆਚਾਰਕ ਰੰਗ: ਸ਼ਾਨਦਾਰ ਸੰਗੀਤਕ ਪ੍ਰੋਗਰਾਮ (Concerts) ਅਤੇ ਵਿਗਿਆਨ, ਖੇਡਾਂ, ਸੱਭਿਆਚਾਰ ਤੇ ਰਾਜਨੀਤੀ ਦੇ ਖੇਤਰ ਦੀਆਂ ਨਾਮਵਰ ਹਸਤੀਆਂ ਨਾਲ ਖ਼ਾਸ ਮੁਲਾਕਾਤਾਂ।

# ਹੁਣ ਹਿੰਦ ਮਹਾਸਾਗਰ 'ਚ ਅਹਿਮ ਟਾਪੂ ਖਰੀਦਣ ਦੀ ਤਿਆਰੀ 'ਚ ਟਰੰਪ !

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹੁਣ ਹਿੰਦ ਮਹਾਂਸਾਗਰ 'ਚ ਇਕ ਟਾਪੂ ਖਰੀਦਣ ਦੀ ਯੋਜਨਾ ਬਣਾ ਰਹੇ ਹਨ। ਅਸਲ 'ਚ ਟਰੰਪ ਦੇ ਨਿਸ਼ਾਨੇ 'ਤੇ ਇਸ ਖੇਤਰ ਦਾ ਇਕ ਬਹੁਤ ਹੀ ਅਹਿਮ ਟਾਪੂ ਸਮੂਹ ਹੈ। ਰਿਪੋਰਟਾਂ ਮੁਤਾਬਕ ਟਰੰਪ ਸਰਕਾਰ ਇਸ ਟਾਪੂ ਨੂੰ ਖਰੀਦਣ ਲਈ ਮੋਟੀ ਰਕਮ ਚੁਕਾਉਣ ਲਈ ਵੀ ਤਿਆਰ ਹੈ। ਇਕ ਹੋਰ ਅਹਿਮ ਗੱਲ ਇਹ ਹੈ ਕਿ ਇਹ ਟਾਪੂ ਭਾਰਤ ਤੋਂ ਮਹਿਜ਼ 1600 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਹਿੰਦ ਮਹਾਂਸਾਗਰ ਵਿਚ ਸਥਿਤ ਇਸ ਟਾਪੂ ਦਾ ਨਾਂ 'ਚਾਗੋਸ' ਹੈ।

ਟਰੰਪ ਪ੍ਰਸ਼ਾਸਨ ਚਾਗੋਸ ਟਾਪੂ ਸਮੂਹ ਨੂੰ ਮਾਰੀਸ਼ਸ ਤੋਂ ਖਰੀਦਣ ਦੀ ਤਿਆਰੀ 'ਚ ਹੈ। ਇਹ ਜਾਣਕਾਰੀ ਅਜਿਹੇ ਸਮੇਂ ਸਾਹਮਣੇ ਆਈ ਹੈ, ਜਦੋਂ ਹਾਲ ਹੀ ਵਿਚ ਚਰਚਾ ਸੀ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਜਲਦੀ ਹੀ ਇਸ ਰਣਨੀਤਕ ਤੌਰ 'ਤੇ ਅਹਿਮ ਟਾਪੂ ਦੀ ਪ੍ਰਭੂਸੱਤਾ ਮਾਰੀਸ਼ਸ ਨੂੰ ਸੌਂਪਣ ਜਾ ਰਹੇ ਹਨ। ਹਾਲਾਂਕਿ ਹੁਣ ਟਰੰਪ ਪ੍ਰਸ਼ਾਸਨ ਬ੍ਰਿਟੇਨ ਨੂੰ ਲਾਂਭੇ ਕਰ ਕੇ ਸਿੱਧਾ ਮਾਰੀਸ਼ਸ ਨਾਲ ਗੱਲ ਕਰਨ ਦਾ ਪ੍ਰਸਤਾਵ ਤਿਆਰ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਚਾਗੋਸ ਟਾਪੂ ਸਮੂਹ ਦਾ ਸਭ ਤੋਂ ਮਹੱਤਵਪੂਰਨ ਹਿੱਸਾ 'ਡੀਏਗੋ ਗਾਰਸੀਆ' ਹੈ। ਇਥੇ ਅਮਰੀਕਾ ਅਤੇ ਬ੍ਰਿਟੇਨ ਦਾ ਸਾਂਝਾ ਫ਼ੌਜੀ ਅੱਡਾ ਮੌਜੂਦ ਹੈ। ਇਹ ਫ਼ੌਜੀ ਅੱਡਾ ਹਿੰਦ ਮਹਾਂਸਾਗਰ ਦੇ ਬਿਲਕੁਲ ਵਿਚਕਾਰ ਸਥਿਤ ਹੈ ਅਤੇ ਅਮਰੀਕਾ ਨੂੰ ਪੱਛਮੀ ਏਸ਼ੀਆ, ਅਫ਼ਰੀਕਾ



ਅਤੇ ਇੰਡੋ-ਪੈਸੀਫਿਕ ਖੇਤਰ ਵਿਚ ਇਕ ਵੱਡੀ ਰਣਨੀਤਕ ਲੀਡ ਦਿੰਦਾ ਹੈ। ਹੁਣ ਅਮਰੀਕਾ ਇਸ ਨੂੰ ਖਰੀਦ ਕੇ ਇਹ ਲੀਡ ਹਮੇਸ਼ਾ ਲਈ ਬਣਾਈ ਰੱਖਣਾ ਚਾਹੁੰਦਾ ਹੈ।

ਟਰੰਪ ਚਾਗੋਸ ਟਾਪੂ ਨੂੰ ਇੰਝ ਹੀ ਨਹੀਂ ਖਰੀਦਣਾ ਚਾਹੁੰਦੇ। ਇਸ ਦੇ ਪਿੱਛੇ ਦਾ ਮੁੱਖ ਕਾਰਨ ਚੀਨ ਅਤੇ ਇਰਾਨ ਹਨ। ਅਸਲ ਵਿਚ ਮਾਰੀਸ਼ਸ ਦੇ ਚੀਨ ਅਤੇ ਇਰਾਨ ਨਾਲ ਚੰਗੇ ਸਬੰਧ ਹਨ। ਹੁਣ ਅਮਰੀਕੀ ਅਧਿਕਾਰੀਆਂ ਨੂੰ ਖ਼ਦਸ਼ਾ ਹੈ ਕਿ ਜੇਕਰ ਚਾਗੋਸ ਦੇ ਟਾਪੂਆਂ 'ਤੇ ਬ੍ਰਿਟੇਨ ਦੀ ਜਗ੍ਹਾ ਮਾਰੀਸ਼ਸ ਦਾ ਪੂਰਾ ਕੰਟਰੋਲ ਹੋ ਗਿਆ ਤਾਂ ਚੀਨ ਇਸ ਖੇਤਰ ਵਿਚ ਆਪਣਾ ਪ੍ਰਭਾਵ ਵਧਾ ਸਕਦਾ ਹੈ। ਟਰੰਪ ਪ੍ਰਸ਼ਾਸਨ ਦੇ ਅਧਿਕਾਰੀਆਂ ਦਾ ਇਹ ਵੀ ਮੰਨਣਾ ਹੈ ਕਿ ਜੇਕਰ ਟਾਪੂ 'ਤੇ ਮਾਰੀਸ਼ਸ ਦਾ ਕੰਟਰੋਲ ਹੋਇਆ ਤਾਂ ਸਮੁੰਦਰ ਵਿਚ ਅਮਰੀਕੀ ਸਮੁੰਦਰੀ ਫ਼ੌਜ ਦੀ ਜਾਸੂਸੀ ਦਾ ਖ਼ਤਰਾ ਵੀ ਵਧ ਜਾਵੇਗਾ।

# ਵਿਨੀਪੈੱਗ ਪ੍ਰਾਈਡ ਪਰੇਡ : ਭਾਰੀ ਗਰਮੀ ਦੇ ਬਾਵਜੂਦ ਹਜ਼ਾਰਾਂ ਲੋਕਾਂ ਨੇ ਸੜਕਾਂ 'ਤੇ ਕੱਢਿਆ ਮਾਰਚ

ਵਿਨੀਪੈਗ : ਕੈਨੇਡਾ ਦੇ ਵਿਨੀਪੈਗ ਸ਼ਹਿਰ ਵਿੱਚ ਸਾਲਾਨਾ 'ਪ੍ਰਾਈਡ ਪਰੇਡ 2026' ਬਹੁਤ ਹੀ ਉਤਸ਼ਾਹ ਨਾਲ ਮਨਾਈ ਗਈ। ਸ਼ਹਿਰ ਵਿੱਚ ਸਖ਼ਤ ਗਰਮੀ (ਹੀਟ ਵਾਰਨਿੰਗ) ਹੋਣ ਅਤੇ ਤਾਪਮਾਨ 32 ਤੋਂ 34 ਡਿੱਗਰੀ ਸੈਲਸੀਅਸ ਤੱਕ ਪਹੁੰਚਣ ਦੇ ਬਾਵਜੂਦ, ਲਗਪਗ 15 ਹਜ਼ਾਰ ਲੋਕਾਂ ਨੇ ਇਸ ਰੰਗਾਰੰਗ ਮਾਰਚ ਵਿੱਚ ਹਿੱਸਾ ਲਿਆ। ਰੰਗ-ਬਿਰੰਗੇ ਝੰਡਿਆਂ, ਨਾਚ ਅਤੇ ਸੰਗੀਤ ਨਾਲ ਭਰੇ ਇਸ ਸਮਾਗਮ ਵਿੱਚ ਪਰਿਵਾਰਾਂ, ਦੋਸਤਾਂ ਅਤੇ ਸਾਥੀਆਂ ਨੇ ਇਕੱਠੇ ਹੋ ਕੇ ਆਪਸੀ ਪਿਆਰ, ਸਵੀਕਾਰਤਾ ਅਤੇ ਸਮੂਹਕਤਾ ਦਾ ਸੁਨੇਹਾ ਦਿੱਤਾ। ਲੋਕਾਂ ਨੇ ਕਿਹਾ ਕਿ ਇਹ ਪਰੇਡ ਉਨ੍ਹਾਂ ਨੂੰ ਬਿਨਾਂ ਕਿਸੇ ਡਰ ਦੇ ਸੁਰੱਖਿਅਤ ਜਿਉਣ ਦਾ ਅਹਿਸਾਸ ਕਰਵਾਉਂਦੀ ਹੈ। ਇਹ ਪਰੇਡ 1987 ਤੋਂ ਚੱਲੀ ਆ ਰਹੀ ਇੱਕ ਰਿਵਾਇਤ ਹੈ, ਜੋ ਮੈਨੀਟੋਬਾ ਲੈਜਿਸਲੈਟਿਵ ਬਿਲਡਿੰਗ ਤੋਂ ਸ਼ੁਰੂ ਹੋ ਕੇ 'ਦ ਫੋਰਕਸ' (The Forks) ਇਲਾਕੇ ਤੱਕ ਗਈ।

ਪ੍ਰਾਈਡ ਵਿਨੀਪੈਗ ਦੇ ਪ੍ਰਧਾਨ ਬੈਰੀ ਕਾਰਲੇਨਜ਼ਿਗ ਨੇ ਦੱਸਿਆ ਕਿ ਇਸ ਸਾਲ ਦੀ ਥੀਮ "Celebrate YOU" (ਆਪਣਾ ਜਸ਼ਨ ਮਨਾਓ) ਰੱਖੀ ਗਈ ਸੀ, ਜੋ BSLGBTQ+ ਭਾਈਚਾਰੇ ਦੇ ਸਨਮਾਨ, ਆਜ਼ਾਦੀ ਅਤੇ ਸਮਾਨਤਾ ਦੀ ਗੱਲ ਕਰਦੀ




ਹੈ। ਇਸ ਵਾਰ ਲੋਗੋ ਵਿੱਚ ਪਹਿਲੀ ਵਾਰ ਅੰਗਰੇਜ਼ੀ ਅਤੇ ਫਰਾਂਸੀਸੀ, ਦੋਵਾਂ ਭਾਸ਼ਾਵਾਂ ਨੂੰ ਸ਼ਾਮਲ ਕੀਤਾ ਗਿਆ।

ਸਮਾਗਮ ਵਿੱਚ ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕਿਨੂ ਨੇ ਵੀ ਸ਼ਿਰਕਤ ਕੀਤੀ ਅਤੇ ਕਿਹਾ ਕਿ 'ਪ੍ਰਾਈਡ' ਸਿਰਫ਼ ਇੱਕ ਜਸ਼ਨ ਹੀ ਨਹੀਂ, ਬਲਕਿ ਹੱਕਾਂ ਲਈ ਇੱਕ ਰੋਸ ਅਤੇ ਪ੍ਰੋਟੈਸਟ ਦਾ ਪ੍ਰਤੀਕ ਵੀ ਹੈ। ਪਰੇਡ ਵਿੱਚ ਸ਼ਾਮਲ ਹੋਏ ਲੋਕਾਂ ਨੇ ਕਿਹਾ ਕਿ ਇਹ ਦਿਨ ਸਭ ਨੂੰ ਇਕੱਠਾ ਕਰਦਾ ਹੈ। ਬਾਹਰੋਂ ਆਈ ਇੱਕ ਮਹਿਲਾ ਸਟਾਰਮ ਨੋਵੈਕ ਨੇ ਕੈਨੇਡਾ ਦੀ ਤਾਰੀਫ਼ ਕਰਦਿਆਂ ਕਿਹਾ ਕਿ ਇਹ ਦੇਸ਼ ਇਸ ਭਾਈਚਾਰੇ ਨੂੰ ਸਵੀਕਾਰ ਕਰਦਾ ਹੈ। ਉਸ ਨੇ ਟਰਾਂਸ ਲੋਕਾਂ ਲਈ ਸਿਹਤ ਸੇਵਾਵਾਂ ਸੌਖੀਆਂ ਬਣਾਉਣ ਲਈ ਮੈਨੀਟੋਬਾ ਦੀ ਸਿਹਤ ਮੰਤਰੀ ਉਜ਼ੋਮਾ ਅਸਾਗਵਾਰਾ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC

9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE

15810 Harlan Road #A
Lathrop, CA 95330
(209) 983-9000

MAIN STREET
Main Street
URGENT CARE

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਬੰਬਈ 10 ਅਗਸਤ: ਡਾਕਟਰ ਅੰਬੇਦਕਰ ਨੇ ਏ. ਪੀ. ਆਈ. ਨੂੰ ਡਾ. ਮੰਜੇ ਨਾਲ ਹੋਈ ਚਿੱਠੀ ਪੱਤਰ ਸੰਬੰਧੀ ਇੱਕ ਬਿਆਨ ਦਿੱਤਾ ਹੈ ਤੇ ਮਿਸਟਰ ਰਾਜਾ ਵੱਲੋਂ ਡਾ. ਮੰਜੇ ਦੀ ਆਗਿਆ ਤੋਂ ਬਿਨਾਂ ਉਸ ਚਿੱਠੀ ਪੱਤਰ ਦੇ ਪ੍ਰਕਾਸ਼ਿਤ ਕੀਤੇ ਜਾਣ ਸੰਬੰਧੀ ਸਖ਼ਤ ਰੋਸ ਪ੍ਰਗਟ ਕੀਤਾ ਹੈ। ਉਕਤ ਚਿੱਠੀ ਪੱਤਰ ਅਛੂਤਾਂ ਦੇ ਸਿੱਖ ਧਰਮ ਇਖ਼ਤਿਆਰ ਕਰਨ ਬਾਰੇ ਸੀ ਤੇ ਜਦ ਤੱਕ ਕੋਈ ਫ਼ੈਸਲਾ ਨਾ ਹੋਵੇ ਡਾਕਟਰ ਮੌਜੇ ਦੀ ਇਸ ਨੂੰ ਗੁਪਤ ਰੱਖਣ ਦੀ ਇੱਛਾ ਸੀ।

ਡਾ. ਅੰਬੇਦਕਰ ਨੇ ਪ੍ਰਗਟ ਕੀਤਾ ਹੈ ਕਿ ਮਿਸਟਰ ਰਾਜਾ ਦੀ ਅਛੂਤਾਂ ਵਿੱਚ ਕੋਈ ਪੁਜ਼ੀਸ਼ਨ ਨਹੀਂ ਤੇ ਮੈਂ ਮਿਸਟਰ ਰਾਜਾ ਦੇ ਬਿਆਨ ਦੀ ਕੁਝ ਕੀਮਤ ਨਹੀਂ ਸਮਝਦਾ। ਮਿਸਟਰ ਰਾਜਾ ਮੇਰਾ ਵਿਰੋਧੀ ਹੈ ਤੇ ਇਸ ਵਿਰੋਧ ਦਾ ਕਾਰਨ ਇਹ ਹੈ ਕਿ ਮੈਨੂੰ ਗੋਲਮੇਜ਼ ਕਾਨਫ਼ਰੰਸ ਵਿੱਚ ਚੁਣਿਆ ਗਿਆ ਤੇ ਮਿਸਟਰ ਰਾਜਾ ਤੇ ਸ੍ਰੀ ਨਿਵਾਸਨ ਨੂੰ ਕਿਸੇ ਪੁੱਛਿਆ ਭੀ ਨਾ। ਜੇ ਮਿਸਟਰ ਰਾਜਾ ਜਿਹਾ ਕਿ ਉਸ ਨੇ ਐਲਾਨ ਕੀਤਾ ਹੈ ਹਿੰਦੂ ਰਹਿਣਾ ਤੇ ਹਿੰਦੂ ਮਰਨਾ ਚਾਹੁੰਦਾ ਹੈ ਫਿਰ ਉਹ ਹਰੀਜਨਾਂ ਲਈ ਕੌਂਸਲਾਂ ਵਿੱਚ ਰਾਖਵੀਆਂ ਸੀਟਾਂ ਦੀ ਕਿਉਂ ਇੱਛਾ ਰੱਖਦਾ ਹੈ।

ਮਹਾਤਮਾਂ ਗਾਂਧੀ ਜੀ ਦੇ ਖ਼ਿਆਲ ਸੰਬੰਧੀ ਡਾਕਟਰ ਅੰਬੇਦਕਰ ਨੇ ਪ੍ਰਗਟ ਕੀਤਾ ਹੈ ਕਿ ਅਛੂਤਾਂ ਜੋ ਫ਼ੈਸਲਾ ਕੀਤਾ ਹੈ, ਮਹਾਤਮਾ ਗਾਂਧੀ ਤੇ ਪੰਡਤ ਮਾਲਵੀਆ ਇਸ ਸੰਬੰਧੀ ਵਿੱਚ ਕੋਈ ਗਿਲਾ ਕਰਨ ਦਾ ਹੱਕ ਨਹੀਂ ਰੱਖਦੇ। ਮਿਸਟਰ ਗਾਂਧੀ ਪੂਨਾ ਸਮਝੌਤੇ ਸਮੇਂ ਕੀਤੇ ਵਾਅਦੇ ਨੂੰ ਕਿ ਅਛੂਤਾਂ ਦੇ ਸੁਧਾਰ ਲਈ ਬਹੁਤ ਕੁਝ ਕੀਤਾ ਜਾਵੇਗਾ, ਪਾਲਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ। ਮਿਸਟਰ ਗਾਂਧੀ ਰਹਿੰਦਾ ਹੈ ਕਿ ਉਹ ਮੇਰੀ ਪੁਜ਼ੀਸ਼ਨ ਸਮਝਣ ਤੋਂ ਅਸਮਰਥ ਹੈ। ਮੈਂ ਇਸ ਗੱਲ ਪਰ ਹੈਰਾਨ ਨਹੀਂ, ਮੈਂ ਖ਼ੁਦ ਉਸ ਦੀ ਪੁਜ਼ੀਸ਼ਨ ਸਮਝਣ ਤੋਂ ਅਸਮਰਥ ਹਾਂ ਜਦ ਉਹ ਕਹਿੰਦਾ ਹੈ ਕਿ ਅਛੂਤ ਉਧਾਰ ਦਾ ਸਵਾਲ ਮੇਰੇ ਸਾਹਮਣੇ ਇੱਕ ਅਜਿਹਾ ਸਵਾਲ ਹੈ ਜਿਸ ਦਾ ਹੋਰ ਕਿਸੇ ਗੱਲ ਨਾਲ ਸੰਬੰਧ ਨਹੀਂ। ਮੈਂ ਸਮਝਦਾ ਹਾਂ ਕਿ ਇਹ ਇਕ ਅਜਿਹੀ ਬੋਲੀ ਹੈ ਜੋ ਇਕ ਆਰਫ਼ ਹੀ ਦੂਜੇ ਆਰਫ਼ ਲਈ ਵਰਤ ਸਕਦਾ ਹੈ। ਪਰ ਮੇਰੇ ਜਿਹੇ ਨਾਲ ਜੋ ਕਿ ਅਮਲੀ ਜ਼ਿੰਦਗੀ ਤੋਂ ਜ਼ਰਾ ਭੀ ਲਾਂਭੇ ਜਾਣ ਲਈ ਤਿਆਰ ਨਹੀਂ, ਨਹੀਂ ਵਰਤ ਸਕਦਾ।

ਇਹ ਸੌਦਾ ਨਹੀਂ: ਜਦ ਮਹਾਤਮਾ ਗਾਂਧੀ





ਕਹਿੰਦਾ ਹੈ ਕਿ ਸੌਦਾ ਨਹੀਂ ਕੀਤਾ ਜਾ ਸਕਦਾ ਤਦ ਮੇਰਾ ਜਵਾਬ ਇਹ ਹੈ ਕਿ ਹੁਣ ਉਸ ਦੀ ਇਹ ਦਲੀਲ ਕੋਈ ਅਰਥ ਨਹੀਂ ਰੱਖਦੀ। ਪੂਨਾ ਸਮਝੌਤੇ ਵੇਲੇ ਉਸ (ਮਹਾਤਮਾ ਗਾਂਧੀ) ਨੇ ਸਾਰਾ ਮਾਮਲਾ ਹੀ ਸੌਦੇ ਤੱਤ ਨਜਿੱਠਿਆ ਇਸ ਵੇਲੇ ਜਦ ਕਿ ਇਨ੍ਹਾਂ ਲੋਕਾਂ (ਅਛੂਤਾਂ) ਦੀ ਰੋਟੀ, ਤੇ ਮੁੱਢਲੇ ਹੱਕ ਹਾਸਲ ਕਰਨ ਦਾ ਸਵਾਲ ਹੈ, ਇਹ ਕਹਿਣਾ ਕਿ ਉਹ ਰੂਹਾਨੀਅਤ ਤੱਕ ਹੀ ਗੁਜ਼ਾਰਾ ਕਰਨ, ਬਹੁਤ ਪਛੇਤਾ ਹੈ। ਮੈਂ ਚਾਹੁੰਦਾ ਹਾਂ ਕਿ ਇਹ ਗੱਲ ਸਾਫ਼ ਹੋ ਜਾਵੇ ਕਿ ਇਸ ਵੇਲੇ ਜੋ ਕੋਈ ਭੀ (ਹਿੰਦੂ ਲੀਡਰ) ਅਛੂਤਾਂ ਸੰਬੰਧੀ ਦਿਲਚਸਪੀ ਪ੍ਰਗਟ ਕਰ ਰਿਹਾ ਹੈ, ਉਹ ਕੋਈ ਭੀ ਅਸਲ ਬਿਮਾਰੀ ਦਾ ਇਲਾਜ ਕਰਨ ਲਈ ਤਿਆਰ ਨਹੀਂ।

ਮਿਸਟਰ ਗਾਂਧੀ ਕਹਿੰਦਾ ਹੈ ਕਿ ਅਛੂਤਪਨ ਨੂੰ ਦੂਰ ਕਰਨ ਦਾ ਸਵਾਲ ਇਕ ਅਜਿਹਾ ਸਵਾਲ ਹੈ ਜੋ ਕਿ ਉੱਚੀ ਜਾਤੀ ਦੇ ਹਿੰਦੂਆਂ ਦੇ ਇੱਛਾ ਤੇ ਪਛਤਾਵੇ ਦੀ ਸਪਿਰਿਟ ਪਰ ਨਿਰਭਰ ਰਹਿਣਾ ਚਾਹੀਦਾ ਹੈ। ਜਿੱਥੇ ਤੱਕ ਮੈਂ ਸਮਝਦਾ ਹਾਂ। ਇਸ ਕਥਨ ਦੇ ਅਰਥ ਇਹ ਹਨ ਕਿ ਅਛੂਤਾਂ ਨੂੰ ਆਪਣੇ-ਆਪ ਕੁਝ ਨਹੀਂ ਕਰਨਾ ਚਾਹੀਦਾ, ਅਛੂਤਾਂ ਨੂੰ ਉੱਚ ਜਾਤੀਆਂ ਦੇ ਹਿੰਦੂਆਂ ਅੱਗੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਉਹ ਆਪਣੇ ਵਿੱਚ ਅਜਿਹੀ ਆਤਮਾ ਪੈਦਾ ਕਰਨ ਜੋ ਪਛਤਾਵਾ ਕਰਕੇ ਹਾਲਾਤ ਨੂੰ ਬਦਲਣ ਅਤੇ ਅਜਿਹਾ ਹੋਣ ਤੱਕ (ਅਛੂਤਾਂ ਨੂੰ) ਉਡੀਕ ਕਰਨੀ ਚਾਹੀਦੀ ਹੈ। ਮੇਰਾ ਖ਼ਿਆਲ ਹੈ ਕਿ ਮਹਾਤਮਾ ਗਾਂਧੀ ਜੀ ਦਾ ਕਥਨ ਇਤਨਾ ਸਿਆਣਪ ਭਰਿਆ ਹੈ ਜਿਤਨਾ ਕਿ ਉਸ ਆਦਮੀ ਦਾ ਹੁੰਦਾ ਹੈ ਜੋ ਕਿ ਕਿਸੇ ਸ਼ਹਿਰ ਦੇ ਲੋਕਾਂ ਨੂੰ ਜਿੱਥੇ ਕਿ ਪਲੇਗ ਪਈ ਹੋਈ ਹੋਵੇ, ਇਹ ਮਸ਼ਵਰਾ ਦੇਵੇ ਕਿ ਲੋਕੋ ਸਬਰ ਕਰੋ ਤੇ ਸ਼ਹਿਰ ਖ਼ਾਲੀ ਨਾ ਕਰੋ ਜਦ ਤੱਕ ਕਿ ਮਿਊਂਸੀਪਲ ਕਮਿਸ਼ਨਰ ਆਪਣੀ ਗ਼ਫ਼ਲਤ ਪਰ ਪਛਤਾਵਾਂ ਕਰਕੇ ਪਲੇਗ ਦੀ ਬਿਮਾਰੀ ਰੋਕਣ ਦਾ ਕੋਈ ਉਪਾਅ ਨਾ ਕਰਨ।

ਡਾਕਟਰ ਅੰਬੇਦਕਰ ਨੇ ਮਿਸਟਰ ਰਾਜ ਗੁਪਾਲ ਅਚਾਰੀਆ ਦੇ ਬਿਆਨ ਵਿੱਚ ਲਫ਼ਜ਼ 'ਸ਼ਰਾਰਤ-ਭਰਿਆ', ਦੀ ਸਖ਼ਤ ਨਿਖੇਧੀ ਕੀਤੀ ਹੈ ਤੇ ਪ੍ਰਗਟ ਕੀਤਾ ਕਿ ਚਿੱਠੀ ਪੱਤਰ ਦਾ ਡਾਕਟਰ ਮੁੰਜੇ ਦੀ ਆਗਿਆ ਬਿਨਾਂ ਪ੍ਰਕਾਸ਼ਿਤ ਕੀਤੇ ਜਾਣਾ 'ਸ਼ਰਾਰਤ' ਹੈ। ਡਾਕਟਰ ਅੰਬੇਦਕਰ ਨੇ ਆਪਣਾ ਬਿਆਨ ਇਸ ਐਲਾਨ ਨਾਲ ਖ਼ਤਮ ਕੀਤਾ ਹੈ ਕਿ ਮੈਂ ਸਿੱਖ ਧਰਮ ਇਖ਼ਤਿਆਰ ਕਰਨ ਦਾ ਫ਼ੈਸਲਾ ਕਰ ਲਿਆ ਹੈ ਤੇ ਅਜਿਹਾ ਕਰਕੇ ਹਿੰਦੂ ਕੌਮ ਨੂੰ ਬਚਾਉਣਾ ਚਾਹੁੰਦਾ ਹਾਂ।

(ਚਲਦਾ)

# ਕੈਨੇਡਾ 'ਚ ਏਆਈ (AI) ਡਾਟਾ ਸੈਂਟਰਾਂ ਦੇ ਵਿਸਥਾਰ ਖ਼ਿਲਾਫ਼ ਵਧਿਆ ਵਿਰੋਧ

## ਬਿਜਲੀ ਅਤੇ ਪਾਣੀ ਦੀ ਵਧਦੀ ਖਪਤ ਕਾਰਨ ਵਾਤਾਵਰਣ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਚਿੰਤਾਵਾਂ ਗਹਿਰੀਆਂ

ਵਿਨੀਪੈਗ : ਕੈਨੇਡਾ ਸਰਕਾਰ ਜਿੱਥੇ ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਖੇਤਰ ਵਿੱਚ ਵਿਸ਼ਵ ਪੱਧਰੀ ਅਗਵਾਈ ਹਾਸਲ ਕਰਨ ਲਈ ਵੱਡੇ ਪੱਧਰ 'ਤੇ ਡਾਟਾ ਸੈਂਟਰਾਂ ਦੇ ਨਿਰਮਾਣ ਨੂੰ ਉਤਸ਼ਾਹਿਤ ਕਰ ਰਹੀ ਹੈ, ਉੱਥੇ ਹੀ ਦੇਸ਼ ਦੇ ਕਈ ਹਿੱਸਿਆਂ ਵਿੱਚ ਇਨ੍ਹਾਂ ਪ੍ਰੋਜੈਕਟਾਂ ਖ਼ਿਲਾਫ਼ ਲੋਕਾਂ ਦਾ ਵਿਰੋਧ ਵੀ ਤੇਜ਼ੀ ਨਾਲ ਵਧ ਰਿਹਾ ਹੈ। ਏਆਈ ਡਾਟਾ ਸੈਂਟਰ ਅਜਿਹੀਆਂ ਵਿਸ਼ਾਲ ਸਹੂਲਤਾਂ ਹਨ, ਜਿੱਥੇ ਹਜ਼ਾਰਾਂ ਕੰਪਿਊਟਰ ਸਰਵਰ ਚੌਵੀ ਘੰਟੇ ਕੰਮ ਕਰਦੇ ਹਨ। ਇਹ ਸੈਂਟਰ ਏਆਈ ਮਾਡਲਾਂ ਨੂੰ ਸਿਖਲਾਈ ਦੇਣ ਅਤੇ ਉਨ੍ਹਾਂ ਨੂੰ ਚਲਾਉਣ ਲਈ ਲੋੜੀਂਦੀ ਸਮਰੱਥਾ ਮੁਹੱਈਆ ਕਰਦੇ ਹਨ। ਪਰ ਇਨ੍ਹਾਂ ਦੇ ਵਧਦੇ ਪ੍ਰਸਾਰ ਨਾਲ ਬਿਜਲੀ ਦੀ ਭਾਰੀ ਖਪਤ, ਪਾਣੀ ਦੀ ਵਰਤੋਂ ਅਤੇ ਵਾਤਾਵਰਣ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਚਿੰਤਾਵਾਂ ਵੀ ਉੱਭਰ ਕੇ ਸਾਹਮਣੇ ਆ ਰਹੀਆਂ ਹਨ।

ਯੂ.ਐਨ. ਦੀ ਇੱਕ ਰਿਪੋਰਟ ਵਿੱਚ ਪਾਇਆ ਗਿਆ ਹੈ ਕਿ ਵਿਸ਼ਵ ਪੱਧਰ 'ਤੇ ਡਾਟਾ ਸੈਂਟਰਾਂ ਨੇ ਸਾਲ 2025 ਵਿੱਚ 4.5 ਟ੍ਰਿਲੀਅਨ ਲੀਟਰ ਪਾਣੀ ਦੀ ਖਪਤ ਕੀਤੀ, ਜੋ ਅਫ਼ਰੀਕਾ ਵਿੱਚ 600 ਮਿਲੀਅਨ (60 ਕਰੋੜ) ਤੋਂ ਵੱਧ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਹੈ।

ਮਾਹਿਰਾਂ ਅਨੁਸਾਰ ਇੱਕ ਵੱਡਾ ਏਆਈ ਡਾਟਾ ਸੈਂਟਰ 100 ਤੋਂ 500 ਮੈਗਾਵਾਟ ਤੱਕ ਬਿਜਲੀ ਦੀ ਖਪਤ ਕਰ ਸਕਦਾ ਹੈ, ਜੋ ਕਿ 50,000 ਤੋਂ 3 ਲੱਖ ਘਰਾਂ ਦੀ ਬਿਜਲੀ ਲੋੜ ਦੇ ਬਰਾਬਰ ਹੈ। ਸਰਵਰਾਂ ਨੂੰ ਠੰਢਾ ਰੱਖਣ ਲਈ ਹਰ ਰੋਜ਼ ਲੱਖਾਂ ਲੀਟਰ ਪਾਣੀ ਦੀ ਲੋੜ ਪੈਂਦੀ ਹੈ, ਜਿਸ ਕਾਰਨ ਸਥਾਨਕ ਜਲ ਸਰੋਤਾਂ 'ਤੇ ਦਬਾਅ ਵਧਣ ਦਾ ਖ਼ਤਰਾ ਬਣ ਜਾਂਦਾ ਹੈ। ਇਸ ਤੋਂ ਇਲਾਵਾ, ਵਧਦੀ ਊਰਜਾ ਮੰਗ ਕਾਰਨ ਬਿਜਲੀ ਦੇ ਰੇਟਾਂ ਵਿੱਚ ਵਾਧੇ ਦੀ ਸੰਭਾਵਨਾ ਨੂੰ ਲੈ ਕੇ ਵੀ ਲੋਕ ਚਿੰਤਤ ਹਨ।

**ਓਨਟਾਰੀਓ:** ਟੋਰਾਂਟੋ ਅਤੇ ਮਾਰਖਮ ਖੇਤਰਾਂ ਵਿੱਚ ਡਾਟਾ ਸੈਂਟਰਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਇਕੱਲੇ ਟੋਰਾਂਟੋ ਖੇਤਰ ਵਿੱਚ ਹੀ 70 ਤੋਂ ਵੱਧ ਵੱਡੇ ਡਾਟਾ ਸੈਂਟਰ ਮੌਜੂਦ ਹਨ।

**ਕਿਊਬਿਕ:** ਮੌਂਟਰੀਅਲ, ਜੋ ਸਸਤੀ ਹਾਈਡ੍ਰੋ ਬਿਜਲੀ ਕਾਰਨ ਡਾਟਾ ਸੈਂਟਰ ਉਦਯੋਗ ਦਾ ਕੇਂਦਰ ਬਣ ਰਿਹਾ ਹੈ, ਵਿੱਚ 50 ਤੋਂ ਵੱਧ ਸਹੂਲਤਾਂ ਕੰਮ ਕਰ ਰਹੀਆਂ ਹਨ। ਇੱਥੋਂ ਦੇ ਕੁਝ ਇਲਾਕਿਆਂ ਵਿੱਚ ਲੋਕਾਂ ਦਾ ਕਹਿਣਾ ਹੈ ਕਿ ਡਾਟਾ ਸੈਂਟਰਾਂ ਨੂੰ ਦਿੱਤੀ ਜਾ ਰਹੀ ਵੱਡੀ ਬਿਜਲੀ ਸਪਲਾਈ ਭਵਿੱਖ ਵਿੱਚ ਘਰੇਲੂ ਅਤੇ ਉਦਯੋਗਿਕ ਖਪਤਕਾਰਾਂ ਲਈ ਚੁਣੌਤੀ ਬਣ ਸਕਦੀ ਹੈ।

**ਅਲਬਰਟਾ:** ਕੈਲਗਰੀ ਅਤੇ ਐਡਮਿੰਟਨ ਵਿੱਚ ਵੀ ਨਵੇਂ ਪ੍ਰੋਜੈਕਟਾਂ ਲਈ ਕਰੋੜਾਂ ਡਾਲਰ ਦੇ ਨਿਵੇਸ਼ ਦਾ ਐਲਾਨ ਕੀਤਾ ਗਿਆ ਹੈ।

**ਮੈਨੀਟੋਬਾ:** ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕਿਨਿਊ ਨੇ ਸਪੱਸ਼ਟ ਕੀਤਾ ਹੈ ਕਿ ਵਿਨੀਪੈਗ ਦੇ ਦੱਖਣ ਵਿੱਚ ਬਣਨ ਵਾਲਾ ਇੱਕ ਵੱਡਾ ਏਆਈ ਡਾਟਾ ਸੈਂਟਰ ਅੱਗੇ ਨਹੀਂ ਵਧੇਗਾ। ਉਨ੍ਹਾਂ ਕਿਹਾ, 'ਅਸੀਂ ਇਸ ਪ੍ਰੋਜੈਕਟ 'ਤੇ ਨਜ਼ਰ ਮਾਰੀ ਹੈ। ਇਹ ਹਾਈਪਰ-ਸਕੇਲ ਡਾਟਾ ਸੈਂਟਰ ਮੈਨੀਟੋਬਾ ਦੇ ਹਿੱਤਾਂ ਵਿੱਚ ਨਹੀਂ ਜਾਪਦੇ, ਇਸ ਲਈ ਅਸੀਂ ਇਸ ਡਾਟਾ ਸੈਂਟਰ ਨੂੰ ਨਾਂਹ ਕਹਿਣ ਜਾ ਰਹੇ ਹਾਂ।'

**ਬ੍ਰਿਟਿਸ਼ ਕੋਲੰਬੀਆ:** ਵੈਨਕੂਵਰ ਖੇਤਰ ਵਿੱਚ ਵੀ ਸਥਾਨਕ ਨਿਵਾਸੀਆਂ ਨੇ ਬਿਜਲੀ ਅਤੇ ਪਾਣੀ ਦੀ ਵਧਦੀ ਮੰਗ ਨੂੰ ਲੈ ਕੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ।

**ਸੀਮਤ ਰੋਜ਼ਗਾਰ ਅਤੇ ਤਕਨੀਕੀ ਖੇਤਰ ਵਿੱਚ ਛਾਂਟੀ**

ਕਈ ਕਮਿਊਨਿਟੀਆਂ ਵਿੱਚ ਨਿਵਾਸੀਆਂ ਨੇ ਦਲੀਲ ਦਿੱਤੀ ਹੈ ਕਿ ਡਾਟਾ ਸੈਂਟਰਾਂ ਤੋਂ ਸਥਾਨਕ ਪੱਧਰ 'ਤੇ ਰੋਜ਼ਗਾਰ ਦੇ ਮੌਕੇ ਬਹੁਤ ਸੀਮਤ ਹੁੰਦੇ ਹਨ, ਜਦਕਿ ਵਾਤਾਵਰਣ ਅਤੇ ਬੁਨਿਆਦੀ ਢਾਂਚੇ ਦਾ ਬੋਝ ਉਨ੍ਹਾਂ ਨੂੰ ਝੱਲਣਾ ਪੈਂਦਾ ਹੈ। ਮਾਹਿਰਾਂ ਮੁਤਾਬਕ, ਇੱਕ ਅਰਬ ਡਾਲਰ ਦੇ ਡਾਟਾ ਸੈਂਟਰ ਦੇ ਨਿਰਮਾਣ ਦੌਰਾਨ ਸੈਂਕੜੇ ਨੌਕਰੀਆਂ ਜ਼ਰੂਰ ਪੈਦਾ ਹੁੰਦੀਆਂ ਹਨ, ਪਰ ਚਾਲੂ ਹੋਣ ਤੋਂ ਬਾਅਦ ਸਥਾਈ ਕਰਮਚਾਰੀਆਂ ਦੀ ਗਿਣਤੀ ਅਕਸਰ 50 ਤੋਂ 200 ਦੇ ਵਿਚਕਾਰ ਹੀ ਰਹਿੰਦੀ ਹੈ।

ਇਸ ਦੇ ਨਾਲ ਹੀ, ਹਾਲ ਹੀ ਦੇ ਸਮੇਂ ਵਿੱਚ ਤਕਨੀਕੀ ਕੰਪਨੀਆਂ ਵੱਲੋਂ ਵੱਡੇ ਪੱਧਰ 'ਤੇ ਛਾਂਟੀ ਵੀ ਦੇਖਣ ਨੂੰ ਮਿਲੀ ਹੈ। ਪਿਛਲੇ ਮਹੀਨੇ ਮੈਟਾ (Meta) ਨੇ ਆਪਣੇ ਕਰਮਚਾਰੀਆਂ ਦੇ ਲਗਭਗ 10 ਫ਼ੀਸਦੀ ਹਿੱਸੇ ਨੂੰ ਨੌਕਰੀ ਤੋਂ ਕੱਢ ਦਿੱਤਾ, ਜਦੋਂ ਕਿ ਜੈਕ ਡੋਰਸੀ ਦੇ ਬਲਾਕ (Block) ਨੇ ਫਰਵਰੀ ਵਿੱਚ ਆਪਣੀ ਕੰਪਨੀ ਦੇ ਸਟਾਫ਼ ਵਿੱਚ ਲਗਭਗ ਅੱਧੀ ਕਟੌਤੀ ਕੀਤੀ। ਮਾਈਕਰੋਸਾਫ਼ਟ ਅਤੇ ਐਮਾਜ਼ੋਨ ਨੇ ਵੀ ਪਿਛਲੇ ਸਾਲ ਹਜ਼ਾਰਾਂ ਕਰਮਚਾਰੀਆਂ ਦੀ ਛਾਂਟੀ ਤੋਂ ਬਾਅਦ ਏਆਈ (19) ਵੱਲ ਤਬਦੀਲੀ ਦਾ ਜ਼ਿਕਰ ਕੀਤਾ ਹੈ। ਇਸ ਕਾਰਨ ਕੁਝ ਇਲਾਕਿਆਂ ਵਿੱਚ ਜਨਤਕ ਮੀਟਿੰਗਾਂ, ਵਿਰੋਧ ਪ੍ਰਦਰਸ਼ਨ ਅਤੇ ਪ੍ਰੋਜੈਕਟਾਂ ਨੂੰ ਰੋਕਣ ਲਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ।

**ਸਰਕਾਰ ਅਤੇ ਉਦਯੋਗ ਜਗਤ ਦਾ ਪੱਖ**

ਦੂਜੇ ਪਾਸੇ, ਉਦਯੋਗ ਅਤੇ ਸਰਕਾਰ ਦਾ ਮੰਨਣਾ ਹੈ ਕਿ ਏਆਈ ਡਾਟਾ ਸੈਂਟਰਾਂ ਵਿੱਚ





ਨਿਵੇਸ਼ ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ, ਉੱਚ-ਤਕਨੀਕੀ ਖੇਤਰ ਵਿੱਚ ਨੌਕਰੀਆਂ ਪੈਦਾ ਹੋਣਗੀਆਂ ਅਤੇ ਕੈਨੇਡਾ ਦੀ ਗਲੋਬਲ ਮੁਕਾਬਲੇਬਾਜ਼ੀ ਮਜ਼ਬੂਤ ਹੋਵੇਗੀ। ਫੈਡਰਲ ਸਰਕਾਰ ਨੇ ਏਆਈ ਅਤੇ ਡਿਜੀਟਲ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਅਰਬਾਂ ਡਾਲਰ ਦੇ ਪ੍ਰੋਗਰਾਮਾਂ ਦਾ ਐਲਾਨ ਕੀਤਾ ਹੈ। ਸਮਰਥਕਾਂ ਦਾ ਕਹਿਣਾ ਹੈ ਕਿ ਏਆਈ ਤਕਨਾਲੋਜੀ ਭਵਿੱਖ ਦੀ ਅਰਥਵਿਵਸਥਾ ਦਾ ਅਹਿਮ ਹਿੱਸਾ ਬਣਨ ਜਾ ਰਹੀ ਹੈ, ਇਸ ਲਈ ਲੋੜੀਂਦਾ ਬੁਨਿਆਦੀ ਢਾਂਚਾ ਵਿਕਸਿਤ ਕਰਨਾ ਬੇਹੱਦ ਜ਼ਰੂਰੀ ਹੈ।

**ਸੰਤੁਲਨ ਬਣਾਉਣ ਦੀ ਮੰਗ**

ਹਾਲਾਂਕਿ, ਵਿਰੋਧੀ ਧਿਰਾਂ ਅਤੇ ਵਾਤਾਵਰਣ ਕਾਰਕੁਨਾਂ ਦਾ ਕਹਿਣਾ ਹੈ ਕਿ ਨਵੇਂ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ ਬਿਜਲੀ, ਪਾਣੀ ਅਤੇ ਵਾਤਾਵਰਣ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਵਿਸਥਾਰਪੂਰਵਕ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਮੰਗ ਹੈ ਕਿ ਸਰਕਾਰ ਸਖ਼ਤ ਨਿਯਮ ਬਣਾਏ ਤਾਂ ਜੋ ਤਕਨੀਕੀ ਵਿਕਾਸ ਅਤੇ ਜਨਹਿਤ ਵਿਚਕਾਰ ਸਹੀ ਸੰਤੁਲਨ ਕਾਇਮ ਰੱਖਿਆ ਜਾ ਸਕੇ।ਕੈਨੇਡਾ ਵਿੱਚ ਏਆਈ ਦੇ ਭਵਿੱਖ ਨੂੰ ਲੈ ਕੇ ਚਰਚਾ ਹੁਣ ਸਿਰਫ਼ ਤਕਨੀਕੀ ਤਰੱਕੀ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਊਰਜਾ, ਵਾਤਾਵਰਣ ਅਤੇ ਸਥਾਨਕ ਭਾਈਚਾਰਿਆਂ ਦੇ ਹੱਕਾਂ ਨਾਲ ਜੁੜਿਆ ਇੱਕ ਮਹੱਤਵਪੂਰਨ ਜਨਤਕ ਮੁੱਦਾ ਬਣ ਚੁੱਕਾ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਹੋਰ ਸਥਾਨਕ ਫੋਨ ਨੰਬਰ :.........................................।

2. ਨੇੜੇ ਦੇ ਹਸਪਤਾਲ ਦਾ ਫੋਨ ਨੰਬਰ :... ।
3. ਜ਼ਹਿਰ ਕੰਟਰੋਲ ਦਾ ਫੋਨ ਨੰਬਰ :.... ।
4. ਸਥਾਨਕ ਪੁਲਿਸ :...।
5. ਫ਼ਾਇਰ-ਬ੍ਰਿਗੇਡ ਦਾ ਫੋਨ ਨੰਬਰ :...।

**ਐਮਰਜੈਂਸੀ ਸਮੇਂ :**

1. ਸ਼ਾਂਤ ਰਹੋ : ਜ਼ਿਆਦਾ ਘਬਰਾਹਟ ਦੇਰੀ ਦਾ ਕਾਰਨ ਬਣਦੀ ਹੈ ਅਤੇ ਪੀੜਤ ਵਿਅਕਤੀ ਹੋਰ ਚਿੰਤਤ ਹੋ ਜਾਂਦਾ ਹੈ ।
2. ਤਿਆਰ ਰੱਖੋ :


* ਘਟਨਾ ਦੇ ਸਥਾਨ ਦਾ ਸੰਖੇਪ ਵੇਰਵਾ।
* ਘਟਨਾ ਬਾਰੇ ਮੁੱਢਲੀ ਅਤੇ ਸੰਖੇਪ ਜਾਣਕਾਰੀ।
* ਪੀੜਤ ਵਿਅਕਤੀ ਦੀ ਉਮਰ ਅਤੇ ਲਿੰਗ।
* ਤੁਹਾਡਾ ਨਾਮ ਅਤੇ ਫੋਨ ਨੰਬਰ

**ਘਰੇਲੂ ਫ਼ਸਟ ਏਡ ਕਿੱਟ**

ਛੋਟੀਆਂ-ਮੋਟੀਆਂ ਸੱਟਾਂ ਜਾਂ ਆਮ ਬਿਮਾਰੀਆਂ ਦੀ ਮੁੱਢਲੀ ਦੇਖ-ਭਾਲ ਲਈ ਹਰ ਘਰ ਵਿੱਚ ਫ਼ਸਟ ਏਡ ਕਿੱਟ ਦਾ ਹੋਣਾ ਲਾਜ਼ਮੀ ਹੈ। ਘਰੇਲੂ ਫ਼ਸਟ ਏਡ ਕਿੱਟ ਵਿੱਚ ਹੇਠ ਲਿਖੀਆਂ ਵਸਤਾਂ ਰੱਖ ਸਕਦੇ ਹੋ :

**ਦਵਾਈਆਂ :**

1. ਬੁਖ਼ਾਰ ਅਤੇ ਦਰਦ ਲਈ ਐਸੀਟਾਮਿਨੋਫ਼ਿਨ।
2. ਸਨਬਰਨ (ਸੂਰਜੀ ਤਪਸ਼) ਲਈ ਐਲੋਵੇਰਾ ਜੈੱਲ।
3. ਜ਼ਖ਼ਮਾਂ ਲਈ ਐਂਟੀਬਾਇਓਟਿਕ ਮੱਲ੍ਹਮ।
4. ਪੇਟ ਵਿੱਚ ਗੈਸ ਅਤੇ ਤੇਜ਼ਾਬ ਲਈ ਐਂਟੀ-ਐਸਿਡ ਦਵਾਈ।
5. ਡਾਇਰੀਆ ਨੂੰ ਰੋਕਣ ਲਈ ਦਵਾਈਆਂ।
6. ਖ਼ਾਰਸ਼ ਲਈ ਕੈਲੇਮਾਈਨ ਲੋਸ਼ਨ।




7. ਰੈਸ਼ ਲਈ ਹਾਈਡ੍ਰੋਕੌਰਟੀਸੋਨ ਕਰੀਮ।
8. ਐਲਰਜੀ ਦੀ ਦਵਾਈ।
9. ਰੀ-ਹਾਈਡ੍ਰੇਸ਼ਨ ਪੈਕੇਟ (ਸਰੀਰ ਵਿੱਚ ਪਾਣੀ ਦੀ ਘਾਟ ਯ ਪੂਰਾ ਕਰਨ ਲਈ)।

**ਸਪਲਾਈ :**

1. ਐਂਟੀਸੈਪਟਿਕ ਵਾਈਪ (ਜ਼ਖ਼ਮ ਸਾਫ਼ ਕਰਨ ਲਈ)।
2. ਪੱਟੀਆਂ ਅਤੇ ਰੂੰਈ ਦੇ ਫੰਬੇ।
3. ਦਸਤਾਨੇ (ਗਲਵਜ਼)।
4. ਸਪ੍ਰੇਨ/ਸਟ੍ਰੇਨ (ਖਿਚਾਓ/ਮੋਚ) ਦੇ ਲਈ ਇਲਾਸਟਿਕ ਦੀ ਪੱਟੀ (ਕਰੇਪ ਬੈਂਡੇਜ਼)।
5. ਹੈਂਡ ਸੈਨੇਟਾਈਜ਼ਰ (ਹੱਥਾਂ ਦੀ ਸਫ਼ਾਈ ਲਈ)।
6. ਕੀੜੇ-ਮਕੌੜੇ ਅਤੇ ਮੱਛਰ ਮਾਰਨ ਵਾਲੇ ਸਪਰੇਅ।
7. ਸੂਰਜ ਦੀ ਧੁੱਪ ਤੋਂ ਚਮੜੀ ਦੇ ਬਚਾਓ ਲਈ ਲੋਸ਼ਨ।

**ਔਜ਼ਾਰ :**

1. ਟੌਰਚ।
2. ਕੈਂਚੀ।
3. ਥਰਮਾਮੀਟਰ।
4. ਮੋਚਣਾ (ਕੰਡੇ ਵਗ਼ੈਰਾ ਕੱਢਣ ਲਈ)।
5. ਬਕਸੂਏ (ਸੇਫ਼ਟੀ ਪਿੰਨ)।

**ਸੀ.ਪੀ.ਆਰ. (ਕਾਰਡੀਓ ਪਲਮੋਨਰੀ ਰਿਸੱਸੀਟੇਸ਼ਨ)**

ਸੀ.ਪੀ.ਆਰ. ਜ਼ਿੰਦਗੀ ਬਚਾਉਣ ਦੀ ਇੱਕ ਵਿਧੀ ਹੈ, ਜੋ ਸਮੇਂ ਸਿਰ ਅਤੇ ਠੀਕ ਤਰੀਕੇ ਅਨੁਸਾਰ ਵਰਤਣ ਨਾਲ ਜੀਵਨਦਾਇਕ ਸਿੱਧ ਹੋ ਸਕਦੀ ਹੈ।

ਸੀ.ਪੀ.ਆਰ. ਦੀ ਲੋੜ ਉਸ ਸਮੇਂ ਪੈਂਦੀ ਹੈ, ਜਦੋਂ ਦਿਲ ਦੀ ਧੜਕਣ ਬੰਦ ਹੋ ਜਾਂਦੀ ਹੈ ਜਾਂ ਸਾਹ ਆਉਣਾ ਬੰਦ ਹੋਣ ਲੱਗਦਾ ਹੈ ਅਤੇ ਵਿਅਕਤੀ ਬੇਹੋਸ਼ੀ ਦੀ ਹਾਲਤ ਵਿੱਚ ਹੁੰਦਾ ਹੈ।

ਸੀ.ਪੀ.ਆਰ. ਉਦੋਂ ਸ਼ੁਰੂ ਕਰੋ ਜਦੋਂ ਨਬਜ਼ ਬੰਦ ਹੋ ਜਾਵੇ ਜਾਂ ਸਾਹ ਔਖਿਆਈ ਨਾਲ ਆਵੇ, ਸਰੀਰ ਵਿੱਚ ਕੋਈ ਹਰਕਤ ਨਾ ਹੋਵੇ, ਅਤੇ ਛੂਹਣ ਜਾਂ ਆਵਾਜ਼ ਮਾਰਨ ਨਾਲ ਕੋਈ ਹੁੰਗਾਰਾ ਨਾ ਆਵੇ।

ਸੀ.ਪੀ.ਆਰ. ਦੀ ਆਮ ਤੌਰ 'ਤੇ ਦਿਲ ਦੇ ਦੌਰੇ ਤੋਂ ਬਾਅਦ, ਸਟ੍ਰੋਕ ਤੋਂ ਬਾਅਦ, ਡੁੱਬਣ, ਜ਼ਹਿਰ ਖਾਣ ਜਾਂ ਗੰਭੀਰ ਸੱਟ ਤੋਂ ਬਾਅਦ ਲੋੜ ਪੈਂਦੀ ਹੈ।

ਸੀ.ਪੀ.ਆਰ. ਇੱਕਦਮ ਸ਼ੁਰੂ ਕਰ ਦੇਵੋ ਅਤੇ ਲਗਾਤਾਰ ਕਰਦੇ ਰਹੋ, ਜਦੋਂ ਤੱਕ ਮੈਡੀਕਲ ਸਹਾਇਤਾ ਨਾ ਪਹੁੰਚ ਜਾਵੇ ਜਾਂ ਤੁਸੀਂ ਬਹੁਤ ਜ਼ਿਆਦਾ ਥੱਕ ਨਾ ਜਾਓ।

**ਸੀ.ਪੀ.ਆਰ. ਦੀ ਵਿਧੀ :**

1. ਸੀ.ਪੀ.ਆਰ. ਤੋਂ ਪਹਿਲਾਂ ਜਗ੍ਹਾ ਦੀ ਸੁਰੱਖਿਅਤਾ ਜਾਂਚ ਲਵੋ।
2. ਇਹ ਚੈੱਕ ਕਰੋ ਕਿ ਕੀ ਵਿਅਕਤੀ ਜ਼ਿੰਦਾ ਹੈ? ਮੋਢੇ ਨੂੰ ਥੱਪਥਪਾਓ ਅਤੇ ਪੁੱਛੋ, .ਕੀ ਤੁਸਲ ਠੀਕ ਹੋ?
3. ਸਾਹ ਚੈੱਕ ਕਰੋ (ਪੀੜਤ ਦੇ ਮੂੰਹ ਅਤੇ ਨੱਕ ਦੇ ਕੋਲ ਆਪਣਾ ਪੁੱਠਾ ਹੱਥ ਕਰ ਕੇ)।
4. ਐਮਰਜੈਂਸੀ ਮੈਡੀਕਲ ਸਹਾਇਤਾ ਬੁਲਾਓ (911 ਯੂ.ਐਸ.ਏ. ਲਈ ਅਤੇ 108 ਇੰਡੀਆ ਲਈ), ਅਤੇ ਆਲੇ-ਦੁਆਲੇ ਦੇ ਹੋਰ ਲੋਕਾਂ ਯ ਲੋੜ ਅਨੁਸਾਰ ਬੁਲਾਓ।
5. ਪੀੜਤ ਦੇ ਚੇਹਰੇ ਨੂੰ ਉੱਪਰ ਵੱਲ ਕਰ ਕੇ, ਉਸ ਨੂੰ ਸਖ਼ਤ ਅਤੇ ਪੱਧਰੀ ਜਗ੍ਹਾ 'ਤੇ ਲਿਟਾਓ ।
6. ਸੀ.ਪੀ.ਆਰ. ਕਰਨ ਲਈ ਸੀ-ਏ-ਬੀ ਸਟੈੱਪ ਸ਼ੁਰੂ ਕਰੋ।
7. ਸੀ.ਕੰਮਪ੍ਰੈਸ਼ਨ (ਦਬਾਓ)

ਆਪਣੇ ਹੱਥ (ਇੱਕ ਦੂਜੇ ਦੇ ਉੱਤੇ), ਕੂਹਣੀ ਯ ਸਿੱਧੇ ਰੱਖਦਿਆਂ ਛਾਤੀ ਦੇ ਵਿਚਕਾਰ ਅਤੇ ਹੇਠਲੇ ਹਿੱਸੇ 'ਤੇ ਰੱਖੋ।

- 30 ਵਾਰ ਛਾਤੀ ਨੂੰ ਦਬਾਓ (100 ਪ੍ਰਤੀ ਮਿੰਟ ਦੀ ਦਰ ਨਾਲ)।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

HEALING HERBS & MASSAGE
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।
ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।
ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਕਲਾਕਾਰ ਬਨਾਮ ਕਿਰਦਾਰ !

ਸਵਰਗੀ ਸਰਦਾਰ ਜੋਗਿੰਦਰ ਸਿੰਘ ਸੰਪਾਦਕ 'ਰੋਜ਼ਾਨਾ ਸਪੋਕਸਮੈਨ' ਨੇ ਆਪਣੀ ਅਖਬਾਰ ਦੇ 24 ਅਗਸਤ 2008 ਵਾਲੇ ਅੰਕ ਦੇ ਸਫਾ 6 ਉੱਤੇ ਇੱਕ ਵਿਸ਼ੇਸ਼ ਲੇਖ ਲਿਖਿਆ ਸੀ। ਜਿਸ ਵਿੱਚ ਉਨ੍ਹਾਂ ਸੰਨ 1975 ਵਿੱਚ ਲੱਗੀ ਐਮਰਜੈਂਸੀ ਦੇ ਸਮਿਆਂ ਦੀ ਇਹ ਗੱਲ ਲਿਖੀ-
'ਉਨ੍ਹਾਂ ਦਿਨਾਂ ਵਿੱਚ ਪ੍ਰੈੱਸ ਉੱਤੇ ਲੱਗੇ ਸੈਂਸਰ ਕਾਰਨ ਪੰਜਾਬੀ ਦੀਆਂ ਅਖਬਾਰਾਂ, ਉੱਘੇ ਫਿਲਮਸਾਜ਼ (ਪੰਜਾਬੀ ਫਿਲਮਾਂ) ਸ੍ਰੀ ਭਾਗ ਸਿੰਘ ਸੈਂਸਰ ਕਰਿਆ ਕਰਦੇ ਸਨ। ਦੋਸਤੀ ਹੋਣ ਸਦਕਾ ਉਨ੍ਹਾਂ ਬਾਰੇ 'ਉਡੀ ਹੋਈ' ਕਿਸੇ 'ਟੇਢੀ ਜਿਹੀ ਗੱਲ' ਦਾ ਸਪਸ਼ਟੀਕਰਨ ਲੈਣ ਲਈ ਮੈਂ ਉਨ੍ਹਾਂ ਨੂੰ ਮਿਲਣ ਗਿਆ। ਮੇਰੀ ਗੱਲ ਸੁਣਕੇ ਭਾਗ ਸਿੰਘ ਹੱਸਦਿਆਂ ਹੋਇਆਂ ਬੋਲੇ-



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

"..ਤੁਸੀਂ ਧਰਮਾਤਮਾਂ ਲੋਕ ਹੋ ਤੇ ਅਸੀਂ ਕਲਾਕਾਰ ਹਾਂ। ਜਦ ਰੱਬ ਨੇ ਸਾਨੂੰ ਬਣਾਇਆ ਸੀ ਤਾਂ ਕੰਨ ਵਿੱਚ ਕਿਹਾ ਸੀ-'ਜੋ ਮੰਗਣਾ ਹੈ ਮੰਗ ਲਉ ਕਲਾਕਾਰੋ.ਮਾਲਾ ਮਾਲ ਕਰ ਦਿਆਂਗਾ। ਪਰ ਇੱਕ ਚੀਜ਼ ਨਾ ਮੰਗਣਾ-ਕਰੈਕਟਰ ਜਾਣੀ ਇਖਲਾਕ! ਕਿਉਂਕਿ ਬਹੁਤ ਚੰਗੇ ਇਖਲਾਕ ਵਾਲਾ ਬੰਦਾ ਬਹੁਤ ਚੰਗਾ ਕਲਾਕਾਰ ਨਹੀਂ ਬਣ ਸਕਦਾ, ਨਾ ਹੀ ਚੰਗੀ ਕਲਾ ਸਿਰਜ ਸਕਦਾ ਹੈ! ਜਾਉ ਤੁਹਾਨੂੰ ਸਭ ਕੁੱਝ ਦਿੱਤਾ, ਸਿਵਾਏ ਕਰੈਕਟਰ ਦੇ! ਹਾਹਾਹਾਹਾ!!
ਮਿਸਾਲ ਨੰਬਰ ਦੋ-
ਪੰਜਾਬ ਦੇ ਗਾਉਣ ਵਾਲਿਆਂ ਅਤੇ ਗਾਉਣ ਵਾਲੀਆਂ ਬਾਰੇ ਚਿਰੋਕਣਾ ਨਿੱਠ ਕੇ ਲਿਖਣ ਵਾਲੇ ਗੀਤ-ਸੰਗੀਤਕ ਪਿੜ ਦੇ ਨਾਮਵਰ ਲੇਖਕ ਸ੍ਰੀ ਐੱਸ. ਅਸ਼ੋਕ ਭੌਰਾ ਮੇਰੇ ਚੰਗੇ ਦੋਸਤ ਹਨ। ਪੰਜਾਬ ਤੋਂ ਵੀ ਅਸੀਂ ਇੱਕ ਹੀ ਜ਼ਿਲ੍ਹੇ ਨਵਾਂਸ਼ਹਿਰ ਨਾਲ ਸਬੰਧਤ ਹਾਂ ਅਤੇ ਅਮਰੀਕਨ ਸਟੇਟ ਕੈਲੇਫੋਰਨੀਆਂ ਤੋਂ ਵੀ। ਇਸ ਕਰਕੇ ਅਸੀਂ ਅਕਸਰ 'ਖੁੱਲ੍ਹੀਆਂ ਗੱਲਾਂ' ਵੀ ਕਰ ਲਈ ਦੀਆਂ ਹਨ!
ਜਿਵੇਂ ਸਰਦਾਰ ਜਗਿੰਦਰ ਸਿੰਘ, ਭਾਗ ਸਿੰਘ ਬਾਰੇ ਉਡੀ ਟੇਢੀ ਗੱਲ ਦਾ ਸਪਸ਼ਟੀਕਰਨ ਲੈਣ ਗਏ ਸਨ, ਇਵੇਂ ਪਿੱਛੇ ਜਿਹੇ ਇਕ ਪੰਜਾਬੀ ਕਲਾਕਾਰ ਵਲੋਂ ਆਪਣੀ ਪਤਨੀ ਨਾਲ ਵਿਸਾਹਘਾਤ ਕਰਨ ਵਾਲੀ ਫੈਲੀ ਹੋਈ ਚਰਚਾ ਦਾ ਕੱਚ-ਸੱਚ ਜਾਨਣ ਵਾਸਤੇ ਮੈਂ ਭੌਰਾ ਸਾਹਬ ਨਾਲ ਗੁਫ਼ਤਗੂ ਕਰ ਰਿਹਾ ਸਾਂ।
ਹਾਸੇ ਹਾਸੇ ਵਿੱਚ ਮੈਂ ਭੌਰਾ ਜੀ ਨੂੰ ਇੱਕ ਸੁਝਾਅ ਦਿੱਤਾ ਕਿ ਤੁਸੀਂ ਉਨ੍ਹਾਂ ਗਾਇਕ ਕਲਾਕਾਰਾਂ ਬਾਰੇ ਵੀ ਇੱਕ ਕਿਤਾਬ ਲਿਖੋ ਜਿਨ੍ਹਾਂ ਨੇ ਉਸੇ ਇੱਕ ਪਤੀ ਜਾਂ ਉਸੇ ਇੱਕ ਪਤਨੀ ਨਾਲ ਤੋੜ ਨਿਭਾਈ, ਜਿਹਦੇ ਨਾਲ ਆਪਣੇ ਇਸ਼ਟ ਮੋਹਰੇ ਬਹਿ ਕੇ ਲਾਵਾਂ ਲਈਆਂ ਹੋਈਆਂ ਸਨ।
ਆਪਣੇ ਸੁਭਾਅ ਅਨੁਸਾਰ ਪਹਿਲਾਂ ਭੌਰਾ ਜੀ ਨੇ ਮੇਰੇ ਵੱਲ੍ਹ ਬੜੀ ਗੰਭੀਰ ਨਜ਼ਰ ਸੁੱਟੀ, ਜਿਵੇਂ ਕਿਤੇ ਮੈਂ ਉਨ੍ਹਾਂ ਨੂੰ ਕੋਈ ਬਹੁਤ ਔਖਾ ਸਵਾਲ ਪਾ ਦਿੱਤਾ ਹੋਵੇ!ਪਰ ਫਿਰ ਇੱਕ ਦਮ ਠਹਾਕਾ ਮਾਰ ਕੇ ਉੱਚੀ ਉੱਚੀ ਹੱਸਦਿਆਂ ਕਹਿੰਦੇ-
"ਭਰਾ ਜੀ ਕਿਤਾਬ ???? ਹਾਹਾਹਾ .ਹਾ, ਅਜਿਹੇ 'ਪਤੀ-ਬਰਤਾ' ਜਾਂ 'ਪਤਨੀ-ਬਰਤਾ' ਗਾਇਕ-ਕਲਾਕਾਰਾਂ ਬਾਰੇ ਲਿਖਣਾ ਸ਼ੁਰੂ ਕਰਾਂ ਤਾਂ ਬਸ ਇੱਕ-ਦੋ ਸਫਿਆਂ ਵਿੱਚ ਹੀ ਗੱਲ ਮੁੱਕ ਜਾਵੇਗੀ!

# ਸਿੱਖ ਕਕਾਰ ਕਿਰਪਾਨ 'ਤੇ ਪਾਬੰਦੀ ਦੀ ਮੰਗ ਕਰਨਾ ਤੇ ਨ.ਫਰਤ ਦੀ ਸਿਆਸਤ ਕਰਨਾ ਗਹਿਰੀ ਸਾਜ਼ਿਸ਼: ਜਥੇਦਾਰ ਗੜਗੱਜ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਯੂ. ਕੇ. ਦੇ ਨੌਜਵਾਨ ਹੈਨਰੀ ਨੋਵਾਕ ਦੇ ਕਤਲ ਮਾਮਲੇ 'ਚ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਅਦਾਲਤ ਵੱਲੋਂ ਦੋਸ਼ੀ ਵਿਕਰਮ ਸਿੰਘ ਦਿਗਵਾ ਨੂੰ ਦਿੱਤੀ ਗਈ ਉਮਰ ਕੈਦ ਦੀ ਸਜ਼ਾ ਕਾਨੂੰਨ ਮੁਤਾਬਕ ਬਿਲਕੁਲ ਸਹੀ ਹੈ ਅਤੇ ਸਿੱਖ ਭਾਈਚਾਰਾ ਇਸ ਦਾ ਸਮਰਥਨ ਕਰਦਾ ਹੈ। ਜਥੇਦਾਰ ਗੜਗੱਜ ਨੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਇਸ ਮਾਮਲੇ ਨੂੰ ਆੜ ਬਣਾ ਕੇ ਕੁਝ ਤਾਕਤਾਂ ਵੱਲੋਂ ਸਮੁੱਚੀ ਸਿੱਖ ਕੌਮ ਨੂੰ ਨਿਸ਼ਾਨਾ ਬਣਾਉਣਾ ਅਤੇ ਸਿੱਖ ਕਕਾਰ 'ਕਿਰਪਾਨ' 'ਤੇ ਪਾਬੰਦੀ ਦੀ ਮੰਗ ਕਰਨਾ ਇਕ ਡੂੰਘੀ ਸਾਜ਼ਿਸ਼ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਯੂ. ਕੇ. ਦੇ ਪ੍ਰਮੁੱਖ ਸਿੱਖਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵਾਰਦਾਤ 'ਚ ਵਰਤਿਆ ਗਿਆ ਹਥਿਆਰ 'ਪੇਸ਼ ਕਬਜ਼' (ਖੰਜਰ) ਸੀ, ਨਾ ਕਿ ਸਿੱਖ ਕਕਾਰ ਕਿਰਪਾਨ। ਸਿੱਖੀ ਸਿਧਾਂਤ ਅਨੁਸਾਰ ਕਿਰਪਾਨ ਮਜ਼ਲੂਮ ਦੀ ਰਾਖੀ ਲਈ ਹੈ, ਅਨਿਆਂ ਲਈ ਨਹੀਂ।



ਉਨ੍ਹਾਂ ਕਿਹਾ ਕਿ ਸਿੱਖਾਂ ਦੇ ਬਰਤਾਨੀਆ ਨਾਲ ਸਬੰਧ ਲੱਗਭਗ 200 ਵਰ੍ਹੇ ਪੁਰਾਣੇ ਹਨ। ਵਿਸ਼ਵ ਯੁੱਧਾਂ ਤੋਂ ਲੈ ਕੇ ਉਥੋਂ ਦੀ ਤਰੱਕੀ ਤੱਕ ਸਿੱਖਾਂ ਨੇ ਵਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਯੂ. ਕੇ. ਦੀਆਂ ਸਿੱਖ ਜਥੇਬੰਦੀਆਂ ਨੂੰ ਪੀੜਤ ਪਰਿਵਾਰ ਦਾ ਸਾਥ ਦੇਣ ਦੀ ਤਾਕੀਦ ਕੀਤੀ ਅਤੇ ਉਥੋਂ ਦੀ ਸਰਕਾਰ ਨੂੰ ਅਪੀਲ ਕੀਤੀ ਕਿ ਭਾਈਚਾਰਕ ਸਾਂਝ ਨੂੰ ਸੱਟ ਮਾਰਨ ਵਾਲੇ ਅਨਸਰਾਂ 'ਤੇ ਨਿਗ੍ਹਾ ਰੱਖੀ ਜਾਵੇ। ਅਖ਼ੀਰ 'ਚ ਉਨ੍ਹਾਂ ਮੀਡੀਆ ਨੂੰ ਵੀ ਨਫ਼ਰਤ ਫੈਲਾਉਣ ਦੀ ਬਜਾਏ ਤੱਥਾਂ ਦੇ ਆਧਾਰ 'ਤੇ ਖ਼ਬਰਾਂ ਪ੍ਰਕਾਸ਼ਿਤ ਕਰਨ ਦੀ ਅਪੀਲ ਕੀਤੀ।

# ਨਸ਼ੇ ਦਾ ਟੀਕਾ ਲਗਾਉਣ ਨਾਲ ਚਾਰ ਭੈਣਾਂ ਦੇ ਇਕਲੌਤੇ ਭਰਾ ਦੀ ਮੌਤ

ਖਾਲੜਾ : ਕਸਬਾ ਖਾਲੜਾ ਨੇੜਲੇ ਪਿੰਡ ਅਮੀਸ਼ਾ ਤੋਂ ਇਕ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ, ਜਿਥੇ ਚਾਰ ਭੈਣਾਂ ਦੇ ਇਕਲੌਤੇ ਨੌਜਵਾਨ ਭਰਾ ਦੀ ਨਸ਼ੇ ਦਾ ਟੀਕਾ ਲਗਾਉਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਸੁਖਵਿੰਦਰ ਸਿੰਘ ਉਰਫ਼ ਵਿੱਕੀ 25 ਵਜੋਂ ਹੋਈ ਹੈ। ਮ੍ਰਿਤਕ ਦੀ ਮਾਤਾ ਕੁਲਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਪੁੱਤਰ ਕਾਫ਼ੀ ਸਮੇਂ ਤੋਂ ਹੈਰੋਇਨ ਸਮੇਤ ਹੋਰ ਨਸ਼ਿਆਂ ਦਾ ਆਦੀ ਸੀ। ਉਨ੍ਹਾਂ ਦੱਸਿਆ ਕਿ ਦੋ ਦਿਨ ਪਹਿਲਾਂ ਉਸ ਨੇ ਆਪਣੇ ਨਸਾਂ ਵਿਚ ਨਸ਼ੇ ਦਾ ਟੀਕਾ ਲਗਾਇਆ, ਜਿਸ ਤੋਂ ਬਾਅਦ ਉਹ ਬੇਹੋਸ਼ ਹੋ ਗਿਆ। ਪਰਿਵਾਰ ਵੱਲੋਂ ਤੁਰੰਤ ਉਸਨੂੰ ਇਲਾਜ ਲਈ ਅੰਮ੍ਰਿਤਸਰ ਦੇ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿਥੇ ਇਲਾਜ ਦੌਰਾਨ ਬੀਤੀ ਰਾਤ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਮਾਤਾ ਨੇ ਦੱਸਿਆ ਕਿ ਉਸ ਦੇ ਪਤੀ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਸੁਖਵਿੰਦਰ ਸਿੰਘ ਆਪਣੀਆਂ ਚਾਰ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਮਿਹਨਤ ਮਜ਼ਦੂਰੀ ਕਰਕੇ ਘਰ ਦਾ ਗੁਜ਼ਾਰਾ ਚਲਾਉਂਦਾ ਸੀ। ਉਸ ਨੇ ਭਰੇ ਮਨ ਨਾਲ ਕਿਹਾ ਕਿ ਉਸ ਦੇ ਬੁਢਾਪੇ ਦਾ ਇਕੱਲਾ ਸਹਾਰਾ ਵੀ ਨਸ਼ੇ ਦੀ ਲਤ ਕਾਰਨ ਦੁਨੀਆ ਤੋਂ ਰੁਖ਼ਸਤ ਹੋ ਗਿਆ ਹੈ। ਉਨ੍ਹਾਂ ਪੰਜਾਬ ਸਰਕਾਰ ਅਤੇ ਹਲਕਾ ਖੇਮਕਰਨ ਦੇ ਵਿਧਾਇਕ ਸਰਵਨ ਸਿੰਘ ਧੁੰਨ ਕੋਲੋਂ ਅਪੀਲ ਕੀਤੀ ਕਿ ਉਸਦੇ ਜੀਵਨ ਨਿਰਵਾਹ ਲਈ ਸੰਭਵ ਮਦਦ ਕੀਤੀ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਸਰਕਾਰ ਤੋਂ ਨਸ਼ਾ ਸਮੱਗਲਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਇਸ ਭਿਆਨਕ ਸਮੱਸਿਆ ਦਾ ਜਲਦੀ ਹੱਲ ਕੀਤਾ ਜਾਵੇ, ਤਾਂ ਜੋ ਹੋਰ ਕਿਸੇ ਮਾਂ ਦੀ ਗੋਦ ਸੁੰਨੀ ਹੋਣ ਤੋਂ ਬਚ ਸਕੇ।



# ਕੂਕਾ ਲਹਿਰ ਦੇ ਸ਼ਹੀਦਾਂ ਨੂੰ ਦੇਸ਼ ਭੁੱਲ ਨਹੀਂ ਸਕਦਾ: ਕਟਾਰੀਆ

## ਭੈਣੀ ਸਾਹਿਬ ਦਾ ਦੌਰਾ ਕੀਤਾ; ਨਾਮਧਾਰੀ ਸੰਪਰਦਾ ਦੇ ਮੁਖੀ ਵੱਲੋਂ ਸਵਾਗਤ

ਸਮਰਾਲਾ/ਮਾਛੀਵਾੜਾ : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਭੈਣੀ ਸਾਹਿਬ ਦੇ ਧਾਰਮਿਕ ਅਸਥਾਨ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਭੈਣੀ ਸਾਹਿਬ ਦੇ ਦਰਸ਼ਨ ਕੀਤੇ ਅਤੇ ਗੁਰਮਤਿ ਸਮਾਗਮ ਨੂੰ ਸੰਬੋਧਨ ਵੀ ਕੀਤਾ। ਰਾਜਪਾਲ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਮੁੱਢ ਸਤਿਗੁਰੂ ਰਾਮ ਸਿੰਘ ਨੇ ਅੰਗਰੇਜ਼ ਸਾਮਰਾਜ ਵਿਰੁੱਧ ਨਾ ਮਿਲਵਤਰਨ ਲਹਿਰ ਚਲਾ ਕੇ ਬੰਨ੍ਹਿਆ ਅਤੇ ਦੇਸ਼ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੇਧ ਦਿੱਤੀ। ਉਨ੍ਹਾਂ ਨੇ ਸੱਚ, ਸੱਤਿਆਗ੍ਰਹਿ ਅਤੇ ਅਹਿੰਸਾ ਦੇ ਸਿਧਾਂਤਾਂ 'ਤੇ ਪਹਿਰਾ ਦਿੱਤਾ ਅਤੇ ਇਨ੍ਹਾਂ ਸਿਧਾਂਤਾਂ ਨੂੰ ਅਪਣਾ ਕੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿੱਚ ਵਡਮੁੱਲਾ ਯੋਗਦਾਨ ਪਾਇਆ। ਕੂਕਾ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਦੇਸ਼ ਭੁੱਲ ਨਹੀਂ ਸਕਦਾ। ਨਾਮਧਾਰੀ ਸੰਪਰਦਾ ਦੇ ਮੁਖੀ ਉਦੈ ਸਿੰਘ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਦਾ ਸਵਾਗਤ ਕਰਦਿਆਂ ਨਾਮਧਾਰੀ ਭਾਈਚਾਰੇ ਵੱਲੋਂ ਅਪਣਾਈਆਂ ਅਧਿਆਤਮਕ ਪ੍ਰੰਪਰਾਵਾਂ ਅਤੇ ਮਾਨਵਤਾਵਾਦੀ ਕਦਰਾਂ-ਕੀਮਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਰਾਜ ਸੂਚਨਾ ਕਮਿਸ਼ਨਰ ਪੰਜਾਬ ਹਰਪ੍ਰੀਤ ਸੰਧੂ ਵੱਲੋਂ ਬਣਾਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਦਰਸਾਉਂਦੀ ਤਸਵੀਰ ਉਦੈ ਸਿੰਘ ਨੇ ਸ੍ਰੀ ਕਟਾਰੀਆ ਨੂੰ ਭੇਟ ਕੀਤੀ।



ਸ੍ਰੀ ਕਟਾਰੀਆ ਦੀ ਰਾਜਪਾਲ ਬਣਨ ਤੋਂ ਬਾਅਦ ਭੈਣੀ ਸਾਹਿਬ ਦੀ ਇਹ ਪਹਿਲੀ ਫੇਰੀ ਸੀ। ਇਸ ਦੌਰਾਨ ਰਾਜਪਾਲ ਨੇ ਭੈਣੀ ਸਾਹਿਬ ਅੰਦਰ ਸਥਿਤ ਰਾਮ ਮੰਦਰ ਦਾ ਦੌਰਾ ਵੀ ਕੀਤਾ ਜਿੱਥੇ 1857 ਵਿੱਚ ਅੰਗਰੇਜ਼ਾਂ ਵਿਰੁੱਧ ਕੂਕਾ ਲਹਿਰ ਸ਼ੁਰੂ ਹੋਈ ਸੀ। ਰਾਜਪਾਲ ਨੇ ਰਾਮ ਮੰਦਰ ਅੰਦਰ ਲੱਗੀ ਫੋਟੋ ਪ੍ਰਦਰਸ਼ਨੀ ਵੀ ਦੇਖੀ। ਇਸ ਤੋਂ ਬਾਅਦ ਉਨ੍ਹਾਂ ਨਾਮਧਾਰੀ ਗਊਸ਼ਾਲਾ ਵੀ ਦੇਖੀ। ਸ੍ਰੀ ਕਟਾਰੀਆ ਨੇ ਉਦੈ ਸਿੰਘ ਦੀ ਮੌਜੂਦਗੀ ਵਿੱਚ ਭੈਣੀ ਸਾਹਿਬ ਵਿੱਚ ਕਰਵਾਏ ਗੁਰਮਤਿ ਸਮਾਗਮ ਵਿੱਚ ਵੀ ਹਿੱਸਾ ਲਿਆ ਜਿੱਥੇ ਉਨ੍ਹਾਂ ਨੇ ਕੀਰਤਨ ਸਰਵਣ ਕੀਤਾ। ਇਸ ਮੌਕੇ ਉਨ੍ਹਾਂ ਨਾਲ ਮੁੱਖ ਸੂਚਨਾ ਕਮਿਸ਼ਨਰ ਪੰਜਾਬ ਇੰਦਰਪਾਲ ਸਿੰਘ ਧੰਨਾ ਅਤੇ ਪੰਜਾਬ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਨੇ ਵੀ ਗੁਰਮਤਿ ਸਮਾਗਮ ਵਿੱਚ ਸ਼ਿਰਕਤ ਕੀਤੀ।

# ਕਿਸਾਨਾਂ ਵੱਲੋਂ ਯੂਰੀਆ ਦੀ ਘਾਟ ਅਤੇ ਮਹਿੰਗਾਈ ਖ਼ਿਲਾ.ਫ ਪ੍ਰਦਰਸ਼ਨ

## ਕੱਚੇ ਤੇਲ ਦੀਆਂ ਕੀਮਤਾਂ ਘਟਣ ਦੇ ਬਾਵਜੂਦ ਦੇਸ਼ ਵਿੱਚ ਮਹਿੰਗਾਈ ਵਧਣ ਦੀ ਨਿਖੇਧੀ; ਭਾਰਤ-ਅਮਰੀਕਾ ਸਮਝੌਤਾ ਰੱਦ ਕਰਨ ਦੀ ਮੰਗ

ਅੰਮ੍ਰਿਤਸਰ : ਆਲ ਇੰਡੀਆ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਯੂਰੀਆ ਖਾਦ ਦੀ ਕਮੀ, ਡੀਜ਼ਲ, ਪੈਟਰੋਲ ਤੇ ਰਸੋਈ ਗੈਸ ਦੀਆਂ ਵੱਧ ਰਹੀਆਂ ਕੀਮਤਾਂ ਅਤੇ ਭਾਰਤ ਅਮਰੀਕਾ ਸਮਝੌਤੇ ਖ਼ਿਲਾਫ਼ ਅੰਮ੍ਰਿਤਸਰ ਵਿੱਚ ਗੋਲਡਨ ਗੇਟ ਸਮੇਤ ਦੇਸ਼ ਭਰ ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜਥੇਬੰਦੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਪੰਜਾਬ ਸਮੇਤ ਦੇਸ਼ ਦੇ ਪੰਜ ਸੂਬਿਆਂ ਵਿੱਚ ਪ੍ਰਦਰਸ਼ਨ ਕੀਤੇ ਗਏ, ਜਿਸ ਤਹਿਤ ਪੰਜਾਬ ਦੇ 22 ਜ਼ਿਲ੍ਹਿਆਂ ਵਿੱਚ 74 ਥਾਵਾਂ 'ਤੇ ਅਰਥੀ ਫੂਕ ਮੁਜ਼ਾਹਰੇ ਹੋਏ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਗੋਲਡਨ ਗੇਟ, ਰਈਆ, ਜੰਡਿਆਲਾ ਗੁਰੂ, ਮਹਿਤਾ ਚੌਂਕ, ਕੱਥੂਨੰਗਲ ਟੋਲ ਪਲਾਜ਼ਾ, ਮਜੀਠਾ, ਰਮਦਾਸ, ਗੱਗੋਮਾਹਲ ਚੌਂਕ, ਅਜਨਾਲਾ, ਲੋਪੋਕੇ ਅਤੇ ਖ਼ਾਸਾ ਸਮੇਤ 12 ਥਾਵਾਂ 'ਤੇ ਰੋਸ ਵਿਖਾਵੇ ਹੋਏ। ਆਗੂਆਂ ਨੇ ਆਖਿਆ ਕਿ ਝੋਨੇ ਦੀ ਲਵਾਈ ਸ਼ੁਰੂ ਹੁੰਦਿਆਂ ਹੀ ਯੂਰੀਆ ਖਾਦ ਦੀ ਕਿੱਲਤ ਆ ਗਈ ਹੈ ਅਤੇ ਕਾਲਾਬਾਜ਼ਾਰੀ ਜ਼ੋਰਾਂ 'ਤੇ ਹੈ। ਸਹਿਕਾਰੀ ਸਭਾਵਾਂ ਅਤੇ ਨਿੱਜੀ ਦੁਕਾਨਾਂ ਵਿੱਚ ਖਾਦ ਦੇ ਨਾਲ ਨੈਨੋ ਯੂਰੀਆ ਤੇ ਸਲਫ਼ਰ ਵਰਗੇ ਬੇਲੋੜੇ ਉਤਪਾਦ ਜ਼ਬਰਦਸਤੀ ਦੇ ਕੇ ਕਿਸਾਨਾਂ ਦੀ ਲੁੱਟ ਕੀਤੀ ਜਾ ਰਹੀ ਹੈ। ਕੌਮਾਂਤਰੀ ਬਾਜ਼ਾਰ ਵਿੱਚ ਕੱਚਾ ਤੇਲ ਸਸਤਾ ਹੋਣ ਦੇ ਬਾਵਜੂਦ ਟੈਕਸਾਂ ਰਾਹੀਂ ਲੁੱਟਿਆ ਜਾ ਰਿਹਾ ਹੈ। ਕਿਸਾਨਾਂ ਨੇ ਮੰਗ ਕੀਤੀ ਕਿ ਖਾਦ ਨਿਰਧਾਰਤ ਰੇਟ 'ਤੇ ਮਿਲੇ, ਤੇਲ-ਗੈਸ ਦੀਆਂ ਕੀਮਤਾਂ ਘਟਾਈਆਂ ਜਾਣ, ਭਾਰਤ-ਅਮਰੀਕਾ ਸਮਝੌਤਾ ਰੱਦ ਹੋਵੇ ਤੇ ਸਹਿਮਤੀ ਤੋਂ ਬਿਨਾਂ ਜ਼ਮੀਨਾਂ ਐਕੁਆਇਰ ਕਰਨੀਆਂ ਬੰਦ ਕੀਤੀਆਂ ਜਾਣ।



# ਕੌਮੀ ਇਨਸਾ.ਫ ਮੋਰਚੇ ਵੱਲੋਂ ਲਾਡੋਵਾਲ ਟੋਲ ਪਲਾਜ਼ੇ ਦਾ ਘਿਰਾਓ

## ਤਿੰਨ ਘੰਟੇ ਲਈ ਕੀਤਾ ਪਰਚੀ ਮੁਕਤ; ਬੰਦੀ ਸਿੰਘਾਂ ਦੀ ਰਿਹਾਈ ਮੰਗੀ

ਲੁਧਿਆਣਾ : ਕੌਮੀ ਇਨਸਾਫ਼ ਮੋਰਚਾ ਦੇ ਸੱਦੇ 'ਤੇ ਅੱਜ ਵੱਖ ਵੱਖ ਜਥੇਬੰਦੀਆਂ ਵੱਲੋਂ ਲੁਧਿਆਣਾ-ਜਲੰਧਰ ਨੈਸ਼ਨਲ ਹਾਈਵੇਅ ਸਥਿਤ ਲਾਡੋਵਾਲ ਟੋਲ ਪਲਾਜ਼ੇ ਦਾ ਘਿਰਾਓ ਕਰਕੇ ਤਿੰਨ ਘੰਟੇ ਲਈ ਪਰਚੀ ਮੁਕਤ ਕੀਤਾ ਗਿਆ। ਇਸ ਮੌਕੇ ਮੁਜ਼ਾਹਰਾਕਾਰੀਆਂ ਨੇ ਬਿਨਾਂ ਕੇਸਾਂ ਤੋਂ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖਾਂ ਦੀ ਰਿਹਾਈ ਦੀ ਮੰਗ ਕੀਤੀ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਨੌਜਵਾਨਾਂ ਨੇ ਹੱਥਾਂ ਵਿੱਚ ਬੰਦੀ ਸਿੰਘਾਂ ਦੀਆਂ ਤਸਵੀਰਾਂ, ਕੌਮੀ ਇਨਸਾਫ਼ ਮੋਰਚੇ ਦੇ ਝੰਡੇ ਅਤੇ ਨਾਅਰੇ ਲਿਖੀਆਂ ਤਖ਼ਤੀਆਂ ਚੁੱਕੀਆਂ ਹੋਈਆਂ ਸਨ। ਕਿਸਾਨ ਜਥੇਬੰਦੀਆਂ ਦੇ ਆਗੂ ਵੀ ਝੰਡੇ ਲੈ ਕੇ ਨਾਅਰੇਬਾਜ਼ੀ ਕਰ ਰਹੇ ਸਨ।




ਇਸ ਮੌਕੇ ਕੌਮੀ ਇਨਸਾਫ਼ ਮੋਰਚੇ ਦੇ ਸਰਪ੍ਰਸਤ ਗੁਰਚਰਨ ਸਿੰਘ, ਪਾਲ ਸਿੰਘ ਫਰਾਂਸ, ਗੁਰਦੀਪ ਸਿੰਘ ਬਠਿੰਡਾ, ਕਰਨੈਲ ਸਿੰਘ ਪੰਜੋਲੀ, ਡਾ. ਨਵਜੋਤ ਕੌਰ ਸਿੱਧੂ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਜਥੇਦਾਰ ਜਸਵੰਤ ਸਿੰਘ ਚੀਮਾ, ਤਰੁਣ ਜੈਨ ਬਾਵਾ, ਬਲਵਿੰਦਰ ਸਿੰਘ ਫਿਰੋਜ਼ਪੁਰ, ਬਲਵਿੰਦਰ ਸਿੰਘ ਕਾਲਾ, ਪਾਲ ਸਿੰਘ ਘੜੂੰਆਂ, ਜਗਵੀਰ ਸਿੰਘ ਘੜੂੰਆਂ, ਬਲਜੀਤ ਸਿੰਘ ਭਾਊ, ਮੱਖਣ ਸਿੰਘ ਮਾਨਸਾ, ਜਤਿੰਦਰ ਸਿੰਘ ਈਸੜੂ, ਬਲਦੇਵ ਸਿੰਘ ਦਮਹੇੜੀ, ਸੂਬਾ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਅਤੇ ਹਨੀ ਸਿੰਗਲਾ ਨੇ ਦੋਸ਼ ਲਗਾਇਆ ਕਿ ਸਰਕਾਰ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਲਈ ਗੰਭੀਰ ਨਹੀਂ ਹੈ। ਸਰਕਾਰ ਵੱਲੋਂ ਉਨ੍ਹਾਂ ਦੀ ਰਿਹਾਈ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ, ਜਿਸ ਕਾਰਨ ਕੌਮੀ ਇਨਸਾਫ਼ ਮੋਰਚਾ ਵੱਲੋਂ ਐਕਸ਼ਨ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਮੋਰਚਾ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇ ਕੇਂਦਰ ਸਰਕਾਰ ਜਲਦੀ ਹੀ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਕਾਰਵਾਈ ਨਹੀਂ ਕਰਦੀ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।
ਮੋਰਚੇ ਦੇ ਕੋ ਕਨਵੀਨਰ ਗੁਰਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਚਾਰ ਜੁਲਾਈ ਨੂੰ ਰੇਲਾਂ ਰੋਕਣ ਅਤੇ 15 ਅਗਸਤ ਨੂੰ ਪੰਜਾਬ ਦੇ ਰਾਜਪਾਲ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਪੰਜਾਬ ਅਤੇ ਪੰਜਾਬ ਬਾਹਰੋਂ ਲੋਕ ਪੁੱਜ ਕੇ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਮਜਬੂਰ ਕਰਨਗੇ।

# ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਦਾ ਫੈਸਲਾ



ਲੁਧਿਆਣਾ : ਬਿਨਾਂ ਕੇਸਾਂ ਦੇ ਸਾਲਾਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚਾ ਵੱਲੋਂ ਅਗਲੇ ਸੂਬਾ ਪੱਧਰੀ ਸੰਘਰਸ਼ ਦਾ ਐਲਾਨ ਕੀਤਾ ਗਿਆ ਹੈ, ਜਿਸ ਤਹਿਤ ਭਲਕੇ ਲਾਡੋਵਾਲ ਟੌਲ ਪਲਾਜ਼ਾ ਪਰਚੀ ਮੁਕਤ ਕਰਨ, 4 ਜੁਲਾਈ ਨੂੰ ਰੇਲ ਆਵਾਜਾਈ ਰੋਕਣ ਅਤੇ 15 ਅਗਸਤ ਨੂੰ ਪੰਜਾਬ ਦੇ ਰਾਜਪਾਲ ਦਾ ਘਿਰਾਓ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਅੱਜ ਇੱਥੇ ਕੌਮੀ ਇਨਸਾਫ਼ ਮੋਰਚਾ ਦੀ ਹੋਈ ਮੀਟਿੰਗ ਵਿੱਚ ਕਿਸਾਨਾਂ, ਮਜ਼ਦੂਰਾਂ, ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ, ਬੁੱਧੀਜੀਵੀਆਂ, ਸਮਾਜ ਪ੍ਰਤੀ ਦਰਦ ਰੱਖਣ ਵਾਲੀਆਂ ਸ਼ਖਸੀਅਤਾਂ ਅਤੇ ਸੰਤ ਮਹਾਂਪੁਰਸ਼ ਸ਼ਾਮਲ ਹੋਏ।

ਮੀਟਿੰਗ ਉਪਰੰਤ ਮੁੱਖ ਬੁਲਾਰੇ ਗੁਰਦੀਪ ਸਿੰਘ ਬਠਿੰਡਾ, ਕੋ ਕਨਵੀਨਰ ਗੁਰਿੰਦਰ ਸਿੰਘ ਭੰਗੂ ਅਤੇ ਜਥੇਦਾਰ ਜਸਵੰਤ ਸਿੰਘ ਚੀਮਾ ਨੇ ਮੀਡੀਆ ਨੂੰ ਦੱਸਿਆ ਕਿ ਕੌਮੀ ਇਨਸਾਫ਼ ਮੋਰਚਾ ਪਿਛਲੇ ਲੰਬੇ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕਰ ਰਿਹਾ ਹੈ ਪਰ ਸਰਕਾਰ ਦੇ ਕੰਨ ’ਤੇ ਜੂੰ ਨਹੀਂ ਸਰਕ ਰਹੀ। ਸਰਕਾਰ ਦੀ ਇਸ ਸਬੰਧੀ ਗੈਰ ਜ਼ਿੰਮੇਵਾਰਾਨਾ ਨੀਤੀ ਨੂੰ ਵੇਖਦਿਆਂ ਮੋਰਚੇ ਵੱਲੋਂ ਹੁਣ ਮੁਹਾਲੀ ਦੀ ਥਾਂ ਪੰਜਾਬ ਭਰ ਵਿੱਚ ਸੰਘਰਸ਼ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਮੋਰਚਾ ਹੁਣ ਆਰ-ਪਾਰ ਦੀ ਲੜਾਈ ਲਈ ਤਿਆਰ ਹੈ। ਪੰਜਾਬ ਦੇ ਰਾਜਪਾਲ ਦਾ ਘਿਰਾਓ ਕਰਨ ਸਮੇਂ ਵੱਖ ਵੱਖ ਵਰਗਾਂ ਦੇ ਪ੍ਰਤੀਨਿਧਾਂ ਤੋਂ ਇਲਾਵਾ ਹਰਿਆਣਾ, ਦਿੱਲੀ, ਰਾਜਸਥਾਨ ਅਤੇ ਜੰਮੂ ਕਸ਼ਮੀਰ ਦੇ ਸਿੱਖਾਂ ਨੂੰ ਵੀ ਇਸ ਵਿੱਚ ਸ਼ਾਮਲ ਕਰਨ ਲਈ ਯਤਨ ਕੀਤੇ ਜਾਣਗੇ। ਇਸ ਤੋਂ ਇਲਾਵਾ ਸਿੱਖ ਪੰਥ ਦੀਆਂ ਵੱਖ ਵੱਖ ਜਥੇਬੰਦੀਆਂ ਨੂੰ ਵੀ ਇਸ ਮੌਕੇ ਇਕ ਕਰਨ ਦਾ ਕਾਰਜ ਆਰੰਭ ਹੋਵੇਗਾ। ਲੱਖਾਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਜ਼ੁਲਮ ਅਤੇ ਹੰਕਾਰ ਨੂੰ ਤੋੜਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਜੇਕਰ ਇਸ ਤੋਂ ਬਾਅਦ ਵੀ ਸਰਕਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਕਾਰਵਾਈ ਨਾ ਕੀਤੀ ਤਾਂ ਕੌਮੀ ਇਨਸਾਫ਼ ਮੋਰਚਾ ਵੱਲੋਂ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਮੀਟਿੰਗ ਦੌਰਾਨ ਬਲਵਿੰਦਰ ਸਿੰਘ ਕਾਲਾ ਝਾੜ ਸਾਹਿਬ ਕੋ ਕਨਵੀਨਰ, ਪਾਲ ਸਿੰਘ ਘੜੂੰਆਂ ਕੋ ਸਰਪਰਸਤ, ਡਾ: ਦਰਸ਼ਨ ਪਾਲ, ਹਰਕੀਰਤ ਸਿੰਘ ਰਾਣਾ, ਜਤਿੰਦਰ ਸਿੰਘ ਈਸੜੂ, ਜਸਪਾਲ ਸਿੰਘ ਪ੍ਰਿੰਸ ਅਤੇ ਤਰੁਣ ਬਾਵਾ ਜੈਨ ਸਮੇਤ ਕਈ ਆਗੂ ਹਾਜ਼ਰ ਸਨ।

# ਉਗਰਾਹਾਂ ਤੇ ਡਕੌਂਦਾ ਜਥੇਬੰਦੀਆਂ ਵੱਲੋਂ 4 ਜੁਲਾਈ ਨੂੰ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ ਦਾ ਐਲਾਨ



ਬਰਨਾਲਾ : ਇੱਥੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਅਤੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਡਕੌਂਦਾ) ਧਨੇਰ ਵੱਲੋਂ ਪੰਜਾਬ ਦੇ ਕਿਸਾਨਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ 4 ਜੁਲਾਈ ਨੂੰ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ ਅਤੇ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਹੈ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਦੋਵਾਂ ਜਥੇਬੰਦੀਆਂ ਦੇ ਸੂਬਾ ਪ੍ਰਧਾਨਾਂ ਜੋਗਿੰਦਰ ਸਿੰਘ ਉਗਰਾਹਾਂ ਅਤੇ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਪੰਜਾਬ ਸਰਕਾਰ ਲੰਮੇ ਸਮੇਂ ਤੋਂ ਕਿਸਾਨਾਂ ਤੇ ਲੋਕਾਂ ਦੇ ਭਖਦੇ ਮਸਲਿਆਂ ਨੂੰ ਅਣਗੌਲਿਆਂ ਕਰ ਰਹੀ ਹੈ ਅਤੇ ਮੰਗਾਂ-ਮਸਲੇ ਹੱਲ ਕਰਨ ਦੀ ਬਜਾਏ ਨੰਗੇ-ਚਿੱਟੇ ਜ਼ਬਰ ’ਤੇ ਉਤਰ ਆਈ ਹੈ। ਉਨ੍ਹਾਂ ਕਿਹਾ ਕਿ ਨਾ ਸਿਰਫ਼ ਕਿਸਾਨਾਂ-ਮੁਲਾਜ਼ਮਾਂ ’ਤੇ, ਬਲਕਿ ਬੇਰੋਜ਼ਗਾਰ ਨੌਜਵਾਨਾਂ ’ਤੇ ਵੀ ਅੰਨ੍ਹਾ ਜ਼ਬਰ ਕੀਤਾ ਜਾ ਰਿਹਾ ਹੈ।

ਆਗੂਆਂ ਨੇ ਕਿਹਾ ਕਿ ਪੰਜਾਬ ਦੀ ਕਿਸਾਨੀ ਕਰਜ਼ੇ ਦੀ ਕੁੜਿੱਕੀ ਵਿੱਚ ਫਸੀ ਹੋਈ ਹੈ ਅਤੇ ਫ਼ਸਲਾਂ ਦੇ ਲਾਹੇਵੰਦ ਭਾਅ ਨਹੀਂ ਮਿਲ ਰਹੇ, ਜਿਸ ਦੇ ਸਿੱਟੇ ਵਜੋਂ ਖ਼ੁਦਕੁਸ਼ੀਆਂ ਦਾ ਦੌਰ ਜਾਰੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿੱਲ ਤੋਂ ਇਲਾਵਾ ਬੀਜ ਐਕਟ, ਮਨਰੇਗਾ ਦੇ ਖ਼ਾਤਮੇ ਅਤੇ ਕਿਸਾਨਾਂ ਤੇ ਮਜ਼ਦੂਰਾਂ ਦੇ ਭਖਦੇ ਮੁੱਦਿਆਂ ਉੱਤੇ ਸੂਬਾ ਸਰਕਾਰ ਨੇ ਚੁੱਪ ਧਾਰੀ ਹੋਈ ਹੈ।

ਆਗੂਆਂ ਨੇ ਮੰਗ ਕੀਤੀ ਕਿ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਰਜ਼ੇ ਤੋਂ ਮੁਕਤੀ ਦਿਵਾਉਣ ਲਈ ਸਹਿਕਾਰੀ (ਕੋਆਪਰੇਟਿਵ) ਅਦਾਰਿਆਂ ’ਤੇ ‘ਵਨ ਟਾਈਮ ਸੈਟਲਮੈਂਟ’ ਸਕੀਮ ਅਧੀਨ ਯਕਮੁਸ਼ਤ ਨਿਪਟਾਰਾ ਕੀਤਾ ਜਾਵੇ ਅਤੇ ਘੱਟ ਵਿਆਜ ’ਤੇ ਸਹਿਕਾਰੀ ਕਰਜ਼ੇ ਦੀ ਹੱਦ ਨੂੰ ਵਧਾਇਆ ਜਾਵੇ।

ਉੱਥੇ ਹੀ ਉਗਰਾਹਾਂ ਦੇ ਸੂਬਾ ਆਗੂ ਝੰਡਾ ਸਿੰਘ ਜੇਠੂਕੇ ਨੇ ਮੰਗ ਕੀਤੀ ਕਿ ਸੂਬਿਆਂ ਨੂੰ ਪਾਣੀਆਂ ਦੀ ਵੰਡ ਅਤੇ ਉਸ ਦੇ ਯੋਗ ਪ੍ਰਬੰਧ ਦੇ ਪੂਰਨ ਅਧਿਕਾਰ ਦਿੱਤੇ ਜਾਣ ਅਤੇ ਕੇਂਦਰ ਇਸ ਵਿੱਚ ਦਖ਼ਲਅੰਦਾਜ਼ੀ ਬੰਦ ਕਰੇ।

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਘੱਲੂਘਾਰਾ ਦਿਵਸ ਦੀ 42ਵੀਂ ਵਰ੍ਹੇਗੰਢ ਮਨਾਈ

## ਦੇਸ਼-ਵਿਦੇਸ਼ ਤੋਂ ਸੰਗਤਾਂ ਹੋਈਆਂ ਸ਼ਾਮਲ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 1984 ਦੇ ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਮੌਕੇ ਧਾਰਮਿਕ ਸਮਾਗਮ ਕਰਵਾਏ ਗਏ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਹੁੰਚੇ। 4 ਜੂਨ ਨੂੰ ਆਰੰਭ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਸਮਾਗਮ ਹੋਇਆ ਅਤੇ ਅਰਦਾਸ ਕੀਤੀ ਗਈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਕੌਮ ਨੂੰ ਸੰਦੇਸ਼ ਵੀ ਦਿੱਤਾ। ਜਥੇਦਾਰ ਨੇ ਕਿਹਾ ਕਿ ਸਿੱਖਾਂ ਨੇ ਹਮੇਸ਼ਾਂ ਆਪਣੀ ਅਣਖ ਤੇ ਗੈਰਤ ਨੂੰ ਕਾਇਮ ਰੱਖਿਆ। ਉਨ੍ਹਾਂ ਕਿਹਾ ਅੱਜ ਸਿੱਖ ਪੂਰੇ ਸੰਸਾਰ ਵਿਚ ਮੌਜੂਦ ਹਨ ਤੇ ਦੁਨੀਆਂ ਵਿਚ ਵੱਖਰੀ ਪਛਾਣ ਬਣਾਈ ਹੈ। ਜਥੇਦਾਰ ਨੇ ਕਿਹਾ ਪੰਜਾਬ ਸਾਡਾ ਮੂਲ ਹੈ ਤੇ ਲੋਕ ਆਪਣੀਆਂ ਜ਼ਮੀਨਾਂ ਨਾ ਵੇਚਣ। ਵਿਦੇਸ਼ਾਂ ਵਿਚ ਵੱਸਣ ਵਾਲੇ ਪੰਜਾਬੀਓ ਪੰਜਾਬ ਨੂੰ ਪੱਕੇ ਤੌਰ ’ਤੇ ਨਾਂ ਛੱਡੋ, ਇੱਥੇ ਵਾਪਸ ਆਓ।



ਇਸ ਮੌਕੇ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ, ਸੰਪਰਦਾਵਾਂ ਅਤੇ ਧਾਰਮਿਕ ਜਥੇ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋ ਕੇ ਅਰਦਾਸਾਂ ਕਰ ਰਹੇ ਹਨ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਨ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ 6 ਜੂਨ ਦਾ ਦਿਨ ਖਾਲਸਾ ਪੰਥ ਲਈ ਬਹੁਤ ਹੀ ਦੁੱਖਦਾਈ ਅਤੇ ਕਾਲਾ ਦਿਨ ਹੈ। ਉਨ੍ਹਾਂ ਕਿਹਾ ਕਿ ਇਸ ਦਿਨ ਨੂੰ ਯਾਦ ਕਰਦਿਆਂ ਸੰਗਤਾਂ ਵੱਲੋਂ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ ਅਤੇ ਕੌਮ ਲਈ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਅੱਜ ਤੱਕ ਇਨਸਾਫ ਨਹੀਂ ਮਿਲਿਆ ਅਤੇ ਪੰਥ ਨੂੰ ਇਕਜੁੱਟ ਹੋ ਕੇ ਅੱਗੇ ਵਧਣ ਦੀ ਲੋੜ ਹੈ। ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਜਿਨ੍ਹਾਂ ਬੰਦੀ ਸਿੰਘਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ, ਉਨ੍ਹਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਸਬੰਧੀ ਤੁਰੰਤ ਫੈਸਲਾ ਲਿਆ ਜਾਵੇ।

ਉਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਬੰਦੀ ਛੋੜ ਦਿਵਸ ਨਾਲ ਜੁੜੇ ਇਤਿਹਾਸਕ ਪ੍ਰਸੰਗ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਿਵੇਂ ਗੁਰੂ ਸਾਹਿਬ ਨੇ ਕੈਦੀਆਂ ਨੂੰ ਰਿਹਾਈ ਦਿਵਾਈ ਸੀ, ਉਸੇ ਤਰ੍ਹਾਂ ਅੱਜ ਵੀ ਬੰਦੀ ਸਿੰਘਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਘੱਲੂਘਾਰਾ ਬਰਸੀ ਮੌਕੇ ਦਰਬਾਰ ਸਾਹਿਬ ਵਿਖੇ ਸੰਗਤਾਂ ਦਾ ਵੱਡਾ ਇਕੱਠ ਦੇਖਣ ਨੂੰ ਮਿਲਿਆ ਅਤੇ ਦਿਨ ਭਰ ਧਾਰਮਿਕ ਸਮਾਗਮਾਂ, ਅਰਦਾਸਾਂ ਅਤੇ ਸ਼ਰਧਾਂਜਲੀ ਸਮਾਗਮਾਂ ਦਾ ਦੌਰ ਜਾਰੀ ਰਿਹਾ।

ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ 1984 ਦੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਿੰਘਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਨਮਿਤ ਅਰਦਾਸ ਕੀਤੀ। ਆਗੂਆਂ ਨੇ ਕਿਹਾ ਕਿ ਸ਼ਹੀਦਾਂ ਦੀ ਸੋਚ ਅਤੇ ਵਿਚਾਰਧਾਰਾ ਅੱਜ ਵੀ ਸਿੱਖ ਕੌਮ ਲਈ ਮਾਰਗਦਰਸ਼ਕ ਹੈ ਅਤੇ ਉਹ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ 1984 ਦੀਆਂ ਘਟਨਾਵਾਂ ਨੂੰ ਉਹ ਕਦੇ ਵੀ ਭੁਲਾ ਨਹੀਂ ਸਕਦੇ ਅਤੇ ਇਹ ਇਤਿਹਾਸ ਸਿੱਖ ਕੌਮ ਨੂੰ ਆਪਣੇ ਅਸੂਲਾਂ ਅਤੇ ਅਧਿਕਾਰਾਂ ਲਈ ਡਟ ਕੇ ਖੜ੍ਹੇ ਰਹਿਣ ਦੀ ਪ੍ਰੇਰਣਾ ਦਿੰਦਾ ਹੈ। ਜਥੇਬੰਦੀਆਂ ਦੇ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੇ ਨਾਮ ’ਤੇ ਲਿਆਂਦੇ ਗਏ ਸੋਧ ਕਾਨੂੰਨ ਦਾ ਵੀ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਪੰਥ ਨੂੰ ਮਨਜ਼ੂਰ ਨਹੀਂ ਹੈ ਅਤੇ ਇਸ ਸਬੰਧੀ ਅਗਲੇ ਦਿਨਾਂ ਵਿੱਚ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਵਿਚਾਰ ਹੋਣ ਦੀ ਸੰਭਾਵਨਾ ਹੈ।

ਆਗੂਆਂ ਨੇ ਕਿਹਾ ਕਿ ਪੰਥਕ ਮਸਲਿਆਂ ’ਤੇ ਫੈਸਲੇ ਸਿੱਖ ਪਰੰਪਰਾਵਾਂ ਅਤੇ ਮਰਿਆਦਾ ਅਨੁਸਾਰ ਹੀ ਹੋਣੇ ਚਾਹੀਦੇ ਹਨ।

ਇਸ ਮੌਕੇ ਭਾਈ ਮਾਨ ਸਿੰਘ ਮਾਨ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਆਪਣੀ ਵੱਖਰੀ ਪਛਾਣ ਅਤੇ ਗੁਰੂ ਸਾਹਿਬਾਨ ਵੱਲੋਂ ਦਿੱਤੇ ਗਏ ਸਿਧਾਂਤਾਂ ’ਤੇ ਪਹਿਰਾ ਦਿੰਦੀ ਰਹੇਗੀ। ਉਨ੍ਹਾਂ ਨੇ ਕੇਂਦਰ ਸਰਕਾਰ ਦੀਆਂ ਕੁਝ ਨੀਤੀਆਂ ’ਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸਿੱਖ ਧਰਮ ਦੀ ਵੱਖਰੀ ਪਛਾਣ ਨੂੰ ਹਰ ਹਾਲ ਵਿੱਚ ਬਰਕਰਾਰ ਰੱਖਿਆ ਜਾਵੇਗਾ। ਉਨ੍ਹਾਂ ਨੇ ਸੰਗਤਾਂ ਨੂੰ ਗੁਰਬਾਣੀ ਦੇ ਉਪਦੇਸ਼ਾਂ ਅਨੁਸਾਰ ਜੀਵਨ ਜਿਉਣ ਅਤੇ ਧਾਰਮਿਕ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ। ਉੱਥੇ ਹੀ ਭੁਪਿੰਦਰ ਸਿੰਘ ਨੇ ਕਿਹਾ ਕਿ ਲੰਬੇ ਸਮੇਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰਾਂ ਦੀ ਗੱਲ ਨੂੰ ਸੰਗਤਾਂ ਨੇ ਗੰਭੀਰਤਾ ਨਾਲ ਸੁਣਿਆ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨਾਲ ਜੁੜੇ ਮੁੱਦੇ ਅਤੇ ਇਤਿਹਾਸਕ ਘਟਨਾਵਾਂ ਅੱਜ ਵੀ ਸੰਗਤਾਂ ਦੇ ਮਨ ਵਿੱਚ ਤਾਜ਼ਾ ਹਨ। ਉਨ੍ਹਾਂ ਨੇ ਕਿਹਾ ਕਿ ਕੌਮ ਆਪਣੇ ਇਤਿਹਾਸ, ਸ਼ਹੀਦਾਂ ਦੀਆਂ ਕੁਰਬਾਨੀਆਂ ਅਤੇ ਪੰਥਕ ਮਸਲਿਆਂ ਨੂੰ ਲੈ ਕੇ ਜਾਗਰੂਕ ਹੈ ਅਤੇ ਅੱਗੇ ਵੀ ਆਪਣੇ ਅਧਿਕਾਰਾਂ ਲਈ ਆਵਾਜ਼ ਉਠਾਉਂਦੀ ਰਹੇਗੀ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਹਾਜ਼ਰੀ ਦੇਖਣ ਨੂੰ ਮਿਲੀ ਅਤੇ ਪੂਰਾ ਮਾਹੌਲ ਧਾਰਮਿਕ ਰੰਗ ਵਿੱਚ ਰੰਗਿਆ ਹੋਇਆ ਨਜ਼ਰ ਆਇਆ। ਸੰਗਤਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਿੱਖ ਇਤਿਹਾਸ ਅਤੇ ਵਿਰਾਸਤ ਨੂੰ ਅੱਗੇ ਲੈ ਕੇ ਜਾਣ ਦਾ ਸੰਕਲਪ ਦੁਹਰਾਇਆ।

# ਚਿੱਟੇ ਦੀ ਭੇਟ ਚੜ੍ਹੇ ਨੌਜਵਾਨਾਂ ਦੀਆਂ ਤਸਵੀਰਾਂ ਨਾਲ ਪ੍ਰਦਰਸ਼ਨ

## ਪੀੜਤ ਪਰਿਵਾਰਾਂ ਵੱਲੋਂ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਨਸ਼ਾ ਤਸਕਰਾਂ ਖ਼ਿਲਾਫ਼ ਮੁਜ਼ਾਹਰਾ

ਜਗਰਾਉਂ : ਚਿੱਟੇ ਕਾਰਨ ਫੌਤ ਹੋਏ ਨੌਜਵਾਨਾਂ ਦੀਆਂ ਤਸਵੀਰਾਂ ਹੱਥਾਂ ਵਿੱਚ ਲੈ ਕੇ ਉਨ੍ਹਾਂ ਦੇ ਮਾਪਿਆਂ, ਪਤਨੀਆਂ ਅਤੇ ਬੱਚਿਆਂ ਨੇ ਇੱਥੇ ਪ੍ਰਦਰਸ਼ਨ ਕੀਤਾ। ਇਹ ਨਿਵੇਕਲਾ ਪ੍ਰਦਰਸ਼ਨ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ’ਤੇ ਵੀ ਸਵਾਲ ਖੜ੍ਹੇ ਕਰ ਗਿਆ।

ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਕੀਤੇ ਗਏ ਮੁਜ਼ਾਹਰੇ ਦੌਰਾਨ ਨਸ਼ਾ ਤਸਕਰੀ ਰੋਕਣ ਲਈ ਪ੍ਰਭਾਵੀ ਕਦਮ ਚੁੱਕਣ ’ਤੇ ਜ਼ੋਰ ਦਿੰਦਿਆਂ ਲੋਕਾਂ ਨੂੰ ਖੁਦ ਇਕਜੁੱਟ ਹੋ ਕੇ ਅੱਗੇ ਲੱਗਣ ਦਾ ਸੱਦਾ ਦਿੱਤਾ ਗਿਆ ਅਤੇ ਸਰਕਾਰ ਅੱਗੇ ਪੀੜਤ ਪਰਿਵਾਰਾਂ ਲਈ ਮੁਆਵਜ਼ੇ ਦੀ ਮੰਗ ਰੱਖੀ ਗਈ। ਆਗੂਆਂ ਨੇ ਕਿਹਾ ਕਿ ਇਲਾਕੇ ਦੇ ਪਿੰਡਾਂ ਵਿੱਚ ਦਰਜਨਾਂ ਨੌਜਵਾਨ ਚਿੱਟੇ ਦੀ ਭੇਟ ਚੜ੍ਹੇ ਹਨ। ਪੀੜਤ ਪਰਿਵਾਰਾਂ ਦੇ ਘਰਾਂ ’ਚ ਭੰਗ ਭੁੱਜਣ ਲੱਗੀ ਹੈ। ਪਰਿਵਾਰਾਂ ਦੀ ਦਰਦਨਾਕ ਹਾਲਤ ਦੇ ਮੱਦੇਨਜ਼ਰ ਉਨ੍ਹਾਂ ਦੀ ਸਾਰ ਲੈਣੀ ਜ਼ਰੂਰੀ ਹੈ।

ਸਥਾਨਕ ਬੱਸ ਅੱਡੇ ’ਚ ਇਕੱਤਰ ਹੋ ਕੇ ਰੈਲੀ ਕਰਨ ਮਗਰੋਂ ਉਪ ਮੰਡਲ ਮੈਜਿਸਟਰੇਟ ਦਫ਼ਤਰ ਤੱਕ ਰੋਸ ਮਾਰਚ ਕੀਤਾ ਗਿਆ। ਇਸ ਮਗਰੋਂ ਪੰਜਾਬ ਸਰਕਾਰ ਦੇ ਨਾਂ ਮੰਗ ਪੱਤਰ ਵੀ ਸੌਂਪਿਆ ਗਿਆ। ਸੂਬਾਈ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ, ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮਾਣੂੰਕੇ ਅਤੇ ਨੌਜਵਾਨ ਆਗੂ ਕਰਮਜੀਤ ਸਿੰਘ ਨੇ ਕਿਹਾ ਕਿ ਜਿਹੜੇ ਨੌਜਵਾਨਾਂ ਨੇ ਮਾਪਿਆਂ ਦਾ ਸਹਾਰਾ ਬਣਨਾ ਸੀ ਉਹੀ ਚਿੱਟੇ ਦੀ ਦਲਦਲ ’ਚ ਵੜ੍ਹ ਕੇ ਮਾਪਿਆਂ ਲਈ ਮੁਸੀਬਤ ਬਣ ਰਹੇ ਹਨ। ਨਸ਼ਾ ਤਸਕਰਾਂ, ਸਿਆਸਤਦਾਨਾਂ ਤੇ ਪੁਲੀਸ ਗੱਠਜੋੜ ਤੋੜਨ ’ਤੇ ਜ਼ੋਰ ਦਿੰਦਿਆਂ ਨਾਅਰੇ ਵੀ ਬੁਲੰਦ ਕੀਤੇ ਗਏ। ਬੁਲਾਰਿਆਂ ਨੇ ਕਿਹਾ ਕਿ ਨੌਜਵਾਨ ਵਰਗ ਨੂੰ ਚਿੱਟੇ ਤੋਂ ਬਚਾਉਣ ਦੀ ਲੋੜ ਹੈ। ਇੱਕਠ ਨੂੰ ਗੁਰਮੀਤ ਸਿੰਘ ਮੱਲ੍ਹਾ, ਡਾ. ਪਾਲ ਸਿੰਘ, ਕੁਲਵੰਤ ਸਹੋਤਾ ਅਤੇ ਮਜ਼ਦੂਰ ਆਗੂ ਕੁਲਵੰਤ ਸਿੰਘ ਨੇ ਵੀ ਸੰਬੋਧਨ ਕੀਤਾ।



# ਸ਼੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੀ ਅੰਮ੍ਰਿਤਸਰ
# ਸਰਬੱਤ ਦੇ ਭਲੇ ਅਤੇ ਕੌਮੀ ਇੱਕਜੁਟਤਾ ਦੇ ਨਾਂ ਸੰਦੇਸ਼

ਮੈਂ ਬ੍ਰਿਟਿਸ਼ ਨੌਜਵਾਨ ਹੈਨਰੀ ਨੋਵਾਕ (Henry Nowak) ਦੇ ਪਰਿਵਾਰ ਨਾਲ ਦਿਲੋਂ ਹਮਦਰਦੀ ਅਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ। ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪੀੜਤ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

ਇਸ ਕਤਲ ਕੇਸ ਵਿੱਚ ਯੂਨਾਈਟਿਡ ਕਿੰਗਡਮ (UK) ਦੀ ਇੱਕ ਅਦਾਲਤ ਵੱਲੋਂ ਵਿਕਰਮ ਸਿੰਘ ਦਿਗਵਾ ਨਾਮੀ ਵਿਅਕਤੀ ਨੂੰ 21 ਸਾਲ ਦੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਵੱਲੋਂ ਕੀਤੇ ਗਏ ਗੁਨਾਹ ਲਈ ਇਹ ਸਜ਼ਾ ਬਿਲਕੁਲ ਜਾਇਜ਼ ਅਤੇ ਕਾਨੂੰਨ ਦੇ ਮੁਤਾਬਕ ਹੈ। ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲਣੀ ਲਾਜ਼ਮੀ ਹੈ, ਪਰ ਇਸ ਮੰਦਭਾਗੀ ਘਟਨਾ ਦੀ ਆੜ ਵਿੱਚ ਕੁਝ ਤਾਕਤਾਂ ਵੱਲੋਂ ਪੂਰੀ ਸਿੱਖ ਕੌਮ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿੱਖਾਂ ਦੇ ਪਵਿੱਤਰ ਕਕਾਰ 'ਕਿਰਪਾਨ' 'ਤੇ ਪਾਬੰਦੀ ਲਗਾਉਣ ਦੀ ਮੰਗ ਕਰਨਾ ਅਤੇ ਨਫ਼ਰਤ ਜਾਂ ਨਸਲਵਾਦ ਤੋਂ ਪ੍ਰੇਰਿਤ ਰਾਜਨੀਤੀ ਕਰਨਾ, ਇੱਕ ਡੂੰਘੀ ਅਤੇ ਕੋਝੀ ਸਾਜ਼ਿਸ਼ ਦਾ ਹਿੱਸਾ ਜਾਪਦਾ ਹੈ। ਬ੍ਰਿਟੇਨ ਦੀ ਕਾਨੂੰਨੀ ਪ੍ਰਕਿਰਿਆ ਨੇ ਦਿਗਵਾ ਨੂੰ ਉਸ ਦੇ ਗੁਨਾਹ ਦੀ ਸਜ਼ਾ ਦਿੱਤੀ ਹੈ ਅਤੇ ਕਿਸੇ ਵੀ ਧਾਰਮਿਕ ਛੋਟ ਨੂੰ ਰਾਹ ਵਿੱਚ ਨਹੀਂ ਆਉਣ ਦਿੱਤਾ—ਇਹ ਕਾਨੂੰਨ ਦੇ ਸ਼ਾਸਨ ਅਤੇ ਇਨਸਾਫ਼ ਦੀ ਜਿੱਤ ਹੈ, ਜਿਸ ਦਾ ਸਿੱਖ ਕੌਮ ਪੂਰਨ ਸਮਰਥਨ ਕਰਦੀ ਹੈ।

ਇਸ ਕੇਸ ਨੂੰ ਬਹਾਨਾ ਬਣਾ ਕੇ ਵਿਦੇਸ਼ਾਂ ਵਿੱਚ ਸਿੱਖਾਂ ਨੂੰ ਬਦਨਾਮ ਕਰਨ ਦੀ ਇੱਕ ਵੱਡੀ ਸਾਜ਼ਿਸ਼ ਰਚੀ ਜਾ ਰਹੀ ਹੈ। ਮੈਂ ਦੁਨੀਆ ਭਰ ਦੇ ਸਿੱਖਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਅਜਿਹੀਆਂ ਗਲਤ ਕੋਸ਼ਿਸ਼ਾਂ ਨੂੰ ਸਮਝਣ ਅਤੇ ਸੁਚੇਤ ਰਹਿਣ। ਯੂਕੇ ਦੀਆਂ ਸਮੂਹ ਸਿੱਖ ਜਥੇਬੰਦੀਆਂ ਨੂੰ ਇਸ ਮੁਸ਼ਕਲ ਘੜੀ ਵਿੱਚ ਹੈਨਰੀ ਨੋਵਾਕ ਦੇ ਪਰਿਵਾਰ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ ਅਤੇ ਉਹਨਾਂ ਦੀ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ।




ਯੂਕੇ ਦੇ ਪ੍ਰਮੁੱਖ ਸਿੱਖਾਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ, ਇਸ ਵਾਰਦਾਤ ਵਿੱਚ ਦੋਸ਼ੀ ਵਿਅਕਤੀ ਦੁਆਰਾ ਵਰਤਿਆ ਗਿਆ ਹਥਿਆਰ 'ਪੇਸ਼ ਕਬਜ਼' (ਇੱਕ ਪਰਸ਼ੀਅਨ ਖੰਜਰ) ਸੀ, ਨਾ ਕਿ ਸਿੱਖਾਂ ਦਾ ਪਵਿੱਤਰ ਕਕਾਰ 'ਕਿਰਪਾਨ'। ਸਿੱਖ ਸਿਧਾਂਤਾਂ ਅਨੁਸਾਰ, ਸਿੱਖ ਮਜ਼ਲੂਮਾਂ ਦੀ ਰੱਖਿਆ ਅਤੇ ਇਨਸਾਫ਼ ਨੂੰ ਕਾਇਮ ਰੱਖਣ ਲਈ ਕਿਰਪਾਨ ਧਾਰਨ ਕਰਦੇ ਹਨ, ਨਾ ਕਿ ਕਿਸੇ 'ਤੇ ਜ਼ੁਲਮ ਕਰਨ ਜਾਂ ਬੇਇਨਸਾਫ਼ੀ ਕਰਨ ਲਈ।

ਸੰਸਾਰ ਭਰ ਵਿੱਚ ਵਸਣ ਵਾਲੇ ਸਿੱਖ ਇੱਕ ਅਮਨ-ਪਸੰਦ, ਇੱਕਜੁੱਟ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੀ ਕੌਮ ਹਨ। ਸਿੱਖ ਜਿੱਥੇ ਵੀ ਰਹਿੰਦੇ ਹਨ, ਉੱਥੋਂ ਦੇ ਦੇਸ਼ਾਂ ਦੀ ਤਰੱਕੀ ਅਤੇ ਖੁਸ਼ਹਾਲੀ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹਨ ਅਤੇ ਮਨੁੱਖਤਾ ਦੇ ਭਲੇ ਲਈ ਕੰਮ ਕਰਦੇ ਹਨ। ਸਿੱਖ ਕੌਮ ਰੋਜ਼ਾਨਾ ਅਰਦਾਸ ਵਿੱਚ 'ਸਰਬੱਤ ਦੇ ਭਲੇ' ਦੀ ਕਾਮਨਾ ਕਰਦੀ ਹੈ ਅਤੇ ਆਪਣੀ ਮਾਨਵਤਾ ਦੀ ਸੇਵਾ ਸਦਕਾ ਪੂਰੀ ਦੁਨੀਆ ਵਿੱਚ ਸਤਿਕਾਰ ਹਾਸਲ ਕੀਤਾ ਹੈ।

ਸਿੱਖਾਂ ਅਤੇ ਬ੍ਰਿਟੇਨ ਦਾ ਰਿਸ਼ਤਾ ਨਵਾਂ ਨਹੀਂ, ਸਗੋਂ ਲਗਭਗ 200 ਸਾਲ ਪੁਰਾਣਾ ਹੈ। ਸਿੱਖਾਂ ਨੇ ਵਿਸ਼ਵ ਯੁੱਧਾਂ ਦੌਰਾਨ ਬ੍ਰਿਟੇਨ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਾਈ ਲੜੀ ਅਤੇ ਆਪਣੀ ਸਖ਼ਤ ਮਿਹਨਤ ਤੇ ਵਫ਼ਾਦਾਰੀ ਸਦਕਾ ਦੇਸ਼ ਦੇ ਵਿਕਾਸ ਵਿੱਚ ਵੱਡਾ ਹਿੱਸਾ ਪਾਇਆ ਹੈ। ਇਸੇ ਕਾਰਨ ਬ੍ਰਿਟਿਸ਼ ਸਰਕਾਰ ਵੱਲੋਂ ਸਿੱਖਾਂ ਨੂੰ ਬਣਦਾ ਮਾਣ-ਸਤਿਕਾਰ ਅਤੇ ਮਾਨਤਾ ਦਿੱਤੀ ਜਾਂਦੀ ਹੈ।

ਕੁਝ ਸ਼ਰਾਰਤੀ ਅਨਸਰ ਇੱਕ ਵਿਅਕਤੀ ਦੇ ਨਿੱਜੀ ਗੁਨਾਹ ਨੂੰ ਪੂਰੀ ਸਿੱਖ ਕੌਮ ਸਿਰ ਮੜ੍ਹ ਕੇ ਸਿਆਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਯੂਕੇ ਦੇ ਸਮੂਹ ਭਾਈਚਾਰਿਆਂ, ਉੱਥੋਂ ਦੀ ਸਰਕਾਰ ਅਤੇ ਸਿੱਖਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਅਜਿਹੇ ਅਨਸਰਾਂ ਦੀ ਪਛਾਣ ਕਰਨ ਜੋ ਜਾਣਬੁੱਝ ਕੇ ਪਾੜਾ ਪਾਉਣ, ਸਮਾਜਿਕ ਰਿਸ਼ਤਿਆਂ ਨੂੰ ਨੁਕਸਾਨ ਪਹੁੰਚਾਉਣ ਅਤੇ ਨਫ਼ਰਤ ਜਾਂ ਨਸਲਵਾਦ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।



ੴ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਅੰਮ੍ਰਿਤਸਰ ਸਾਹਿਬ

Sri Akal Takhat Sahib, Sri Amritsar Sahib

ਨੰਬਰ AT/26/129 ਮਿਤੀ 05/06/2026

**Statement from Jathedar of Sri Akal Takht Sahib on Henry Nowak's case**

Express my heartfelt condolences to the family of British youth Henry Nowak and pray to the Almighty to grant eternal peace to the departed soul and give strength to the bereaved family to accept Almighty's will.

A Sikh man, Vickrum Singh Digwa, has been sentenced to 21 years life imprisonment by a United Kingdom (UK) court in connection with Nowak's murder case. It is necessary to punish offenders according to the law, however, attempts by certain forces to target the entire Sikh community over this incident, demand a ban on the Sikh article of faith, the Kirpan, and engage in politics driven by hatred or racism appear to be part of a deep-rooted conspiracy. The legal process in UK gave punishment to Digwa as it should, giving no special treatment to religious exemption, justice was delivered through rule of law and the Sikh community agrees with it.

A major conspiracy is being hatched to defame Sikhs abroad by using this case as a pretext. I urge Sikhs globally to understand such wrong efforts. All Sikh organizations in the UK should stand with Henry Nowak's family and support them during this difficult time.

According to information received through prominent Sikhs in the UK, the weapon used by the convicted individual in the Henry Nowak murder case was a Pesh Kabz, a Persian dagger and not the Sikh article of faith, the Kirpan. According to Sikh principles, Sikhs legitimately wear the Kirpan to protect the oppressed and uphold justice, not to commit wrongdoing or injustice against anyone.

The Sikhs around the world are a peaceful, united, and law-abiding community. Wherever they reside, they contribute to the progress and prosperity of those countries while working for the welfare of humanity.

The Sikh community prays daily for the welfare of all humanity and has earned global respect through its service to mankind.

The relationship between Sikhs and Britain is not new but dates back nearly 200 years. Sikhs fought alongside Britain during the World Wars and contributed significantly to the country's development through their hard work and dedication. For this, Sikhs are accorded due respect and recognition by the British government.

Certain elements are attempting to exploit the Henry Nowak case for political gain by attributing the actions of one individual to the entire Sikh community. I appeal to communities in the UK, the government there, and Sikhs to continue living together in harmony and to identify those who are deliberately trying to create divisions, damage communal relations, and spread hatred or racism.

The British government should keep a close watch on individuals and groups attempting to undermine social cohesion and communal harmony. I also appeal to media organizations and social media platforms to report on the matter based on facts and truth, rather than promoting hatred or prejudice against any community.

Kuldip Singh,
Jathedar, Sri Akal Takht Sahib,
Sri Amritsar.

Phone/Fax : 0183-2540820 | E-Mail : akaltakhatsahib84@gmail.com

ਬ੍ਰਿਟਿਸ਼ ਸਰਕਾਰ ਨੂੰ ਉਹਨਾਂ ਵਿਅਕਤੀਆਂ ਅਤੇ ਸਮੂਹਾਂ 'ਤੇ ਤਿੱਖੀ ਨਜ਼ਰ ਰੱਖਣੀ ਚਾਹੀਦੀ ਹੈ ਜੋ ਸਮਾਜਿਕ ਤਾਣੇ-ਬਾਣੇ ਅਤੇ ਭਾਈਚਾਰਕ ਸਾਂਝ ਨੂੰ ਖੋਰਾ ਲਗਾਉਣਾ ਚਾਹੁੰਦੇ ਹਨ। ਮੈਂ ਮੀਡੀਆ ਅਦਾਰਿਆਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਜਾਂ ਪੱਖਪਾਤ ਨੂੰ ਹੱਲਾਸ਼ੇਰੀ ਦੇਣ ਦੀ ਬਜਾਏ, ਤੱਥਾਂ ਅਤੇ ਸੱਚਾਈ ਦੇ ਅਧਾਰ 'ਤੇ ਰਿਪੋਰਟਿੰਗ ਕਰਨ।

**ਕੁਲਦੀਪ ਸਿੰਘ,**
**ਜਥੇਦਾਰ, ਸ਼੍ਰੀ ਅਕਾਲ ਤਖ਼ਤ ਸਾਹਿਬ,**
**ਸ਼੍ਰੀ ਅੰਮ੍ਰਿਤਸਰ।**

# ਘੱਲੂਘਾਰਾ ਚੌਰਾਸੀ ਦੀ ਬਰਸੀ ਬਾਰੇ ਜਥੇਦਾਰ ਦੇ ਸੰਦੇਸ਼ ਦੇ ਮਾਇਨੇ ਅਤੇ ਵੱਡੇ ਸਵਾਲ




ਜੂਨ 1984 ਦਾ ਘੱਲੂਘਾਰਾ ਸਿੱਖ ਮਾਨਸਿਕਤਾ 'ਤੇ ਇੱਕ ਅਜਿਹਾ ਡੂੰਘਾ ਜ਼ਖ਼ਮ ਹੈ, ਜਿਸ ਦੀ ਪੀੜ ਹਰ ਸਾਲ ਜੂਨ ਮਹੀਨੇ ਆਉਂਦਿਆਂ ਹੀ ਨਾਸੂਰ ਬਣ ਕੇ ਵਹਿਣ ਲੱਗਦੀ ਹੈ। ਇਸ ਇਤਿਹਾਸਕ ਤੇ ਰੂਹਾਨੀ ਸੰਕਟ ਦੇ ਦਿਹਾੜੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੌਮ ਦੇ ਨਾਂ ਦਿੱਤਾ ਸੰਦੇਸ਼ ਮਹਿਜ਼ ਰਸਮੀ ਬਿਆਨਬਾਜ਼ੀ ਨਹੀਂ, ਸਗੋਂ ਭਟਕ ਰਹੀ ਕੌਮੀ ਬੇੜੀ ਨੂੰ ਸਹੀ ਦਿਸ਼ਾ ਦਿਖਾਉਣ ਵਾਲਾ ਇੱਕ ਚਾਨਣ-ਮੁਨਾਰਾ ਪ੍ਰਤੀਤ ਹੁੰਦਾ ਹੈ। ਉਨ੍ਹਾਂ ਦੇ ਸੰਦੇਸ਼ ਦੇ ਦੋ ਨੁਕਤੇ ਰਹਿ ਚੁਕੇ ਸਾਬਕਾ ਜਥੇਦਾਰਾਂ ਦੇ ਰਵਾਇਤੀ ਵਿਚਾਰਾਂ ਨਾਲੋਂ ਵੱਖਰੀ ਤੇ ਬੇਹੱਦ ਪ੍ਰਭਾਵਸ਼ਾਲੀ ਲਕੀਰ ਖਿੱਚਦੇ ਹਨ, ਜਿਨ੍ਹਾਂ 'ਤੇ ਗੰਭੀਰ ਚਿੰਤਨ ਦੀ ਲੋੜ ਹੈ।

**ਮੂਲ ਵੱਲ ਪਰਤਣ ਦਾ ਹੋਕਾ: 'ਗੁਰੂ ਗ੍ਰੰਥ ਅਤੇ ਗੁਰੂ ਪੰਥ'**

ਜਥੇਦਾਰ ਗੜਗੱਜ ਜੀ ਨੇ ਕੌਮ ਨੂੰ ਆਪਣੇ ਮੂਲ—'ਗੁਰੂ ਗ੍ਰੰਥ ਅਤੇ ਗੁਰੂ ਪੰਥ'—ਨਾਲ ਜੁੜਨ ਦੀ ਅਪੀਲ ਕੀਤੀ ਹੈ। ਅੱਜ ਜਦੋਂ ਸਿੱਖ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਸ਼ਖ਼ਸੀਅਤ ਪੂਜਾ, ਕਰਮਕਾਂਡ , ਡੇਰਾਵਾਦ, ਧੜੇਬੰਦੀਆਂ ਅਤੇ ਅੰਦਰੂਨੀ ਕਾਟੋ-ਕਲੇਸ਼ ਦੀ ਦਲਦਲ ਵਿੱਚ ਧਸ ਚੁੱਕੀਆਂ ਹਨ, ਉੱਥੇ ਇਹ ਸੰਦੇਸ਼ ਇੱਕ 'ਜਗਾਉਣ ਵਾਲੀ ਹੂਕ' ਵਾਂਗ ਹੈ। ਇਹ ਅਪੀਲ ਯਾਦ ਦਿਵਾਉਂਦੀ ਹੈ ਕਿ ਜਦੋਂ ਤੱਕ ਸਿੱਖ ਕੌਮ ਸੰਸਥਾਗਤ ਤੌਰ 'ਤੇ 'ਪੰਥਕ ਸਿਧਾਂਤ' ਅਤੇ ਰੂਹਾਨੀ ਤੌਰ 'ਤੇ 'ਗੁਰਬਾਣੀ ਦੇ ਫ਼ਲਸਫ਼ੇ' ਨੂੰ ਆਪਣਾ ਧੁਰਾ ਨਹੀਂ ਬਣਾਉਂਦੀ, ਉਦੋਂ ਤੱਕ ਅੰਦਰੂਨੀ ਨਿਘਾਰ ਨੂੰ ਠੱਲ੍ਹ ਪਾਉਣਾ ਅਸੰਭਵ ਹੈ। ਇਹ ਰਵਾਇਤੀ ਸਿਆਸੀ ਕੂੜ ਪਸਾਰੇ ਤੋਂ ਉੱਪਰ ਉੱਠ ਕੇ ਕੌਮ ਨੂੰ ਆਪਣੇ ਅਸਲ ਵਿਰਸੇ ਦੀ ਸੰਭਾਲ ਵੱਲ ਮੋੜਨ ਦਾ ਸਾਰਥਕ ਯਤਨ ਹੈ।

**ਪੰਜਾਬ ਸਾਡਾ ਹੋਮਲੈਂਡ: ਹਿਜਰਤ ਦੇ ਦੌਰ 'ਚ ਸੁਚੇਤ ਪਹੁੰਚ**

ਦੂਜਾ ਅਤੇ ਸਭ ਤੋਂ ਅਹਿਮ ਨੁਕਤਾ ਹੈ—ਨਵੀਂ ਪੀੜ੍ਹੀ ਨੂੰ ਆਪਣੇ ਹੋਮਲੈਂਡ (ਪੰਜਾਬ) ਦੀ ਮਿੱਟੀ ਨਾਲ ਜੋੜ ਕੇ ਰੱਖਣਾ। ਅੱਜ ਪੰਜਾਬ ਦਾ ਗੱਭਰੂ ਅਤੇ ਮੁਟਿਆਰ 'ਰੋਜ਼ੀ-ਰੋਟੀ ਅਤੇ ਸੁਰੱਖਿਅਤ ਭਵਿੱਖ' ਦੀ ਭਾਲ ਵਿੱਚ ਹਜ਼ਾਰਾਂ ਮੀਲ ਦੂਰ ਪਰਦੇਸਾਂ ਵੱਲ ਉਡਾਰੀ ਮਾਰ ਰਹੇ ਹਨ। ਪੰਜਾਬ ਦੇ ਪਿੰਡ ਖਾਲੀ ਹੋ ਰਹੇ ਹਨ ਅਤੇ ਬਜ਼ੁਰਗ ਘਰਾਂ ਦੀਆਂ ਬਰੂਹਾਂ 'ਤੇ ਬੈਠੇ ਝੂਰ ਰਹੇ ਹਨ। ਅਜਿਹੇ ਨਾਜ਼ੁਕ ਮੋੜ 'ਤੇ, ਆਪਣੀਆਂ ਜੜ੍ਹਾਂ (ਪੰਜਾਬ) ਨਾਲ ਜੁੜੇ ਰਹਿਣ ਦਾ ਸੱਦਾ ਦੇਣਾ ਕੋਈ ਆਮ ਗੱਲ ਨਹੀਂ। ਜਥੇਦਾਰ ਨੇ ਬੜੀ ਬਾਰੀਕੀ ਨਾਲ ਸਮਝਿਆ ਹੈ ਕਿ ਜੇਕਰ ਨਵੀਂ ਪੀੜ੍ਹੀ ਆਪਣੀ ਮਿੱਟੀ, ਬੋਲੀ ਅਤੇ ਇਤਿਹਾਸ ਤੋਂ ਟੁੱਟ ਗਈ, ਤਾਂ ਬਾਹਰਲੇ ਮੁਲਕਾਂ ਦੀ ਚਮਕ-ਦਮਕ ਵਿੱਚ ਕੌਮੀ ਪਛਾਣ ਦਾ ਗੁਆਚ ਜਾਣਾ ਲਾਜ਼ਮੀ ਹੈ।

**ਜਥੇਦਾਰ ਜੀ ਦੀ ਜ਼ਿੰਮੇਵਾਰੀ**

ਸੁਆਲ ਵਡਾ ਇਹ ਹੈ: ਕੀ ਹੁਣ ਅਮਲੀ

**ਬਲਵਿੰਦਰ ਪਾਲ ਸਿੰਘ**
**ਪ੍ਰੋਫੈਸਰ**



ਕਦਮ ਚੁੱਕੇ ਜਾਣਗੇ? ਜਥੇਦਾਰ ਦੇ ਬੋਲ ਨਿਰਸੰਦੇਹ ਕੀਮਤੀ ਹਨ, ਪਰ ਸਭ ਤੋਂ ਵੱਡਾ ਅਤੇ ਯੱਖ ਕਰ ਦੇਣ ਵਾਲਾ ਸਵਾਲ ਇਹ ਹੈ ਕਿ ਕੀ ਇਹ ਵਿਚਾਰ ਸਿਰਫ਼ ਸਟੇਜਾਂ ਦੀ ਜ਼ੀਨਤ ਬਣ ਕੇ ਰਹਿ ਜਾਣਗੇ ਜਾਂ ਫਿਰ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੋਈ ਠੋਸ ਵਿਉਂਤਬੰਦੀ ਕੀਤੀ ਜਾਵੇਗੀ?

ਅੱਜ ਸਮੇਂ ਦੀ ਮੁੱਖ ਮੰਗ ਹੈ ਕਿ ਕੀ ਜਥੇਦਾਰ ਸਾਹਿਬ ਵਿਸ਼ਵ ਪੱਧਰ ਦੀ ਕੋਈ ਅਜਿਹੀ ਸਰਵ-ਉੱਚ ਸੰਸਥਾ ਜਾਂ ਨਿਊਕਲੀਅਸ ਤਿਆਰ ਕਰਨਗੇ, ਜੋ:


ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬ-ਸਾਂਝੇ ਉਪਦੇਸ਼ ਨੂੰ ਆਧੁਨਿਕ ਤਕਨਾਲੋਜੀ ਅਤੇ ਵਿਗਿਆਨਕ ਭਾਸ਼ਾ ਰਾਹੀਂ ਕੌਮਾਂਤਰੀ ਪੱਧਰ 'ਤੇ ਪ੍ਰਚਾਰਨ ਅਤੇ ਪ੍ਰਸਾਰਨ ਦਾ ਜ਼ਿੰਮਾ ਲਵੇ?

ਸਿੱਖ ਕਿਰਦਾਰ ਨੂੰ ਮੁੜ ਉਨ੍ਹਾਂ ਬੁਲੰਦੀਆਂ 'ਤੇ ਲੈ ਕੇ ਜਾਵੇ, ਜਿੱਥੇ ਕਦੇ ਸਿੱਖ ਦੀ ਕਥਨੀ ਅਤੇ ਕਰਨੀ ਵਿੱਚ ਕੋਈ ਫ਼ਰਕ ਨਹੀਂ ਸੀ ਹੁੰਦਾ, ਅਤੇ ਦੁਸ਼ਮਣ ਵੀ ਸਿੱਖ ਦੇ ਉੱਚ-ਆਚਰਣ ਤੋਂ ਹੈਰਾਨ ਹੁੰਦੇ ਸਨ?

ਸੰਦੇਸ਼ ਵਧੀਆ ਹੈ, ਪਰ ਸਿੱਖ ਜਗਤ ਹੁਣ ਸਿਰਫ਼ ਜਜ਼ਬਾਤੀ ਤਕਰੀਰਾਂ ਨਾਲ ਕੁਛ ਹੋਣ ਵਾਲਾ ਨਹੀਂ ਹੈ। ਜੇਕਰ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇੱਕ ਗਲੋਬਲ ਸੰਸਥਾ ਖੜ੍ਹੀ ਕੀਤੀ ਜਾਵੇ—ਜੋ ਸਿਆਸਤ ਤੋਂ ਮੁਕਤ ਹੋਵੇ, ਜਿਸ ਵਿੱਚ ਵਿਦਵਾਨ, ਚਿੰਤਕ ਅਤੇ ਦੂਰਅੰਦੇਸ਼ ਲੋਕ ਸ਼ਾਮਲ ਹੋਣ—ਤਾਂ ਹੀ 84 ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾ ਸਕਦੀ ਹੈ। ਹੁਣ ਗੇਂਦ ਜਥੇਦਾਰ ਅਤੇ ਪੰਥਕ ਲੀਡਰਸ਼ਿਪ ਦੇ ਪਾਲੇ ਵਿੱਚ ਹੈ ਕਿ ਉਹ ਇਨ੍ਹਾਂ ਨੁਕਤਿਆਂ ਨੂੰ ਹਵਾ ਵਿੱਚ ਉੱਡਣ ਦਿੰਦੇ ਹਨ ਜਾਂ ਫਿਰ ਕੌਮ ਦੇ ਸੁਨਹਿਰੀ ਭਵਿੱਖ ਦੀ ਕੋਈ ਪੀਡੀ ਨੀਂਹ ਰੱਖਦੇ ਹਨ।

**-ਧੰਨਵਾਦ ਸਹਿਤ ਸੋਸ਼ਲ ਮੀਡੀਆ ਤੋਂ**

# ਸਿੱਖ ਐਡਵੋਕੇਸੀ ਇੰਸਟੀਚਿਊਟ (SAI) ਟਰੇਸੀ, ਕੈਲੀਫੋਰਨੀਆ, ਯੂ.ਐੱਸ.ਏ.




**ਸਿੱਖ ਐਡਵੋਕੇਸੀ ਇੰਸਟੀਚਿਊਟ ਵੱਲੋਂ ਹਿੰਸਾ ਦੀ ਨਿਖੇਧੀ ਅਤੇ ਏਕਤਾ ਤੇ ਹਮਦਰਦੀ ਦੀ ਅਪੀਲ**

ਸਿੱਖ ਐਡਵੋਕੇਸੀ ਇੰਸਟੀਚਿਊਟ (SAI) 18 ਸਾਲਾ ਹੈਨਰੀ ਨੋਵਾਕ ਦੀ ਦੁਖਦਾਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਅਸੀਂ ਉਸਦੇ ਪਰਿਵਾਰ ਅਤੇ ਪਿਆਰਿਆਂ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ। ਅਸੀਂ ਹਿੰਸਾ ਦੇ ਖ਼ਿਲਾਫ਼ ਦ੍ਰਿੜਤਾ ਨਾਲ ਖੜ੍ਹੇ ਹਾਂ ਅਤੇ ਇਸ ਤੋਂ ਪ੍ਰਭਾਵਿਤ ਹੋਏ ਸਾਰੇ ਲੋਕਾਂ ਨਾਲ ਆਪਣੀ ਇਕਜੁੱਟਤਾ ਪ੍ਰਗਟ ਕਰਦੇ ਹਾਂ। ਇਸ ਅਪਰਾਧ ਲਈ ਜ਼ਿੰਮੇਵਾਰ ਵਿਅਕਤੀ ਨੂੰ ਅਦਾਲਤਾਂ ਵੱਲੋਂ ਕਤਲ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ ਅਤੇ ਸਜ਼ਾ ਸੁਣਾਈ ਗਈ ਹੈ ।

ਅਸੀਂ ਉਸ ਹਿੰਸਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ ਜਿਸ ਨੇ ਹੈਨਰੀ ਦੀ ਜਾਨ ਲਈ ।ਅਜਿਹੀਆਂ ਹਰਕਤਾਂ ਦਾ ਕਿਸੇ ਸਭਿਅਕ ਸਮਾਜ ਵਿੱਚ ਕੋਈ ਸਥਾਨ ਨਹੀਂ ਹੈ ਅਤੇ ਇਹ ਸਿੱਖੀ ਦੇ ਸਿਧਾਂਤਾਂ ਦੇ ਉਲਟ ਹਨ, ਜੋ ਮਨੁੱਖੀ ਜੀਵਨ ਦੀ ਪਵਿੱਤਰਤਾ, ਨਿਆਂ, ਹਮਦਰਦੀ, ਅਤੇ ਹਰ ਵਿਅਕਤੀ ਦੇ ਸਨਮਾਨ ਦਾ ਸਮਰਥਨ ਕਰਦੇ ਹਨ, ਚਾਹੇ ਉਹ ਕਿਸੇ ਵੀ ਨਸਲ, ਧਰਮ, ਜਾਤ, ਲਿੰਗ ਜਾਂ ਸਮਾਜਿਕ ਪਿਛੋਕੜ ਨਾਲ ਸਬੰਧਤ ਹੋਵੇ ।

ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਦੀ ਏਕਤਾ ਅਤੇ ਬਰਾਬਰੀ ਦਾ ਉਪਦੇਸ਼ ਦਿੱਤਾ। ਸਿੱਖ ਪਰੰਪਰਾ ਹਰ ਇਨਸਾਨ ਦੇ ਅੰਦਰ ਰੱਬੀ ਜੋਤ ਨੂੰ ਪਛਾਣਦੀ ਹੈ ਅਤੇ ਨਫ਼ਰਤ, ਪੱਖਪਾਤ ਅਤੇ ਹਿੰਸਾ ਨੂੰ ਨਕਾਰਦੀ ਹੈ। ਸਿੱਖੀ ਹਰ ਕਿਸੇ ਨੂੰ ਇਨਸਾਫ਼ ਬਹਾਲ ਰੱਖਣ ਅਤੇ ਸਾਰਿਆਂ ਨਾਲ ਸਨਮਾਨ ਤੇ ਆਦਰ ਨਾਲ ਪੇਸ਼ ਆਉਣ ਦਾ ਸੱਦਾ ਦਿੰਦੀ ਹੈ।

ਹਾਲ ਹੀ ਵਿੱਚ ਹੋਈਆਂ ਜਨਤਕ ਚਰਚਾਵਾਂ ਵਿੱਚ ਸਿੱਖਾਂ ਦੇ ਧਾਰਮਿਕ ਚਿੰਨ੍ਹ 'ਕਿਰਪਾਨ' ਬਾਰੇ ਸਵਾਲ ਉਠਾਏ ਗਏ ਹਨ। ਕਿਰਪਾਨ ਕੋਈ ਹਮਲਾਵਰਤਾ ਜਾਂ ਡਰਾਉਣ-ਧਮਕਾਉਣ ਦਾ ਹਥਿਆਰ ਨਹੀਂ ਹੈ, ਬਲਕਿ ਇੱਕ ਪਵਿੱਤਰ ਪ੍ਰਤੀਕ ਹੈ ਜੋ ਸਿੱਖਾਂ ਨੂੰ ਨਿਆਂ ਦੀ ਰੱਖਿਆ ਕਰਨ, ਕਮਜ਼ੋਰਾਂ ਦੀ ਹਿਫਾਜ਼ਤ ਕਰਨ ਅਤੇ ਦਲੇਰੀ ਤੇ ਸੇਵਾ ਭਾਵਨਾ ਨਾਲ ਕੰਮ ਕਰਨ ਦੇ ਫਰਜ਼ ਦੀ ਯਾਦ ਦਿਵਾਉਂਦਾ ਹੈ। ਇਹ ਅਪਰਾਧਿਕ ਮਨੋਰਥਾਂ ਲਈ ਕੋਲ ਰੱਖੇ ਜਾਣ ਵਾਲੇ ਚਾਕੂ ਤੋਂ ਬਿਲਕੁਲ ਵੱਖਰੀ ਹੈ ਅਤੇ ਨੈਤਿਕ ਜ਼ਿੰਮੇਵਾਰੀ ਦੀ ਨਿਰੰਤਰ ਯਾਦ ਦਿਵਾਉਂਦੀ ਹੈ।

ਜਿਵੇਂ ਕਿ ਸਮਾਜ ਇਸ ਤ੍ਰਾਸਦੀ ਦੇ ਦੁੱਖ ਵਿੱਚੋਂ ਲੰਘ ਰਿਹਾ ਹੈ, ਅਸੀਂ ਸਾਰੀਆਂ ਧਿਰਾਂ ਨੂੰ ਅਪੀਲ ਕਰਦੇ ਹਾਂ ਕਿ ਸਮੀਖਿਆਵਾਂ ਅਤੇ ਜਾਂਚਾਂ ਨੂੰ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਹੋਣ ਦਿੱਤਾ ਜਾਵੇ। ਸਿੱਖ ਸਿੱਖਿਆਵਾਂ ਦੁੱਖ ਦੇ ਸਮੇਂ ਸਬਰ ਅਤੇ ਸੰਜਮ ਰੱਖਣ ਦੀ ਪ੍ਰੇਰਨਾ ਦਿੰਦੀਆਂ ਹਨ। ਨਿਆਂ ਕਾਨੂੰਨੀ ਤਰੀਕੇ ਨਾਲ ਅਤੇ ਸੱਚਾਈ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ, ਨਾ ਕਿ ਜਜ਼ਬਾਤਾਂ ਦੇ ਵਹਿਣ ਵਿੱਚ। ਇਹ ਸਮਾਂ ਜ਼ਖ਼ਮਾਂ ਨੂੰ ਭਰਨ ਅਤੇ ਇਕਜੁੱਟ ਹੋਣ ਦਾ ਹੈ। ਅਸੀਂ ਨੋਵਾਕ ਪਰਿਵਾਰ ਦੀ ਉਸ ਬੇਨਤੀ ਦਾ ਸਮਰਥਨ ਕਰਦੇ ਹਾਂ ਕਿ ਹੈਨਰੀ ਦੀ ਯਾਦ ਨੂੰ ਨਫ਼ਰਤ ਜਾਂ ਵੰਡੀਆਂ ਪਾਉਣ ਲਈ ਵਰਤਿਆ ਨਾ ਜਾਵੇ।

ਸਿੱਖ ਧਰਮ ਸਿਖਾਉਂਦਾ ਹੈ ਕਿ ਸ਼ਾਂਤੀ ਹਮਦਰਦੀ, ਸਮਝ ਅਤੇ ਨਿਆਂ ਰਾਹੀਂ ਆਉਂਦੀ ਹੈ, ਗੁੱਸੇ ਰਾਹੀਂ ਨਹੀਂ। ਅਸੀਂ ਸਮਾਜਿਕ ਆਗੂਆਂ, ਸਰਕਾਰੀ ਅਧਿਕਾਰੀਆਂ, ਧਾਰਮਿਕ ਜਥੇਬੰਦੀਆਂ ਅਤੇ ਆਮ ਨਾਗਰਿਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਸੀ ਗੱਲਬਾਤ ਨੂੰ ਉਤਸ਼ਾਹਿਤ ਕਰਕੇ, ਪ੍ਰਭਾਵਿਤ ਲੋਕਾਂ ਦੀ ਮਦਦ ਕਰਕੇ ਅਤੇ ਸਮਾਜਿਕ ਸਾਂਝ ਨੂੰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਕੇ ਹੈਨਰੀ ਦੀ ਯਾਦ ਨੂੰ ਸਨਮਾਨਿਤ ਕਰਨ। ਸਮਾਜ ਉਦੋਂ ਹੀ ਸਭ ਤੋਂ ਮਜ਼ਬੂਤ ਹੁੰਦੇ ਹਨ ਜਦੋਂ ਉਹ ਕਿਸੇ ਦੁਖਾਂਤ ਦਾ ਸਾਹਮਣਾ ਏਕਤਾ, ਸਿਆਣਪ ਅਤੇ ਆਪਸੀ ਸਨਮਾਨ ਨਾਲ ਕਰਦੇ ਹਨ।

ਇਸ ਬੇਹੱਦ ਮੁਸ਼ਕਲ ਸਮੇਂ ਵਿੱਚ ਸਾਡੀਆਂ ਹਮਦਰਦੀਆਂ ਅਤੇ ਅਰਦਾਸਾਂ ਨੋਵਾਕ ਪਰਿਵਾਰ ਦੇ ਨਾਲ ਹਨ। ਅਕਾਲ ਪੁਰਖ ਉਨ੍ਹਾਂ ਨੂੰ ਆਪਣੇ ਸਮਾਜ ਦੇ ਸਹਿਯੋਗ ਤੋਂ ਹੌਸਲਾ ਅਤੇ ਦਿਲਾਸਾ ਬਖ਼ਸ਼ੇ ਅਤੇ ਹੈਨਰੀ ਦੀ ਯਾਦ ਸਾਨੂੰ ਸਾਰਿਆਂ ਨੂੰ ਵਧੇਰੇ ਹਮਦਰਦੀ ਅਤੇ ਏਕਤਾ ਨਾਲ ਕੰਮ ਕਰਨ ਲਈ ਪ੍ਰੇਰਿਤ ਕਰੇ, ਤਾਂ ਜੋ ਅਸੀਂ ਮਿਲ ਕੇ ਉਸਦੀ ਵਿਰਾਸਤ ਦਾ ਸਨਮਾਨ ਕਰ ਸਕੀਏ।

**ਡਾ. ਗੁਰਿੰਦਰ ਸਿੰਘ ਗਰੇਵਾਲ, MD, FACC**
**ਕੋਆਰਡੀਨੇਟਰ ਸਿੱਖ ਐਡਵੋਕੇਸੀ ਇੰਸਟੀਚਿਊਟ (SAI)**
**28290 S Banta RD Tracy CA**
**ਫ਼ੋਨ: (209) 321-3771**
**ਈਮੇਲ: drjigrewal@gmail.com**

# Sikh Advocacy Institute (SAI) Trach, California, USA

## Sikh Advocacy Institute Condemns the Violence and Calls for Unity and Compassion

The Sikgh Advocacy Institute (SAI) is deeply saddened by the tragic loss of 18-year-old henry nowak, and we extend heartfelt condolences to his family and loved ones. We stand firmly against violence and express our solidarity with all affected.

The individual responsible for this crime has been convicted of umrder and sentenced by the courts. We unequivocally condemn the violence thax took henry's life. Such acts have no place in a civilized society and are contrary to the principles of Sikhi, which uphold the sanctity of human life, justice, compassion, and the dignity of every individual, regardless of race, religion, ethnicity, gender, or social background.

Guru Nanak taught to unity and equality of all humanity. The Sikh tradition recognizes the divine light within every person and rejects hatred, prejudice, and violence. Sikhi call upon everyone to uphold justice and treat all with dignity and respect.

Recent public discussions have raised questions about the Sikh article of faith known as the Kirpan. The Kirpan is not a weapon of aggression or intimidation, but a sacred symbol that reminds Sikhs of their duty to uphold justice, protect the vulnerable, and act with courage and service. It differs fundamentally from a knife carried for criminal purposes, serving as a constant reminder of moral responsibility.

As the community processes this tragedy, we urge all parties to allow reviews and investigations to be conducted with transparency and fairness. Sikh teachings encourage patience and restraint in times of grief. Justice should be pursued lawfully and guided by truth, not emotion. time for healing and unity. We echo the Nowak family's request that henry's memory not be used to justify hatred or division. The Sikh faith teaches that peace comes through compassion, understanding and justice, not anger.

We encourage community leaders, public officials, faith organizations, and citizens to honor henry's memory by fostering dialogue, supporting those affected, and working together to strengthen social harmony. Communities are strongest when they respond to tragedy with unity, wisdon, and mutual respect.

Our thoughts and prayers remain with the Nowak family during this unimaginably difficult time. May they find strength and comfort in thier community's support, and may Henry's memory inspire us all to act with greater compassion and unity, honoring his legacy together.

**Contact :**
**Dr. Gurinder Singh Grewal, MD, FACC**
**Coordinator**
**Sikh Advocacy Institute (SAI)**
**28290 S. Banta Rd.**
**Ph. (209) 432-3771**
**Email : drjigrewal@gmail.com**

**ਰਾਜਸੀ ਜ਼ੁਲਮ ਦੀ ਹਿੱਕ 'ਤੇ ਲਿਖੀ ਦਾਸਤਾਨ ਦਾ ਇੱਕ ਇਤਿਹਾਸਕ ਦਸਤਾਵੇਜ਼**

ਜੂਨ 1984—ਇਹ ਸਿਰਫ਼ ਇੱਕ ਮਹੀਨਾ ਜਾਂ ਸਾਲ ਨਹੀਂ ਹੈ, ਬਲਕਿ ਸਿੱਖ ਇਤਿਹਾਸ ਦੀ ਹਿੱਕ 'ਤੇ ਲੱਗਿਆ ਇੱਕ ਅਜਿਹਾ ਡੂੰਘਾ ਜ਼ਖ਼ਮ ਹੈ ਜਿਸ ਦੀ ਪੀੜ ਚਾਰ ਦਹਾਕੇ ਬੀਤ ਜਾਣ ਬਾਅਦ ਵੀ ਓਨੀ ਹੀ ਅਸਹਿ ਅਤੇ ਤਾਜ਼ਾ ਹੈ। ਡਾ. ਗੁਰਿੰਦਰ ਸਿੰਘ ਗ੍ਰੇਵਾਲ ਵੱਲੋਂ ਲਿਖਿਆ ਇਹ ਲੇਖ ਕੇਵਲ ਅਤੀਤ ਦੇ ਪੰਨਿਆਂ ਨੂੰ ਫਰੋਲਣ ਦੀ ਕੋਸ਼ਿਸ਼ ਨਹੀਂ ਹੈ, ਬਲਕਿ ਇਹ 1984 ਤੋਂ ਲੈ ਕੇ 2026 ਤੱਕ ਦੇ ਉਸ ਨਿਰੰਤਰ ਸੰਘਰਸ਼ ਦਾ ਇੱਕ ਸ਼ਕਤੀਸ਼ਾਲੀ ਅਤੇ ਜਿਉਂਦਾ-ਜਾਗਦਾ ਦਸਤਾਵੇਜ਼ ਹੈ, ਜੋ ਸਿੱਖ ਕੌਮ ਨੇ ਆਪਣੀ ਹੋਂਦ, ਸਨਮਾਨ ਅਤੇ ਇਨਸਾਫ਼ ਲਈ ਲੜਿਆ ਹੈ। ਇਹ ਲੇਖ ਬਹੁਤ ਹੀ ਬੇਬਾਕੀ ਨਾਲ ਇਹ ਸਵਾਲ ਖੜ੍ਹੇ ਕਰਦਾ ਹੈ ਕਿ ਕਿਵੇਂ ਓਪਰੇਸ਼ਨ ਬਲੂ ਸਟਾਰ ਦੀ ਸਰਕਾਰੀ ਬੇਅਦਬੀ ਅਤੇ ਨਵੰਬਰ 1984 ਦੀ ਯੋਜਨਾਬੱਧ ਨਸਲਕੁਸ਼ੀ ਨੇ ਭਾਰਤੀ ਲੋਕਤੰਤਰ ਦੇ ਮੁਖੌਟੇ ਨੂੰ ਲਾਹ ਕੇ ਰੱਖ ਦਿੱਤਾ। ਚਾਰ ਦਹਾਕਿਆਂ ਤੋਂ ਵੱਧ ਦਾ ਸਮਾਂ ਲੰਘ ਚੁੱਕਾ ਹੈ, ਪਰ ਸਵਾਲ ਅੱਜ ਵੀ ਉੱਥੇ ਹੀ ਖੜ੍ਹੇ ਹਨ—ਕਿਉਂ ਚੰਡੀਗੜ੍ਹ ਅੱਜ ਵੀ ਪੰਜਾਬ ਤੋਂ ਦੂਰ ਹੈ? ਕਿਉਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਲੁੱਟਿਆ ਜਾ ਰਿਹਾ ਹੈ? ਅਤੇ ਕਿਉਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਇਨਸਾਫ਼ ਅੱਜ ਵੀ ਅਧੂਰਾ ਹੈ? ਕੇਂਦਰੀਕਰਨ ਦੇ ਵਧਦੇ ਦਬਾਅ, ਹਿੰਦੂਤਵ ਦੀ ਰਾਜਨੀਤੀ ਦੁਆਰਾ ਸਿੱਖ ਪਛਾਣ ਨੂੰ ਲਗਾਤਾਰ ਦਿੱਤੀਆਂ ਜਾ ਰਹੀਆਂ ਚੁਣੌਤੀਆਂ, ਅਤੇ ਹਾਲ ਹੀ ਦੇ ਸਾਲਾਂ ਵਿੱਚ ਸਿੱਖ ਕਾਰਕੁਨਾਂ ਵਿਰੁੱਧ ਸਰਹੱਦਾਂ ਤੋਂ ਪਾਰ (ਅੰਤਰਰਾਸ਼ਟਰੀ ਪੱਧਰ 'ਤੇ) ਕੀਤੇ ਜਾ ਰਹੇ ਦਮਨ ਨੇ ਇਸ ਸੰਘਰਸ਼ ਨੂੰ ਇੱਕ ਨਵਾਂ ਅਤੇ ਗੰਭੀਰ ਮੋੜ ਦੇ ਦਿੱਤਾ ਹੈ। 2020-21 ਦੇ ਇਤਿਹਾਸਕ ਕਿਸਾਨ ਅੰਦੋਲਨ ਨੇ ਇੱਕ ਵਾਰ ਫਿਰ ਸਾਬਤ ਕੀਤਾ ਕਿ ਜਦੋਂ ਵੀ ਪੰਜਾਬ ਦੀ ਹੋਂਦ 'ਤੇ ਹਮਲਾ ਹੁੰਦਾ ਹੈ, ਤਾਂ ਇਹ ਕੌਮ ਦਿੱਲੀ ਦੇ ਤਖ਼ਤ ਨੂੰ ਝੁਕਾਉਣ ਦਾ ਮਾਦਾ ਰੱਖਦੀ ਹੈ। ਅਸੀ ਸਾਡੇ ਲੋਕ ਦੇ ਸਮੂਹ ਪ੍ਰਵਾਰ ਵਲੋਂ ਇਹ ਮਹਿਸੂਸ ਕਰਦੇ ਹਾਂ ਕਿ ਇਹ ਲਿਖਤ ਸਿਰਫ਼ ਇੱਕ ਰਾਜਨੀਤਿਕ ਵਿਸ਼ਲੇਸ਼ਣ ਨਹੀਂ ਹੈ, ਬਲਕਿ ਇਹ ਸਿੱਖ ਕੌਮ ਦੀ 'ਚੜ੍ਹਦੀ ਕਲਾ' ਅਤੇ ਕਦੇ ਨਾ ਮੁੱਕਣ ਵਾਲੇ ਪ੍ਰਤੀਰੋਧ (Resistance) ਦੀ ਇੱਕ ਅਜਿਹੀ ਗੂੰਜ ਹੈ, ਜੋ ਦੁਨੀਆ ਦੇ ਕੋਨੇ-ਕੋਨੇ ਵਿੱਚ ਬੈਠੇ ਸਿੱਖ ਦੀ ਆਵਾਜ਼ ਬਣਦੀ ਹੈ। ਅਸੀਂ ਪਾਠਕਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਇਸ ਲੇਖ ਨੂੰ ਸਿਰਫ਼ ਸ਼ਬਦਾਂ ਵਜੋਂ ਨਹੀਂ, ਬਲਕਿ ਇਤਿਹਾਸਕ ਇਨਸਾਫ਼ ਅਤੇ ਹੋਂਦ ਦੀ ਲੜਾਈ ਦੇ ਇੱਕ ਅਹਿਮ ਹਿੱਸੇ ਵਜੋਂ ਪੜ੍ਹਨ - ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

## ਨਸਲਕੁਸ਼ੀ ਦੇ ਸਦਮੇ ਤੋਂ ਅੰਤਰਰਾਸ਼ਟਰੀ ਦਮਨ ਤੱਕ

# ਦਿੱਲੀ ਦਾ ਤਖ਼ਤ, ਰਾਜ ਸ਼ਕਤੀ ਅਤੇ ਪੰਜਾਬ ਦੀ ਹੋਂਦ ਦੀ ਲੜਾਈ: 1984-2026

## ਸਿੱਖ ਯਾਦਾਂ, ਰਾਜ ਸ਼ਕਤੀ, ਇਨਸਾਫ਼, ਪਛਾਣ ਅਤੇ ਭਾਰਤ 'ਚ ਸੰਘਵਾਦ ਲਈ ਨਿਰੰਤਰ ਸੰਘਰਸ਼

ਜੂਨ 1984 ਦੀ ਆ ਰਹੀ ਬਰਸੀ ਇੱਕ ਵਾਰ ਫਿਰ ਆਧੁਨਿਕ ਸਿੱਖ ਇਤਿਹਾਸ ਦੇ ਸਭ ਤੋਂ ਡੂੰਘੇ ਅਤੇ ਅਸਹਿ ਜ਼ਖ਼ਮਾਂ ਵਿੱਚੋਂ ਇੱਕ ਨੂੰ ਤਾਜ਼ਾ ਕਰ ਦਿੰਦੀ ਹੈ—ਇੱਕ ਅਜਿਹਾ ਜ਼ਖ਼ਮ ਜੋ ਕਦੇ ਵੀ ਸੱਚਮੁੱਚ ਨਹੀਂ ਭਰਿਆ। ਵਿਸ਼ਵ ਭਰ ਦੇ ਸਿੱਖਾਂ ਲਈ, ਜੂਨ ਸਿਰਫ਼ ਇਤਿਹਾਸਕ ਯਾਦ ਦਾ ਸਮਾਂ ਨਹੀਂ ਹੈ; ਇਹ ਇੱਕ ਗੰਭੀਰ ਬੇਇਨਸਾਫ਼ੀ ਦੀ ਇੱਕ ਜਿਉਂਦੀ-ਜਾਗਦੀ, ਬਲਦੀ ਹੋਈ ਯਾਦ ਦਿਵਾਉਂਦਾ ਹੈ ਜਿਸ ਨੂੰ ਕਦੇ ਹੱਲ ਨਹੀਂ ਕੀਤਾ ਗਿਆ। 1984 ਦਾ ਦੁਖਾਂਤ ਅਤੀਤ ਤੱਕ ਸੀਮਤ ਨਹੀਂ ਹੈ ਬਲਕਿ ਇੱਕ ਨਿਰੰਤਰ ਨੈਤਿਕ ਅਤੇ ਮਨੋਵਿਗਿਆਨਕ ਸੰਕਟ ਹੈ ਜੋ ਸਿੱਖ ਰਾਜਨੀਤਿਕ ਚੇਤਨਾ, ਸਮੂਹਿਕ ਯਾਦਦਾਸ਼ਤ, ਅਤੇ ਭਾਰਤੀ ਰਾਜ ਦੁਆਰਾ ਉਨ੍ਹਾਂ ਦੇ ਲਗਾਤਾਰ ਵਿਸ਼ਵਾਸਘਾਤ ਦੀ ਭਾਵਨਾ ਨੂੰ ਰੂਪ ਦਿੰਦਾ ਹੈ। ਓਪਰੇਸ਼ਨ ਬਲੂ ਸਟਾਰ ਤੋਂ ਚਾਰ ਦਹਾਕਿਆਂ ਤੋਂ ਵੱਧ ਸਮੇਂ ਬਾਅਦ, 1984 ਦੀ ਵਿਰਾਸਤ ਨਾ ਸਿਰਫ਼ ਅਣਸੁਲਝੀ ਹੋਈ ਹੈ; ਇਹ ਇੱਕ ਅਜਿਹੀ ਬੇਇਨਸਾਫ਼ੀ ਹੈ ਜੋ ਸੰਘਵਾਦ, ਘੱਟ ਗਿਣਤੀਆਂ ਦੇ ਅਧਿਕਾਰਾਂ, ਧਾਰਮਿਕ ਪਛਾਣ ਅਤੇ ਭਾਰਤੀ ਲੋਕਤੰਤਰ ਦੀ ਭਰੋਸੇਯੋਗਤਾ ਨੂੰ ਲੈ ਕੇ ਸਿੱਖ ਬਹਿਸਾਂ ਨੂੰ ਪਰਿਭਾਸ਼ਿਤ ਕਰਦੀ ਆ ਰਹੀ ਹੈ।

**ਓਪਰੇਸ਼ਨ ਬਲੂ ਸਟਾਰ ਅਤੇ ਸਿੱਖ ਪਾਵਨ ਅਸਥਾਨ 'ਤੇ ਹਮਲਾ:** ਜੂਨ 1984 ਵਿੱਚ, ਇੰਦਰਾ ਗਾਂਧੀ ਦੀ ਸਰਕਾਰ ਦੇ ਅਧੀਨ, ਭਾਰਤੀ ਸੈਨਾ ਨੇ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਅਸਥਾਨ, ਹਰਿਮੰਦਰ ਸਾਹਿਬ ਦੇ ਪਵਿੱਤਰ ਕੰਪਲੈਕਸ ਦੇ ਅੰਦਰ ਓਪਰੇਸ਼ਨ ਬਲੂ ਸਟਾਰ ਸ਼ੁਰੂ ਕੀਤਾ। ਇਹ ਕਾਰਵਾਈ ਸਿੱਖ ਧਾਰਮਿਕ ਕੈਲੰਡਰ ਦੇ ਸਭ ਤੋਂ ਪਵਿੱਤਰ ਦਿਹਾੜਿਆਂ ਦੌਰਾਨ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਦਿਨਾਂ ਦੇ ਆਲੇ-ਦੁਆਲੇ ਹੋਈ ਸੀ। ਕੰਪਲੈਕਸ ਦੇ ਅੰਦਰ ਟੈਂਕ, ਤੋਪਖਾਨੇ ਅਤੇ ਭਾਰੀ ਫੌਜੀ ਬਲ ਤਾਇਨਾਤ ਕੀਤੇ ਗਏ ਸਨ। ਇਸ ਕਾਰਵਾਈ ਦੌਰਾਨ ਸੈਂਕੜੇ ਅਤੇ ਕਈ ਸਿੱਖ ਜਥੇਬੰਦੀਆਂ ਅਨੁਸਾਰ ਹਜ਼ਾਰਾਂ ਸ਼ਰਧਾਲੂ, ਸੇਵਾਦਾਰ ਅਤੇ ਆਮ ਨਾਗਰਿਕ ਮਾਰੇ ਗਏ ਸਨ। ਸਿੱਖ ਧਰਮ ਦੀ ਸਰਵਉੱਚ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਿਆ।

ਭਾਰਤ ਸਰਕਾਰ ਨੇ ਇਸ ਕਾਰਵਾਈ ਨੂੰ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਵਾਲੇ ਹਥਿਆਰਬੰਦ ਖਾੜਕੂਆਂ ਵਿਰੁੱਧ ਸੁਰੱਖਿਆ ਕਾਰਵਾਈ ਵਜੋਂ ਪੇਸ਼ ਕੀਤਾ। ਫਿਰ ਵੀ ਸਿੱਖਾਂ ਲਈ, ਇਹ ਘਟਨਾ ਸਿਰਫ਼ ਇੱਕ ਫੌਜੀ ਕਾਰਵਾਈ ਨਹੀਂ ਸੀ: ਇਹ ਸਿੱਖ ਮਾਣ-ਸਨਮਾਨ, ਉਨ੍ਹਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ਦੀ ਪ੍ਰਭੂਸੱਤਾ ਅਤੇ ਉਨ੍ਹਾਂ ਦੀ ਸਮੂਹਿਕ ਪਛਾਣ ਦੇ ਮੂਲ 'ਤੇ ਇੱਕ ਸਿੱਧੇ ਅਤੇ ਨਾ-ਮੁਆਫ਼ੀਯੋਗ ਹਮਲੇ ਵਜੋਂ ਅਨੁਭਵ ਕੀਤੀ ਗਈ ਸੀ। ਇਸ ਬੇਅਦਬੀ ਦੇ ਹੜਕੰਪ ਨੇ ਨਾ ਸਿਰਫ਼ ਪੰਜਾਬ ਵਿੱਚ ਬਲਕਿ ਪੂਰੇ ਵਿਸ਼ਵ ਸਿੱਖ ਭਾਈਚਾਰੇ ਵਿੱਚ ਤੁਰੰਤ ਗੁੱਸੇ ਅਤੇ ਬੇਗਾਨਗੀ ਦੀ ਭਾਵਨਾ ਨੂੰ ਜਨਮ ਦਿੱਤਾ, ਜੋ ਕਦੇ ਵੀ ਖ਼ਤਮ ਨਹੀਂ ਹੋਇਆ।

ਇਤਿਹਾਸਕ ਹੱਥ-ਲਿਖਤ ਖਰੜੇ ਨਸ਼ਟ ਹੋ ਗਏ ਅਤੇ ਅਸਥਾਨ ਦੇ ਅੰਦਰ ਫਸੇ ਸ਼ਰਧਾਲੂ ਮਾਰੇ ਗਏ। ਸਿੱਖ ਧਰਮ ਦੇ ਸਭ ਤੋਂ ਪਵਿੱਤਰ ਅਸਥਾਨ ਦੇ ਅੰਦਰ ਫੌਜੀ ਬਲ ਦੀ ਵਰਤੋਂ ਨੇ ਇੱਕ ਅਜਿਹਾ ਸਮੂਹਿਕ ਦੁਖਾਂਤ ਪੈਦਾ ਕੀਤਾ ਹੈ ਜੋ ਸਿੱਖ ਇਤਿਹਾਸਕ ਚੇਤਨਾ ਵਿੱਚ ਅੱਜ ਵੀ ਜ਼ਿੰਦਾ ਹੈ। ਬਹੁਤ ਸਾਰੇ ਸਿੱਖਾਂ ਲਈ, ਜੂਨ 1984 ਸਿਰਫ਼ ਇੱਕ ਸਿਆਸੀ ਸੰਕਟ ਨਹੀਂ, ਸਗੋਂ ਇੱਕ ਸਭਿਅਤਾ ਦਾ ਟੁੱਟਣਾ ਬਣ ਗਿਆ।

**1984 ਦੇ ਸਿੱਖ ਵਿਰੋਧੀ ਕਤਲੇਆਮ (ਓਪਰੇਸ਼ਨ ਸ਼ਾਂਤੀ) :** 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੇ ਸਿੱਖ ਅੰਗ ਰੱਖਿਅਕਾਂ ਦੁਆਰਾ ਕੀਤੇ ਗਏ ਕਤਲ ਤੋਂ ਬਾਅਦ ਇਹ ਦੁਖਾਂਤ ਬਹੁਤ ਜ਼ਿਆਦਾ ਵਧ ਗਿਆ। ਨਵੀਂ ਦਿੱਲੀ ਅਤੇ ਕਈ ਉੱਤਰੀ ਭਾਰਤੀ ਰਾਜਾਂ ਵਿੱਚ ਸਿੱਖ ਵਿਰੋਧੀ ਕਤਲੇਆਮ ਭੜਕ ਉੱਠਿਆ। ਸੰਗਠਿਤ ਭੀੜ ਦੁਆਰਾ ਸਿੱਖਾਂ ਦੇ ਘਰਾਂ, ਕਾਰੋਬਾਰਾਂ ਅਤੇ ਗੁਰਦੁਆਰਿਆਂ 'ਤੇ ਹਮਲੇ ਕੀਤੇ ਗਏ। ਹਜ਼ਾਰਾਂ ਸਿੱਖ ਮਾਰੇ ਗਏ। ਕਈਆਂ ਨੂੰ ਸ਼ਰੇਆਮ ਜ਼ਿੰਦਾ ਸਾੜ ਦਿੱਤਾ ਗਿਆ।

ਬਹੁਤ ਸਾਰੀਆਂ ਮਨੁੱਖੀ ਅਧਿਕਾਰ ਸੰਗਠਨਾਂ, ਪੱਤਰਕਾਰਾਂ ਅਤੇ ਜਾਂਚ ਕਮਿਸ਼ਨਾਂ ਨੇ ਬਾਅਦ ਵਿੱਚ ਸਿਆਸੀ ਮਿਲੀਭੁਗਤ, ਪੁਲਿਸ ਦੀ ਅਣਗਹਿਲੀ ਅਤੇ ਸੁਚੱਜੇ ਢੰਗ ਨਾਲ ਸੰਗਠਿਤ ਹਿੰਸਾ ਦੇ ਪੁਖ਼ਤਾ ਸਬੂਤ ਪੇਸ਼ ਕੀਤੇ। ਸਿੱਖਾਂ ਦੀ ਜਾਇਦਾਦ ਨੂੰ ਯੋਜਨਾਬੱਧ ਤਰੀਕੇ ਨਾਲ ਲੁੱਟਿਆ ਗਿਆ। ਗੁਰਦੁਆਰਿਆਂ ਦੀ ਬੇਅਦਬੀ ਕੀਤੀ ਗਈ, ਨੁਕਸਾਨ ਪਹੁੰਚਾਇਆ ਗਿਆ ਜਾਂ ਤਬਾਹ ਕਰ ਦਿੱਤਾ ਗਿਆ। ਸਿੱਖ ਕੌਮ ਲਈ, ਇਹਨਾਂ ਘਟਨਾਵਾਂ ਨੇ 1984 ਨੂੰ ਸਿਰਫ਼ ਇੱਕ ਦੁਖਦਾਈ ਸੁਰੱਖਿਆ ਟਕਰਾਅ ਵਜੋਂ ਨਹੀਂ ਛੱਡਿਆ—ਉਹਨਾਂ ਨੇ ਨਸਲਕੁਸ਼ੀ ਦੀ ਹਕੀਕਤ ਨੂੰ ਉਜਾਗਰ ਕੀਤਾ, ਜੋ ਕਿ ਸਿੱਖਾਂ ਵਿਰੁੱਧ ਇੱਕ ਯੋਜਨਾਬੱਧ ਰਾਜ-ਸਮਰਥਿਤ ਕਤਲੇਆਮ ਸੀ। ਉਨ੍ਹਾਂ ਦਿਨਾਂ ਦਾ ਦਰਦ ਅੱਜ ਵੀ ਬਰਕਰਾਰ ਹੈ ਅਤੇ ਇਨ੍ਹਾਂ ਅਪਰਾਧਾਂ ਦੇ ਪੈਮਾਨੇ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਨਾ ਜ਼ਖ਼ਮ ਨੂੰ ਹੋਰ ਡੂੰਘਾ ਕਰਦਾ ਹੈ।

ਦੋਸ਼ੀਆਂ ਨੂੰ ਇਨਸਾਫ਼ ਦੇ ਕਟਹਿਰੇ ਵਿੱਚ ਲਿਆਉਣ ਵਿੱਚ ਭਾਰਤੀ ਰਾਜ ਦੀ ਪੂਰੀ ਤਰ੍ਹਾਂ ਨਾਕਾਮਯਾਬੀ ਨੇ ਭਾਰਤੀ ਸੰਸਥਾਵਾਂ ਵਿੱਚ ਸਿੱਖਾਂ ਦੇ ਅਵਿਸ਼ਵਾਸ ਨੂੰ ਹੋਰ ਡੂੰਘਾ ਕੀਤਾ ਹੈ। ਚਾਰ ਦਹਾਕਿਆਂ ਬਾਅਦ ਵੀ, ਇੱਕ ਵੀ ਮੁੱਖ ਸਾਜ਼ਿਸ਼ਘੜਤ ਨੂੰ ਸਜ਼ਾ ਨਹੀਂ ਮਿਲੀ ਹੈ ਅਤੇ ਇਨਸਾਫ਼ ਦੀ ਪੁਕਾਰ ਹਰ ਸਿੱਖ ਪਰਿਵਾਰ ਅਤੇ ਭਾਈਚਾਰੇ ਵਿੱਚ ਗੂੰਜ ਰਹੀ ਹੈ। ਰਾਜ ਦੀ ਚੁੱਪ ਸਿਰਫ਼ ਅਣਗਹਿਲੀ ਨਹੀਂ—ਇਹ ਮਿਲੀਭੁਗਤ ਹੈ।

**ਪੰਜਾਬ, ਸੰਘਵਾਦ ਅਤੇ ਅਣਸੁਲਝਿਆ ਚੰਡੀਗੜ੍ਹ ਦਾ ਸਵਾਲ :** 1984 ਤੋਂ ਬਾਅਦ ਦੇ ਸਾਲਾਂ ਵਿੱਚ, ਸਿੱਖ ਰਾਜਨੀਤਿਕ ਸ਼ਿਕਾਇਤਾਂ ਸੰਘਵਾਦ, ਰਾਜਾਂ ਦੀ ਖ਼ੁਦਮੁਖਤਿਆਰੀ ਅਤੇ ਭਾਰਤ ਵਿੱਚ ਸੰਵਿਧਾਨਕ ਸਮਾਨਤਾ ਲਈ ਸੰਘਰਸ਼ ਬਾਰੇ ਵਿਆਪਕ ਬਹਿਸਾਂ ਵਿੱਚ ਬਦਲ ਗਈਆਂ। ਇਹ ਵਿਸ਼ੇ ਸਿੱਖ ਮੰਗਾਂ ਦੇ ਕੇਂਦਰ ਵਿੱਚ ਰਹੇ ਹਨ ਅਤੇ ਮੌਜੂਦਾ ਢਾਂਚੇ ਤੋਂ ਲਗਾਤਾਰ ਅਸੰਤੁਸ਼ਟੀ ਨੂੰ ਉਜਾਗਰ ਕਰਦੇ ਹਨ।

ਇੱਕ ਸਦੀਵੀ ਵਿਵਾਦ ਚੰਡੀਗੜ੍ਹ ਨੂੰ ਲੈ ਕੇ ਹੈ, ਜੋ 1966 ਵਿੱਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਸਾਂਝੀ ਰਾਜਧਾਨੀ ਬਣਾਇਆ ਗਿਆ ਸੀ। ਕਈ ਪੰਜਾਬੀ ਅਤੇ ਸਿੱਖ ਸਿਆਸੀ ਜਥੇਬੰਦੀਆਂ ਦਾ ਕਹਿਣਾ ਹੈ ਕਿ 1966 ਦੇ ਪੰਜਾਬ ਪੁਨਰਗਠਨ ਐਕਟ ਵਿੱਚ ਚੰਡੀਗੜ੍ਹ ਨੂੰ ਆਖਰਕਾਰ ਪੰਜਾਬ ਦੀ ਵਿਸ਼ੇਸ਼ ਰਾਜਧਾਨੀ ਬਣਾਉਣ ਦੀ ਕਲਪਨਾ ਕੀਤੀ ਗਈ ਸੀ। ਹਾਲਾਂਕਿ, ਚੰਡੀਗੜ੍ਹ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੁਆਰਾ ਪ੍ਰਸ਼ਾਸਿਤ ਕੇਂਦਰ ਸ਼ਾਸਿਤ ਪ੍ਰਦੇਸ਼ ਵਜੋਂ ਕੰਮ ਕਰਨਾ ਜਾਰੀ ਰੱਖ ਰਿਹਾ ਹੈ।

ਆਲੋਚਕਾਂ ਦਾ ਕਹਿਣਾ ਹੈ ਕਿ ਚੰਡੀਗੜ੍ਹ ਨੂੰ ਸਥਾਈ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣਾ 1966 ਦੇ ਸਮਝੌਤੇ ਦੇ ਮਕਸਦ ਦੀ ਉਲੰਘਣਾ ਹੈ। ਬਹੁਤ ਸਾਰੇ ਲੋਕਾਂ ਲਈ ਚੰਡੀਗੜ੍ਹ ਪੰਜਾਬ ਦੇ ਸੰਘੀ ਅਧਿਕਾਰਾਂ ਦੇ ਵਿਆਪਕ ਖੋਹੇ ਜਾਣ ਦਾ ਪ੍ਰਤੀਕ ਹੈ। ਦਰਿਆਈ ਪਾਣੀਆਂ ਅਤੇ ਸਰੋਤਾਂ ਦੀ ਵੰਡ ਸਬੰਧੀ ਵਿਵਾਦ ਵੀ ਅਣਸੁਲਝੇ ਰਹੇ ਹਨ। ਸਿੱਖ ਸਿਆਸੀ ਆਵਾਜ਼ਾਂ ਲੰਬੇ ਸਮੇਂ ਤੋਂ ਇਹ ਦਲੀਲ ਦਿੰਦੀਆਂ ਆ ਰਹੀਆਂ ਹਨ ਕਿ ਕੇਂਦਰੀ ਤੰਤਰ ਅਤੇ ਅੰਤਰ-ਰਾਜੀ ਪ੍ਰਬੰਧਾਂ ਰਾਹੀਂ ਪੰਜਾਬ ਦੇ ਪਾਣੀਆਂ 'ਤੇ ਅਸਾਧਾਰਣ ਤੌਰ 'ਤੇ ਕੰਟਰੋਲ ਕੀਤਾ ਜਾਂਦਾ ਹੈ। ਇਹ ਪੰਜਾਬ ਨੂੰ ਆਰਥਿਕ ਅਤੇ ਖੇਤੀਬਾੜੀ ਪੱਖੋਂ ਕਮਜ਼ੋਰ ਕਰਦਾ ਹੈ। ਇਨ੍ਹਾਂ ਟਕਰਾਵਾਂ ਨੂੰ ਅਕਸਰ ਤਕਨੀਕੀ ਵਿਵਾਦਾਂ ਵਜੋਂ ਨਹੀਂ, ਸਗੋਂ ਕੇਂਦਰੀਕਰਨ ਦੇ ਇੱਕ ਵਿਆਪਕ ਪੈਟਰਨ ਦੇ ਹਿੱਸੇ ਵਜੋਂ ਦੇਖਿਆ ਜਾਂਦਾ ਹੈ।

**ਹਿੰਦੂਤਵ, ਸੱਭਿਆਚਾਰਕ ਚਿੰਤਾ ਅਤੇ ਸਿੱਖ ਪਛਾਣ :** ਭਾਜਪਾ ਅਤੇ ਹਿੰਦੂਤਵ ਦੀ ਰਾਜਨੀਤੀ ਦੇ ਉਭਾਰ ਨੇ ਕੁਝ ਸਿੱਖਾਂ ਵਿੱਚ ਪਛਾਣ ਅਤੇ ਸੱਭਿਆਚਾਰਕ ਖ਼ੁਦਮੁਖਤਿਆਰੀ ਬਾਰੇ ਚਿੰਤਾ ਵਧਾ ਦਿੱਤੀ ਹੈ।

ਕਈ ਸਿੱਖ ਵਿਦਵਾਨਾਂ ਅਤੇ ਜਥੇਬੰਦੀਆਂ ਦਾ ਤਰਕ ਹੈ ਕਿ ਸਿੱਖਿਆ ਅਤੇ ਸੱਭਿਆਚਾਰਕ ਨੀਤੀ ਵਿੱਚ ਵਧ ਰਿਹਾ ਕੇਂਦਰੀਕਰਨ ਭਾਰਤ ਦੀਆਂ ਬਹੁਵਾਦੀ ਪ੍ਰੰਪਰਾਵਾਂ ਦੀ ਕੀਮਤ 'ਤੇ ਇੱਕ ਸਮਰੂਪ ਰਾਸ਼ਟਰੀ ਪਛਾਣ ਨੂੰ ਉਤਸ਼ਾਹਿਤ ਕਰਦਾ ਹੈ। ਬਹਿਸਾਂ ਹੁਣ ਪਾਠਕ੍ਰਮ ਵਿੱਚ ਤਬਦੀਲੀਆਂ, ਵਿਦਿਅਕ ਢਾਂਚੇ ਅਤੇ ਸੰਸਥਾਗਤ ਨਿਯੰਤਰਣ 'ਤੇ ਕੇਂਦਰਿਤ ਹਨ। ਸਿੱਖ ਬੁੱਧੀਜੀਵੀ ਅਕਸਰ ਇਹਨਾਂ ਤਬਦੀਲੀਆਂ ਨੂੰ ਪੰਜਾਬ ਦੀ ਭਾਸ਼ਾਈ ਅਤੇ ਸੱਭਿਆਚਾਰਕ ਵਿਲੱਖਣਤਾ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਵਜੋਂ ਦੇਖਦੇ ਹਨ।

ਪੰਜਾਬੀ ਭਾਸ਼ਾ ਦੀ ਸਿੱਖਿਆ ਦੀ ਸਥਿਤੀ ਨੂੰ ਲੈ ਕੇ ਚਿੰਤਾ ਬਣੀ ਹੋਈ ਹੈ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਪੰਜਾਬੀ, ਜੋ ਕਿ ਸਿੱਖ ਪਵਿੱਤਰ ਗ੍ਰੰਥਾਂ ਅਤੇ ਇਤਿਹਾਸਕ ਯਾਦਾਂ ਦੀ ਭਾਸ਼ਾ ਹੈ, ਨੂੰ ਹੁਣ ਸਕੂਲਾਂ ਅਤੇ ਪ੍ਰਸ਼ਾਸਨਿਕ ਢਾਂਚੇ ਵਿੱਚ ਲੋੜੀਂਦਾ ਸੰਸਥਾਗਤ ਮਹੱਤਵ ਨਹੀਂ ਦਿੱਤਾ ਜਾ ਰਿਹਾ। ਸਿੱਖ ਗੁਰਬਾਣੀ ਗੁਰਮੁਖੀ ਅਤੇ ਪੰਜਾਬੀ ਸਾਹਿਤਕ ਵਿਰਾਸਤ ਨਾਲ ਅਟੁੱਟ ਹੈ। ਪੰਜਾਬੀ ਦੇ ਪਤਨ ਨੂੰ ਨਾ ਸਿਰਫ਼ ਇੱਕ ਸੱਭਿਆਚਾਰਕ ਮੁੱਦੇ ਵਜੋਂ ਸਗੋਂ ਇੱਕ ਧਾਰਮਿਕ ਅਤੇ ਸਭਿਅਤਾ ਦੀ ਚਿੰਤਾ ਵਜੋਂ ਦੇਖਿਆ ਜਾਂਦਾ ਹੈ।

ਕਈ ਸਿੱਖ ਆਲੋਚਕਾਂ ਦਾ ਕਹਿਣਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (RSS) ਨੇ ਸਿੱਖ ਧਰਮ ਨੂੰ ਆਪਣੀ ਸੁਤੰਤਰ ਵਿਗਿਆਨ, ਸੰਸਥਾਵਾਂ ਅਤੇ ਇਤਿਹਾਸ ਵਾਲੇ ਇੱਕ ਸੁਤੰਤਰ ਧਰਮ ਵਜੋਂ ਮਾਨਤਾ ਦੇਣ ਦੀ ਬਜਾਏ, ਲਗਾਤਾਰ ਇੱਕ ਵਿਆਪਕ ਹਿੰਦੂ ਸਭਿਅਤਾ ਦੇ ਢਾਂਚੇ ਦੇ ਹਿੱਸੇ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਿੱਖ ਵਿਦਵਾਨਾਂ ਅਤੇ ਸੰਸਥਾਵਾਂ ਨੇ ਇਹਨਾਂ ਵਿਆਖਿਆਵਾਂ ਦਾ ਲਗਾਤਾਰ ਵਿਰੋਧ ਕੀਤਾ ਹੈ। ਉਹ ਇਹਨਾਂ ਨੂੰ ਸਿੱਖ ਪਛਾਣ ਅਤੇ ਸਿਧਾਂਤਕ ਪ੍ਰਭੂਸੱਤਾ ਲਈ ਖ਼ਤਰੇ ਵਜੋਂ ਦੇਖਦੇ ਹਨ।

ਐਸ.ਜੀ.ਪੀ.ਸੀ., ਧਾਰਮਿਕ ਪ੍ਰਸ਼ਾਸਨ ਅਤੇ ਸੰਸਥਾਗਤ ਵੰਡ ਸਿੱਖ ਸੰਸਥਾਗਤ ਖ਼ੁਦਮੁਖਤਿਆਰੀ ਨੂੰ ਵਧਦੇ ਦਬਾਅ ਦਾ ਸਾਹਮਣਾ ਕਰਨਾ ਪਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC), ਜੋ ਕਿ 1925 ਵਿੱਚ ਸਿੱਖ ਗੁਰਦੁਆਰਾ ਐਕਟ ਦੇ ਤਹਿਤ ਬਣਾਈ ਗਈ ਸੀ, ਮੁੱਖ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦੀ ਰਹੀ ਹੈ।

ਸਿੱਖ ਜਥੇਬੰਦੀਆਂ ਦਾ ਤਰਕ ਹੈ ਕਿ ਰਾਸ਼ਟਰੀ ਅਤੇ ਖੇਤਰੀ ਸਿਆਸੀ ਪਾਰਟੀਆਂ ਦੇ ਦਖਲ ਨੇ ਸ਼੍ਰੋਮਣੀ ਕਮੇਟੀ ਦੀ ਸੁਤੰਤਰਤਾ ਨਾਲ ਸਮਝੌਤਾ ਕੀਤਾ ਹੈ। ਉਹਨਾਂ ਦਾ ਮੰਨਣਾ ਹੈ ਕਿ ਇਸ ਸਿਆਸੀਕਰਨ ਨੇ ਖ਼ੁਦਮੁਖਤਿਆਰ ਧਾਰਮਿਕ ਪ੍ਰਸ਼ਾਸਨ ਵਿੱਚ ਸ਼੍ਰੋਮਣੀ ਕਮੇਟੀ ਦੀ ਰਵਾਇਤੀ ਭੂਮਿਕਾ ਨੂੰ ਕਮਜ਼ੋਰ ਕੀਤਾ ਹੈ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਨੇ, ਕਈ ਸਿੱਖਾਂ ਦੀ ਨਜ਼ਰ ਵਿੱਚ, ਸਿੱਖ ਸੰਸਥਾਗਤ ਏਕਤਾ ਨੂੰ ਖੰਡਿਤ ਕਰ ਦਿੱਤਾ ਹੈ। ਕਈ ਲੋਕ ਇਸਨੂੰ 1925 ਦੇ ਸਿੱਖ ਗੁਰਦੁਆਰਾ ਢਾਂਚੇ ਦੀ ਮੂਲ ਭਾਵਨਾ ਦੀ ਉਲੰਘਣਾ ਵਜੋਂ ਦੇਖਦੇ ਹਨ।

ਸ਼੍ਰੋਮਣੀ ਕਮੇਟੀ ਦੀ ਵੋਟਿੰਗ ਯੋਗਤਾ ਬਾਰੇ ਬਹਿਸਾਂ ਨੇ ਹੋਰ ਵਿਵਾਦ ਪੈਦਾ ਕੀਤੇ ਹਨ। ਆਲੋਚਕਾਂ ਨੂੰ ਡਰ ਹੈ ਕਿ ਭਾਗੀਦਾਰੀ ਦੇ ਮਾਪਦੰਡਾਂ ਨੂੰ ਮੁੜ ਪਰਿਭਾਸ਼ਿਤ ਕਰਨ ਦੀਆਂ ਕੋਸ਼ਿਸ਼ਾਂ, ਖਾਸ ਤੌਰ 'ਤੇ ਅੰਮ੍ਰਿਤਧਾਰੀ ਸਥਿਤੀ ਦੇ ਸਬੰਧ ਵਿੱਚ, ਕੁਝ ਸਿੱਖਾਂ ਨੂੰ ਹਾਸ਼ੀਏ 'ਤੇ ਧੱਕ ਸਕਦੀਆਂ ਹਨ ਅਤੇ ਪੰਥ ਦੇ ਅੰਦਰੂਨੀ ਮਤਭੇਦਾਂ ਨੂੰ ਵਧਾ ਸਕਦੀਆਂ ਹਨ।

**ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸਧਾਰਨੀਕਰਨ ਦੀ ਰਾਜਨੀਤੀ :** ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਵਾਰ-ਵਾਰ ਹੋਣ ਵਾਲੀਆਂ ਘਟਨਾਵਾਂ ਨੇ ਸਿੱਖਾਂ ਦੇ ਗੁੱਸੇ ਅਤੇ ਅਸੁਰੱਖਿਆ ਨੂੰ ਹੋਰ ਵਧਾ ਦਿੱਤਾ ਹੈ। ਪਿਛਲੇ ਦਹਾਕੇ ਦੌਰਾਨ, ਪੰਜਾਬ ਵਿੱਚ ਬੇਅਦਬੀ ਦੀਆਂ ਕਈ ਘਟਨਾਵਾਂ ਨੇ ਵਿਰੋਧ ਪ੍ਰਦਰਸ਼ਨਾਂ, ਸਿਆਸੀ ਅਸ਼ਾਂਤੀ ਅਤੇ ਭਾਵਨਾਤਮਕ ਰੋਸ ਨੂੰ ਜਨਮ ਦਿੱਤਾ ਹੈ।

ਕਈ ਸਿੱਖਾਂ ਦਾ ਤਰਕ ਹੈ ਕਿ ਜਵਾਬਦੇਹੀ ਦੀ ਘਾਟ ਅਤੇ ਵਾਰ-ਵਾਰ ਹੋਣ ਵਾਲੀਆਂ ਘਟਨਾਵਾਂ ਸਿੱਖ ਪਵਿੱਤਰ ਸੰਸਥਾਵਾਂ 'ਤੇ ਹੋਣ ਵਾਲੇ ਹਮਲਿਆਂ ਨੂੰ ਆਮ ਬਣਾਉਣ ਦਾ ਖ਼ਤਰਾ ਪੈਦਾ ਕਰਦੀਆਂ ਹਨ। ਉਨ੍ਹਾਂ ਲਈ, ਇਹ ਮੁੱਦਾ ਸਿਰਫ਼ ਅਪਰਾਧਿਕ ਕਾਰਵਾਈਆਂ ਤੱਕ ਸੀਮਤ ਨਹੀਂ ਹੈ; ਇਹ ਸਿੱਖ ਪਵਿੱਤਰ ਗ੍ਰੰਥ ਦੀ ਪਵਿੱਤਰਤਾ ਅਤੇ ਸਿੱਖ ਕੌਮ ਦੇ ਸਨਮਾਨ ਨੂੰ ਠੇਸ ਪਹੁੰਚਾਉਂਦਾ ਹੈ।

ਬਿਨਾਂ ਕਿਸੇ ਹੱਲ ਦੇ ਲਗਾਤਾਰ ਹੋ ਰਹੀ ਬੇਅਦਬੀ ਨੇ ਸਿੱਖਾਂ ਦੀ ਇਸ ਭਾਵਨਾ ਨੂੰ ਵਧਾਇਆ ਹੈ ਕਿ ਸਿਆਸੀ ਪ੍ਰਣਾਲੀ ਦੇ ਅੰਦਰ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੁਰੱਖਿਆ ਦੀ ਘਾਟ ਹੈ।

**ਕਿਸਾਨ ਅੰਦੋਲਨ ਅਤੇ ਪੰਜਾਬੀ ਪ੍ਰਤੀਰੋਧ :** 2020-2021 ਦਾ ਕਿਸਾਨ ਅੰਦੋਲਨ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਹੋਰ ਵੱਡਾ ਮੋੜ ਸੀ। ਪੰਜਾਬ ਦੇ ਕਿਸਾਨਾਂ ਨੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੁਆਰਾ ਲਿਆਂਦੇ ਗਏ ਖੇਤੀਬਾੜੀ ਸੁਧਾਰ ਕਾਨੂੰਨਾਂ ਵਿਰੁੱਧ ਵੱਡੀ ਗਿਣਤੀ ਵਿੱਚ ਲਾਮਬੰਦੀ ਕੀਤੀ। ਪ੍ਰਦਰਸ਼ਨਕਾਰੀਆਂ ਨੂੰ ਖੇਤੀਬਾੜੀ 'ਤੇ ਕਾਰਪੋਰੇਟ ਨਿਯੰਤਰਣ ਵਧਣ, ਘੱਟੋ-ਘੱਟ ਸਮਰਥਨ ਮੁੱਲ (MSP) ਦੇ ਖ਼ਤਮ ਹੋਣ ਅਤੇ ਜ਼ਮੀਨ ਦੀ ਮਾਲਕੀ ਨੂੰ ਖ਼ਤਰੇ ਦਾ ਡਰ ਸੀ।

ਲੰਬੇ ਸਮੇਂ ਤੱਕ ਚੱਲੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਇਹ ਅੰਦੋਲਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਵਿੱਚ ਸਫਲ ਰਿਹਾ। ਹਾਲਾਂਕਿ, ਕਈ ਕਿਸਾਨਾਂ ਦਾ ਮੰਨਣਾ ਹੈ ਕਿ ਗੱਲਬਾਤ ਦੌਰਾਨ ਕੀਤੇ ਗਏ ਕਈ ਵਾਅਦੇ ਅਜੇ ਵੀ ਅਧੂਰੇ ਹਨ।

ਬਹੁਤ ਸਾਰੇ ਪੰਜਾਬੀਆਂ ਲਈ, ਇਸ ਅੰਦੋਲਨ ਨੇ ਖ਼ੁਦਮੁਖਤਿਆਰੀ ਅਤੇ ਹੋਂਦ ਦੀ ਲੜਾਈ ਦੇ ਪੁਰਾਣੇ ਸੰਘਰਸ਼ਾਂ ਦੀਆਂ ਯਾਦਾਂ ਨੂੰ ਤਾਜ਼ਾ ਕਰ ਦਿੱਤਾ। ਇਸ ਨੇ ਇਸ ਭਾਵਨਾ ਨੂੰ ਵੀ ਮਜ਼ਬੂਤ ਕੀਤਾ ਕਿ ਪੰਜਾਬ ਦੀਆਂ ਆਰਥਿਕ ਅਤੇ ਖੇਤੀਬਾੜੀ ਚਿੰਤਾਵਾਂ ਨੂੰ ਕੇਂਦਰੀਕ੍ਰਿਤ ਨੀਤੀ ਨਿਰਮਾਣ ਢਾਂਚੇ ਦੇ ਅੰਦਰ ਚੰਗੀ ਤਰ੍ਹਾਂ ਨਹੀਂ ਸਮਝਿਆ ਜਾਂਦਾ।

ਅੰਤਰਰਾਸ਼ਟਰੀ ਦਮਨ ਅਤੇ ਸਿੱਖ ਸਵਾਲ ਦਾ ਵਿਸ਼ਵੀਕਰਨ ਹਾਲ ਹੀ ਦੇ ਸਾਲਾਂ ਵਿੱਚ, ਸਿੱਖ ਚਿੰਤਾਵਾਂ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚ ਗਈਆਂ ਹਨ। ਸਿੱਖ ਕਾਰਕੁਨਾਂ ਵਿਰੁੱਧ ਅੰਤਰਰਾਸ਼ਟਰੀ ਦਮਨ ਦੇ ਦੋਸ਼ਾਂ ਨੇ ਇਸ ਮੁੱਦੇ ਨੂੰ ਇੱਕ ਕੂਟਨੀਤਕ ਮਾਮਲਾ ਬਣਾ ਦਿੱਤਾ ਹੈ।

ਸਰੀ (ਕੈਨੇਡਾ) ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਕਾਰਨ ਕੈਨੇਡਾ ਅਤੇ ਭਾਰਤ ਵਿਚਕਾਰ ਵੱਡੇ ਕੂਟਨੀਤਕ ਤਣਾਅ ਪੈਦਾ ਹੋ ਗਏ। ਕੈਨੇਡੀਅਨ ਅਧਿਕਾਰੀਆਂ ਨੇ ਜਨਤਕ ਤੌਰ 'ਤੇ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੇ ਦੋਸ਼ ਲਾਏ। ਅਵਤਾਰ ਸਿੰਘ ਖੰਡਾ ਅਤੇ ਪਰਮਜੀਤ ਸਿੰਘ ਪੰਜਵੜ ਦੀਆਂ ਮੌਤਾਂ ਨੇ ਸਿੱਖ ਪ੍ਰਵਾਸੀਆਂ ਦੇ ਕੁਝ ਹਿੱਸਿਆਂ ਵਿੱਚ ਡਰ ਪੈਦਾ ਕਰ ਦਿੱਤਾ।

ਅਮਰੀਕਾ ਵਿੱਚ ਇੱਕ ਸਿੱਖ ਕਾਰਕੁਨ (ਭਾਈ ਗੁਰਪਤਵੰਤ ਸਿੰਘ ਪੰਨੂ) ਨੂੰ ਨਿਸ਼ਾਨਾ ਬਣਾਉਣ ਦੀ ਕਥਿਤ ਸਾਜ਼ਿਸ਼ ਨਾਲ ਸਬੰਧਤ ਅਮਰੀਕੀ ਕਾਨੂੰਨੀ ਕਾਰਵਾਈਆਂ ਨੇ ਭਾਰਤੀ ਖੁਫੀਆ ਏਜੰਸੀਆਂ ਦੀ ਸ਼ਮੂਲੀਅਤ ਬਾਰੇ ਚਿੰਤਾਵਾਂ ਨੂੰ ਉਜਾਗਰ ਕੀਤਾ। ਇਹਨਾਂ ਘਟਨਾਵਾਂ ਨੇ ਉਸ ਮੁੱਦੇ ਨੂੰ ਇੱਕ ਪ੍ਰਮੁੱਖ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਅਤੇ ਕੂਟਨੀਤਕ ਮੁੱਦੇ ਵਿੱਚ ਬਦਲ ਦਿੱਤਾ ਹੈ ਜਿਸਨੂੰ ਕਦੇ ਘਰੇਲੂ ਮਾਮਲਾ ਮੰਨਿਆ ਜਾਂਦਾ ਸੀ।

**ਸੀ.ਆਈ.ਏ. ਅਧਿਕਾਰੀ ਦੀ ਪਛਾਣ: ਜੌਨ ਕਿਰੀਆਕੂ**

- ਉਹ ਕੌਣ ਹਨ: ਸੀਆਈਏ ਦੇ ਸਾਬਕਾ ਸੀਨੀਅਰ ਅੱਤਵਾਦ ਵਿਰੋਧੀ ਅਧਿਕਾਰੀ ਅਤੇ ਜਾਣੇ-ਪਛਾਣੇ ਅਮਰੀਕੀ ਖੁਫੀਆ ਵਿਸਲਬਲੋਅਰ (ਜਿਨ੍ਹਾਂ ਨੇ ਪਹਿਲਾਂ 9/11 ਤੋਂ ਬਾਅਦ ਸੀਆਈਏ ਦੇ ਟਾਰਚਰ ਪ੍ਰੋਗਰਾਮ ਨੂੰ ਬੇਨਕਾਬ ਕੀਤਾ ਸੀ)।
- ਉਨ੍ਹਾਂ ਨੇ ਕੀ ਕਿਹਾ: 'ਇਹ ਭਾਰਤੀ ਹੀ ਹਨ ਜਿਨ੍ਹਾਂ ਨੇ ਕੈਨੇਡਾ ਵਿੱਚ 747 ਨੂੰ ਉਡਾਇਆ ਸੀ' — ਅਪ੍ਰੈਲ 2026 ਵਿੱਚ 'ਦਿ ਕ੍ਰਿਸ ਹੈਜਿਸ ਰਿਪੋਰਟ' (ਟਾਈਮਜ਼ ਆਫ ਇਸਲਾਮਾਬਾਦ) 'ਤੇ ਇੱਕ ਇੰਟਰਵਿਊ ਦੌਰਾਨ ਇਹ ਬਿਆਨ ਦਿੱਤਾ ਗਿਆ। ਜਹਾਜ਼ ਆਇਰਲੈਂਡ ਦੇ ਤੱਟ ਤੋਂ ਦੂਰ ਐਟਲਾਂਟਿਕ ਮਹਾਸਾਗਰ ਵਿੱਚ ਹਾਦਸਾਗ੍ਰਸਤ ਹੋ ਗਿਆ ਸੀ।
- ਉਨ੍ਹਾਂ ਦਾ ਦਾਅਵਾ: ਭਾਰਤੀ ਖੁਫੀਆ ਏਜੰਸੀ (RAW) ਨੇ ਸਿੱਖ ਵੱਖਵਾਦੀਆਂ ਨੂੰ ਬਦਨਾਮ ਕਰਨ ਲਈ ਏਅਰ ਇੰਡੀਆ ਦੀ ਫਲਾਈਟ 182 ਦੇ ਬੰਬ ਧਮਾਕੇ ਦੀ ਸਾਜ਼ਿਸ਼ ਰਚੀ ਸੀ, ਅਤੇ ਅਮਰੀਕਾ ਚੋਣਵੇਂ ਤੌਰ 'ਤੇ 'ਅੱਤਵਾਦ ਦੇ ਰਾਜ ਪ੍ਰਾਯੋਜਕ' ਦਾ ਲੇਬਲ ਲਾਗੂ ਕਰਦਾ ਹੈ।
- ਅਧਿਕਾਰਤ ਰਿਕਾਰਡ: ਕੈਨੇਡੀਅਨ ਜਾਂਚਾਂ ਨੇ ਲਗਾਤਾਰ 1985 ਦੇ ਬੰਬ ਧਮਾਕੇ ਦਾ ਜ਼ਿੰਮੇਵਾਰ ਬੱਬਰ ਖਾਲਸਾ ਦੇ ਸਿੱਖ ਖਾੜਕੂਆਂ ਨੂੰ ਠਹਿਰਾਇਆ ਹੈ, ਜੋ ਓਪਰੇਸ਼ਨ ਬਲੂ ਸਟਾਰ ਦੇ ਬਦਲੇ ਵਜੋਂ ਕੀਤਾ ਗਿਆ ਸੀ।

**ਪੰਜਾਬ ਵਿੱਚ ਸਿਆਸੀ ਦਬਾਅ ਅਤੇ ਲੋਕਤੰਤਰਿਕ ਚਿੰਤਾ :** ਪੰਜਾਬ ਦੇ ਅੰਦਰ, ਆਲੋਚਕਾਂ ਦਾ ਤਰਕ ਹੈ ਕਿ ਚੋਣ ਰਾਜਨੀਤੀ ਹੁਣ ਤੇਜ਼ੀ ਨਾਲ ਦਲਬਦਲੀ, ਵਿੱਤੀ ਪ੍ਰਲੋਭਨ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ED) ਵਰਗੀਆਂ ਜਾਂਚ ਏਜੰਸੀਆਂ ਰਾਹੀਂ ਦਬਾਅ ਬਣਾਉਣ ਦੁਆਰਾ ਸੰਚਾਲਿਤ ਹੋ ਰਹੀ ਹੈ। ਵਿਰੋਧੀਆਂ ਦਾ ਦਾਅਵਾ ਹੈ ਕਿ ਕੇਂਦਰੀ ਅਧਿਕਾਰੀਆਂ ਦੇ ਵਿਰੋਧ ਵਿੱਚ ਖੜ੍ਹੇ ਹੋਣ ਵਾਲੇ ਸਿਆਸੀ ਆਗੂਆਂ 'ਤੇ ਛਾਪੇਮਾਰੀ ਜਾਂ ਜਾਂਚ ਦਾ ਖ਼ਤਰਾ ਬਣਿਆ ਰਹਿੰਦਾ ਹੈ, ਹਾਲਾਂਕਿ ਭਾਰਤ ਸਰਕਾਰ ਦਾ ਕਹਿਣਾ ਹੈ ਕਿ ਇਹ ਏਜੰਸੀਆਂ ਕਾਨੂੰਨੀ ਭ੍ਰਿਸ਼ਟਾਚਾਰ ਵਿਰੋਧੀ ਢਾਂਚੇ ਦੇ ਅੰਦਰ ਕੰਮ ਕਰਦੀਆਂ ਹਨ।

ਇਨ੍ਹਾਂ ਸਾਰੇ ਘਟਨਾਕ੍ਰਮਾਂ ਨੇ ਮਿਲ ਕੇ ਸਿੱਖ ਕੌਮ ਦੇ ਅੰਦਰ ਇੱਕ ਡੂੰਘੀ ਅਤੇ ਅਟੱਲ ਰਾਜਨੀਤਿਕ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ—ਇੱਕ ਅਜਿਹਾ ਪੱਕਾ ਵਿਸ਼ਵਾਸ ਕਿ 1984 ਦੀਆਂ ਬੇਇਨਸਾਫ਼ੀਆਂ ਕੋਈ ਇੱਕ ਵਾਰ ਦੀ ਘਟਨਾ ਨਹੀਂ ਸਨ, ਬਲਕਿ ਸਿੱਖ ਪਛਾਣ 'ਤੇ ਅਣਗਹਿਲੀ, ਵਿਤਕਰੇ ਅਤੇ ਹਮਲੇ ਦੇ ਇੱਕ ਨਿਰੰਤਰ ਪੈਟਰਨ ਦਾ ਹਿੱਸਾ ਸਨ। ਅਤੀਤ ਦੇ ਜ਼ਖ਼ਮਾਂ ਨੂੰ ਮੌਜੂਦਾ ਨੀਤੀਆਂ ਅਤੇ ਰਵੱਈਏ ਦੁਆਰਾ ਹਰਾ ਰੱਖਿਆ ਗਿਆ ਹੈ। ਸਿੱਖਾਂ ਲਈ, ਸੰਘਰਸ਼ ਸਿਰਫ਼ ਇਤਿਹਾਸਕ ਇਨਸਾਫ਼ ਲਈ ਨਹੀਂ ਹੈ, ਸਗੋਂ ਇੱਕ ਅਜਿਹੇ ਭਾਰਤ ਵਿੱਚ ਹੋਂਦ, ਸਨਮਾਨ ਅਤੇ ਸਤਿਕਾਰ ਲਈ ਹੈ ਜਿੱਥੇ ਉਹਨਾਂ ਦੇ ਅਧਿਕਾਰਾਂ, ਯਾਦਾਂ ਅਤੇ ਹੋਂਦ ਨੂੰ ਲਗਾਤਾਰ ਚੁਣੌਤੀ ਦਿੱਤੀ ਜਾਂਦੀ ਹੈ।

**ਸਿੱਟਾ :** ਵਾਰ-ਵਾਰ ਆਏ ਸੰਕਟਾਂ ਦੇ ਬਾਵਜੂਦ, ਸਿੱਖ ਇਤਿਹਾਸ ਮੂਲ ਰੂਪ ਵਿੱਚ ਚੜ੍ਹਦੀ ਕਲਾ ਅਤੇ ਦ੍ਰਿੜ੍ਹਤਾ ਦਾ ਇਤਿਹਾਸ ਰਿਹਾ ਹੈ। ਸਿੱਖ ਭਾਈਚਾਰੇ ਨੇ ਗੁਰਦੁਆਰਿਆਂ ਦਾ ਪੁਨਰ-ਨਿਰਮਾਣ ਕੀਤਾ, ਸੰਸਥਾਵਾਂ ਨੂੰ ਸੁਰਜੀਤ ਕੀਤਾ, ਵਿਸ਼ਵਵਿਆਪੀ ਨੈੱਟਵਰਕਾਂ ਨੂੰ ਮਜ਼ਬੂਤ ਕੀਤਾ ਅਤੇ ਸੇਵਾ, ਦਲੇਰੀ, ਸਿੱਖਿਆ ਅਤੇ ਮਨੁੱਖਤਾਵਾਦੀ ਸੇਵਾ ਦੀਆਂ ਪਰੰਪਰਾਵਾਂ ਨੂੰ ਜਾਰੀ ਰੱਖਿਆ। ਸਿੱਖ ਪਛਾਣ ਮੁਗਲ ਜ਼ੁਲਮਾਂ, ਬਸਤੀਵਾਦੀ ਉਥਲ-ਪੁਥਲ, ਵੰਡ ਦੇ ਦੁਖਾਂਤ ਅਤੇ 1984 ਦੇ ਸਦਮੇ ਵਿੱਚੋਂ ਵੀ ਬਚੀ ਰਹੀ।

ਇਸ ਲਈ, ਜੂਨ 1984 ਦੀ ਯਾਦ ਸਿਰਫ਼ ਸੋਗ ਮਨਾਉਣਾ ਨਹੀਂ ਹੈ—ਇਹ ਇਨਸਾਫ਼ ਦੀ ਮੰਗ ਹੈ, ਚੁੱਪ ਰਹਿਣ ਤੋਂ ਇਨਕਾਰ ਹੈ ਅਤੇ ਸਿੱਖਾਂ ਦੇ ਸੰਘਰਸ਼ ਦੇ ਜਜ਼ਬੇ ਦਾ ਪ੍ਰਮਾਣ ਹੈ। ਸਿੱਖ ਖੋਹੀਆਂ ਗਈਆਂ ਜਾਨਾਂ, ਨੁਕਸਾਨੀਆਂ ਗਈਆਂ ਸੰਸਥਾਵਾਂ ਅਤੇ ਟੁੱਟੇ ਹੋਏ ਵਿਸ਼ਵਾਸ ਦਾ ਸੋਗ ਮਨਾਉਂਦੇ ਹਨ। ਪਰ ਸਭ ਤੋਂ ਵੱਧ, ਉਹ ਆਪਣੇ ਦਰਦ ਨੂੰ ਮਿਟਾਉਣ ਅਤੇ ਬੇਇਨਸਾਫ਼ੀ ਦੇ ਸਧਾਰਨੀਕਰਨ ਦਾ ਵਿਰੋਧ ਕਰਦੇ ਹਨ। ਯਾਦ ਰੱਖਣਾ ਹੀ ਸੰਘਰਸ਼ ਹੈ—ਇਹ ਜ਼ਿੱਦ ਕਰਨਾ ਕਿ ਇਤਿਹਾਸ ਦੇ ਜ਼ਖ਼ਮਾਂ ਨੂੰ ਪਛਾਣਿਆ ਜਾਵੇ ਅਤੇ ਉਨ੍ਹਾਂ ਦਾ ਨਿਵਾਰਨ ਕੀਤਾ ਜਾਵੇ।

**ਓਪਰੇਸ਼ਨ ਬਲੂ ਸਟਾਰ ਤੋਂ ਬਤਾਲੀ ਸਾਲ ਬਾਅਦ, ਦੁਨੀਆ ਭਰ ਦੇ ਕਈ ਸਿੱਖਾਂ ਲਈ ਕੇਂਦਰੀ ਸਵਾਲ ਅਜੇ ਵੀ ਅਣਸੁਲਝਿਆ ਹੋਇਆ ਹੈ:** ਕੀ ਭਾਰਤ ਦੇ ਮੌਜੂਦਾ ਰਾਜਨੀਤਿਕ ਢਾਂਚੇ ਦੇ ਅੰਦਰ ਇਨਸਾਫ਼, ਸੱਭਿਆਚਾਰਕ ਸਨਮਾਨ, ਸੰਸਥਾਗਤ ਖ਼ੁਦਮੁਖਤਿਆਰੀ ਅਤੇ ਸਾਰਥਕ ਸਮਾਨਤਾ ਹਾਸਲ ਕੀਤੀ ਜਾ ਸਕਦੀ ਹੈ?

| Domain | The 1980s Crisis | The Modern Equivalent (2020s) |
|---|---|---|
| Human Rights & Security | State-enabled massacres and absolute impunity. | Transnational assassinations and ED raids on dissenters. |
| Institutional Integrity | Operation Blue Star: Military Military assault on the Akal Takht. | SGPC interference, Haryana split, and unpunished sacrilege of scripture. |
| State Autonomy | Imposition of central rule and stripping of river waters. | Top-down imposition of Farm Laws and permanent UT status for Chandigarh. |

**The tactics evolve, but the underlying pattern remains unbroken: the systematic marginalization of Sikh identity and federal rights.**

NotebookLM

# ਸਰਕਾਰ ਨੇ ਹੜ੍ਹਾਂ ਤੋਂ ਬਚਾਅ ਲਈ ਪ੍ਰਬੰਧ ਨਹੀਂ ਕੀਤੇ: ਚੰਨੀ

## ਡੂੰਘੇ ਹੋ ਰਹੇ ਪਾਣੀ ਪੱਧਰ 'ਤੇ ਚਿੰਤਾ ਜ਼ਾਹਰ ਕੀਤੀ; ਡੇਰਾ ਬੱਲਾਂ ਨੂੰ ਆਧੁਨਿਕ ਮਸ਼ੀਨਾਂ ਨਾਲ ਲੈਸ ਐਂਬੂਲੈਂਸ ਦਿੱਤੀ

ਜਲੰਧਰ : ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਸੂਬੇ ਵਿੱਚ ਜ਼ਮੀਨਦੋਜ਼ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ 'ਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕੀ ਸੂਬਾ ਸਰਕਾਰ ਨੂੰ ਨਦੀਆਂ ਤੇ ਨਹਿਰਾਂ ਦੇ ਪਾਣੀ ਦੀ ਸੰਭਾਲ ਕਰਨੀ ਚਾਹੀਦੀ ਹੈ। ਇਸ ਵੱਲ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ ਹੈ। ਸੂਬਾ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਸ੍ਰੀ ਚੰਨੀ ਨੇ ਕਿਹਾ ਕਿ ਮੌਨਸੂਨ ਦੀ ਬਰਸਾਤ ਸ਼ੁਰੂ ਹੋਣ ਵਾਲੀ ਹੈ ਪਰ ਵਾਧੂ ਪਾਣੀ ਦੀ ਸੰਭਾਲ ਅਤੇ ਹੜ੍ਹਾਂ ਦੀ ਸਥਿਤੀ ਬਣਨ ਮੌਕੇ ਫ਼ਸਲਾਂ ਅਤੇ ਲੋਕਾਂ ਦੇ ਬਚਾਅ ਲਈ ਕੋਈ ਅਗਾਊਂ ਇੰਤਜ਼ਾਮ ਨਹੀਂ ਕੀਤੇ ਗਏ ਹਨ। ਸ੍ਰੀ ਚੰਨੀ ਡੇਰਾ ਬਲਾਂ ਵਿੱਚ ਨਤਮਸਤਕ ਹੋਣ ਤੋਂ ਮਗਰੋਂ ਮੀਡੀਆ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਨਾਜਾਇਜ਼ ਖਣਨ ਚੱਲ ਰਹੀ ਹੈ। ਇਸ ਕਾਰਨ ਸੂਬੇ ਦੇ ਦਰਿਆਵਾਂ ਅਤੇ ਖੱਡਾਂ ਵਿੱਚ ਡੂੰਘੇ ਟੋਏ ਪੈਣ ਕਾਰਨ ਬਰਸਾਤ ਦੇ ਮੌਸਮ ਹੜ ਆਉਣ ਦਾ ਖ਼ਤਰਾ ਦਿਖਾਈ ਦੇ ਰਿਹਾ ਹੈ। 'ਆਪ' ਅਤੇ ਪਾਰਨੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਸਰਕਾਰ ਬਣਨ ਤੋਂ ਪਹਿਲਾਂ ਖਣਨ ਤੋਂ ਹਜ਼ਾਰਾਂ ਕਰੋੜ ਰੁਪਏ ਇਕੱਠੇ ਕਰਨ ਦਾ ਦਾਅਵਾ ਕੀਤਾ ਸੀ ਪਰ ਸਰਕਾਰ ਬਣਨ ਉਪਰੰਤ 'ਆਪ' ਖਣਨ ਤੋਂ ਆਉਣ ਵਾਲੇ ਪੈਸੇ ਦੀ ਸਥਿਤੀ ਲੋਕਾਂ ਸਾਹਮਣੇ ਰੱਖਣ ਤੋਂ ਭੱਜ ਰਹੀ ਹੈ। ਉਨ੍ਹਾਂ ਸੂਬਾ ਸਰਕਾਰ 'ਤੇ ਦੋਸ਼ ਲਗਾਇਆ ਕਿ ਨਾਜਾਇਜ਼ ਖਣਨ ਕਰ ਕੇ ਸੂਬੇ ਦੇ ਪੈਸੇ ਨੂੰ ਲੁੱਟਿਆ ਜਾ ਰਿਹਾ ਹੈ।

ਇਸ ਮੌਕੇ ਚਰਨਜੀਤ ਸਿੰਘ ਚੰਨੀ ਨੇ ਡੇਰਾ ਸੱਚਖੰਡ ਬੱਲਾਂ ਵਿੱਚ ਚਲਾਏ ਜਾ ਰਹੇ ਹਸਪਤਾਲ ਲਈ 22 ਲੱਖ ਰੁਪਏ ਦੀ ਲਾਗਤ ਵਾਲੀ ਐਂਬੂਲੈਂਸ ਦਿੱਤੀ ਹੈ। ਇਹ ਐਂਬੂਲੈਂਸ ਡੇਰੇ ਵਿੱਚ 24 ਘੰਟੇ ਤਾਇਨਾਤ ਰਹੇਗੀ ਅਤੇ ਇਸ ਦਾ ਸੰਚਾਲਨ ਡੇਰੇ ਦੀ ਪ੍ਰਬੰਧਕੀ ਕਮੇਟੀ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਡੇਰਾ ਬੱਲਾਂ ਦੇ ਸੰਤ ਸਰਵਣ ਦਾਸ ਨੇ ਸਾਬਕਾ ਮੁੱਖ ਮੰਤਰੀ ਚੰਨੀ ਅਤੇ ਹੋਰ ਕਾਂਗਰਸੀ ਆਗੂਆਂ ਦਾ ਸਨਮਾਨ ਕੀਤਾ ਹੈ।

ਇਸ ਮੌਕੇ ਜਲੰਧਰ ਦਿਹਾਤੀ ਕਾਂਗਰਸ ਦੇ ਪ੍ਰਧਾਨ ਅਤੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਜਲੰਧਰ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਸਾਬਕਾ ਵਿਧਾਇਕ ਰਜਿੰਦਰ ਬੇਰੀ, ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਹਲਕਾ ਕਰਤਾਰਪੁਰ ਦੇ ਇੰਚਾਰਜ ਰਜਿੰਦਰ ਸਿੰਘ, ਹਲਕਾ ਨਕੋਦਰ ਦੇ ਇੰਚਾਰਜ ਡਾਕਟਰ ਨਵਜੋਤ ਸਿੰਘ ਦਾਹੀਆ ਅਤੇ ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ ਮੌਜੂਦ ਸਨ।




### ਨਸ਼ਿਆਂ ਖ਼ਿਲਾਫ਼ ਜੰਗ ਤੇਜ਼

# ਆਮ ਆਦਮੀ ਪਾਰਟੀ ਨੇ ਅੰਮ੍ਰਿਤਸਰ ਵਿੱਚ 5 ਈ-ਰਿਕਸ਼ਿਆਂ ਨੂੰ ਦਿਖਾਈ ਹਰੀ ਝੰਡੀ



ਅੰਮ੍ਰਿਤਸਰ: ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਅੱਜ ਨਸ਼ਾ ਮੁਕਤੀ ਮੋਰਚਾ ਦੇ ਮਾਝਾ ਜ਼ੋਨ ਇੰਚਾਰਜ ਦੀਕਸ਼ਿਤ ਧਵਨ, ਆਮ ਆਦਮੀ ਪਾਰਟੀ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਪ੍ਰਭਬੀਰ ਸਿੰਘ ਬਰਾੜ ਅਤੇ ਪਾਰਟੀ ਵਰਕਰਾਂ ਵੱਲੋਂ ਪੰਜ ਈ-ਰਿਕਸ਼ਿਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਨ੍ਹਾਂ ਈ-ਰਿਕਸ਼ਿਆਂ ਉੱਪਰ ਨਸ਼ਿਆਂ ਵਿਰੁੱਧ ਜਾਗਰੂਕਤਾ ਬੈਨਰ ਲਗਾਏ ਗਏ ਹਨ ਅਤੇ ਨਾਲ ਹੀ ਸ਼ਿਕਾਇਤ ਬਕਸੇ ਵੀ ਸਥਾਪਿਤ ਕੀਤੇ ਗਏ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਭਬੀਰ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਨਸ਼ਿਆਂ ਦੇ ਖ਼ਾਤਮੇ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਈ-ਰਿਕਸ਼ੇ ਅੰਮ੍ਰਿਤਸਰ ਦੇ ਵੱਖ-ਵੱਖ ਇਲਾਕਿਆਂ, ਗਲੀਆਂ ਅਤੇ ਮੁਹੱਲਿਆਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੇ ਨਾਲ-ਨਾਲ ਉਨ੍ਹਾਂ ਤੋਂ ਗੁਪਤ ਤੌਰ 'ਤੇ ਜਾਣਕਾਰੀ ਵੀ ਇਕੱਠੀ ਕਰਨਗੇ। ਉਨ੍ਹਾਂ ਦੱਸਿਆ ਕਿ ਕਈ ਵਾਰ ਲੋਕ ਨਸ਼ਾ ਤਸਕਰਾਂ ਖ਼ਿਲਾਫ਼ ਸ਼ਿਕਾਇਤ ਤਾਂ ਕਰਨਾ ਚਾਹੁੰਦੇ ਹਨ ਪਰ ਆਪਣੀ ਪਹਿਚਾਣ ਸਾਹਮਣੇ ਆਉਣ ਦੇ ਡਰ ਕਾਰਨ ਅੱਗੇ ਨਹੀਂ ਆਉਂਦੇ। ਇਸੇ ਨੂੰ ਧਿਆਨ ਵਿੱਚ ਰੱਖਦਿਆਂ ਹਰ ਈ-ਰਿਕਸ਼ੇ ਉੱਪਰ ਇੱਕ ਵਿਸ਼ੇਸ਼ ਸ਼ਿਕਾਇਤ ਬਕਸਾ ਲਗਾਇਆ ਗਿਆ ਹੈ, ਜਿਸ ਵਿੱਚ ਕੋਈ ਵੀ ਵਿਅਕਤੀ ਆਪਣੀ ਸ਼ਿਕਾਇਤ ਜਾਂ ਜਾਣਕਾਰੀ ਬਿਨਾਂ ਨਾਮ ਦਰਜ ਕਰਵਾਏ ਪਾ ਸਕਦਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਸ਼ਿਕਾਇਤਕਰਤਾ ਦੀ ਪਹਿਚਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

ਨਸ਼ਾ ਮੁਕਤੀ ਮੋਰਚਾ ਦੇ ਮਾਝਾ ਜ਼ੋਨ ਕੋਆਰਡੀਨੇਟਰ ਦੀਕਸ਼ਿਤ ਧਵਨ ਨੇ ਕਿਹਾ ਕਿ ਪਿਛਲੇ ਇੱਕ ਸਾਲ ਦੌਰਾਨ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਗਈ ਸੀ, ਜਿਸ ਤਹਿਤ ਵੱਡੇ ਨਸ਼ਾ ਤਸਕਰਾਂ ਅਤੇ ਗਿਰੋਹਾਂ ਖ਼ਿਲਾਫ਼ ਕਾਰਵਾਈ ਕੀਤੀ ਗਈ। ਹੁਣ ਇਸ ਮੁਹਿੰਮ ਨੂੰ ਮਾਈਕ੍ਰੋ ਲੈਵਲ 'ਤੇ ਲਿਆਂਦਾ ਜਾ ਰਿਹਾ ਹੈ ਤਾਂ ਜੋ ਹਰ ਵਾਰਡ, ਹਰ ਗਲੀ ਅਤੇ ਹਰ ਮੁਹੱਲੇ ਵਿੱਚ ਮੌਜੂਦ ਨਸ਼ਾ ਤਸਕਰਾਂ ਦੀ ਪਛਾਣ ਕਰਕੇ ਉਨ੍ਹਾਂ ਖ਼ ?ਲਾਫ਼ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਦੀਆਂ ਪੰਜੇ ਵਿਧਾਨ ਸਭਾ ਹਲਕਿਆਂ — ਅੰਮ੍ਰਿਤਸਰ ਪੂਰਬੀ, ਪੱਛਮੀ, ਉੱਤਰੀ, ਦੱਖਣੀ ਅਤੇ ਕੇਂਦਰੀ — ਵਿੱਚ ਇੱਕ-ਇੱਕ ਈ-ਰਿਕਸ਼ਾ ਚਲਾਇਆ ਜਾ ਰਿਹਾ ਹੈ। ਇਹ ਰਿਕਸ਼ੇ ਲਗਾਤਾਰ ਇੱਕ ਮਹੀਨੇ ਤੱਕ ਇਲਾਕਿਆਂ ਵਿੱਚ ਘੁੰਮ ਕੇ ਲੋਕਾਂ ਤੋਂ ਜਾਣਕਾਰੀ ਇਕੱਠੀ ਕਰਨਗੇ ਅਤੇ ਨਸ਼ਾ ਵਿਰੋਧੀ ਸੰਦੇਸ਼ ਵੀ ਫੈਲਾਉਣਗੇ।ਦੀਕਸ਼ਿਤ ਧਵਨ ਨੇ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਛੱਡਣ ਦੇ ਇੱਛੁਕ ਵਿਅਕਤੀਆਂ ਦੇ ਇਲਾਜ ਲਈ ਵੀ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਵਿੱਚ ਹੁਣ ਤੱਕ 2500 ਤੋਂ ਵੱਧ ਲੋਕਾਂ ਨੂੰ ਨਸ਼ਾ ਮੁਕਤੀ ਕੇਂਦਰਾਂ ਅਤੇ ਕੌਂਸਲਿੰਗ ਰਾਹੀਂ ਇਲਾਜ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਸਥਿਤੀ ਅਤੇ ਇੱਛਾ ਸ਼ਕਤੀ ਦੇ ਆਧਾਰ 'ਤੇ ਇਲਾਜ ਦੀ ਯੋਜਨਾ ਤਿਆਰ ਕੀਤੀ ਜਾਂਦੀ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਅੰਮ੍ਰਿਤਸਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਖ਼ਿਲਾਫ਼ ਇਸ ਮੁਹਿੰਮ ਵਿੱਚ ਸਰਕਾਰ ਦਾ ਸਾਥ ਦੇਣ ਅਤੇ ਆਪਣੇ ਇਲਾਕਿਆਂ ਵਿੱਚ ਚੱਲ ਰਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਬਾਰੇ ਜਾਣਕਾਰੀ ਦੇ ਕੇ ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਵਿੱਚ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ ਤੋਂ ਖੁਸ਼ਹਾਲ, ਹੱਸਦਾ-ਵੱਸਦਾ ਅਤੇ ਤਰੱਕੀਸ਼ੀਲ ਬਣਾਉਣਾ ਹੀ ਇਸ ਮੁਹਿੰਮ ਦਾ ਮੁੱਖ ਮਕਸਦ ਹੈ।

# SGPC ਨੂੰ ਆਪਣਾ ਚੈਨਲ ਖੋਲ੍ਹਣ ਲਈ ਰਬਿੰਦਰ ਨਰਾਇਣ ਵੱਲੋਂ ਮੁਫ਼ਤ ਮਦਦ ਦੀ ਪੇਸ਼ਕਸ਼

ਅੰਮ੍ਰਿਤਸਰ : ਜੀਟੀਸੀ (GTC) ਨੈੱਟਵਰਕ ਦੇ ਸੰਸਥਾਪਕ, ਮੈਨੇਜਿੰਗ ਡਾਇਰੈਕਟਰ ਅਤੇ ਪ੍ਰਧਾਨ ਸ੍ਰੀ ਰਬਿੰਦਰ ਨਰਾਇਣ ਨੇ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੂੰ ਪੇਸ਼ਕਸ਼ ਕੀਤੀ ਹੈ ਕਿ ਉਹ ਸਿੱਖ ਸੰਸਥਾ ਦਾ ਚੈਨਲ ਸਥਾਪਿਤ ਕਰਨ ਵਿੱਚ ਬਿਨਾਂ ਕਿਸੇ ਸ਼ਰਤ ਅਤੇ ਬਿਨਾਂ ਕਿਸੇ ਖ਼ਰਚ ਦੇ ਮਦਦ ਮੁਹੱਈਆ ਕਰਨਗੇ। ਇਸ ਸਬੰਧ ਵਿੱਚ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇੱਕ ਪੱਤਰ ਭੇਜਿਆ ਹੈ। ਡਾ. ਰਬਿੰਦਰ ਨਰਾਇਣ ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਵੱਖ-ਵੱਖ ਚੈਨਲਾਂ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਦੇ ਕਾਰਜ ਨਾਲ ਜੁੜੇ ਰਹੇ ਹਨ ਅਤੇ ਉਨ੍ਹਾਂ ਨੂੰ ਇਸ ਕਾਰਜ ਦਾ ਲੰਬਾ ਤਜਰਬਾ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਪਿਛਲੇ ਕਈ ਸਾਲਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਲਈ ਆਪਣਾ ਚੈਨਲ ਸਥਾਪਿਤ ਕਰਨ ਵਾਸਤੇ ਯਤਨ ਕਰ ਰਹੀ ਹੈ। ਇਸ ਸਬੰਧ ਵਿੱਚ ਕੇਂਦਰ ਸਰਕਾਰ ਨੂੰ ਕਈ ਪੱਤਰ ਵੀ ਭੇਜੇ ਗਏ ਹਨ, ਪਰ ਹੁਣ ਤੱਕ ਇਹ ਮਾਮਲਾ ਹੱਲ ਨਹੀਂ ਹੋਇਆ। ਸ਼੍ਰੋਮਣੀ ਕਮੇਟੀ ਇਸ ਵੇਲੇ ਇੱਕ ਨਿੱਜੀ (ਪ੍ਰਾਈਵੇਟ) ਚੈਨਲ ਰਾਹੀਂ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਕਰ ਰਹੀ ਹੈ। ਇਸ ਤੋਂ ਇਲਾਵਾ, ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਆਪਣਾ ਇੱਕ ਯੂਟਿਊਬ (YouTube) ਚੈਨਲ ਵੀ ਸ਼ੁਰੂ ਕੀਤਾ ਹੋਇਆ ਹੈ।

ਭੇਜੇ ਗਏ ਪੱਤਰ ਵਿੱਚ ਸ੍ਰੀ ਨਰਾਇਣ ਨੇ ਲਿਖਿਆ ਕਿ ਉਹ 1998 ਤੋਂ ਸ੍ਰੀ ਹਰਿਮੰਦਰ



ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਦੇ ਕਾਰਜ ਨਾਲ ਜੁੜੇ ਹੋਏ ਹਨ। ਇਸ ਅਰਸੇ ਦੌਰਾਨ ਉਨ੍ਹਾਂ ਨੇ ਪੰਜਾਬੀ ਵਰਲਡ, ਪੰਜਾਬੀ ਚੈਨਲ, ਈਟੀਸੀ (ETC) ਪੰਜਾਬੀ ਅਤੇ ਪੀਟੀਸੀ (PTC) ਪੰਜਾਬੀ ਰਾਹੀਂ ਗੁਰਬਾਣੀ ਨੂੰ ਸ਼ਰਧਾਲੂਆਂ ਦੇ ਘਰਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਹੈ ਅਤੇ ਉਹ ਸਾਰੀ ਉਮਰ ਇਸ ਸੇਵਾ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਪੇਸ਼ਕਸ਼ ਕੀਤੀ ਹੈ ਕਿ ਉਹ ਆਪਣੀ ਟੀਮ ਅਤੇ ਸਰੋਤਾਂ ਰਾਹੀਂ ਸਿੱਖ ਪੰਥ ਦਾ ਚੈਨਲ ਸਥਾਪਿਤ ਕਰਨ, ਅਤੇ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਸਿੱਧੀ ਆਵਾਜ਼ ਨੂੰ ਦੇਸ਼-ਵਿਦੇਸ਼ ਵਿੱਚ ਵੱਸਦੀ ਸਿੱਖ ਸੰਗਤ ਤੱਕ ਪਹੁੰਚਾਉਣ ਵਿੱਚ ਮਦਦ ਕਰ ਸਕਦੇ ਹਨ। ਉਹ ਸੈਟੇਲਾਈਟ, ਟੈਲੀਵਿਜ਼ਨ, ਓਟੀਟੀ (OTT) ਅਤੇ ਡਿਜੀਟਲ ਢਾਂਚਾ ਸਥਾਪਿਤ ਕਰਨ ਲਈ ਮਦਦ ਕਰਨਗੇ

ਇਸ ਸਮੁੱਚੀ ਪ੍ਰਕਿਰਿਆ ਵਿੱਚ ਸ਼੍ਰੋਮਣੀ ਕਮੇਟੀ ਨੂੰ ਆਪਣੇ ਕੋਲੋਂ ਇੱਕ ਵੀ ਪੈਸਾ ਖ਼ਰਚ ਕਰਨ ਦੀ ਲੋੜ ਨਹੀਂ ਹੋਵੇਗੀ। ਚੈਨਲ ਦੀ ਸੰਪਾਦਕੀ ਦਿਸ਼ਾ, ਪੰਥਕ ਨੀਤੀ, ਧਾਰਮਿਕ ਸਮੱਗਰੀ (content) ਅਤੇ ਧਾਰਮਿਕ ਮਰਿਆਦਾ ਸਬੰਧੀ ਸਾਰੇ ਅਧਿਕਾਰ ਪੂਰੀ ਤਰ੍ਹਾਂ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੋਣਗੇ। ਇਹ ਚੈਨਲ ਸਿੱਖ ਪੰਥ ਦਾ ਆਪਣਾ ਚੈਨਲ ਹੋਵੇਗਾ, ਜਿਸ ਰਾਹੀਂ ਗੁਰਬਾਣੀ ਕੀਰਤਨ, ਕਥਾ, ਇਤਿਹਾਸ ਅਤੇ ਗੁਰਮਤਿ ਦਾ ਪ੍ਰਚਾਰ-ਪਸਾਰ ਹੋਵੇਗਾ। ਇਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਵਾਜ਼ ਸਿੱਧੀ ਸੰਸਾਰ ਤੱਕ ਪੁੱਜੇਗੀ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਲਈ ਇਹ ਚੈਨਲ ਬਹੁਤ ਮਦਦਗਾਰ ਸਾਬਤ ਹੋਵੇਗਾ। ਇਸ ਦੇ ਨਾਲ ਹੀ ਸਿੱਖ ਸੰਸਥਾ ਦਾ ਇੱਕ ਡਿਜੀਟਲ ਦਸਤਾਵੇਜ਼ (digital archive) ਵੀ ਤਿਆਰ ਹੋਵੇਗਾ, ਜਿਸ ਨਾਲ ਦੁਨੀਆ ਭਰ ਵਿੱਚ ਸਿੱਖ ਪੰਥ ਦੀ ਇੱਕ ਮਜ਼ਬੂਤ ਅਤੇ ਇੱਕੀਕ੍ਰਿਤ (unified) ਮੀਡੀਆ ਮੌਜੂਦਗੀ ਸਥਾਪਿਤ ਹੋਵੇਗੀ। ਸ੍ਰੀ ਨਰਾਇਣ ਨੇ ਆਖਿਆ ਕਿ ਇਹ ਪ੍ਰੋਜੈਕਟ ਉਨ੍ਹਾਂ ਲਈ ਕੋਈ ਕਾਰੋਬਾਰੀ (commercial) ਪ੍ਰੋਜੈਕਟ ਨਹੀਂ ਹੋਵੇਗਾ, ਸਗੋਂ ਇਹ ਗੁਰੂ ਘਰ ਨਾਲ ਜੁੜੇ ਰਹਿਣ ਦੀ ਇੱਕ ਨਿਸ਼ਕਾਮ ਸੇਵਾ ਹੋਵੇਗੀ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਪੇਸ਼ਕਸ਼ 'ਤੇ ਵਿਚਾਰ ਕਰਨ ਅਤੇ ਉਨ੍ਹਾਂ ਨੂੰ ਗੁਰੂ ਘਰ ਲਈ ਸੇਵਾ ਕਰਨ ਦਾ ਮੌਕਾ ਦੇਣ। ਦੱਸਣਯੋਗ ਹੈ ਕਿ ਕੁਝ ਸਾਲ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਨਿੱਜੀ ਚੈਨਲ ਨੂੰ ਛੱਡ ਕੇ, ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਆਪਣਾ ਚੈਨਲ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ਗਏ ਸਨ।

# ਬਾਬਾ ਬੂਟਾ ਭਗਤ ਯਾਦਗਾਰੀ ਸਲਾਨਾ ਸੱਭਿਆਚਾਰਕ ਮੇਲੇ ਦਾ ਪੋਸਟਰ ਹੋਇਆ ਰਿਲੀਜ਼

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਜਿਲ੍ਹਾ ਹੁਸ਼ਿਆਰਪੁਰ ਦੇ ਹਲਕਾ ਟਾਂਡਾ ਵਿੱਚ ਦੁਆਬੇ ਦਾ ਸਭ ਤੋਂ ਵੱਡਾ ਮੇਲਾ ਬਾਬਾ ਬੂਟਾ ਭਗਤ ਦੀ ਯਾਦ ਨੂੰ ਸਮਰਪਿਤ ਸੱਭਿਆਚਾਰਕ ਮੇਲਾ 16 ਜੂਨ ਨੂੰ ਕਰਵਾਇਆ ਜਾਣਾ ਹੈ ਅਤੇ ਇਸ ਮੇਲੇ ਦੇ ਪੋਸਟਰ ਦਾ ਉਦਘਾਟਨ ਜਿਹੜਾ ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਨੇ ਕੀਤਾ ਅਤੇ ਉਹਨਾਂ ਦੇ ਨਾਲ ਪੀਟੀਸੀ ਨਿਊਜ਼ ਚੈਨਲ ਦੇ ਪੱਤਰਕਾਰ ਅਤੇ ਮੇਲੇ ਦੇ ਸਰਪ੍ਰਸਤ ਸ਼ ?ਰੀ ਤਰਸੇਮ ਲਾਲ ਪੱਪੂ ਮਜੂਦ ਸਨ ਇਸ ਮੇਲੇ ਵਿੱਚ ਉੱਘੇ ਪੰਜਾਬੀ ਗਾਇਕ ਹਾਰਵੀ ਸੰਧੂ, ਆਰ ਕੌਰ, ਸਿਮਰ ਦੋਰਾਹਾ ਅਤੇ ਮੈਡਮ ਸੰਜਨਾ ਪਹੁੰਚਣਗੇ।

ਹਲਕਾ ਵਿਧਾਇਕ ਜਸਮੀਤ ਸਿੰਘ ਰਾਜਾ ਅਤੇ



ਮੇਲੇ ਦੇ ਸਰਪ੍ਰਸਤ ਤਰਸੇਮ ਲਾਲ ਪੱਪੂ ਨੇ ਗੱਲਬਾਤ ਕਰਦੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਹ ਮੇਲਾ ਜਿਹੜਾ ਤਿੰਨ ਦਿਨ ਚੱਲਦਾ ਹੈ ਜਿੱਥੇ ਕਿ ਵੱਖ-ਵੱਖ ਸ਼ਹਿਰਾਂ ਤੋ ਲੋਕ ਮੇਲਾ ਦੇਖਣ ਆਉਂਦੇ ਨੇ ਤੇ ਬਾਬਾ ਬੂਟਾ ਭਗਤ ਮੰਦਰ ਹਾਲ ਵਿੱਚ ਨਮਸਤਕ ਹੁੰਦੇ ਹੋਏ ਮੇਲੇ ਵਿੱਚ ਹਾਜ਼ਰੀ ਲਗਉਂਦੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਸਿੰਘ, ਲਖਵਿੰਦਰ ਸਿੰਘ ਮੁਲਤਨੀ ਸੁੱਖਵਿੰਦਰ ਸਿੰਘ ਝਾਵਰ, ਕੇਸ਼ਵ ਸੈਣੀ ਆਦਿ ਮਜੂਦ ਸਨ।

# ਅਕਾਲੀ ਦਲ ਨੇ ਪਰਿਵਾਰਵਾਦ ਨੂੰ ਬੜ੍ਹਾਵਾ ਦਿੱਤਾ: ਮਾਨ

## ਹਲਕਾ ਅਮਲੋਹ ਦੇ ਪਿੰਡ ਸਮਸ਼ਪੁਰ ਵਿੱਚ ਲੋਕ ਮਿਲਣੀ




ਅਮਲੋਹ : ਹਲਕਾ ਅਮਲੋਹ ਦੇ ਪਿੰਡ ਸਮਸ਼ਪੁਰ ਵਿੱਚ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਲੋਕ ਮਿਲਣੀ ਹੋਈ। ਇਸ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੋਕਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਦਿੱਤੀ। ਸਾਢੇ 4 ਸਾਲ ਵਿੱਚ 67,037 ਨੌਕਰੀਆਂ ਦਿੱਤੀਆਂ। ਇਸ ਤੋਂ ਇਲਾਵਾ 63 ਕਰੋੜ ਦੀ ਲਾਗਤ ਨਾਲ ਨਹਿਰਾਂ ਦੇ ਖਾਲੇ ਪੱਕੇ ਕੀਤੇ ਜਾ ਰਹੇ ਹਨ, ਕਿਸਾਨਾਂ ਨੂੰ ਫਸਲਾਂ ਲਈ ਨਹਿਰੀ ਮਿਲਣ ਨਾਲ 2 ਤੋਂ 4 ਫੁਟ ਪਾਣੀ ਦਾ ਲੈਵਲ ਉੱਚਾ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਖਿਲਾਫ਼ ਕਾਨੂੰਨ ਬਣਾਇਆ ਜਿਸ ਵਿੱਚ ਸਖਤ ਸਜ਼ਾ, 50 ਲੱਖ ਰੁਪਏ ਤੱਕ ਦਾ ਜੁਰਮਾਨਾ ਜਾਂ ਮਰਨ ਤੱਕ ਦੀ ਸਜ਼ਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕਾਂ ਨੇ ਬੇਅਦਬੀਆਂ ਕਰਵਾਈਆਂ ਜਾਂ ਕੀਤੀਆਂ ਉਨ੍ਹਾਂ ਨੂੰ ਪਿਛਲੀਆਂ ਚੋਣਾਂ ਵਿੱਚ ਲੋਕਾਂ ਨੇ ਸਬਕ ਸਿਖਾ ਦਿੱਤਾ ਹੈ।

ਅਕਾਲੀ ਦਲ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਪਰਿਵਾਰਵਾਦ ਨੂੰ ਹੀ ਬੜ੍ਹਾਵਾ ਦਿੱਤਾ ਜਿਸ ਕਾਰਨ 25 ਸਾਲ ਰਾਜ ਕਰਨ ਦਾ ਸੁਪਨਾ ਦੇਖਣ ਵਾਲਿਆਂ ਪਾਸ ਅੱਜ 25 ਬੰਦੇ ਵੀ ਇਕੱਠੇ ਨਹੀਂ ਹੋ ਰਹੇ। ਉਨ੍ਹਾਂ ਕਿਹਾ ਕਿ ਸਰਕਾਰ ਬਨਣ ਤੋਂ ਪਹਿਲਾਂ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਸਾਰੇ ਇਕ ਇਕ ਕਰਕੇ ਪੂਰੇ ਕੀਤੇ ਗਏ। ਉਨ੍ਹਾਂ ਕਿਹਾ ਕਿ ਪਹਿਲੀ ਜੁਲਾਈ ਤੋਂ ਔਰਤਾਂ ਨੂੰ ਇਕ ਹਜ਼ਾਰ ਅਤੇ 1500 ਰੁਪਏ ਵੀ ਆਉਣੇ ਸ਼ੁਰੂ ਹੋ ਜਾਣਗੇ।

ਮੁੱਖ ਮੰਤਰੀ ਨੇ ਪਿੰਡ ਸਮਸ਼ਪੁਰ ਨੂੰ 51 ਲੱਖ ਰੁਪਏ ਦਾ ਚੈੱਕ ਦਿੰਦਿਆਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ 51 ਲੱਖ ਰੁਪਏ ਇਸ ਪਿੰਡ ਨੂੰ ਦਿੱਤੇ ਗਏ ਹਨ। ਅਮਲੋਹ ਹਲਕੇ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਮੁੱਖ ਮੰਤਰੀ, ਪਾਰਟੀ ਵਰਕਰ ਅਤੇ ਲੋਕਾਂ ਦਾ ਪਹੁੰਚਣ ਤੇ ਸਵਾਗਤ ਕਰਦਿਆਂ ਜੀ ਆਇਆ ਆਖਿਆ। ਇਸ ਮੌਕੇ ਜ਼ਿਲ੍ਹਾ ਪਰਿਸ਼ਦ ਦੇ ਚੇਅਰਮੈਨ ਸਿੰਗਾਰਾ ਸਿੰਘ ਸਲਾਣਾ, ਸਮਿਤੀ ਦੇ ਚੇਅਰਮੈਨ ਰਣਜੀਤ ਸਿੰਘ ਪਨਾਗ, ਮਾਰਕੀਟ ਕਮੇਟੀ ਅਮਲੋਹ ਦੀ ਚੇਅਰਪਰਸਨ ਸੁਖਵਿੰਦਰ ਕੌਰ ਗਹਿਲੌਤ, ਮੰਡੀ ਗੋਬਿੰਦਗੜ੍ਹ ਦੇ ਚੇਅਰਮੈਨ ਜਗਦੀਪ ਸਿੰਘ ਜੱਸੜ੍ਹਾਂ, ਜਗਦੀਸ ਸਿੰਘ ਗੋਲਡੀ ਘੁੰਮਣ, ਦਰਸਨ ਸਿੰਘ ਚੀਮਾ, ਸਾਬਕਾ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ, ਅਮਨਇੰਦਰ ਸਿੰਘ ਗਰੇਵਾਲ ਆਦਿ ਹਾਜ਼ਰ ਸਨ।

# ਪਟਿਆਲਾ 'ਚ ਬੇਰੁਜ਼ਗਾਰ ਲਾਈਨਮੈਨਾਂ ਦਾ ਪ੍ਰਦਰਸ਼ਨ ਹੋਇਆ ਗੰਭੀਰ

## ਮਰਨ ਵਰਤ 'ਤੇ ਬੈਠਾ ਆਗੂ ਕੁਲਦੀਪ ਸਿੰਘ ਹੋਇਆ ਬੇਹੋਸ਼

ਪਟਿਆਲਾ : ਪਾਵਰਕੌਮ ਵਿੱਚ ਪੱਕੀ ਨੌਕਰੀ ਦੀ ਮੰਗ ਨੂੰ ਲੈ ਕੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਅਪ੍ਰੈਂਟਿਸਸ਼ਿਪ ਲਾਈਨਮੈਨ ਯੂਨੀਅਨ ਦੇ ਪ੍ਰਦਰਸ਼ਨ ਨੇ ਹੁਣ ਬੇਹੱਦ ਗੰਭੀਰ ਰੂਪ ਧਾਰਨ ਕਰ ਲਿਆ ਹੈ। ਸੰਗਰੂਰ ਰੋਡ 'ਤੇ ਮਰਨ ਵਰਤ 'ਤੇ ਬੈਠੇ ਯੂਨੀਅਨ ਦੇ ਮੁੱਖ ਆਗੂ ਕੁਲਦੀਪ ਸਿੰਘ ਦੀ ਅਚਾਨਕ ਤਬੀਅਤ ਵਿਗੜਨ ਕਾਰਨ ਉਹ ਬੇਹੋਸ਼ ਹੋ ਗਏ। ਹਾਲਤ ਨਾਜ਼ੁਕ ਹੁੰਦੀ ਦੇਖ ਉਨ੍ਹਾਂ ਨੂੰ ਤੁਰੰਤ ਐਂਬੂਲੈਂਸ ਰਾਹੀਂ ਇਲਾਜ ਲਈ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿੱਥੇ ਡਾਕਟਰਾਂ ਵੱਲੋਂ ਉਨ੍ਹਾਂ ਦੀ ਦੇਖਭਾਲ ਕੀਤੀ ਜਾ ਰਹੀ ਹੈ।



ਦੱਸਣਯੋਗ ਹੈ ਕਿ ਪਾਵਰਕੌਮ ਵਿੱਚ ਰੁਜ਼ਗਾਰ ਦੀ ਮੰਗ ਕਰ ਰਹੇ ਕਰੀਬ 2,600 ਅਪ੍ਰੈਂਟਿਸਸ਼ਿਪ ਪਾਸ ਨੌਜਵਾਨ ਪਿਛਲੇ ਕਈ ਦਿਨਾਂ ਤੋਂ ਪਟਿਆਲਾ ਸਥਿਤ ਮੁੱਖ ਦਫ਼ਤਰ ਦੇ ਬਾਹਰ ਲਗਾਤਾਰ ਧਰਨਾ ਦੇ ਰਹੇ ਹਨ। ਇਸ ਸੰਘਰਸ਼ ਦੌਰਾਨ ਪ੍ਰਸ਼ਾਸਨ ਵੱਲੋਂ ਪਹਿਲਾਂ ਬੇਰੁਜ਼ਗਾਰਾਂ 'ਤੇ ਲਾਠੀਚਾਰਜ ਵੀ ਕੀਤਾ ਜਾ ਚੁੱਕਾ ਹੈ, ਜਿਸ ਵਿੱਚ ਕਈ ਨੌਜਵਾਨ ਜ਼ਖਮੀ ਹੋਏ ਸਨ। ਸਰਕਾਰ ਅਤੇ ਪ੍ਰਸ਼ਾਸਨ ਦੇ ਅੜੀਅਲ ਵਤੀਰੇ ਅਤੇ ਮੰਗਾਂ ਪੂਰੀਆਂ ਨਾ ਹੁੰਦੀਆਂ ਦੇਖ ਬੀਤੇ ਦਿਨੀਂ ਗੁੱਸੇ ਵਿੱਚ ਆਏ ਯੂਨੀਅਨ ਮੈਂਬਰ ਸੰਗਰੂਰ ਰੋਡ 'ਤੇ ਸਥਿਤ ਹਾਈਵੋਲਟੇਜ ਬਿਜਲੀ ਦੇ ਟਾਵਰ 'ਤੇ ਚੜ੍ਹ ਗਏ ਸਨ। ਇਸ ਦੇ ਨਾਲ ਹੀ ਬਾਕੀ ਸਾਥੀਆਂ ਵੱਲੋਂ ਟਾਵਰ ਦੇ ਹੇਠਾਂ ਹੀ ਪੱਕਾ ਮੋਰਚਾ ਲਾ ਕੇ ਧਰਨਾ ਸ਼ੁਰੂ ਕਰ ਦਿੱਤਾ ਗਿਆ ਸੀ।

ਸਥਿਤੀ ਉਸ ਸਮੇਂ ਹੋਰ ਤਣਾਅਪੂਰਨ ਹੋ ਗਈ ਜਦੋਂ ਅਗਲੀ ਸਵੇਰ ਪੁਲਿਸ ਪ੍ਰਸ਼ਾਸਨ ਵੱਲੋਂ ਜਬਰਦਸਤੀ ਹੇਠਾਂ ਬੈਠੇ ਧਰਨਾਕਾਰੀਆਂ ਦਾ ਟੈਂਟ ਪੁੱਟ ਦਿੱਤਾ ਗਿਆ। ਪ੍ਰਸ਼ਾਸਨ ਦੀ ਇਸ ਸਖ਼ਤੀ ਦਰਮਿਆਨ ਦੁਪਹਿਰ ਵੇਲੇ ਭੁੱਖ ਹੜਤਾਲ 'ਤੇ ਬੈਠੇ ਆਗੂ ਕੁਲਦੀਪ ਸਿੰਘ ਦੀ ਸਿਹਤ ਅਚਾਨਕ ਬਹੁਤ ਜ਼ਿਆਦਾ ਵਿਗੜ ਗਈ ਅਤੇ ਉਹ ਬੇਹੋਸ਼ ਹੋ ਗਏ।

ਦੂਜੇ ਪਾਸੇ, ਪ੍ਰਸ਼ਾਸਨਿਕ ਕਾਰਵਾਈ ਤੋਂ ਨਿਰਾਸ਼ ਯੂਨੀਅਨ ਦੇ ਬਾਕੀ ਸਾਥੀ ਅਜੇ ਵੀ ਪਾਵਰਕੌਮ ਦੇ ਮੁੱਖ ਦਫ਼ਤਰ ਅੱਗੇ ਡਟੇ ਹੋਏ ਹਨ ਅਤੇ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰ ਰਹੇ ਹਨ। ਯੂਨੀਅਨ ਆਗੂਆਂ ਦਾ ਕਹਿਣਾ ਹੈ ਕਿ ਜਦੋਂ ਤੱਕ 2,600 ਨੌਜਵਾਨਾਂ ਨੂੰ ਨੌਕਰੀਆਂ ਦੇ ਨਿਯੁਕਤੀ ਪੱਤਰ ਨਹੀਂ ਮਿਲਦੇ, ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਲਈ ਪੂਰੀ ਤਰ੍ਹਾਂ ਪੰਜਾਬ ਸਰਕਾਰ ਅਤੇ ਪਾਵਰਕੌਮ ਪ੍ਰਬੰਧਕ ਜ਼ਿੰਮੇਵਾਰ ਹੋਣਗੇ।

# ਨੌਂ ਸਾਲਾਂ 'ਚ 93 ਪੇਪਰ ਲੀਕ ਹੋਏ: ਭਗਵੰਤ ਸਿੰਘ ਮਾਨ

## ਪੰਜਾਬ 'ਚ 2022 ਤੋਂ ਇੱਕ ਵੀ ਪੇਪਰ ਲੀਕ ਨਾ ਹੋਣ ਦਾ ਦਾਅਵਾ; ਮੁੱਖ ਮੰਤਰੀ ਨੇ ਵੱਖ-ਵੱਖ ਵਿਭਾਗਾਂ ਦੇ 355 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ



ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਸਥਿਤ ਮਿਉਂਸਿਪਲ ਭਵਨ ਵਿੱਚ ਮਿਸ਼ਨ ਰੁਜ਼ਗਾਰ ਤਹਿਤ ਸੂਬੇ ਦੇ ਵੱਖ-ਵੱਖ ਵਿਭਾਗਾਂ ਦੇ 355 ਨੌਜਵਾਨਾਂ ਨੂੰ ਨਿਯੁਕਤ ਪੱਤਰ ਸੌਂਪੇ, ਜਿਸ ਵਿੱਚ ਤਕਨੀਕੀ ਸਿੱਖਿਆ, ਸਹਿਕਾਰਤਾ, ਸਥਾਨਕ ਸਰਕਾਰਾਂ, ਜਲ ਸਪਲਾਈ ਤੇ ਸੈਨੀਟੇਸ਼ਨ, ਪਸ਼ੂ ਪਾਲਣ, ਲੋਕ ਨਿਰਮਾਣ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਹੋਰ ਵਿਭਾਗਾਂ ਦੇ ਉਮੀਦਵਾਰ ਸ਼ਾਮਲ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਅਣਗਹਿਲੀਆਂ ਕਰ ਕੇ ਨੀਟ ਵਰਗੀਆਂ ਪ੍ਰੀਖਿਆਵਾਂ ਦੇ ਪੇਪਰ ਲੀਕ ਹੋ ਰਹੇ ਹਨ। ਦੇਸ਼ ਵਿੱਚ ਪਿਛਲੇ ਨੌਂ ਸਾਲਾਂ ਦੌਰਾਨ ਸਾਲ 2017 ਤੋਂ ਹੁਣ ਤੱਕ 93 ਪੇਪਰ ਲੀਕ ਹੋ ਚੁੱਕੇ ਹਨ, ਜਦੋਂ ਕਿ ਪੰਜਾਬ ਵਿੱਚ 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਸਾਲ 2022 ਤੋਂ ਹੁਣ ਤੱਕ ਇੱਕ ਵੀ ਪੇਪਰ ਲੀਕ ਨਹੀਂ ਹੋਇਆ ਹੈ। ਪੰਜਾਬ ਸਰਕਾਰ ਨੇ ਪਿਛਲੇ ਦਿਨੀਂ ਸੂਬੇ ਦੇ 65,000 ਠੇਕਾ ਕਰਮਚਾਰੀਆਂ ਦੀ ਰੈਗੂਲਰ ਨੌਕਰੀ ਦਾ ਰਾਹ ਖੋਲ੍ਹ ਦਿੱਤਾ ਹੈ। ਇਸ ਤੋਂ ਇਲਾਵਾ 25 ਨਵੀਆਂ ਆਈ ਟੀ ਆਈਜ਼ ਖੋਲ੍ਹਣ ਦੀ ਤਿਆਰੀ ਹੈ ਅਤੇ 13 ਮੌਜੂਦਾ ਆਈ ਟੀ ਆਈਜ਼ ਦਾ ਨਵੀਨੀਕਰਨ ਕੀਤਾ ਜਾਵੇਗਾ। 'ਆਪ' ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਕੂਲ ਸਿੱਖਿਆ 'ਚ ਪੰਜਾਬ ਦੇਸ਼ ਭਰ ਵਿੱਚੋਂ 27ਵੇਂ ਸਥਾਨ 'ਤੇ ਸੀ ਅਤੇ ਹੁਣ ਨੀਤੀ ਆਯੋਗ ਮੁਤਾਬਕ ਪੰਜਾਬ ਨੇ ਕੇਰਲਾ ਵਰਗੇ ਸੂਬਿਆਂ ਨੂੰ ਪਛਾੜਦਿਆਂ ਪਹਿਲਾ ਸਥਾਨ ਹਾਸਲ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਸਰਕਾਰੀ ਪੌਲੀਟੈਕਨਿਕ ਕਾਲਜਾਂ ਦੇ ਆਧੁਨਿਕੀਕਰਨ ਲਈ 20 ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨੰਗਲ ਵਿੱਚ 23 ਕਰੋੜ ਰੁਪਏ ਦੀ ਲਾਗਤ ਨਾਲ ਕੈਪਟਨ ਅਮੋਲ ਕਾਲੀਆ ਸੈਂਟਰ ਆਫ ਐਕਸੀਲੈਂਸ ਸਥਾਪਤ ਕੀਤਾ। ਉਨ੍ਹਾਂ ਨਵੇਂ ਭਰਤੀ ਹੋਏ ਕਰਮਚਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਗੁਰਮੀਤ ਸਿੰਘ ਖੁੱਡੀਆਂ ਸਣੇ ਕਈ ਹੋਰ ਪਤਵੰਤੇ ਮੌਜੂਦ ਸਨ।

**ਨੌਜਵਾਨਾਂ ਦੇ ਪਰਵਾਸ ਨੂੰ ਪੁੱਠਾ ਗੇੜ ਪਿਆ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ 'ਆਪ' ਸਰਕਾਰ ਵੱਲੋਂ ਨੌਜਵਾਨਾਂ ਦੇ ਹਿੱਤਾਂ ਵਿੱਚ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ, ਜਿੱਥੇ ਨੌਜਵਾਨਾਂ ਨੂੰ ਬਿਨਾਂ ਕਿਸੇ ਸਿਫਾਰਿਸ਼ ਤੋਂ ਪਾਰਦਰਸ਼ੀ ਢੰਗ ਨਾਲ ਮੈਰਿਟ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਇਸੇ ਕਰ ਕੇ ਪੰਜਾਬ ਦੇ ਨੌਜਵਾਨਾਂ ਨੇ ਵਿਦੇਸ਼ਾਂ ਤੋਂ ਮੁੜਨਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ 'ਆਪ' ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਕਰ ਕੇ ਨੌਜਵਾਨਾਂ ਦੇ ਪਰਵਾਸ ਨੂੰ ਪੁੱਠਾ ਗੇੜ ਪੈਣਾ ਸ਼ੁਰੂ ਹੋ ਗਿਆ ਹੈ।

# ਸਿੱਖਿਆ ਮੰਤਰੀ ਨੂੰ ਹਟਾਉਣ ਲਈ ਸੱਤ ਦਿਨਾਂ ਦਾ ਅਲਟੀਮੇਟਮ

## ਕੌਕਰੋਚ ਜਨਤਾ ਪਾਰਟੀ ਵੱਲੋਂ ਦੇਸ਼ਵਿਆਪੀ ਅੰਦੋਲਨ ਦੀ ਧਮਕੀ



ਨਵੀਂ ਦਿੱਲੀ : ਕੌਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਸੱਤ ਦਿਨਾਂ ਅੰਦਰ ਅਹੁਦੇ ਤੋਂ ਹਟਾਉਣ ਦਾ ਅਲਟੀਮੇਟਮ ਦਿੱਤਾ ਹੈ। ਪਾਰਟੀ ਨੇ ਚਿਤਾਵਨੀ ਦਿੱਤੀ ਕਿ ਜੇ ਪ੍ਰਧਾਨ ਨੂੰ ਹਟਾਇਆ ਨਾ ਗਿਆ ਜਾਂ ਉਨ੍ਹਾਂ ਖ਼ੁਦ ਅਹੁਦੇ ਤੋਂ ਅਸਤੀਫ਼ਾ ਨਾ ਦਿੱਤਾ, ਤਾਂ ਪਾਰਟੀ ਦੇਸ਼ਿਵਆਪੀ ਅੰਦੋਲਨ ਵਿੱਢੇਗੀ। ਪਾਰਟੀ ਦੇ ਬੁਲਾਰੇ ਆਸ਼ੂਤੋਸ਼ ਰੰਕਾ ਅਤੇ ਸੌਰਵ ਦਾਸ ਨੇ ਕਿਹਾ ਕਿ ਜੰਤਰ ਮੰਤਰ 'ਤੇ ਅੱਜ ਕੀਤਾ ਗਿਆ ਮੁਜ਼ਾਹਰਾ ਸਿੱਖਿਆ ਤੇ ਸ਼ਾਸਨ ਨਾਲ ਸਬੰਧਤ ਮੁੱਦਿਆਂ 'ਤੇ ਕੇਂਦਰਿਤ ਵਿਸ਼ਾਲ ਯੁਵਾ ਲਹਿਰ ਦਾ ਆਗਾਜ਼ ਹੈ। 6 ਜੂਨ, 2026 ਦੀ ਤਰੀਕ ਨੂੰ ਇਤਿਹਾਸ 'ਚ ਲਿਖਿਆ ਜਾਵੇਗਾ ਕਿਉਂਕਿ ਅੱਜ ਇਸ ਦੇਸ਼ ਦੀ ਸਿਆਸਤ ਪੂਰੀ ਤਰ੍ਹਾਂ ਬਦਲ ਗਈ ਹੈ। ਅਰਥਪੂਰਨ ਸੁਧਾਰਾਂ ਲਈ ਸਿੱਖਿਆ ਮੰਤਰੀ ਦਾ ਅਸਤੀਫ਼ਾ ਜ਼ਰੂਰੀ ਹੈ।

ਬੁਲਾਰਿਆਂ ਨੇ ਸਾਫ਼ ਕੀਤਾ ਕਿ ਇਸ ਲਾਮਬੰਦੀ ਦਾ ਕਿਸੇ ਸਿਆਸੀ ਜਥੇਬੰਦੀ ਨਾਲ ਕੋਈ ਸਬੰਧ ਨਹੀਂ, ਉਨ੍ਹਾਂ ਖ਼ੁਦ ਨੂੰ 'ਨੌਜਵਾਨ ਪੱਖੀ, ਸਿੱਖਿਆ ਪੱਖੀ, ਸੰਵਿਧਾਨ ਪੱਖੀ ਤੇ ਭਾਰਤ ਪੱਖੀ' ਦੱਸਿਆ। ਰੰਕਾ ਨੇ ਕਿਹਾ, "ਅਸੀਂ ਸਰਕਾਰ ਨੂੰ ਸੱਤ ਦਿਨਾਂ ਦਾ ਸਮਾਂ ਦਿੱਤਾ ਹੈ। ਧਰਮੇਂਦਰ ਪ੍ਰਧਾਨ ਜਾਂ ਤਾਂ ਸਨਮਾਨ ਸਹਿਤ ਅਸਤੀਫ਼ਾ ਦੇ ਦੇਣ ਜਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਨੂੰ ਹਟਾਉਣ। ਜੇ ਸੱਤ ਦਿਨਾਂ ਅੰਦਰ ਉਨ੍ਹਾਂ ਦਾ ਅਸਤੀਫ਼ਾ ਨਾ ਆਇਆ ਤਾਂ ਦੇਸ਼ਿਵਆਪੀ ਅੰਦੋਲਨ ਵਿੱਢਿਆ ਜਾਵੇਗਾ।"

ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਨੂੰ ਵੱਖ ਵੱਖ ਰਾਜਾਂ ਦੇ ਸਮਰਥਕਾਂ ਤੋਂ ਸ਼ਾਂਤੀਪੂਰਨ ਪ੍ਰਦਰਸ਼ਨਾਂ ਦੀ ਤਿਆਰੀ ਵਾਲੇ ਸੁਨੇਹੇ ਮਿਲ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸੀ ਜੇ ਪੀ ਆਪਣੀ ਅਗਲੀ ਕਾਰਵਾਈ ਦੇ ਐਲਾਨ ਤੋਂ ਪਹਿਲਾਂ ਇੱਕ ਹਫ਼ਤੇ ਦੀ ਉਡੀਕ ਕਰੇਗੀ। ਰੰਕਾ ਨੇ ਜੰਤਰ ਮੰਤਰ ਵਿੱਚ ਅੱਜ ਦੇ ਇਕੱਠ ਨੂੰ ਅਹਿਮ ਪਲ ਦੱਸਦਿਆਂ ਕਿਹਾ ਕਿ ਇਸ ਵਿਰੋਧ ਪ੍ਰਦਰਸ਼ਨ ਨੇ ਸਾਫ਼ ਕਰ ਦਿੱਤਾ ਹੈ ਕਿ ਨੌਜਵਾਨ ਆਪਣੇ ਨਾਲ ਜੁੜੇ ਮੁੱਦਿਆਂ ਉੱਤੇ ਇਕਜੁੱਟ ਹੋਣ ਲਈ ਤਿਆਰ ਹਨ।

ਇਸ ਤੋਂ ਪਹਿਲਾਂ ਕੌਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਬਾਨੀ ਅਭਿਜੀਤ ਦੀਪਕੇ, ਜੋ ਅੱਜ ਤੜਕੇ ਹੀ ਅਮਰੀਕਾ ਤੋਂ ਪਰਤਿਆ ਸੀ, ਨੇ ਜੰਤਰ ਮੰਤਰ 'ਤੇ ਵਿਦਿਆਰਥੀਆਂ ਤੇ ਨੌਜਵਾਨਾਂ ਦੇ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਅਸਲ ਮੰਗਾਂ ਵੱਲ ਮੁਖ਼ਾਤਿਬ ਹੋਣ ਦੀ ਥਾਂ ਜਥੇਬੰਦੀ ਦੀ ਸੋਸ਼ਲ ਮੀਡੀਆ ਸਰਗਰਮੀ ਵੱਲ ਧਿਆਨ ਕੇਂਦਰਤ ਕਰਨ ਲਈ ਸਰਕਾਰ ਦੀ ਨੁਕਤਾਚੀਨੀ ਕੀਤੀ। ਰੋਸ ਪ੍ਰਦਰਸ਼ਨ ਵਿੱਚ ਵਾਤਾਵਰਨ ਕਾਰਕੁਨ ਸੋਨਮ ਵਾਂਗਚੁਕ ਸਣੇ ਵੱਡੀ ਗਿਣਤੀ ਲੋਕ ਖ਼ਾਸਕਰ ਨੌਜਵਾਨ ਸ਼ਾਮਲ ਸਨ। ਵਾਂਗਚੁਕ ਨੇ ਪ੍ਰਦਰਸ਼ਨ ਦੀ ਹਮਾਇਤ ਕਰਦਿਆਂ ਦਾਅਵਾ ਕੀਤਾ ਕਿ ਜੇ ਦੀਪਕੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਹ ਛੇ ਹਫ਼ਤਿਆਂ ਦੀ ਭੁੱਖ ਹੜਤਾਲ ਕਰੇਗਾ। ਇੰਦਰਾ ਗਾਂਧੀ ਹਵਾਈ ਅੱਡੇ ਤੋਂ ਸਿੱਧੇ ਜੰਤਰ ਮੰਤਰ ਪੁੱਜੇ ਦੀਪਕੇ ਨੇ ਕਿਹਾ, "ਮੇਰੇ ਦੋਸਤੋ, ਇਹ ਲੰਮਾ ਸੰਘਰਸ਼ ਹੈ। ਪਿਛਲੇ ਇਕ ਮਹੀਨੇ ਤੋਂ ਅਸੀਂ ਸੋਸ਼ਲ ਮੀਡੀਆ ਉੱਤੇ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਾਂ, ਪਰ ਕੁਝ ਵਿਅਕਤੀ ਇੰਨੇ ਬੇਸ਼ਰਮ ਹਨ ਕਿ ਕੋਈ ਕਾਰਵਾਈ ਕਰਨ ਦੀ ਥਾਂ, ਉਨ੍ਹਾਂ ਦਾ ਧਿਆਨ ਸਾਡੇ ਖਾਤਿਆਂ ਨੂੰ ਹੈਕ ਕਰਨ ਤੇ ਸਾਡੀਆਂ ਪੋਸਟਾਂ ਨੂੰ ਡਿਲੀਟ ਕਰਨ ਵਾਲੇ ਪਾਸੇ ਹੈ। ਤੁਸੀਂ ਸਾਡੀਆਂ ਪੋਸਟਾਂ ਡਿਲੀਟ ਕਰ ਸਕਦੇ ਹੋ, ਪਰ ਤੁਸੀਂ ਸਾਨੂੰ ਇਸ ਥਾਂ ਤੋਂ ਮਿਟਾ ਨਹੀਂ ਸਕਦੇ।" ਦੀਪਕੇ ਨੇ ਕਿਹਾ ਕਿ ਅੱਜ ਸਵੇਰੇ ਜਿਵੇਂ ਹੀ ਉਸ ਦੀ ਉਡਾਣ ਨਵੀਂ ਦਿੱਲੀ ਪੁੱਜੀ, ਉਸ ਨੂੰ ਲੱਗਿਆ ਕਿ ਉਹ ਆਪਣੀ ਆਜ਼ਾਦੀ ਦੇ ਆਖ਼ਰੀ ਪਲਾਂ ਦਾ ਆਨੰਦ ਮਾਣ ਰਿਹਾ ਹੈ। ਉਸ ਨੇ ਕਿਹਾ, "ਮੈਂ ਇਸ ਆਸ਼ੇ ਲਈ ਆਪਣੀ ਆਜ਼ਾਦੀ ਦੀ ਕੁਰਬਾਨੀ ਦੇਣ ਲਈ ਤਿਆਰ ਹਾਂ।"

ਸੀ ਜੇ ਪੀ ਬਾਨੀ ਨੇ ਦਾਅਵਾ ਕੀਤਾ ਕਿ ਕਈ ਲੋਕ ਜੇਲ੍ਹ ਜਾਣ ਦੇ ਡਰੋਂ 'ਵਿਕ ਗਏ' ਤੇ ਉਨ੍ਹਾਂ ਗੋਡੇ ਟੇਕ ਦਿੱਤੇ ਹਨ, 'ਪਰ ਇਸ ਦੇਸ਼ ਦਾ ਵਿਦਿਆਰਥੀ ਤੇ ਨੌਜਵਾਨ ਨਹੀਂ ਵਿਕਿਆ।'

ਪ੍ਰਦਰਸ਼ਨ ਵਿੱਚ ਮੌਜੂਦ ਸੈਂਕੜੇ ਲੋਕਾਂ ਨੇ ਕੌਕਰੋਚ ਵਾਲੇ ਮਾਸਕ ਪਾਏ ਹੋਏ ਸਨ ਤੇ ਹੱਥਾਂ ਵਿੱਚ ਫੁੱਲ ਫੜੇ ਸਨ। ਇਸ ਦੌਰਾਨ ਸਕੂਲ ਵਿਦਿਆਰਥੀ ਵੀ ਆਪਣੇ ਮਾਪਿਆਂ ਨਾਲ ਨਜ਼ਰ ਆਏ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

**'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ**



## ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

)ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪੰਜਾਬੀ ਦੀ ਐਮ.ਏ. ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰਥਮ ਸਥਾਨ ਤੇਰੇ ਹਿੱਸੇ ਆਇਆ ਹੈ। ਇਕੱਲੀਆਂ ਬੋਲੀਆਂ ਨਹੀਂ, ਸਗੋਂ ਸਾਰੇ ਲੋਕਗੀਤਾਂ ਦੇ ਨਾਲ-ਨਾਲ ਰਸਮਾਂ ਵੀ ਲਿਖ, ਪਰ ਆਪਣੀ ਸਿਹਤ ਨਾਲ ਜ਼ਿਆਦਤੀ ਨਾ ਕਰੀਂ। ਲਿਖਣ ਵਾਸਤੇ ਟਾਈਮ ਚਾਹੀਦਾ ਹੈ ਅਤੇ ਤੇਰੇ ਕੋਲ ਵਕਤ ਹੁੰਦਾ ਨਹੀਂ—ਸਾਰਾ ਦਿਨ ਕੰਮ ਹੀ ਕੰਮ।" ਮੈਂ ਆਪਣੇ ਸੁਭਾਅ ਮੁਤਾਬਿਕ ਹਾਜ਼ਰ-ਜਵਾਬ ਹੋ ਕੇ ਕਿਹਾ, "ਮੈਂ ਕਰ ਲਵਾਂਗੀ, ਬੱਸ ਤੁਹਾਡੀ ਸਹਿਮਤੀ ਅਤੇ ਸਹਿਯੋਗ ਦੀ ਜ਼ਰੂਰਤ ਹੈ।" ਲਾਜ ਨੇ ਬੜੀ ਸਹਿਜਤਾ ਨਾਲ ਕਿਹਾ, "ਮੇਰਾ ਸਹਿਯੋਗ ਤਾਂ ਹਮੇਸ਼ਾਂ ਹੀ ਤੇਰੇ ਨਾਲ ਹੈ।

ਮੈਂ ਮਨ ਹੀ ਮਨ ਸੋਚਦੀ ਹਾਂ ਕਿ ਅੱਜ ਦੇ ਮਸ਼ੀਨੀ ਸਮੇਂ ਵਿਚ ਵੀ ਇੱਕ ਲੇਖਿਕਾ ਨੂੰ ਘਰ, ਕੰਮ ਅਤੇ ਸ਼ੌਕ ਵਿਚ ਸੰਤੁਲਨ ਬਣਾ ਕੇ ਰੱਖਣ ਲਈ ਕਿੰਨਾ ਕੁੱਝ ਸੋਚਣਾ ਪੈਂਦਾ ਹੈ? ਪ੍ਰਸਿੱਧ ਕਹਾਣੀਕਾਰ ਰਾਠੇਸ਼ਵਰ ਸਿੰਘ ਸੂਰਾਪੁਰੀ ਜੀ ਫ਼ੋਨ 'ਤੇ ਅਕਸਰ ਹੀ ਪੁੱਛਦੇ ਰਹਿੰਦੇ ਹਨ, "ਨੀਲਮ! ਆਹ ਅਮਰੀਕਾ ਦੀ ਇਸ ਭੱਜ-ਨੱਠ ਵਾਲੀ ਜ਼ਿੰਦਗੀ ਵਿਚ ਤੂੰ ਇੰਨੇ ਸਾਰੇ ਕੰਮ ਕਿਵੇਂ ਕਰ ਲੈਂਦੀ ਹੈਂ?" ਮੈਂ ਬਹੁਤੀ ਵਾਰੀ ਹੱਸ ਕੇ ਟਾਲ ਦਿੰਦੀ ਹਾਂ ਤੇ ਕਈ ਵਾਰੀ ਗੰਭੀਰ ਸੁਰ ਵਿਚ ਇਹ ਜਵਾਬ ਦਿੰਦੀ ਹਾਂ, "ਅੰਕਲ ਜੀ! ਮੇਰੇ ਲਈ ਇਹ ਬਹੁਤ ਆਸਾਨ ਨਹੀਂ ਹੈ, ਪਰ ਆਪਣੇ ਵੱਲੋਂ ਹਰ ਸੰਭਵ ਕੋਸ਼ਿਸ਼ ਕਰਦੀ ਹਾਂ ਕਿ ਆਪਣੇ ਹਰ ਫ਼ਰਜ਼ ਨੂੰ ਦਿਆਨਤਦਾਰੀ (ਈਮਾਨਦਾਰੀ) ਨਾਲ ਨਿਭਾਵਾਂ। ਸੱਚ ਇਹ ਹੈ ਕਿ ਫ਼ਰਜ਼ਾਂ ਨੂੰ ਨਿਭਾਉਣ ਦੀ ਸੋਝੀ ਮੈਨੂੰ ਲੋਕਗੀਤਾਂ ਨੂੰ ਮਾਣਦੇ ਹੋਏ ਹੀ ਆਈ ਹੈ। ਇਸ ਕਰਕੇ ਹੀ ਮੈਨੂੰ ਮੇਰੀ ਰੂਹ ਲੋਕਗੀਤਾਂ ਦੇ ਸਰੋਵਰ ਵਿਚ ਟੁੱਭੀਆਂ ਮਾਰ ਕੇ ਪੂਰੀ ਤਰ੍ਹਾਂ ਭਿੱਜੀ ਹੋਈ ਜਾਪਦੀ ਹੈ।

ਇਨ੍ਹਾਂ ਦਿਨਾਂ ਵਿਚ ਹੀ ਮੇਰੇ ਸਾਹਿਤਕ ਪਰਿਵਾਰ



ਦੇ ਮੈਂਬਰ ਕਹਾਣੀਕਾਰ ਅਜਮੇਰ ਸਿੱਧੂ ਅਮਰੀਕਾ ਫੇਰੀ ਦੌਰਾਨ ਇੱਕ ਦਿਨ ਸਾਡੇ ਘਰ ਮਿਲਣ ਆਏ। ਮੈਂ ਇਸ ਪੁਸਤਕ ਨੂੰ ਲਿਖਣ ਬਾਰੇ ਇੱਛਾ ਜ਼ਾਹਿਰ ਕੀਤੀ ਤਾਂ ਉਨ੍ਹਾਂ ਨੇ ਚਿਹਰੇ 'ਤੇ ਮੁਸਕਾਨ ਭਰਦੇ ਹੋਏ ਕਿਹਾ, "ਭੈਣਜੀ! ਅਸਲੀ ਕੰਮ ਤਾਂ ਤੁਸੀਂ ਹੁਣ ਕਰਨ ਲੱਗੇ ਹੋ। ਤੁਸੀਂ ਲਿਖਣਾ ਸ਼ੁਰੂ ਕਰੋ, ਬਾਕੀ ਮੇਰੇ ਵੱਲੋਂ ਹਰ ਸਹਿਯੋਗ ਮਿਲੇਗਾ। ਮੈਂ ਇੰਡੀਆ ਪਹੁੰਚਦੇ ਹੀ ਤੁਹਾਨੂੰ ਕੁਝ ਚੰਗੀਆਂ ਪੁਸਤਕਾਂ ਭੇਜਾਂਗਾ। ਡਾ. ਕਰਮਜੀਤ ਸਿੰਘ ਦੀ ਪੁਸਤਕ 'ਲੋਕ ਗੀਤਾਂ' ਦੇ ਨਾਲ-ਨਾਲ ਜ਼ਰੂਰ ਪੜ੍ਹਨੀ ਹੈ।" ਇੰਡੀਆ ਜਾ ਕੇ ਉਨ੍ਹਾਂ ਨੇ ਪਹਿਲਾ ਕੰਮ ਵੀ ਇਹ ਹੀ ਕੀਤਾ।

ਅਮਰੀਕਾ ਹੋਵੇ ਜਾਂ ਪੰਜਾਬ, ਜਦੋਂ ਵੀ ਕਿਤੇ ਵਿਆਹ-ਸ਼ਾਦੀ 'ਤੇ ਜਾਂਦੀ ਹਾਂ, ਮਨ ਹੀ ਮਨ ਲੋਕਗੀਤਾਂ ਨੂੰ ਗੁਣਗੁਣਾਉਂਦੀ ਹਾਂ। ਮੈਂ ਉਸ ਵੇਲੇ ਨੂੰ ਯਾਦ ਕਰਦੀ ਰਹਿੰਦੀ ਹਾਂ, ਜਦੋਂ ਮੁਹੱਲੇ ਵਿਚ ਵਿਆਹ-ਸ਼ਾਦੀ ਵੇਲੇ ਮੇਰੇ ਪਿੰਡ ਮੂਨਕ ਕਲਾਂ ਵਿਚ ਚੰਗਾ ਅਸਰ-ਰਸੂਖ਼ ਰੱਖਣ ਵਾਲੀ ਮਾਂ ਜੀ ਮਨਸਾ ਦੇਵੀ ਲੋਕਗੀਤਾਂ ਦੀ ਰਾਣੀ ਬਣੀ, ਪਸੀਨੋ-ਪਸੀਨੀ ਹੋਈ ਆਪਣੇ ਜੌਹਰ ਦਿਖਾ ਰਹੀ ਹੁੰਦੀ ਸੀ। ਮਾਂ ਜੀ ਨਾਲ ਮੇਰੀ ਦੋਸਤੀ ਦਾ ਮੁੱਢ ਅਤੇ ਸਿਖਰ ਇਹ ਲੋਕਗੀਤ ਹੀ ਸਨ।

ਹਥਲੀ ਪੁਸਤਕ ਵਿਚ ਮੈਂ ਮਨੁੱਖੀ ਜੀਵਨ ਦੇ ਵੱਖ-ਵੱਖ ਪੜਾਵਾਂ ਨਾਲ ਸੰਬੰਧਿਤ ਰਸਮਾਂ ਅਤੇ ਲੋਕਗੀਤਾਂ ਦਾ ਜ਼ਿਕਰ ਕਰ ਰਹੀ ਹਾਂ। ਇਨ੍ਹਾਂ ਰਸਮਾਂ ਨਾਲ ਜੁੜੇ ਹੋਏ ਇਤਿਹਾਸਕ ਕਾਰਨ ਅਤੇ ਉਨ੍ਹਾਂ ਦਾ ਮਹੱਤਵ ਵੀ ਵਰਣਨ ਕਰਾਂਗੀ। ਇਨ੍ਹਾਂ ਲੋਕਗੀਤਾਂ ਵਿਚੋਂ ਬਹੁਤੇ ਮੈਂ ਮਾਂ ਜੀ ਮਨਸਾ ਦੇਵੀ, ਆਪਣੀ ਮੰਮੀ ਕਮਲਾ ਦੇਵੀ ਅਤੇ ਵਿਆਹਾਂ ਵਿਚ ਸ਼ਾਮਿਲ ਹੋ ਕੇ ਸਿੱਖੇ ਹਨ। ਇਨ੍ਹਾਂ ਲੋਕਗੀਤਾਂ ਨੂੰ ਹੋਰ ਜਾਣਨ ਅਤੇ ਮਾਣਨ ਲਈ ਹਰ ਸੰਭਵ ਹੀਲਾ (ਪੁਸਤਕਾਂ, ਇੰਟਰਨੈੱਟ, ਲੋਕਗੀਤਾਂ ਵਿਚ ਰੁਚੀ ਰੱਖਣ ਵਾਲੀਆਂ ਸ਼ਖ਼ਸੀਅਤਾਂ ਨਾਲ ਮਿਲਣੀ) ਵਰਤਣ ਦੀ ਸਾਰਥਿਕ ਕੋਸ਼ਿਸ਼ ਕੀਤੀ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਬੀ.ਐੱਡ. ਅਤੇ ਐੱਮ.ਐੱਡ. ਸੈਸ਼ਨ ਦੌਰਾਨ ਦੋ ਸਾਲ 'ਮਾਲਵਾ ਸੈਂਟਰਲ ਕਾਲਜ ਲੁਧਿਆਣਾ' ਦੇ ਹੋਸਟਲ ਵਿਚ ਹੁੰਦੀਆਂ ਪਾਰਟੀਆਂ ਦੌਰਾਨ ਮਾਲਵੇ ਦੀਆਂ ਗਿੱਧੇ ਦੀਆਂ ਬੋਲੀਆਂ ਅਤੇ ਗੀਤਾਂ ਦਾ ਪ੍ਰਭਾਵ ਵੀ ਮੈਂ ਕਬੂਲਿਆ ਹੈ। ਅਮਰੀਕਾ ਵਿਚ ਸਾਹਿਤਕ ਅਤੇ ਸੱਭਿਆਚਾਰਕ ਖੇਤਰ ਵਿਚ ਰੁਚੀ ਹੋਣ ਕਾਰਨ ਮੇਰਾ ਮੇਲ-ਮਿਲਾਪ ਸਮੁੱਚੇ ਪੰਜਾਬੀਆਂ ਨਾਲ ਹੁੰਦਾ ਰਹਿੰਦਾ ਹੈ। ਇਸ ਲਈ ਇਸ ਪੁਸਤਕ ਵਿਚ ਸਮੁੱਚੇ ਪੰਜਾਬ ਦੇ ਲੋਕਗੀਤਾਂ ਅਤੇ ਰਸਮਾਂ ਨੂੰ ਇੱਕ ਲੜੀ ਵਿਚ ਪਰੋਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ।

ਬਚਪਨ ਤੋਂ ਸੁਣਦੀ ਆਈ ਹਾਂ ਕਿ 'ਬੋਲੀ ਬਾਰ੍ਹਾਂ ਕੋਹਾਂ 'ਤੇ ਬਦਲ ਜਾਂਦੀ ਹੈ।' ਮੈਨੂੰ ਯਕੀਨ ਹੈ ਕਿ ਇਸੇ ਤਰ੍ਹਾਂ ਰਸਮਾਂ ਦਾ ਰੂਪ ਵੀ ਪੰਜਾਬ ਦੇ ਕਈ ਜ਼ਿਲ੍ਹਿਆਂ ਜਾਂ ਇਲਾਕਿਆਂ ਵਿਚ ਜ਼ਰੂਰ ਵੱਖਰਾ ਹੋਵੇਗਾ। ਮੈਂ ਦੁਆਬੇ ਦੀ ਜੰਮ-ਪਲ ਹਾਂ, ਸੋ ਸੁਭਾਵਿਕ ਹੈ ਕਿ ਬਹੁਤੇ ਲੋਕਗੀਤ ਅਤੇ ਰਸਮਾਂ ਦੁਆਬੇ ਦੀਆਂ ਹੀ ਹੋਣਗੀਆਂ। ਇਹ ਵੀ ਹੋ ਸਕਦਾ ਹੈ ਕਿ ਕਈ ਰਸਮਾਂ ਸਿਰਫ਼ ਮੇਰੇ ਇਲਾਕੇ ਵਿਚ ਹੀ ਪ੍ਰਚੱਲਿਤ ਹੋਣ। ਮੈਂ ਇਸ ਪੁਸਤਕ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰਦੇ ਹੋਏ ਬੇਹੱਦ ਮਾਣ ਮਹਿਸੂਸ ਕਰ ਰਹੀ ਹਾਂ!

(ਚਲਦਾ)

## ਪਾਕਿਸਤਾਨ-ਅਜ਼ਰਬਾਈਜਾਨ ਦੁਵੱਲੇ ਸਬੰਧਾਂ 'ਚ ਨਵਾਂ ਅਧਿਆਏ

# ਘੱਟਗਿਣਤੀ ਮੰਤਰੀ ਰਮੇਸ਼ ਸਿੰਘ ਅਰੋੜਾ ਦੀ ਸਫ਼ੀਰ ਖ਼ਜ਼ਾਰ ਫ਼ਰਹਾਦੋਵ ਨਾਲ ਇਤਿਹਾਸਕ ਮੁਲਾਕਾਤ, ਲਾਹੌਰ ਫੇਰੀ ਦਾ ਸੱਦਾ!

ਇਸਲਾਮਾਬਾਦ : ਪਾਕਿਸਤਾਨ ਅਤੇ ਅਜ਼ਰਬਾਈਜਾਨ ਵਿਚਕਾਰ ਖੇਤਰੀ ਸਾਂਝੇਦਾਰੀ ਅਤੇ ਸੱਭਿਆਚਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਵੱਡੀ ਅਤੇ ਅਹਿਮ ਸਫ਼ਾਰਤੀ ਕਾਰਵਾਈ ਸਾਹਮਣੇ ਆਈ ਹੈ। ਪਾਕਿਸਤਾਨ ਦੇ ਘੱਟਗਿਣਤੀ ਮਾਮਲਿਆਂ ਦੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਅਜ਼ਰਬਾਈਜਾਨ ਦੇ ਪਾਕਿਸਤਾਨ ਵਿਚਲੇ ਰਾਜਦੂਤ (ਸਫ਼ੀਰ) ਮਿਸਟਰ ਖ਼ਜ਼ਾਰ ਫ਼ਰਹਾਦੋਵ ਨਾਲ ਇੱਕ ਉੱਚ-ਪੱਧਰੀ ਮੁਲਾਕਾਤ ਕੀਤੀ। ਇਸ ਬੈਠਕ ਦੌਰਾਨ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਦੇ ਹਾਲ ਹੀ ਵਿੱਚ ਹੋਏ ਅਜ਼ਰਬਾਈਜਾਨ (ਬਾਕੂ) ਦੇ ਬੇਹੱਦ ਸਫ਼ਲ ਸਰਕਾਰੀ ਦੌਰੇ ਦੀ ਸ਼ਲਾਘਾ ਕੀਤੀ ਗਈ ਅਤੇ ਵਧਾਈਆਂ ਦਾ ਅਦਾਨ-ਪ੍ਰਦਾਨ ਹੋਇਆ।

**ਮੁੱਖ ਮੰਤਰੀ ਦੀ 'ਆਪਣੀ ਛੱਤ, ਆਪਣਾ ਘਰ' ਸਕੀਮ ਦੀ ਕੌਮਾਂਤਰੀ ਪੱਧਰ 'ਤੇ ਗੂੰਜ**

ਮੁਲਾਕਾਤ ਦੌਰਾਨ ਅਜ਼ਰਬਾਈਜਾਨ ਦੇ ਰਾਜਦੂਤ ਨੇ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਦੀ ਇਤਿਹਾਸਕ ਰਿਹਾਇਸ਼ੀ ਯੋਜਨਾ ÷ਆਪਣੀ ਛੱਤ, ਆਪਣਾ ਘਰ ਪ੍ਰੋਗਰਾਮ÷ ਦੀ ਦਿਲੋਂ ਸ਼ਲਾਘਾ ਕੀਤੀ। ਜ਼ਿਕਰਯੋਗ ਹੈ ਕਿ ਇਸ ਲੋਕ-ਪੱਖੀ ਸਕੀਮ ਨੂੰ ਹਾਲ ਹੀ ਵਿੱਚ 'ਵਰਲਡ ਅਰਬਨ ਫੋਰਮ' (World Urban Forum) ਵਿੱਚ ਪੇਸ਼ ਕੀਤਾ ਗਿਆ ਸੀ, ਜਿਸ ਨੇ ਕੌਮਾਂਤਰੀ ਪੱਧਰ 'ਤੇ ਭਰਵਾਂ ਹੁੰਗਾਰਾ ਹਾਸਲ ਕੀਤਾ ਹੈ।





**ਸੱਭਿਆਚਾਰ, ਧਾਰਮਿਕ ਸੈਰ-ਸਪਾਟਾ ਅਤੇ ਘੱਟਗਿਣਤੀਆਂ ਦੀ ਭਲਾਈ 'ਤੇ ਜ਼ੋਰ**

ਇਸ ਉੱਚ-ਪੱਧਰੀ ਡਿਪਲੋਮੈਟਿਕ ਗੱਲਬਾਤ ਨੇ ਦੋਵਾਂ ਦੇਸ਼ਾਂ ਦੇ ਵਧਦੇ ਸਬੰਧਾਂ 'ਤੇ ਮੋਹਰ ਲਗਾਈ ਹੈ। ਬੈਠਕ ਵਿੱਚ ਮੁੱਖ ਤੌਰ 'ਤੇ ਇਹਨਾਂ ਨੁਕਤਿਆਂ 'ਤੇ ਸਹਿਮਤੀ ਬਣੀ:

**ਧਾਰਮਿਕ ਸੈਰ-ਸਪਾਟਾ ਅਤੇ ਸੱਭਿਆਚਾਰਕ ਵਿਰਾਸਤ:** ਦੋਵਾਂ ਦੇਸ਼ਾਂ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਨੂੰ ਸੈਰ-ਸਪਾਟੇ ਰਾਹੀਂ ਜੋੜਨਾ।

**ਸਾਂਝੀ ਜਨਤਕ ਰਣਨੀਤੀ:** ਲੋਕ ਸੰਪਰਕ (PR) ਦੇ ਸਾਂਝੇ ਪ੍ਰੋਜੈਕਟਾਂ ਰਾਹੀਂ ਆਪਸੀ ਭਾਈਚਾਰਾ ਵਧਾਉਣਾ।

**ਬਹੁ-ਸੱਭਿਆਚਾਰਵਾਦ:** ਘੱਟਗਿਣਤੀ ਭਾਈਚਾਰਿਆਂ ਦੇ ਸਸ਼ਕਤੀਕਰਨ ਅਤੇ ਅਧਿਕਾਰਾਂ ਦੀ ਰਾਖੀ ਲਈ ਸਾਂਝੀ ਸ਼ਾਸਨ ਰਣਨੀਤੀ ਤਿਆਰ ਕਰਨਾ, ਜੋ ਘੱਟਗਿਣਤੀਆਂ ਪ੍ਰਤੀ ਪਾਕਿਸਤਾਨ ਦੀ ਸੰਜੀਦਗੀ ਨੂੰ ਦਰਸਾਉਂਦਾ ਹੈ।

**ਰਾਜਦੂਤ ਨੂੰ 'ਜ਼ਿੰਦਾਦਿਲ ਸ਼ਹਿਰ' ਲਾਹੌਰ ਆਉਣ ਦਾ ਸੱਦਾ**

'ਪੰਜਾਬ ਦੀ ਧਰਤੀ ਵੰਨ-ਸੁਵੰਨੇ ਸੱਭਿਆਚਾਰ, ਇਤਿਹਾਸਕ ਇਮਾਰਤਾਂ ਅਤੇ ਅਮੀਰ ਵਿਰਾਸਤ ਦਾ ਗੜ੍ਹ ਹੈ।'

**— ਮੰਤਰੀ ਰਮੇਸ਼ ਸਿੰਘ ਅਰੋੜਾ**

ਮੁਲਾਕਾਤ ਦੇ ਅਖੀਰ ਵਿੱਚ, ਸੂਬਾਈ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਅਜ਼ਰਬਾਈਜਾਨ ਦੇ ਰਾਜਦੂਤ ਨੂੰ ਅਧਿਕਾਰਤ ਤੌਰ 'ਤੇ ਲਾਹੌਰ ਆਉਣ ਦਾ ਸੱਦਾ ਦਿੱਤਾ, ਤਾਂ ਜੋ ਉਹ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ, ਇਤਿਹਾਸਕ ਨਿਸ਼ਾਨੀਆਂ ਅਤੇ ਘੱਟਗਿਣਤੀਆਂ ਦੀ ਆਜ਼ਾਦੀ ਦੇ ਖ਼ੂਬਸੂਰਤ ਰੰਗਾਂ ਨੂੰ ਆਪਣੀ ਅੱਖੀਂ ਦੇਖ ਸਕਣ।

ਸੁਤੰਤਰਤਾ ਅਤੇ ਜਮਹੂਰੀਅਤ ਦਾ ਧਰਤੀ ਉਪਰ ਪਹਿਲਾ ਮਹਾਂ-ਗ੍ਰੰਥ ਅਮਰੀਕਾ ਦਾ ਸੰਵਿਧਾਨ

ਅੱਜ ਤੋਂ ਠੀਕ ਢਾਈ ਸਦੀਆਂ ਪਹਿਲਾਂ, ਜਦੋਂ ਦੁਨੀਆ ਦੇ ਨਕਸ਼ੇ 'ਤੇ ਤਾਨਾਸ਼ਾਹੀ ਰਾਜਿਆਂ ਅਤੇ ਸਾਮਰਾਜਾਂ ਦਾ ਦਬਦਬਾ ਸੀ, ਉਦੋਂ ਮਨੁੱਖੀ ਇਤਿਹਾਸ ਵਿੱਚ ਇੱਕ ਬੇਮਿਸਾਲ ਤਜ਼ਰਬਾ ਸ਼ੁਰੂ ਹੋਇਆ ਸੀ। ਅਮਰੀਕੀ ਸੰਵਿਧਾਨ ਦੀ 250ਵੀਂ ਵਰ੍ਹੇਗੰਢ ਦੇ ਇਸ ਇਤਿਹਾਸਕ ਪੜਾਅ 'ਤੇ, ਅਸੀਂ ਆਪਣੇ ਪਾਠਕਾਂ ਲਈ ਵਿਸ਼ਵ ਦੇ ਸਭ ਤੋਂ ਪੁਰਾਣੇ ਲਿਖਤੀ ਸੰਵਿਧਾਨ ਦੇ ਮੂਲ ਦਸਤਾਵੇਜ਼ ਨੂੰ ਪੰਜਾਬੀ ਭਾਸ਼ਾ ਵਿੱਚ ਸਰਲ ਅਤੇ ਸਪਸ਼ਟ ਰੂਪ ਵਿੱਚ ਪੇਸ਼ ਕਰ ਰਹੇ ਹਾਂ। ਇਹ ਸਿਰਫ਼ ਇੱਕ ਕਾਨੂੰਨੀ ਕਿਤਾਬ ਨਹੀਂ ਹੈ, ਬਲਕਿ ਇਹ ਦੁਨੀਆ ਭਰ ਵਿੱਚ ਜਮਹੂਰੀਅਤ, ਮਨੁੱਖੀ ਅਧਿਕਾਰਾਂ ਅਤੇ ਕਾਨੂੰਨ ਦੇ ਰਾਜ ਦੀ ਨੀਂਹ ਪੱਥਰ ਹੈ। ਜਦੋਂ 1787 ਵਿੱਚ ਫਿਲਾਡੇਲਫੀਆ ਵਿਖੇ ਅਮਰੀਕਾ ਦੇ ਮੋਢੀਆਂ (Founding Fathers) ਨੇ ਇਸ ਦਸਤਾਵੇਜ਼ ਨੂੰ ਤਿਆਰ ਕੀਤਾ, ਤਾਂ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਇੱਕ ਅਜਿਹੀ ਸਰਕਾਰ ਕਿਵੇਂ ਬਣਾਈ ਜਾਵੇ ਜੋ ਸ਼ਕਤੀਸ਼ਾਲੀ ਵੀ ਹੋਵੇ ਪਰ ਕਦੇ ਤਾਨਾਸ਼ਾਹ ਨਾ ਬਣ ਸਕੇ। ਇਸ ਦਾ ਹੱਲ ਉਨ੍ਹਾਂ ਨੇ ਸ਼ਕਤੀਆਂ ਦੇ ਸੰਤੁਲਨ (Checks and Balances) ਦੇ ਸਿਧਾਂਤ ਵਿੱਚ ਲੱਭਿਆ, ਜਿਸ ਨੂੰ ਸਮਝਣਾ ਹਰੇਕ ਪਾਠਕ ਲਈ ਬਹੁਤ ਦਿਲਚਸਪ ਹੈ: ਸੰਸਦ (Legislative - ਆਰਟੀਕਲ I): ਜਨਤਾ ਦੀ ਆਵਾਜ਼, ਜੋ ਕਾਨੂੰਨ ਬਣਾਉਂਦੀ ਹੈ (ਕਾਂਗਰਸ)। ਕਾਰਜਪਾਲਿਕਾ (Executive - ਆਰਟੀਕਲ II): ਰਾਸ਼ਟਰਪਤੀ, ਜੋ ਕਾਨੂੰਨਾਂ ਨੂੰ ਲਾਗੂ ਕਰਦਾ ਹੈ ਅਤੇ ਦੇਸ਼ ਦੀ ਅਗਵਾਈ ਕਰਦਾ ਹੈ। ਨਿਆਂਪਾਲਿਕਾ (Judiciary): ਅਦਾਲਤਾਂ, ਜੋ ਸੰਵਿਧਾਨ ਦੀ ਰੱਖਿਆ ਕਰਦੀਆਂ ਹਨ ਅਤੇ ਇਨਸਾਫ਼ ਯਕੀਨੀ ਬਣਾਉਂਦੀਆਂ ਹਨ। ਸਾਡੇ ਪੰਜਾਬੀ ਪਾਠਕਾਂ ਦੀ ਸਹੂਲਤ ਲਈ, ਇਸ ਹਫ਼ਤਾਵਾਰੀ ਲੜੀ ਵਿੱਚ ਸਰਲ ਸ਼ਬਦਾਵਲੀ ਦੇ ਨਾਲ-ਨਾਲ ਉਨ੍ਹਾਂ ਇਤਿਹਾਸਕ ਬਦਲਾਵਾਂ (ਸੰਵਿਧਾਨਕ ਸੋਧਾਂ) ਨੂੰ ਵੀ ਫੁੱਟਨੋਟਸ ਰਾਹੀਂ ਸਪਸ਼ਟ ਕੀਤਾ ਗਿਆ ਹੈ, ਜਿਨ੍ਹਾਂ ਨੇ ਸਮੇਂ ਦੇ ਨਾਲ ਇਸ ਦੇਸ਼ ਨੂੰ ਵਧੇਰੇ ਸਮਾਵੇਸ਼ੀ ਅਤੇ ਮਜ਼ਬੂਤ ਬਣਾਇਆ। ਆਓ, ਅਮਰੀਕੀ ਲੋਕਤੰਤਰ ਦੇ ਇਸ ਇਤਿਹਾਸਕ ਸਫ਼ਰ ਅਤੇ ਇਸ ਦੇ ਬੁਨਿਆਦੀ ਢਾਂਚੇ ਨੂੰ ਬਾਰੀਕੀ ਨਾਲ ਸਮਝੀਏ। - ਸਤਨਾਮ ਸਿੰਘ ਖ਼ਾਲਸਾ

# ਆਜ਼ਾਦੀ ਦਾ ਐਲਾਨਨਾਮਾ (The Declaration of Independence)

## ਅਮਰੀਕੀ ਬਸਤੀਆਂ ਦੀ ਦੂਜੀ ਮਹਾਂਦੀਪੀ ਕਾਂਗਰਸ ਦੀ ਕਾਰਵਾਈ - 4 ਜੁਲਾਈ, 1776

## ਅਮਰੀਕਾ ਦੀਆਂ ਤੇਰਾਂ ਸੰਯੁਕਤ ਰਿਆਸਤਾਂ ਵੱਲੋਂ ਸਰਬਸੰਮਤੀ ਨਾਲ ਜਾਰੀ ਕੀਤਾ ਗਿਆ ਇੱਕਮਤ ਇਤਿਹਾਸਕ ਐਲਾਨਨਾਮਾ

**ਅਮਰੀਕਾ ਦਾ ਸੰਵਿਧਾਨ**

**(THE CONSTITUTION OF THE UNITED STATES OF AMERICA)**

ਅਸੀਂ, ਯੂਨਾਈਟਿਡ ਸਟੇਟਸ (ਅਮਰੀਕਾ) ਦੇ ਲੋਕ, ਇੱਕ ਵਧੇਰੇ ਸੰਪੂਰਨ ਸੰਘ (Union) ਬਣਾਉਣ, ਨਿਆਂ ਦੀ ਸਥਾਪਨਾ ਕਰਨ, ਘਰੇਲੂ ਸ਼ਾਂਤੀ ਯਕੀਨੀ ਬਣਾਉਣ, ਸਾਂਝੀ ਸੁਰੱਖਿਆ ਦਾ ਪ੍ਰਬੰਧ ਕਰਨ, ਆਮ ਲੋਕ-ਭਲਾਈ ਨੂੰ ਉਤਸ਼ਾਹਿਤ ਕਰਨ, ਅਤੇ ਆਪਣੇ ਲਈ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਲਈ ਆਜ਼ਾਦੀ ਦੀਆਂ ਬਰਕਤਾਂ ਨੂੰ ਸੁਰੱਖਿਅਤ ਕਰਨ ਲਈ, ਯੂਨਾਈਟਿਡ ਸਟੇਟਸ ਆਫ਼ ਅਮਰੀਕਾ ਲਈ ਇਸ ਸੰਵਿਧਾਨ ਨੂੰ ਨਿਯੁਕਤ ਅਤੇ ਸਥਾਪਿਤ ਕਰਦੇ ਹਾਂ।

ਆਰਟੀਕਲ (ਧਾਰਾ) I.

ਸੈਕਸ਼ਨ 1. ਇੱਥੇ ਦਿੱਤੀਆਂ ਗਈਆਂ ਤਮਾਮ ਕਾਨੂੰਨ ਬਣਾਉਣ ਦੀਆਂ ਸ਼ਕਤੀਆਂ (Legislative Powers) ਯੂਨਾਈਟਿਡ ਸਟੇਟਸ ਦੀ ਇੱਕ ਕਾਂਗਰਸ (Congress) ਕੋਲ ਹੋਣਗੀਆਂ, ਜੋ ਇੱਕ ਸੈਨੇਟ (Senate) ਅਤੇ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ (House of Representatives / ਪ੍ਰਤੀਨਿਧੀ ਸਭਾ) ਨਾਲ ਮਿਲ ਕੇ ਬਣੇਗੀ।

ਸੈਕਸ਼ਨ 2. ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਦੇ ਮੈਂਬਰ ਹਰ ਦੂਜੇ ਸਾਲ ਵੱਖ-ਵੱਖ ਰਾਜਾਂ ਦੇ ਲੋਕਾਂ ਦੁਆਰਾ ਚੁਣੇ ਜਾਣਗੇ ਅਤੇ ਹਰੇਕ ਰਾਜ ਵਿੱਚ ਵੋਟਰਾਂ (Electors) ਕੋਲ ਉਹੋ ਯੋਗਤਾਵਾਂ ਹੋਣੀਆਂ ਲਾਜ਼ਮੀ ਹਨ ਜੋ ਉਸ ਰਾਜ ਦੀ ਵਿਧਾਨ ਸਭਾ ਦੇ ਸਭ ਤੋਂ ਵੱਡੇ ਸਦਨ ਦੇ ਵੋਟਰਾਂ ਲਈ ਜ਼ਰੂਰੀ ਹਨ।

ਕੋਈ ਵੀ ਵਿਅਕਤੀ ਪ੍ਰਤੀਨਿਧ (Representative) ਨਹੀਂ ਬਣ ਸਕਦਾ ਜਿਸਦੀ ਉਮਰ ਪੰਚੀ (25) ਸਾਲ ਨਾ ਹੋਈ ਹੋਵੇ, ਅਤੇ ਉਹ ਸੱਤ ਸਾਲਾਂ ਤੋਂ ਯੂਨਾਈਟਿਡ ਸਟੇਟਸ ਦਾ ਨਾਗਰਿਕ ਨਾ ਰਿਹਾ ਹੋਵੇ, ਅਤੇ ਜੋ ਚੋਣ ਦੇ ਸਮੇਂ ਉਸ ਰਾਜ ਦਾ ਨਿਵਾਸੀ ਨਾ ਹੋਵੇ ਜਿਸ ਵਿੱਚੋਂ ਉਹ ਚੁਣਿਆ ਜਾਣਾ ਹੈ।

(ਪ੍ਰਤੀਨਿਧ ਅਤੇ ਸਿੱਧੇ ਟੈਕਸ ਇਸ ਸੰਘ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਵੱਖ-ਵੱਖ ਰਾਜਾਂ ਵਿੱਚ ਉਹਨਾਂ ਦੀ ਕੁੱਲ ਸੰਖਿਆ ਦੇ ਅਨੁਸਾਰ ਵੰਡੇ ਜਾਣਗੇ, ਜੋ ਕਿ ਆਜ਼ਾਦ ਵਿਅਕਤੀਆਂ ਦੀ ਕੁੱਲ ਸੰਖਿਆ ਵਿੱਚ, ਉਹਨਾਂ ਲੋਕਾਂ ਨੂੰ ਜੋੜ ਕੇ ਨਿਰਧਾਰਤ ਕੀਤੀ ਜਾਵੇਗੀ ਜੋ ਕੁਝ ਸਾਲਾਂ ਦੀ ਮਿਆਦ ਲਈ ਸੇਵਾ ਵਿੱਚ ਬੱਝੇ ਹੋਏ ਹਨ ਅਤੇ ਟੈਕਸ ਨਾ ਦੇਣ ਵਾਲੇ ਮੂਲ ਨਿਵਾਸੀਆਂ (Indians) ਨੂੰ ਛੱਡ ਕੇ, ਬਾਕੀ ਸਾਰੇ ਵਿਅਕਤੀਆਂ ਦੇ ਤਿੰਨ-ਪੰਜਵੇਂ ਹਿੱਸੇ (three fifths) ਨੂੰ ਜੋੜ ਕੇ ਬਣੇਗੀ।)

ਅਸਲ ਜਨਗਣਨਾ ਯੂਨਾਈਟਿਡ ਸਟੇਟਸ ਦੀ ਕਾਂਗਰਸ ਦੀ ਪਹਿਲੀ ਬੈਠਕ ਦੇ ਤਿੰਨ ਸਾਲਾਂ ਦੇ ਅੰਦਰ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਹਰ ਦਸ ਸਾਲਾਂ ਦੀ ਮਿਆਦ ਦੇ ਅੰਦਰ, ਉਸ ਤਰੀਕੇ ਨਾਲ ਕੀਤੀ ਜਾਵੇਗੀ ਜਿਵੇਂ ਉਹ ਕਾਨੂੰਨ ਦੁਆਰਾ ਨਿਰਦੇਸ਼ ਦੇਣਗੇ। ਪ੍ਰਤੀਨਿਧਾਂ ਦੀ ਸੰਖਿਆ ਹਰ ਤੀਹ ਹਜ਼ਾਰ ਪਿੱਛੇ ਇੱਕ ਤੋਂ ਵੱਧ ਨਹੀਂ ਹੋਵੇਗੀ, ਪਰ ਹਰੇਕ ਰਾਜ ਦਾ ਘੱਟੋ-ਘੱਟ ਇੱਕ ਪ੍ਰਤੀਨਿਧ ਜ਼ਰੂਰ ਹੋਵੇਗਾ; ਅਤੇ ਜਦੋਂ ਤੱਕ ਅਜਿਹੀ ਜਨਗਣਨਾ ਨਹੀਂ ਕੀਤੀ ਜਾਂਦੀ, ਨਿਊ ਹੈਂਪਸ਼ਾਇਰ ਰਾਜ ਤਿੰਨ, ਮੈਸਾਚੂਸਟਸ ਅੱਠ, ਰੋਡ-ਆਈਲੈਂਡ ਅਤੇ ਪ੍ਰੋਵੀਡੈਂਸ ਪਲਾਂਟੇਸ਼ਨਜ਼ ਇੱਕ, ਕਨੈਕਟੀਕਟ ਪੰਜ, ਨਿਊਯਾਰਕ ਛੇ, ਨਿਊ ਜਰਸੀ ਚਾਰ, ਪੈਨਸਿਲਵੇਨੀਆ ਅੱਠ, ਡੇਲਾਵੇਅਰ ਇੱਕ, ਮੈਰੀਲੈਂਡ ਛੇ, ਵਰਜੀਨੀਆ ਦਸ, ਨਾਰਥ ਕੈਰੋਲੀਨਾ ਪੰਜ, ਸਾਊਥ ਕੈਰੋਲੀਨਾ ਪੰਜ ਅਤੇ ਜਾਰਜੀਆ ਤਿੰਨ ਪ੍ਰਤੀਨਿਧ ਚੁਣਨ ਦਾ ਹੱਕਦਾਰ ਹੋਵੇਗਾ।

ਜਦੋਂ ਕਿਸੇ ਵੀ ਰਾਜ ਦੀ ਪ੍ਰਤੀਨਿਧਤਾ ਵਿੱਚ ਕੋਈ ਅਹੁਦਾ ਖਾਲੀ ਹੁੰਦਾ ਹੈ, ਤਾਂ ਉੱਥੋਂ ਦੀ ਕਾਰਜਕਾਰੀ ਅਥਾਰਟੀ (ਗਵਰਨਰ) ਉਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਚੋਣਾਂ ਦੇ ਆਦੇਸ਼ (Writs of Election) ਜਾਰੀ ਕਰੇਗੀ।

81ਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਆਪਣੇ ਸਪੀਕਰ ਅਤੇ ਹੋਰ ਅਧਿਕਾਰੀਆਂ ਦੀ ਚੋਣ ਖੁਦ ਕਰੇਗਾ; ਅਤੇ ਉਹਨਾਂ ਕੋਲ ਮਹਾਂਦੋਸ਼ (Impeachment) ਚਲਾਉਣ ਦੀ ਇੱਕਮਾਤਰ ਸ਼ਕਤੀ ਹੋਵੇਗੀ।

ਸੈਕਸ਼ਨ 3. ਯੂਨਾਈਟਿਡ ਸਟੇਟਸ ਦੀ ਸੈਨੇਟ ਹਰੇਕ ਰਾਜ ਦੇ ਦੋ ਸੈਨੇਟਰਾਂ ਨਾਲ ਮਿਲ ਕੇ ਬਣੇਗੀ, [ਜੋ ਉੱਥੋਂ ਦੀ ਵਿਧਾਨ ਸਭਾ (Legislature) ਦੁਆਰਾ ਚੁਣੇ ਜਾਣਗੇ], ਛੇ ਸਾਲਾਂ ਦੀ ਮਿਆਦ ਲਈ; ਅਤੇ ਹਰੇਕ ਸੈਨੇਟਰ ਕੋਲ ਇੱਕ ਵੋਟ ਹੋਵੇਗੀ।

ਪਹਿਲੀ ਚੋਣ ਦੇ ਨਤੀਜੇ ਵਜੋਂ ਇਕੱਠੇ ਹੋਣ ਤੋਂ ਤੁਰੰਤ ਬਾਅਦ, ਉਹਨਾਂ ਨੂੰ ਜਿੰਨਾ ਸੰਭਵ ਹੋ ਸਕੇ ਬਰਾਬਰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾਵੇਗਾ। ਪਹਿਲੀ ਸ਼੍ਰੇਣੀ ਦੇ ਸੈਨੇਟਰਾਂ ਦੀਆਂ ਸੀਟਾਂ ਦੂਜੇ ਸਾਲ ਦੀ ਸਮਾਪਤੀ 'ਤੇ, ਦੂਜੀ ਸ਼੍ਰੇਣੀ ਦੀਆਂ ਚੌਥੇ ਸਾਲ ਦੀ ਸਮਾਪਤੀ 'ਤੇ, ਅਤੇ ਤੀਜੀ ਸ਼੍ਰੇਣੀ ਦੀਆਂ ਛੇਵੇਂ ਸਾਲ ਦੀ ਸਮਾਪਤੀ 'ਤੇ ਖਾਲੀ ਕੀਤੀਆਂ ਜਾਣਗੀਆਂ, ਤਾਂ ਜੋ ਇੱਕ ਤਿਹਾਈ (one third) ਸੈਨੇਟਰ ਹਰ ਦੂਜੇ ਸਾਲ ਚੁਣੇ ਜਾ ਸਕਣ; [ਅਤੇ ਜੇਕਰ ਕਿਸੇ ਰਾਜ ਦੀ ਵਿਧਾਨ ਸਭਾ ਦੀ ਛੁੱਟੀ (Recess) ਦੌਰਾਨ ਅਸਤੀਫ਼ੇ ਜਾਂ ਕਿਸੇ ਹੋਰ ਕਾਰਨ ਕਰਕੇ ਕੋਈ ਅਹੁਦਾ ਖਾਲੀ ਹੁੰਦਾ ਹੈ, ਤਾਂ ਉੱਥੋਂ ਦੀ ਕਾਰਜਕਾਰੀ (Executive) ਵਿਧਾਨ ਸਭਾ ਦੀ ਅਗਲੀ ਬੈਠਕ ਤੱਕ ਆਰਜ਼ੀ ਨਿਯੁਕਤੀਆਂ ਕਰ ਸਕਦੀ ਹੈ, ਜੋ ਫਿਰ ਅਜਿਹੀਆਂ ਖਾਲੀ ਅਸਾਮੀਆਂ ਨੂੰ ਭਰੇਗੀ।

ਕੋਈ ਵੀ ਵਿਅਕਤੀ ਸੈਨੇਟਰ ਨਹੀਂ ਬਣ ਸਕਦਾ ਜਿਸਦੀ ਉਮਰ ਤੀਹ (30) ਸਾਲ ਨਾ ਹੋਈ ਹੋਵੇ, ਅਤੇ ਉਹ ਨੌਂ ਸਾਲਾਂ ਤੋਂ ਯੂਨਾਈਟਿਡ ਸਟੇਟਸ ਦਾ ਨਾਗਰਿਕ ਨਾ ਰਿਹਾ ਹੋਵੇ, ਅਤੇ ਜੋ ਚੋਣ ਦੇ ਸਮੇਂ ਉਸ ਰਾਜ ਦਾ ਨਿਵਾਸੀ ਨਾ ਹੋਵੇ ਜਿਸਦੇ ਲਈ ਉਹ ਚੁਣਿਆ ਜਾਣਾ ਹੈ।

(ਚਲਦਾ)




AI ਦੁਆਰਾ ਤਿਆਰ ਕੀਤੀ ਗਈ ਇੱਕ ਕਾਲਪਨਿਕ ਤਸਵੀਰ, ਜੋ 1787 ਵਿੱਚ ਅਮਰੀਕੀ ਸੰਵਿਧਾਨ ਲਿਖੇ ਜਾਣ ਦੇ ਇਤਿਹਾਸਕ ਪਲ ਨੂੰ ਦਰਸਾਉਂਦੀ ਹੈ।

ਇਹ ਪੈਰ-ਟਿੱਪਣੀਆਂ (Footnotes) ਅਮਰੀਕੀ ਇਤਿਹਾਸ ਅਤੇ ਕਾਨੂੰਨ ਦੇ ਬਦਲਦੇ ਸਰੂਪ ਦਾ ਪ੍ਰਤੀਕ ਹਨ। ਸੰਵਿਧਾਨ ਦੇ ਮੂਲ ਪਾਠ (Original Text) ਵਿੱਚ ਜੋ ਨਿਯਮ 1787 ਵਿੱਚ ਲਿਖੇ ਗਏ ਸਨ, ਉਨ੍ਹਾਂ ਵਿੱਚੋਂ ਕਈਆਂ ਨੂੰ ਬਾਅਦ ਵਿੱਚ 'ਸੰਵਿਧਾਨਕ ਸੋਧਾਂ' (Amendments) ਰਾਹੀਂ ਬਦਲ ਦਿੱਤਾ ਗਿਆ ਹੈ। ਜਿੱਥੇ ਵੀ ਕੋਈ ਨੰਬਰ (ਜਿਵੇਂ 1,2,3,4) ਦਿੱਤਾ ਗਿਆ ਹੈ, ਉਹ ਇਹ ਦੱਸਦਾ ਹੈ ਕਿ ਅਜੋਕੇ ਸਮੇਂ ਵਿੱਚ ਉਸ ਨਿਯਮ ਦੀ ਥਾਂ ਨਵੀਂ ਸੋਧ ਦਾ ਕਾਨੂੰਨ ਲਾਗੂ ਹੁੰਦਾ ਹੈ, ਤਾਂ ਜੋ ਪਾਠਕ ਪੁਰਾਣੇ ਅਤੇ ਨਵੇਂ ਕਾਨੂੰਨ ਦੇ ਫਰਕ ਨੂੰ ਆਸਾਨੀ ਨਾਲ ਸਮਝ ਸਕਣ।

**ਪਾਠਕਾਂ ਲਈ ਇੱਕ ਛੋਟੀ ਜਿਹੀ ਗਾਈਡ (Quick Guide for Readers)**

| ਨੰਬਰ | ਸੋਧ (Amendment) | ਮੁੱਖ ਪ੍ਰਭਾਵ ਅਤੇ ਬਦਲਾਅ |
|---|---|---|
| 1. | 14ਵੀਂ ਸੋਧ | ਇਹ ਗੁਲਾਮੀ ਦੀ ਪ੍ਰਥਾ ਦੇ ਖ਼ਾਤਮੇ ਅਤੇ ਸਾਰੇ ਨਾਗਰਿਕਾਂ (ਰੰਗ ਜਾਂ ਨਸਲ ਦੇ ਭੇਦਭਾਵ ਤੋਂ ਬਿਨਾਂ) ਦੀ ਬਰਾਬਰ ਗਣਨਾ (Counting) ਨਾਲ ਸਬੰਧਤ ਹੈ। |
| 2,3 | 17ਵੀਂ ਸੋਧ | ਇਸ ਰਾਹੀਂ ਸੈਨੇਟਰਾਂ ਦੀ ਚੋਣ ਸਿੱਧੀ ਜਨਤਾ ਦੁਆਰਾ ਕੀਤੇ ਜਾਣ ਦਾ ਨਿਯਮ ਬਣਿਆ (ਪਹਿਲਾਂ ਰਾਜਾਂ ਦੀਆਂ ਵਿਧਾਨ ਸਭਾਵਾਂ ਚੁਣਦੀਆਂ ਸਨ)। |
| 4. | 20ਵੀਂ ਸੋਧ | ਇਸ ਰਾਹੀਂ ਕਾਂਗਰਸ ਦੀ ਸਾਲਾਨਾ ਬੈਠਕ ਦੀ ਤਰੀਕ ਦਸੰਬਰ ਤੋਂ ਬਦਲ ਕੇ 3 ਜਨਵਰੀ ਕੀਤੀ ਗਈ। |
| 5. | 16ਵੀਂ ਸੋਧ | ਇਸ ਸੋਧ ਨੇ ਕਾਂਗਰਸ ਨੂੰ ਦੇਸ਼ ਦੇ ਨਾਗਰਿਕਾਂ 'ਤੇ ਆਮਦਨ ਕਰ (Income Tax) ਲਗਾਉਣ ਦਾ ਸਿੱਧਾ ਅਧਿਕਾਰ ਦਿੱਤਾ। |

ਬੇਦਾਅਵਾ (Disclaimer) 'ਇਹ ਪ੍ਰਕਾਸ਼ਨ ਅਮਰੀਕੀ ਸੰਵਿਧਾਨ ਦਾ ਪੰਜਾਬੀ ਅਨੁਵਾਦ ਕੇਵਲ ਪਾਠਕਾਂ ਦੀ ਸਿੱਖਿਆ ਅਤੇ ਆਮ ਜਾਣਕਾਰੀ ਲਈ ਹੈ। ਅਮਰੀਕੀ ਸੰਵਿਧਾਨ ਦਾ ਅਧਿਕਾਰਤ ਅਤੇ ਕਾਨੂੰਨੀ ਪਾਠ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਹੀ ਮਾਨਤਾ ਪ੍ਰਾਪਤ ਹੈ। ਇਸ ਅਨੁਵਾਦ ਨੂੰ ਕਿਸੇ ਵੀ ਅਦਾਲਤੀ, ਸਰਕਾਰੀ ਜਾਂ ਕਾਨੂੰਨੀ ਕਾਰਵਾਈ ਲਈ ਅਧਿਕਾਰਤ ਦਸਤਾਵੇਜ਼ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ। ਅਸੀਂ ਇਸ ਅਨੁਵਾਦ ਦੀ ਸ਼ੁੱਧਤਾ ਲਈ ਪੂਰੀ ਕੋਸ਼ਿਸ਼ ਕੀਤੀ ਹੈ, ਪਰ ਕਿਸੇ ਵੀ ਤਰ੍ਹਾਂ ਦੀ ਅਣਜਾਣੇ ਵਿੱਚ ਹੋਈ ਤਰੁੱਟੀ (Error) ਲਈ ਪ੍ਰਕਾਸ਼ਕ ਜਾਂ ਅਖ਼ਬਾਰ ਜ਼ਿੰਮੇਵਾਰ ਨਹੀਂ ਹੋਵੇਗਾ। ਕਿਸੇ ਵੀ ਕਾਨੂੰਨੀ ਮਾਮਲੇ ਲਈ ਕਿਰਪਾ ਕਰਕੇ ਅਮਰੀਕੀ ਸੰਵਿਧਾਨ ਦੇ ਅਧਿਕਾਰਤ ਅੰਗਰੇਜ਼ੀ ਦਸਤਾਵੇਜ਼ ਦਾ ਹਵਾਲਾ ਹੀ ਲਓ।

# ਅਮਰੀਕੀ ਅਦਾਲਤ ਵੱਲੋਂ ਸਾਬਕਾ ਤਾਲਿਬਾਨ ਕਮਾਂਡਰ ਹਾਜੀ ਨਜੀਬੁੱਲ੍ਹਾ ਨੂੰ 42 ਸਾਲ ਦੀ ਸਜ਼ਾ

ਨਿਊਯਾਰਕ: ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਇੱਕ ਇਤਿਹਾਸਕ ਫੈਸਲਾ ਸੁਣਾਉਂਦੇ ਹੋਏ ਸਾਬਕਾ ਤਾਲਿਬਾਨ ਕਮਾਂਡਰ ਹਾਜੀ ਨਜੀਬੁੱਲ੍ਹਾ (50 ਸਾਲ) ਨੂੰ 42 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਨਜੀਬੁੱਲ੍ਹਾ 'ਤੇ ਸਾਲ 2008 ਅਤੇ 2009 ਦੌਰਾਨ ਇੱਕ ਅਮਰੀਕੀ ਪੱਤਰਕਾਰ ਸਮੇਤ ਦੋ ਅਫ਼ਗਾਨ ਨਾਗਰਿਕਾਂ ਨੂੰ ਬੰਧਕ ਬਣਾਉਣ ਅਤੇ ਅਮਰੀਕੀ ਫੌਜੀਆਂ 'ਤੇ ਜਾਨਲੇਵਾ ਅੱਤਵਾਦੀ ਹਮਲੇ ਕਰਨ ਦੇ ਗੰਭੀਰ ਦੋਸ਼ ਸਾਬਤ ਹੋਏ ਹਨ।

ਯੂ.ਐੱਸ. ਡਿਸਟ੍ਰਿਕਟ ਜੱਜ ਕੈਥਰੀਨ ਪੋਲਕ ਫੈਲਾ ਨੇ ਇਹ ਸਜ਼ਾ ਸੁਣਾਈ। ਇਸ ਤੋਂ ਪਹਿਲਾਂ 25 ਅਪ੍ਰੈਲ 2025 ਨੂੰ ਨਜੀਬੁੱਲ੍ਹਾ ਨੇ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ।

ਕੀ ਹੈ ਪੂਰਾ ਮਾਮਲਾ?

ਅਦਾਲਤੀ ਦਸਤਾਵੇਜ਼ਾਂ ਮੁਤਾਬਕ, ਹਾਜੀ ਨਜੀਬੁੱਲ੍ਹਾ ਅਫ਼ਗਾਨਿਸਤਾਨ ਦੇ ਵਰਦਕ ਸੂਬੇ ਵਿੱਚ ਤਾਲਿਬਾਨ ਦਾ ਇੱਕ ਖ਼ੌਫ਼ਨਾਕ ਕਮਾਂਡਰ ਸੀ। ਉਸ ਦੀ ਅਗਵਾਈ ਵਿੱਚ ਤਾਲਿਬਾਨੀ ਲੜਾਕਿਆਂ ਨੇ ਅਮਰੀਕੀ ਅਤੇ ਨਾਟੋ (NATO) ਫੌਜਾਂ 'ਤੇ ਕਈ ਆਤਮਘਾਤੀ ਅਤੇ ਬੰਬ ਹਮਲੇ ਕੀਤੇ ਸਨ।

**ਅਮਰੀਕੀ ਫੌਜੀਆਂ ਦਾ ਕਤਲ:** 26 ਜੂਨ 2008 ਨੂੰ ਨਜੀਬੁੱਲ੍ਹਾ ਦੇ ਲੜਾਕਿਆਂ ਨੇ ਅਮਰੀਕੀ ਫੌਜ ਦੇ ਇੱਕ ਕਾਫ਼ਲੇ 'ਤੇ ਘਾਤ ਲਗਾ ਕੇ ਹਮਲਾ ਕੀਤਾ ਸੀ, ਜਿਸ ਵਿੱਚ ਤਿੰਨ ਅਮਰੀਕੀ ਫੌਜੀ—ਸਾਰਜੈਂਟ ਫਸਟ ਕਲਾਸ ਮੈਥਿਊ ਐੱਲ. ਹਿਲਟਨ, ਜੋਸਫ਼ ਏ. ਮੈਕਕੇ, ਸਾਰਜੈਂਟ ਮਾਰਕ ਪਾਲਮੇਟੀਅਰ—ਅਤੇ ਉਨ੍ਹਾਂ ਦਾ ਇੱਕ ਅਫ਼ਗਾਨ ਦੁਭਾਸ਼ੀਆ (Interpreter) ਮਾਰੇ ਗਏ ਸਨ।

**ਪੱਤਰਕਾਰ ਨੂੰ ਬੰਧਕ ਬਣਾਉਣਾ:** 10 ਨਵੰਬਰ 2008 ਨੂੰ ਨਜੀਬੁੱਲ੍ਹਾ ਨੇ ਨਿਊਯਾਰਕ ਟਾਈਮਜ਼ ਦੇ ਇੱਕ ਅਮਰੀਕੀ ਪੱਤਰਕਾਰ ਅਤੇ ਦੋ ਅਫ਼ਗਾਨ ਨਾਗਰਿਕਾਂ ਨੂੰ ਬੰਦੂਕ ਦੀ ਨੋਕ 'ਤੇ ਅਗਵਾ ਕਰ ਲਿਆ ਸੀ। ਉਨ੍ਹਾਂ ਨੂੰ 7 ਮਹੀਨਿਆਂ ਤੱਕ ਪਾਕਿਸਤਾਨ ਦੇ ਕਬਾਇਲੀ ਇਲਾਕਿਆਂ ਵਿੱਚ ਬੰਧਕ ਬਣਾ ਕੇ ਰੱਖਿਆ ਗਿਆ ਅਤੇ ਵੀਡੀਓਜ਼ ਬਣਾ ਕੇ ਅਮਰੀਕੀ ਸਰਕਾਰ ਤੋਂ ਫਿਰੌਤੀ ਅਤੇ ਤਾਲਿਬਾਨੀ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਗਈ ਸੀ। ਬਾਅਦ ਵਿੱਚ ਇਹ ਬੰਧਕ ਕਿਸੇ ਤਰ੍ਹਾਂ ਉੱਥੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ ਸਨ।

ਅਮਰੀਕੀ ਅਧਿਕਾਰੀਆਂ ਦੇ ਸਖ਼ਤ ਬਿਆਨ

ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ: 'ਜਿਹੜੇ ਲੋਕ ਅਮਰੀਕੀਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਜਾਂ ਅੱਤਵਾਦ ਫੈਲਾਉਂਦੇ ਹਨ, ਉਨ੍ਹਾਂ ਨੂੰ ਲੱਭ ਕੇ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇਗਾ, ਚਾਹੇ ਇਸ ਵਿੱਚ ਕਿੰਨਾ ਵੀ ਸਮਾਂ ਕਿਉਂ ਨਾ ਲੱਗੇ। ਇਸ ਸਜ਼ਾ ਨੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿੱਤਾ ਹੈ।'

ਐੱਫ.ਬੀ.ਆਈ. (FBI) ਡਾਇਰੈਕਟਰ ਕੈਸ਼ ਪਟੇਲ: 'ਐੱਫ.ਬੀ.ਆਈ. ਦੇ ਜਵਾਨ ਕਦੇ ਨਹੀਂ ਭੁੱਲਦੇ ਜਦੋਂ ਕਿਸੇ ਅਮਰੀਕੀ ਦਾ ਕਤਲ ਹੁੰਦਾ ਹੈ ਜਾਂ ਉਸ ਨੂੰ ਬੰਧਕ ਬਣਾਇਆ ਜਾਂਦਾ ਹੈ। ਅਸੀਂ ਤੁਹਾਨੂੰ ਦੁਨੀਆ ਦੇ ਕਿਸੇ ਵੀ ਕੋਨੇ 'ਚੋਂ ਲੱਭ ਕੇ ਇਨਸਾਫ਼ ਦੇ ਹਵਾਲੇ ਕਰਾਂਗੇ।'

ਮੁੱਖ ਨੁਕਤੇ (Key Highlights):

ਸਜ਼ਾ: 42 ਸਾਲ ਦੀ ਜੇਲ੍ਹ ਅਤੇ ਰਿਹਾਈ ਤੋਂ ਬਾਅਦ 5 ਸਾਲ ਦੀ ਨਿਗਰਾਨੀ (Supervised Release)।

ਗ੍ਰਿਫ਼ਤਾਰੀ ਵਿੱਚ ਸਹਿਯੋਗ: ਯੂਕਰੇਨ ਦੀਆਂ ਸਰਕਾਰਾਂ ਅਤੇ ਅੰਤਰਰਾਸ਼ਟਰੀ ਜਾਂਚ ਏਜੰਸੀਆਂ ਦੀ ਮਦਦ ਨਾਲ ਨਜੀਬੁੱਲ੍ਹਾ ਨੂੰ ਗ੍ਰਿਫ਼ਤਾਰ ਕਰਕੇ ਅਮਰੀਕਾ ਲਿਆਂਦਾ ਗਿਆ ਸੀ।

ਜਾਂਚ ਏਜੰਸੀ: ਐੱਫ.ਬੀ.ਆਈ. ਦੀ ਨਿਊਯਾਰਕ ਜੁਆਇੰਟ ਟੈਰੋਰਿਜ਼ਮ ਟਾਸਕ ਫੋਰਸ (JTTF) ਅਤੇ ਨਿਊਯਾਰਕ ਪੁਲਿਸ (NYPD) ਵੱਲੋਂ ਇਸ ਮਾਮਲੇ ਦੀ ਸਫ਼ਲ ਜਾਂਚ ਕੀਤੀ ਗਈ।

# 'ਅਕਾਲੀ ਦਲ ਵਾਰਿਸ ਪੰਜਾਬ ਦੇ' 'ਚ ਸ਼ਾਮਲ ਤੋਂ ਬਾਅਦ ਇਆਲੀ ਵੱਲੋਂ ਭਾਜਪਾ ਨਾਲ ਗੱਠਜੋੜ ਤੋਂ ਇਨਕਾਰ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ (ਸ.ਅ.ਦ.) ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਉਨ੍ਹਾਂ ਨੇ ਭਾਜਪਾ ਨਾਲ ਕਿਸੇ ਵੀ ਤਰ੍ਹਾਂ ਦੇ ਗੱਠਜੋੜ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਅਕਾਲੀ ਦਲ (ਵਾਰਿਸ ਪੰਜਾਬ ਦੇ) ਪੰਜਾਬ ਦੀਆਂ ਸਾਰੀਆਂ ਮੰਗਾਂ ਨੂੰ ਜਮਹੂਰੀ ਤਰੀਕਿਆਂ ਨਾਲ ਉਠਾਏਗਾ।
ਇਸ ਸਵਾਲ ਦੇ ਜਵਾਬ ਵਿੱਚ ਕਿ ਕੀ 'ਵਾਰਿਸ ਪੰਜਾਬ ਦੇ' ਖਾਲਿਸਤਾਨ ਦੇ ਏਜੰਡੇ 'ਤੇ ਚੱਲੇਗੀ ਜਾਂ ਜਮਹੂਰੀ ਰਾਹ ਅਪਣਾਏਗੀ, ਇਯਾਲੀ ਨੇ ਕਿਹਾ ਕਿ ਉਹ ਆਪਣਾ ਏਜੰਡਾ ਜਮਹੂਰੀ ਤਰੀਕਿਆਂ ਨਾਲ ਅੱਗੇ ਵਧਾਉਣਗੇ।
ਸੰਸਥਾ ਦੇ ਕਾਰਜਕਾਰੀ ਪ੍ਰਧਾਨ ਅਤੇ ਨਜ਼ਰਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਯਾਲੀ ਦਾ ਸੰਸਥਾ ਵਿੱਚ ਸਵਾਗਤ ਕੀਤਾ। 'ਵਾਰਿਸ ਪੰਜਾਬ ਦੇ' ਦੇ ਸੰਸਥਾਪਕ ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਵੀ ਉੱਥੇ ਮੌਜੂਦ ਸਨ ਅਤੇ ਉਨ੍ਹਾਂ ਕਿਹਾ ਕਿ ਇਯਾਲੀ ਦਾ ਸ਼ਾਮਲ ਹੋਣਾ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਮੁਹਿੰਮ ਦੀ ਸ਼ੁਰੂਆਤ ਹੈ।
ਕਿਉਂਕਿ 'ਵਾਰਿਸ ਪੰਜਾਬ ਦੇ' ਕੋਈ ਰਜਿਸਟਰਡ ਪਾਰਟੀ ਨਹੀਂ ਹੈ, ਇਸ ਲਈ ਇਯਾਲੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬਣੇ ਰਹਿਣਗੇ। ਉਨ੍ਹਾਂ ਕਿਹਾ, 'ਮੈਂ ਫਿਲਹਾਲ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫਾ ਨਹੀਂ ਦੇਵਾਂਗਾ।' ਉਨ੍ਹਾਂ ਨੇ ਭਾਜਪਾ ਨਾਲ ਗੱਠਜੋੜ ਦੀ ਸੰਭਾਵਨਾ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ।
ਪੱਤਰਕਾਰਾਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਇਯਾਲੀ ਨੇ ਕਿਹਾ ਕਿ ਉਹ ਪੰਜਾਬ ਦੇ ਮੁੱਦਿਆਂ, ਸਿੱਖ ਪੰਥ ਅਤੇ ਚੰਡੀਗੜ੍ਹ ਨੂੰ ਪੰਜਾਬ ਨੂੰ ਸੌਂਪਣ ਦੇ ਮੁੱਦੇ ਨੂੰ ਉਠਾਉਣ ਲਈ 'ਵਾਰਿਸ ਪੰਜਾਬ ਦੇ' ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ।
ਤਰਸੇਮ ਸਿੰਘ ਨੇ ਕਿਹਾ ਕਿ ਅਕਾਲੀ ਦਲ (ਵਾਰਿਸ ਪੰਜਾਬ ਦੇ) ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਅਤੇ ਬੇਰੁਜ਼ਗਾਰੀ ਤੋਂ ਬਚਾਉਣ ਲਈ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ 'ਵਾਰਿਸ ਪੰਜਾਬ ਦੇ' ਆਦਕਾਰ ਤੋਂ ਕਾਰਕੁਨ ਬਣੇ ਦੀਪ ਸਿੱਧੂ ਵੱਲੋਂ ਬੀਜਿਆ ਗਿਆ ਇੱਕ ਬੂਟਾ ਸੀ। ਉਨ੍ਹਾਂ ਕਿਹਾ, 'ਅਸੀਂ ਇਸ ਬੂਟੇ ਨੂੰ ਪਾਲ ਰਹੇ ਹਾਂ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਅੰਮ੍ਰਿਤਪਾਲ ਨਿਰਦੋਸ਼ ਹੈ ਅਤੇ ਉਸਨੂੰ ਗਲਤ ਤਰੀਕੇ ਨਾਲ ਜੇਲ੍ਹ ਵਿੱਚ ਡੱਕਿਆ ਗਿਆ ਹੈ। ਮੈਂ ਪੰਜਾਬੀਆਂ ਨੂੰ ਸਲਾਮ ਕਰਦਾ ਹਾਂ ਕਿ ਉਨ੍ਹਾਂ ਨੇ ਉਸ ਨੂੰ ਸੰਸਦ ਵਿੱਚ ਵੋਟ ਪਾਈ, ਕਿਉਂਕਿ ਪੰਜਾਬੀ ਕਿਸੇ ਵੀ ਧੱਕੇਸ਼ਾਹੀ ਦੇ ਵਿਰੁੱਧ ਹਨ। ਉਸਨੂੰ ਸੰਸਦ ਵਿੱਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਅਤੇ ਰਿਹਾਅ ਵੀ ਨਹੀਂ ਕੀਤਾ ਗਿਆ ਹੈ।'
ਉਨ੍ਹਾਂ ਅੱਗੇ ਕਿਹਾ, 'ਅਸੀਂ ਪੰਥਕ ਆਗੂਆਂ ਅਤੇ ਅਕਾਲੀ ਦਲ (ਸੰਯੁਕਤ) ਨਾਲ ਇੱਕਜੁੱਟ ਹੋਣ ਦੀ ਕੋਸ਼ਿਸ਼ ਕੀਤੀ ਪਰ ਇਹ ਸਿਰੇ ਨਹੀਂ ਚੜ੍ਹ ਸਕੀ। ਅਸੀਂ ਸਾਡੀ ਸੰਸਥਾ ਵਿੱਚ ਉਨ੍ਹਾਂ ਦਾ ਸਵਾਗਤ ਕਰਦੇ ਹਾਂ ਅਤੇ ਹੋਰ ਸਮਾਨ ਸੋਚ ਵਾਲੇ ਆਗੂਆਂ ਨੂੰ ਸਾਡੇ ਨਾਲ ਸ਼ਾਮਲ ਹੋਣ ਦਾ ਸੱਦਾ ਦੇਵਾਂਗੇ।'

# ਭਵਿੱਖ ਲਈ ਪਾਣੀ ਬਚਾਉਣਾ ਜ਼ਰੂਰੀ: ਸੀਚੇਵਾਲ



ਜਲੰਧਰ : ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮੌਕੇ ਸਥਾਨਕ ਬਸਤੀ ਪੀਰ ਦਾਦ ਦੇ ਸੀਵਰੇਜ ਟਰੀਟਮੈਂਟ ਪਲਾਂਟ ਤੋਂ 25 ਐੱਮ ਐੱਲ ਡੀ (ਮਿਲੀਅਨ ਲੀਟਰ ਪ੍ਰਤੀ ਦਿਨ) ਸੋਧੇ ਹੋਏ ਪਾਣੀ ਦੀ ਵਰਤੋਂ ਕਰ ਕੇ ਨੇੜਲੇ ਚਾਰ ਪਿੰਡਾਂ ਦੀ ਖੇਤੀਬਾੜੀ ਜ਼ਮੀਨ ਦੀ ਸਿੰਜਾਈ ਸਬੰਧੀ ਪ੍ਰਾਜੈਕਟ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਕਰਤਾਰਪਰ ਤੋਂ ਵਿਧਾਇਕ ਬਲਕਾਰ ਸਿੰਘ ਵੀ ਮੌਜੂਦ ਸਨ। ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਪਣੇ ਸੰਬੋਧਨ ਦੌਰਾਨ ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਵਿਕਲਪਿਕ ਸਤਹੀ ਪਾਣੀ ਆਧਾਰਤ ਸਿੰਜਾਈ ਪਾਣੀ ਸਰੋਤਾਂ ਨੂੰ ਵਿਕਸਿਤ ਕਰਨ ਅਤੇ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਇਸ ਪ੍ਰਾਜੈਕਟ ਨੂੰ ਸਫ਼ਲਤਾਪੂਰਵਕ ਮੁਕੰਮਲ ਕਰਨ ਵਿੱਚ ਸਹਿਯੋਗ ਦੇਣ ਲਈ ਸਫੀਪੁਰ, ਚਮਿਆਰਾ, ਗਿੱਲ, ਗਾਜ਼ੀਪੁਰ ਪਿੰਡਾਂ ਦੇ ਕਿਸਾਨ ਭਾਈਚਾਰੇ ਦਾ ਧੰਨਵਾਦ ਵੀ ਕੀਤਾ। ਮੰਡਲ ਭੂਮੀ ਰੱਖਿਆ ਅਫ਼ਸਰ, ਜਲੰਧਰ ਸ਼ਮਨਪ੍ਰੀਤ ਸਿੰਘ ਨੇ ਪ੍ਰਾਜੈਕਟ ਦੇ ਤਕਨੀਕੀ ਵੇਰਵੇ ਸਾਂਝੇ ਕੀਤੇ। ਇਸ ਮੌਕੇ ਪਿੰਡ ਸਫੀਪੁਰ, ਚਮਿਆਰਾ, ਗਿੱਲ ਅਤੇ ਗਾਜ਼ੀਪੁਰ ਦੇ ਕਿਸਾਨ ਵੀ ਮੌਜੂਦ ਸਨ ਜਿਨ੍ਹਾਂ ਨੇ ਇਸ ਪ੍ਰਾਜੈਕਟ ਨੂੰ ਖੇਤਰ ਵਿੱਚ ਲਿਆਉਣ ਲਈ ਪੰਜਾਬ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ ਹੈ।
ਅਖੀਰ ਵਿੱਚ ਸਬ-ਡਿਵੀਜ਼ਨਲ ਭੂਮੀ ਸੰਭਾਲ ਅਫ਼ਸਰ ਇੰਜ. ਲੁਪਿੰਦਰ ਕੁਮਾਰ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਵਿਧਾਇਕ ਬਲਕਾਰ ਸਿੰਘ ਅਤੇ ਸਮਾਗਮ ਵਿੱਚ ਸ਼ਾਮਲ ਕਿਸਾਨ ਭਾਈਚਾਰੇ ਅਤੇ ਹੋਰਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

# ਗੁਰੂ ਹਰਗੋਬਿੰਦ ਸਾਹਿਬ ਦਾ ਗੁਰਿਆਈ ਦਿਵਸ ਸ਼ਰਧਾ ਨਾਲ ਮਨਾਇਆ

## ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਾਏ



ਅੰਮ੍ਰਿਤਸਰ : ਅਕਾਲ ਤਖ਼ਤ ਵਿਖੇ ਗੁਰੂ ਹਰਗੋਬਿੰਦ ਸਾਹਿਬ ਦਾ ਗੁਰਿਆਈ ਦਿਵਸ ਮਨਾਇਆ ਗਿਆ। ਇਸ ਸਬੰਧ ਵਿੱਚ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਕੀਰਤਨ ਕੀਤਾ ਗਿਆ। ਵੱਡੀ ਗਿਣਤੀ ਵਿੱਚ ਸੰਗਤ ਗੁਰਿਆਈ ਦਿਵਸ ਸਮਾਗਮ ਵਿੱਚ ਸ਼ਾਮਲ ਹੋਈ। ਇਸ ਦੌਰਾਨ ਸੱਚਖੰਡ ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਾਏ ਗਏ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਸਿੱਖ ਕੌਮ ਦੇ ਨਾਂ ਆਪਣੇ ਸੰਦੇਸ਼ ਵਿੱਚ ਆਖਿਆ ਕਿ ਕਿਸੇ ਵੀ ਕਾਨੂੰਨ ਦੇ ਡਰ ਕਾਰਨ ਸਿੱਖ ਸੰਗਤ ਗੁਰਬਾਣੀ ਨੂੰ ਆਪਣੇ ਘਰਾਂ ਵਿੱਚੋਂ ਦੂਰ ਨਾ ਕਰੇ। ਉਨ੍ਹਾਂ ਆਖਿਆ ਕਿ ਸਿੱਖ ਸੰਗਤ ਆਪਣੇ ਘਰਾਂ ਵਿੱਚ ਪਹਿਲਾਂ ਵਾਂਗ ਹੀ ਪੂਰੇ ਮਾਣ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ, ਪੋਥੀਆਂ, ਗੁਟਕੇ ਤੇ ਧਾਰਮਿਕ ਸਾਹਿਤ ਨੂੰ ਸਾਂਭ ਸੰਭਾਲ ਦੇ ਨਾਲ ਰੱਖੇ। ਉਹ ਅਕਾਲ ਤਖ਼ਤ ਵਿਖੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਗੁਰਿਆਈ ਦਿਵਸ ਦੇ ਮੌਕੇ ਸਿੱਖ ਸੰਗਤ ਨੂੰ ਸੰਬੋਧਨ ਕਰ ਰਹੇ ਸਨ।
ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਮੇਂ ਦੀ ਹਕੂਮਤ ਵੱਲੋਂ ਬਣਾਇਆ ਗਿਆ ਕਾਨੂੰਨ ਸਿੱਖ ਪੰਥ ਨੂੰ ਪ੍ਰਵਾਨ ਨਹੀਂ ਕਿਉਂਕਿ ਇਸ ਵਿੱਚ ਕੁਝ ਅਜਿਹੀਆਂ ਇਤਰਾਜ਼ਯੋਗ ਮੱਦਾਂ ਹਨ ਜੋ ਸਿੱਖ ਨੂੰ ਗੁਰਬਾਣੀ ਤੋਂ ਦੂਰ ਕਰਦੀਆਂ ਹਨ। ਸਿੱਖ ਪੰਥ ਦੀ ਸਹਿਮਤੀ ਤੋਂ ਬਿਨਾ ਬਣੇ ਅਜਿਹੇ ਕਾਨੂੰਨ ਨੂੰ ਮਾਨਤਾ ਨਹੀਂ ਦਿੱਤੀ ਜਾ ਸਕਦੀ। ਇਸ ਸਬੰਧ ਵਿੱਚ ਜਲਦੀ ਹੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦੀ ਜਾਵੇਗੀ, ਜਿਸ ਵਿੱਚ ਇਸ ਮਾਮਲੇ ਬਾਰੇ ਵਿਚਾਰ ਕਰਕੇ ਸਿੱਖ ਪੰਥ ਨੂੰ ਆਦੇਸ਼ ਦਿੱਤਾ ਜਾਵੇਗਾ। ਸਰਕਾਰ ਵੱਲੋਂ ਬਣਾਏ ਕਾਨੂੰਨ ਤੋਂ ਬਾਅਦ ਡਰ ਕਾਰਨ ਸਿੱਖ ਸੰਗਤ ਵੱਲੋਂ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ, ਸੈਂਚੀਆਂ, ਗੁਟਕੇ ਅਤੇ ਇੱਥੋਂ ਤੱਕ ਕਿ ਧਾਰਮਿਕ ਸਾਹਿਤ ਵੀ ਘਰਾਂ ਤੋਂ ਬਾਹਰ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਸਬੰਧ ਵਿੱਚ ਕੁਝ ਮਿਸਾਲਾਂ ਵੀ ਦਿੱਤੀਆਂ। ਉਨ੍ਹਾਂ ਸਮੁੱਚੀ ਕੌਮ ਨੂੰ ਅਜਿਹੀਆਂ ਚੁਣੌਤੀਆਂ ਲਈ ਇੱਕਜੁੱਟ ਹੋਣ ਦੀ ਅਪੀਲ ਕੀਤੀ ਹੈ। ਇਸ ਮੌਕੇ ਉਨ੍ਹਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਗੁਰੂ ਹਰਗੋਬਿੰਦ ਸਾਹਿਬ ਦੇ ਮੀਰੀ ਪੀਰੀ ਦੇ ਸਿਧਾਂਤ ਨਾਲ ਸਬੰਧਤ ਇਤਿਹਾਸ ਤੋਂ ਵੀ ਜਾਣੂ ਕਰਵਾਇਆ। ਉਨ੍ਹਾਂ ਨੇ ਸਿੱਖ ਸੰਗਤ ਨੂੰ ਗੁਰੂ ਹਰਗੋਬਿੰਦ ਸਾਹਿਬ ਦੇ ਗੁਰਿਆਈ ਪੁਰਬ ਦੀ ਵਧਾਈ ਵੀ ਦਿੱਤੀ ਅਤੇ ਬਾਣੀ ਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ।
ਇਸ ਮੌਕੇ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ, ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਗਿਆਨੀ ਮਲਕੀਤ ਸਿੰਘ, ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਦਰਬਾਰ ਸਾਹਿਬ ਦੇ ਮੈਨੇਜਰ ਮੇਜਰ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਇੰਚਾਰਜ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਬਗੀਚਾ ਸਿੰਘ, ਵਧੀਕ ਮੈਨੇਜਰ ਬਿਕਰਮ ਸਿੰਘ ਝੰਗੀ, ਗੁਰਵਿੰਦਰ ਸਿੰਘ ਦੇਵੀਦਾਸਪੁਰਾ, ਯੁਵਰਾਜ ਸਿੰਘ ਤੇ ਹੋਰ ਮੌਜੂਦ ਸਨ।

# ਗੁਰਿਆਈ ਦਿਵਸ 'ਤੇ ਜਥੇਦਾਰ ਗੜਗੱਜ ਦਾ ਸੰਦੇਸ਼: ਕਾਨੂੰਨ ਦੇ ਡਰੋਂ ਗੁਰਬਾਣੀ ਨੂੰ ਘਰਾਂ ਤੋਂ ਦੂਰ ਨਾ ਕਰੇ ਸਿੱਖ ਸੰਗਤ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਿਆਈ ਦਿਵਸ ਸ਼ਰਧਾਪੂਰਵਕ ਮਨਾਇਆ ਗਿਆ, ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਭਾਰੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਅਪੀਲ ਕੀਤੀ ਕਿ ਕਿਸੇ ਵੀ ਸਰਕਾਰੀ ਕਾਨੂੰਨ ਦੇ ਡਰ ਕਾਰਨ ਸੰਗਤ ਆਪਣੇ ਘਰਾਂ ਵਿੱਚੋਂ ਗੁਰਬਾਣੀ ਨੂੰ ਦੂਰ ਨਾ ਕਰੇ। ਉਨ੍ਹਾਂ ਕਿਹਾ ਕਿ ਸੰਗਤ ਪਹਿਲਾਂ ਵਾਂਗ ਹੀ ਪੂਰੇ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ, ਪੋਥੀਆਂ, ਗੁਟਕੇ ਅਤੇ ਧਾਰਮਿਕ ਸਾਹਿਤ ਨੂੰ ਸੰਭਾਲ ਕੇ ਰੱਖੇ। ਜਥੇਦਾਰ ਨੇ ਚਿੰਤਾ ਪ੍ਰਗਟਾਈ ਕਿ ਨਵੇਂ ਕਾਨੂੰਨ ਦੇ ਡਰੋਂ ਲੋਕ ਪੋਥੀਆਂ ਤੇ ਗੁਟਕੇ ਘਰਾਂ ਤੋਂ ਬਾਹਰ ਕਰ ਰਹੇ ਹਨ ਅਤੇ ਹਾਲ ਹੀ ਵਿੱਚ ਫਿਰੋਜ਼ਪੁਰ ਜੇਲ੍ਹ ਵਿੱਚ ਵੀ ਸਿੱਖ ਕੈਦੀਆਂ ਕੋਲੋਂ ਗੁਟਕੇ ਤੇ ਸੈਂਚੀਆਂ ਲੈ ਲਈਆਂ ਗਈਆਂ ਹਨ। ਉਨ੍ਹਾਂ ਸਮੁੱਚੀ ਕੌਮ ਨੂੰ ਅਜਿਹੀਆਂ ਚੁਣੌਤੀਆਂ ਖ਼ਿਲਾਫ਼ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਜਥੇਦਾਰ ਗੜਗੱਜ ਨੇ ਸਾਫ਼ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖ਼ਾਲਸਾ ਸਾਜਨਾ ਦਿਵਸ 'ਤੇ ਬਣਾਇਆ ਗਿਆ 'ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ ਜੋਤ ਸੋਧ ਐਕਟ 2026' ਸਿੱਖ ਪੰਥ ਨੂੰ ਮਨਜ਼ੂਰ ਨਹੀਂ ਹੈ, ਕਿਉਂਕਿ ਇਸ ਦੀਆਂ ਕੁਝ ਇਤਰਾਜ਼ਯੋਗ ਮੱਦਾਂ (ਧਾਰਾਵਾਂ) ਸਿੱਖਾਂ ਨੂੰ ਗੁਰਬਾਣੀ ਤੋਂ ਦੂਰ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਤੇ ਜਲਦੀ ਹੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਪੰਥ ਨੂੰ ਅਗਲਾ ਆਦੇਸ਼ ਦਿੱਤਾ ਜਾਵੇਗਾ।
ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਨ੍ਹਾਂ ਇਤਰਾਜ਼ਯੋਗ ਧਾਰਾਵਾਂ ਨੂੰ ਹਟਾਉਣ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਤਲਬ ਕਰਕੇ ਜਾਣੂ ਕਰਵਾਇਆ ਗਿਆ ਸੀ ਅਤੇ ਸਰਕਾਰ ਨੂੰ ਵਿਸ਼ੇਸ਼ ਇਜਲਾਸ ਬੁਲਾ ਕੇ ਕਾਨੂੰਨ ਸੋਧਣ ਲਈ 15 ਦਿਨਾਂ ਦਾ ਅਲਟੀਮੇਟਮ ਦਿੱਤਾ ਗਿਆ ਸੀ। ਇਹ ਅਲਟੀਮੇਟਮ 26 ਮਈ ਨੂੰ ਖ਼ਤਮ ਹੋ ਚੁੱਕਾ ਹੈ, ਪਰ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਸ ਆਦੇਸ਼ 'ਤੇ ਕੋਈ ਹੁੰਗਾਰਾ ਨਹੀਂ ਭਰਿਆ ਗਿਆ।

# ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੀਆਂ ਫਾਈਲਾਂ ਜਨਤਕ ਹੋਣ:ਖਾਲੜਾ ਮਿਸ਼ਨ

ਅੰਮ੍ਰਿਤਸਰ : ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਅਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਨੇ ਕਿਹਾ ਕਿ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਹੋਏ ਨੂੰ 42 ਸਾਲ ਬੀਤ ਗਏ ਹਨ, ਪਰ ਅੱਜ ਤੱਕ ਨਾ ਫ਼ੌਜੀ ਹਮਲੇ ਨਾਲ ਸਬੰਧਤ ਫਾਈਲਾਂ ਜਨਤਕ ਹੋਈਆਂ ਹਨ ਅਤੇ ਨਾ ਕੋਈ ਨਿਰਪੱਖ ਪੜਤਾਲ ਹੋਈ ਹੈ। ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਅਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਦੇ ਆਗੂਆਂ ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਬਾਬਾ ਦਰਸ਼ਨ ਸਿੰਘ, ਸੁਖਵਿੰਦਰ ਸਿੰਘ ਤਰਨ ਤਾਰਨ, ਵਿਰਸਾ ਸਿੰਘ ਬਹਿਲਾ, ਸਤਵਿੰਦਰ ਸਿੰਘ ਪਲਾਸੌਰ, ਹਰਮਨਦੀਪ ਸਿੰਘ ਸਰਹਾਲੀ ਅਤੇ ਨਿਰਮਲ ਸਿੰਘ ਨੇ ਕਿਹਾ ਕਿ ਇਹ ਹਮਲਾ ਸਿੱਖੀ ਦੇ ਸਰਬੱਤ ਦੇ ਭਲੇ ਦੇ ਸੁਨੇਹੇ 'ਤੇ ਹਮਲਾ ਸੀ। ਇਸ ਵਿੱਚ ਕਥਿਤ ਤੌਰ 'ਤੇ ਕਈ ਸਿੱਖ ਆਗੂ ਵੀ ਸ਼ਾਮਲ ਸਨ ਜਿਨ੍ਹਾਂ ਨੇ ਗੁਪਤ ਮੀਟਿੰਗਾਂ ਕੀਤੀਆਂ ਅਤੇ ਫ਼ੌਜੀ ਹਮਲੇ ਦੀ ਯੋਜਨਾਬੰਦੀ ਵਿੱਚ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਅੱਜ 42 ਸਾਲ ਬਾਅਦ ਸਰਕਾਰ ਫ਼ੌਜੀ ਹਮਲੇ ਨਾਲ ਸਬੰਧਤ ਫਾਈਲਾਂ ਜਨਤਕ ਕਰਨ ਤੋਂ ਡਰਦੀ ਹੈ ਤਾਂ ਕਿ ਇਸ ਨਾਲ ਸਾਰੀਆਂ ਧਿਰਾਂ ਬੇਪਰਦ ਨਾ ਹੋ ਜਾਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 42 ਸਾਲ ਵਿੱਚ ਕੋਈ ਨਿਰਪੱਖ ਪੜਤਾਲੀਆ ਕਮਿਸ਼ਨ ਕਾਇਮ ਨਹੀਂ ਕਰਵਾ ਸਕੀ ਤਾਂ ਜੋ ਫ਼ੌਜੀ ਹਮਲੇ ਦਾ ਸੱਚ ਸਾਹਮਣੇ ਆ ਸਕੇ। ਅਕਾਲ ਤਖ਼ਤ ਤੋਂ ਫ਼ੌਜੀ ਹਮਲੇ ਦੀ ਪੜਤਾਲ ਅਤੇ ਫਾਈਲਾਂ ਜਨਤਕ ਕਰਨ ਦਾ ਐਲਾਨ ਨਾ ਹੋਣਾ ਚਿੰਤਾਜਨਕ ਹੈ। ਉਨ੍ਹਾਂ ਆਖਿਆ ਕਿ ਜਿਨ੍ਹਾਂ ਨੇ ਫ਼ੌਜੀ ਹਮਲਾ ਕੀਤਾ ਜਾਂ ਕਰਵਾਇਆ, ਝੂਠੇ ਮੁਕਾਬਲੇ ਕਰਵਾਏ ਅਤੇ ਸਿੱਖਾਂ ਨੂੰ ਗ਼ੈਰ-ਕਾਨੂੰਨੀ ਬੰਦੀ ਬਣਾਇਆ, ਉਨ੍ਹਾਂ ਦੇ ਸਮਾਜਿਕ ਬਾਈਕਾਟ ਦਾ ਐਲਾਨ ਹੋਣਾ ਚਾਹੀਦਾ ਹੈ।

# ਸ਼੍ਰੋਮਣੀ ਕਮੇਟੀ ਬੱਚਿਆਂ ਨੂੰ ਧਰਮ, ਇਤਿਹਾਸ ਤੋਂ ਜਾਣੂ ਕਰਵਾਉਣ ਲਈ ਕਾਰਜਸ਼ੀਲ : ਹਰਜਿੰਦਰ ਸਿੰਘ ਧਾਮੀ

## ਸ਼੍ਰੋਮਣੀ ਕਮੇਟੀ ਨੇ ਧਾਰਮਿਕ ਪ੍ਰੀਖਿਆ ਤੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦਾ ਨਤੀਜਾ ਐਲਾਨਿਆ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਕਰਵਾਈ ਜਾਣੀ ਸਾਲਾਨਾ ਧਾਰਮਿਕ ਪ੍ਰੀਖਿਆ ਅਤੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦਾ ਨਤੀਜਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਭਾਈ ਅਜੈਬ ਸਿੰਘ ਅਭਿਆਸੀ ਵੱਲੋਂ ਜਾਰੀ ਕੀਤਾ ਗਿਆ।

ਲੰਘੇ ਦਿਨ ਇਹ ਨਤੀਜਾ ਜਾਰੀ ਕਰਨ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੁਨਿਆਵੀ ਵਿਦਿਆ ਦੇ ਨਾਲ-ਨਾਲ ਬੱਚਿਆਂ ਨੂੰ ਧਰਮ, ਇਤਿਹਾਸ ਤੋਂ ਜਾਣੂ ਕਰਵਾਉਣ ਲਈ ਵੀ ਨਿਰੰਤਰ ਕਾਰਜਸ਼ੀਲ ਹੈ। ਇਸੇ ਤਹਿਤ ਹਰ ਸਾਲ ਸਕੂਲਾਂ/ਕਾਲਜਾਂ ਅੰਦਰ ਵਿਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਧਾਰਮਿਕ ਪ੍ਰੀਖਿਆ ਕਰਵਾਈ ਜਾਂਦੀ ਹੈ, ਉਥੇ ਹੀ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੇ ਜ਼ਰੀਏ ਸੰਗਤਾਂ ਨੂੰ ਸਿੱਖ ਇਤਿਹਾਸ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਸਾਲ ਧਾਰਮਿਕ ਪ੍ਰੀਖਿਆ ਵਿੱਚ 52,095 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ 880 ਵਿਦਿਆਰਥੀਆਂ ਨੇ ਵਜ਼ੀਫਾ ਪ੍ਰਾਪਤ ਕੀਤਾ ਹੈ। ਮੈਰਿਟ ਵਿਚ ਆਏ ਇਨ੍ਹਾਂ ਪ੍ਰੀਖਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 17 ਲੱਖ 25 ਹਜ਼ਾਰ 300 ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲੇ ਪ੍ਰੀਖਿਆਰਥੀਆਂ ਨੂੰ ਕਰਮਵਾਰ 5100, 4100 ਅਤੇ 3100 ਰੁਪਏ ਦੀ ਵਿਸ਼ੇਸ਼ ਇਨਾਮੀ ਰਾਸ਼ੀ ਦਿੱਤੀ ਜਾਵੇਗੀ ਅਤੇ ਪਾਸ ਹੋਣ ਵਾਲਿਆਂ ਨੂੰ ਮੈਡਲ ਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੇ ਸੈਸ਼ਨ 2025-27 ਦੇ ਪਹਿਲਾ ਸਾਲ ਅਤੇ ਸੈਸ਼ਨ 2024-26 ਦੇ ਦੂਜੇ ਸਾਲ ਦਾ ਨਤੀਜਾ ਵੀ ਜਾਰੀ ਕੀਤਾ ਗਿਆ ਹੈ, ਜਿਸ ਵਿਚ ਮੈਰਿਟ 'ਚ ਆਏ ਵਿਦਿਆਰਥੀਆਂ ਨੂੰ ਵਜ਼ੀਫ਼ਾ ਰਾਸ਼ੀ ਦਿੱਤੀ ਜਾਵੇਗੀ।

**ਪਹਿਲੇ ਦਰਜੇ ਦੀ ਪ੍ਰੀਖਿਆ 'ਚ ਜਸ਼ਮੀਤ ਕੌਰ ਅੱਵਲ** : ਧਾਰਮਿਕ ਪ੍ਰੀਖਿਆ ਦੇ ਦਰਜਾ ਪਹਿਲਾ 'ਚ ਪਹਿਲਾ ਸਥਾਨ ਜਸ਼ਮੀਤ ਕੌਰ, ਦੂਜਾ ਸਥਾਨ ਹੁਸਨਪ੍ਰੀਤ ਕੌਰ ਅਤੇ ਤੀਜਾ ਸਥਾਨ ਗੁਰਲੀਨ ਕੌਰ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਦਰਜਾ ਦੂਜਾ ਦੇ ਪ੍ਰੀਖਿਆ 'ਚ ਪਹਿਲਾ ਸਥਾਨ ਹਰਲੀਨ ਕੌਰ, ਦੂਜਾ ਸਿਮਰਨਜੀਤ ਕੌਰ, ਤੀਜਾ ਵੀਰਦਵਿੰਦਰ ਕੌਰ ਤੇ ਮੰਨਤਪ੍ਰੀਤ ਕੌਰ ਨੇ ਲਿਆ। ਦਰਜਾ ਤੀਜਾ ਦੀ ਪ੍ਰੀਖਿਆ 'ਚ ਪਹਿਲੇ ਸਥਾਨ 'ਤੇ ਜੁਝਾਰ ਸਿੰਘ, ਦੂਜੇ ਸਥਾਨ 'ਤੇ ਰਮਨਦੀਪ ਕੌਰ ਅਤੇ ਤੀਜੇ ਸਥਾਨ ਗੁਰਸ਼ਰਨਪ੍ਰੀਤ ਕੌਰ ਰਹੇ। ਦਰਜਾ ਚੌਥਾ ਦੀ ਪ੍ਰੀਖਿਆ ਵਿੱਚ ਪਹਿਲੇ ਸਥਾਨ 'ਤੇ ਨਵਨੀਤ ਕੌਰ, ਦੂਜੇ ਕੋਮਲਪ੍ਰੀਤ ਕੌਰ ਅਤੇ ਤੀਜੇਾ ਸਥਾਨ ਕੁਲਜੀਤ ਕੌਰ ਰਹੇ। ਇਸ ਦੇ ਨਾਲ ਹੀ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੇ ਨਤੀਜਿਆਂ ਵਿੱਚ ਪਹਿਲਾ ਸਥਾਨ ਜਸਪ੍ਰੀਤ ਕੌਰ ਸਿੰਘ ਨੇ ਪ੍ਰਾਪਤ ਕੀਤਾ ਜਦਕਿ ਦੂਜੇ ਸਥਾਨ 'ਤੇ ਪ੍ਰੀਤੀ ਛਾਬੜਾ ਅਤੇ ਤੀਜੇ ਸਥਾਨ 'ਤੇ ਖੁਸ਼ਮੀਤ ਕੌਰ ਰਹੇ।

# ਜੂਨ 1984 'ਚ ਜਾਨਾਂ ਗਵਾ ਚੁੱਕੇ ਦੋ ਪੁੱਤਾਂ ਦੀ ਮਾਤਾ ਜਗੀਰ ਕੌਰ ਨੂੰ ਜਥੇਦਾਰ ਗੜਗੱਜ ਨੇ ਕੀਤਾ ਸਨਮਾਨਿਤ



ਅੰਮ੍ਰਿਤਸਰ : ਜੂਨ 1984 ਵਿੱਚ ਜਿੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਹਮਲੇ ਦੌਰਾਨ ਕਈ ਬੇਕਸੂਰ ਸੰਗਤਾਂ ਵੀ ਆਪਣੀਆਂ ਜਾਨਾਂ ਗਵਾਹ ਬੈਠੀਆਂ ਸਨ। ਉਸੇ ਦੌਰਾਨ ਗੁਰਦਾਸਪੁਰ ਜ਼ਿਲ੍ਹੇ ਤੋਂ ਭਾਈ ਮਨਜੀਤ ਸਿੰਘ ਅਤੇ ਭਾਈ ਹਰਦੀਪ ਸਿੰਘ ਵੀ ਇਸ ਦਾ ਸ਼ਿਕਾਰ ਹੋ ਗਏ ਸਨ, ਜਿਨ੍ਹਾਂ ਦੀ ਸ੍ਰੀ ਦਰਬਾਰ ਸਾਹਿਬ 1984 ਸ਼ਹੀਦੀ ਗੈਲਰੀ 'ਚ ਲੱਗੀਆਂ ਤਸਵੀਰਾਂ ਨੂੰ ਦੇਖਣ ਆਈ ਮਾਤਾ ਬੀਬੀ ਜਗੀਰ ਕੌਰ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਸ਼ੇਸ਼ ਮੁਲਾਕਾਤ ਕੀਤੀ।

ਇਸ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਇਸ ਬਜ਼ੁਰਗ ਮਾਤਾ ਦੇ ਦੋ ਪੁੱਤਰ ਭਾਈ ਮਨਜੀਤ ਸਿੰਘ ਅਤੇ ਭਾਈ ਹਰਦੀਪ ਸਿੰਘ ਪਿੰਡ ਸ਼ਾਹਪੁਰ ਜਾਜਨ ਜ਼ਿਲ੍ਹਾ ਗੁਰਦਾਸਪੁਰ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ ਹਮਲੇ ਦੌਰਾਨ ਆਪਣੀਆਂ ਜਾਨਾਂ ਗਵਾਹ ਗਏ ਸਨ। ਜਦੋਂ ਮਾਤਾ ਜੀ ਸ਼ਹੀਦੀ ਗੈਲਰੀ ਵਿੱਚ ਆਪਣੇ ਪੁੱਤਰਾਂ ਦੀਆਂ ਤਸਵੀਰਾਂ ਦੇਖ ਰਹੇ ਸਨ ਤਾਂ ਸਿੰਘ ਸਾਹਿਬ ਨੇ ਮਾਤਾ ਜਗੀਰ ਕੌਰ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਨ ਉਪਰੰਤ ਉਨ੍ਹਾਂ ਦਾ ਸੰਪਰਕ ਨੰਬਰ ਵੀ ਲਿਆ ਅਤੇ ਉਨ੍ਹਾਂ ਦੇ ਘਰ ਜਾਣ ਦੀ ਗੱਲ ਵੀ ਆਖੀ।

# ਸਰਕਾਰਾਂ ਨੂੰ ਭਾਈਚਾਰਕ ਸਾਂਝ ਦਾ ਸੁਨੇਹਾ ਰਾਸ ਨਹੀਂ ਆ ਰਿਹਾ: ਹਰਪ੍ਰੀਤ ਸਿੰਘ



ਜਲੰਧਰ : ਆਦਮਪੁਰ ਦੇ ਪਿੰਡ ਖੁਰਦਪੁਰ 'ਚ ਘੱਲੂਘਾਰੇ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸ਼ਮੂਲੀਅਤ ਕੀਤੀ। ਪਾਰਟੀ ਦੇ ਆਗੂ ਜਰਨੈਲ ਸਿੰਘ ਗੜਦੀਵਾਲਾ ਦੀ ਅਗਵਾਈ ਹੇਠ ਗੁਰਦੁਆਰਾ ਤਪ ਸਰ ਸਾਹਿਬ ਵਿੱਚ ਹੋਏ ਪਲੇਠੇ ਸ਼ਹੀਦੀ ਸਮਾਗਮ ਵਿੱਚ ਸੰਤ ਹਰਜਿੰਦਰ ਸਿੰਘ ਚਾਹ ਵਾਲੇ, ਸੰਤ ਅਜੀਤ ਸਿੰਘ ਨੌਲੀ ਵਾਲੇ, ਸੰਤ ਅਮਰੀਕ ਸਿੰਘ ਪਧਿਆਣਾ ਦੇ ਸਥਾਨਾਂ ਤੋਂ ਭਾਈ ਕਰਮਜੀਤ ਸਿੰਘ ਅਤੇ ਇਲਾਕੇ ਦੀਆਂ ਸੰਗਤ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਵਿਸ਼ਵ ਭਰ ਦੇ ਸਿੱਖਾਂ ਨੂੰ ਸੁਨੇਹਾ ਦਿੱਤਾ ਕਿ ਅਜਿਹੇ ਸ਼ਹੀਦੀ ਸਮਾਗਮ ਸਮੇਂ-ਸਮੇਂ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਵਡੇਰਿਆਂ ਵੱਲੋਂ ਆਪਣੇ ਪੰਥ ਅਤੇ ਧਰਮ ਲਈ ਦਿੱਤੀਆਂ ਸ਼ਹਾਦਤਾਂ ਨੂੰ ਯਾਦ ਰੱਖਿਆ ਜਾ ਸਕੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਵੱਲੋਂ ਦਿੱਤੇ ਭਾਈਚਾਰਕ ਸਾਂਝ ਦਾ ਸੁਨੇਹਾ ਉਸ ਵੇਲੇ ਦੀਆਂ ਸਰਕਾਰਾਂ ਤੋਂ ਲੈ ਕੇ ਹੁਣ ਤੱਕ ਦੀਆਂ ਸਰਕਾਰਾਂ ਨੂੰ ਰਾਸ ਨਹੀਂ ਆ ਰਿਹਾ। ਉੱਘੇ ਸਿੱਖ ਚਿੰਤਕ ਭਗਵੰਤ ਸਿੰਘ ਨੇ ਕਿਹਾ ਕਿ ਇਹ ਸਿੱਖਾਂ ਦੀਆਂ ਸ਼ਹਾਦਤਾਂ ਦਾ ਇਤਿਹਾਸ ਬਹੁਤ ਲੰਬਾ ਹੈ। ਇਹ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਤੋਂ ਸ਼ੁਰੂ ਹੋਇਆ ਬਾਤ ਦਸਤੂਰ ਜਾਰੀ ਹੈ। ਗੜ੍ਹਦੀਵਾਲਾ ਨੇ ਇਲਾਕੇ ਦੀਆਂ ਸੰਗਤਾਂ ਨੂੰ ਵਿਸ਼ਵਾਸ ਦਵਾਇਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਹਰ ਸਾਲ ਸ਼ਹੀਦਾਂ ਦੀ ਯਾਦ 'ਚ ਸਮਾਗਮ ਕਰਵਾਏ ਜਾਣਗੇ। ਪੰਜਾਬ ਦੇ ਵਾਤਾਵਰਨ ਨੂੰ ਪ੍ਰਦੂਸ਼ਿਤ ਰਹਿਤ ਕਰਨ ਵਾਸਤੇ ਗਿਆਨੀ ਹਰਪ੍ਰੀਤ ਸਿੰਘ ਅਤੇ ਸੰਤਾਂ ਨੇ ਆਈਆਂ ਹੋਈਆਂ ਸੰਗਤ ਨੂੰ ਪ੍ਰਸ਼ਾਦ ਵਜੋਂ ਬੂਟੇ ਵੀ ਵੰਡੇ। ਸ਼ਹੀਦੀ ਸਮਾਗਮ ਵਿੱਚ ਕਈ ਪਿੰਡਾਂ ਦੀ ਸੰਗਤ ਨੇ ਹਾਜ਼ਰੀ ਭਰੀ। ਇਸ ਮੌਕੇ ਗੁਰਪ੍ਰਤਾਪ ਸਿੰਘ ਵਡਾਲਾ, ਸਰਵਣ ਸਿੰਘ ਫਿਲੌਰ, ਸੁਖਦੇਵ ਸਿੰਘ ਫਗਵਾੜਾ, ਬੀਬੀ ਹਰਜੀਤ ਕੌਰ ਤਲਵੰਡੀ, ਸੁਖਵੰਤ ਸਿੰਘ ਰੌਲੀ, ਅਮਰਜੀਤ ਸਿੰਘ ਕਿਸ਼ਨਪੁਰਾ, ਮੇਜਰ ਸਿੰਘ ਹਰੀਪੁਰ, ਅਮਰਜੀਤ ਸਿੰਘ ਖੁਰਦਪੁਰ, ਅੰਮ੍ਰਿਤ ਪਾਲ ਸਿੰਘ ਨੰਬਰਦਾਰ, ਗੁਰਪ੍ਰੀਤ ਸਿੰਘ ਗੋਪੀ, ਸਰਪੰਚ ਸੁਖਵਿੰਦਰ ਸਿੰਘ ਡਰੋਲੀ, ਕੁਲਦੀਪ ਸਿੰਘ ਖੁਰਦਪੁਰ, ਜਸਪਾਲ ਸਿੰਘ ਦੂਹੜੇ, ਮਨਦੀਪ ਸਿੰਘ ਮਿੰਟੂ, ਭੁਪਿੰਦਰ ਸਿੰਘ ਦਿਓਲ, ਰਣਜੀਤ ਸਿੰਘ ਰਾਣਾ ਆਦਿ ਹਾਜ਼ਰ ਸਨ।

# ਅਪਰੇਸ਼ਨ ਬਲੂ ਸਟਾਰ ਦੌਰਾਨ ਭਾਰਤੀ ਫੌਜ ਵਿਰੁੱਧ ਲੜਨ ਵਾਲੇ 'ਸ਼ਹੀਦ' ਹਨ : ਮਹਾਰਾਸ਼ਟਰ ਦੇ ਕੈਬਨਿਟ ਮੰਤਰੀ ਗਿਰੀਸ਼ ਮਹਾਜਨ




ਅੰਮ੍ਰਿਤਸਰ : 6 ਜੂਨ ਨੂੰ ਦਮਦਮੀ ਟਕਸਾਲ ਦੇ ਮੁੱਖ ਦਫ਼ਤਰ ਮਹਿਤਾ ਚੌਕ ਵਿਖੇ ਹੋਏ ਸਮਾਗਮ ਵਿੱਚ ਭਾਜਪਾ ਆਗੂ ਅਤੇ ਮਹਾਰਾਸ਼ਟਰ ਦੇ ਕੈਬਨਿਟ ਮੰਤਰੀ ਗਿਰੀਸ਼ ਮਹਾਜਨ ਦੀ ਮੌਜੂਦਗੀ ਨੇ ਪੰਜਾਬ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੋਵਾਂ ਨੂੰ ਇੱਕ ਮੁਸ਼ਕਲ ਰਾਜਨੀਤਿਕ ਸਥਿਤੀ ਵਿੱਚ ਖੜ੍ਹਾ ਕਰ ਦਿੱਤਾ ਹੈ।

ਮਹਾਜਨ ਦੇ ਦੌਰਾ ਨੇ ਨਾ ਸਿਰਫ਼ ਇਸ ਲਈ ਧਿਆਨ ਖਿੱਚਿਆ ਹੈ ਕਿਉਂਕਿ ਉਹ ਮਹਿਤਾ ਚੌਕ ਵਿਖੇ ਸਾਲਾਨਾ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਕਿਸੇ ਵੀ ਸੂਬਾ ਸਰਕਾਰ ਦੇ ਪਹਿਲੇ ਮੌਜੂਦਾ ਮੰਤਰੀ ਬਣੇ ਹਨ, ਬਲਕਿ ਸਟੇਜ ਤੋਂ ਉਨ੍ਹਾਂ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਵੀ ਇਹ ਦੌਰਾ ਚਰਚਾ ਵਿੱਚ ਹੈ। ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਭਾਜਪਾ ਆਗੂ ਨੇ ਜਨਤਕ ਤੌਰ 'ਤੇ ਅਪਰੇਸ਼ਨ ਬਲੂ ਸਟਾਰ ਦੌਰਾਨ ਭਾਰਤੀ ਫੌਜ ਵਿਰੁੱਧ ਲੜਨ ਵਾਲਿਆਂ ਨੂੰ 'ਸ਼ਹੀਦ' ਕਿਹਾ।

ਇਕੱਠ ਨੂੰ ਸੰਬੋਧਨ ਕਰਦੇ ਹੋਏ, ਮਹਾਜਨ ਨੇ ਅਪਰੇਸ਼ਨ ਬਲੂ ਸਟਾਰ ਨੂੰ ਇੱਕ ਫੌਜੀ ਹਮਲਾ ਦੱਸਿਆ ਅਤੇ 6 ਜੂਨ ਨੂੰ ਇਤਿਹਾਸ ਦਾ 'ਕਾਲਾ ਦਿਨ' ਕਿਹਾ। ਉਨ੍ਹਾਂ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਫੌਜ ਨੂੰ ਜ਼ਬਰਦਸਤੀ ਭੇਜਣ ਦਾ ਦੋਸ਼ ਲਗਾਇਆ। ਉਨ੍ਹਾਂ ਅਪਰੇਸ਼ਨ ਦੌਰਾਨ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਉਨ੍ਹਾਂ ਨੂੰ ਸ਼ਹੀਦ ਕਿਹਾ। ਉਨ੍ਹਾਂ ਨੇ 1984 ਦੀ ਫੌਜੀ ਕਾਰਵਾਈ ਦੀ ਤੁਲਨਾ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨਾਲ ਵੀ ਕੀਤੀ।

ਨਵੰਬਰ 1984 ਵਿੱਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈ ਸਿੱਖ ਵਿਰੋਧੀ ਹਿੰਸਾ ਦਾ ਹਵਾਲਾ ਦਿੰਦੇ ਹੋਏ ਮਹਾਜਨ ਨੇ ਕਿਹਾ ਕਿ ਸਿੱਖਾਂ 'ਤੇ ਕੀਤੇ ਗਏ ਅੱਤਿਆਚਾਰ ਅਬਦਾਲੀ ਦੇ ਦੌਰ ਦੀਆਂ ਨਾਇਨਸਾਫ਼ੀਆਂ ਵਰਗੇ ਸਨ ਅਤੇ ਅਫ਼ਸੋਸ ਪ੍ਰਗਟਾਇਆ ਕਿ ਹਜ਼ਾਰਾਂ ਲੋਕਾਂ ਦੀ ਮੌਤ ਦੇ ਬਾਵਜੂਦ ਅਜੇ ਤੱਕ ਕਿਸੇ ਨੂੰ ਸਜ਼ਾ ਨਹੀਂ ਮਿਲੀ।

ਉਨ੍ਹਾਂ ਦੀਆਂ ਇਹ ਟਿੱਪਣੀਆਂ ਪੰਜਾਬ ਭਾਜਪਾ ਦੇ ਲੰਮੇ ਸਮੇਂ ਤੋਂ ਚਲੇ ਆ ਰਹੇ ਰੁਖ ਦੇ ਬਿਲਕੁਲ ਉਲਟ ਹਨ, ਜੋ ਕਿ 1984 ਵਿੱਚ ਫ਼ੌਜ ਖ਼ਿਲਾਫ਼ ਲੜਨ ਵਾਲੇ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਦਾ ਮਹਿਮਾਗਾਨ ਕਰਨ ਜਾਂ ਯਾਦਗਾਰ ਬਣਾਉਣ ਦੀਆਂ ਕੋਸ਼ਿਸ਼ਾਂ ਦਾ ਲਗਾਤਾਰ ਵਿਰੋਧ ਕਰਦੀ ਆ ਰਹੀ ਹੈ। ਪਾਰਟੀ ਨੇ ਉਨ੍ਹਾਂ ਦੇ ਸਨਮਾਨ ਵਿੱਚ ਯਾਦਗਾਰਾਂ ਬਣਾਉਣ ਦੇ ਯਤਨਾਂ ਦਾ ਜਨਤਕ ਤੌਰ 'ਤੇ ਵਿਰੋਧ ਕੀਤਾ ਹੈ।

ਸੀਨੀਅਰ ਅਕਾਲੀ ਆਗੂ ਵੀ ਆਮ ਤੌਰ 'ਤੇ ਮਹਿਤਾ ਚੌਕ ਵਿਖੇ 6 ਜੂਨ ਦੇ ਸਾਲਾਨਾ ਸਮਾਗਮਾਂ ਵਿੱਚ ਜਨਤਕ ਤੌਰ 'ਤੇ ਸ਼ਾਮਲ ਹੋਣ ਤੋਂ ਬਚਦੇ ਰਹੇ ਹਨ। ਭਾਜਪਾ-ਅਕਾਲੀ ਦਲ ਗਠਜੋੜ ਦੇ ਸਾਲਾਂ ਦੌਰਾਨ, ਦਮਦਮੀ ਟਕਸਾਲ ਨੂੰ ਲੈ ਕੇ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਵਿਚਾਰਧਾਰਕ ਮਤਭੇਦ ਖ਼ਾਸ ਤੌਰ 'ਤੇ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ 1984 ਦੀ ਯਾਦਗਾਰ ਨੂੰ ਲੈ ਕੇ ਹੋਏ ਵਿਵਾਦ ਦੌਰਾਨ ਸਾਹਮਣੇ ਆਏ ਸਨ। ਉਸ ਸਮੇਂ ਤਤਕਾਲੀ ਸੂਬਾ ਭਾਜਪਾ ਪ੍ਰਧਾਨ ਕਮਲ ਸ਼ਰਮਾ ਦੀ ਅਗਵਾਈ ਵਿੱਚ ਪੰਜਾਬ ਭਾਜਪਾ ਦੇ ਆਗੂਆਂ ਨੇ ਯਾਦਗਾਰ 'ਤੇ ਭਿੰਡਰਾਂਵਾਲੇ ਦਾ ਨਾਮ ਸ਼ਾਮਲ ਕਰਨ 'ਤੇ ਖੁੱਲ੍ਹ ਕੇ ਇਤਰਾਜ਼ ਜਤਾਇਆ ਸੀ।

ਦੂਜੇ ਪਾਸੇ ਮਹਾਜਨ ਦੀ ਸਟੇਜ 'ਤੇ ਮੌਜੂਦਗੀ, ਜਿੱਥੇ ਭਿੰਡਰਾਂਵਾਲੇ, ਸਾਬਕਾ ਮੇਜਰ ਜਨਰਲ ਸ਼ਾਬੇਗ ਸਿੰਘ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਅਮਰੀਕ ਸਿੰਘ ਦੀਆਂ ਤਸਵੀਰਾਂ ਪ੍ਰਦਰਸ਼ਿਤ ਸਨ ਅਤੇ ਉਨ੍ਹਾਂ ਦਾ ਆਪਣੇ ਭਾਸ਼ਣ ਨੂੰ 'ਜੈ ਹਿੰਦ' ਨਾਲ ਸਮਾਪਤ ਕਰਨਾ ਇੱਕ ਵਿਲੱਖਣ ਦ੍ਰਿਸ਼ ਸੀ।

ਇਸ ਫੇਰੀ ਨੂੰ ਬਦਲਦੇ ਸਿਆਸੀ ਸਮੀਕਰਨਾਂ ਦੇ ਨਜ਼ਰੀਏ ਤੋਂ ਵੀ ਦੇਖਿਆ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਬਾਦਲ), ਜੋ ਰਵਾਇਤੀ ਤੌਰ 'ਤੇ ਆਪਣੇ ਆਪ ਨੂੰ ਸਿੱਖ ਭਾਵਨਾਵਾਂ ਦਾ ਮੁੱਖ ਸਿਆਸੀ ਪ੍ਰਤੀਨਿਧ ਵਜੋਂ ਪੇਸ਼ ਕਰਦਾ ਆਇਆ ਹੈ ਅਤੇ ਕਾਂਗਰਸ ਵਿਰੁੱਧ ਆਪਣੀ ਮੁਹਿੰਮ ਵਿੱਚ ਅਕਸਰ 1984 ਦੀਆਂ ਘਟਨਾਵਾਂ ਦਾ ਹਵਾਲਾ ਦਿੰਦਾ ਰਿਹਾ ਹੈ, ਨੇ ਆਮ ਤੌਰ 'ਤੇ 6 ਜੂਨ ਦੀ ਬਰਸੀ ਦੇ ਸਮਾਗਮਾਂ ਤੋਂ ਇੱਕ ਸਾਵਧਾਨੀ ਭਰੀ ਦੂਰੀ ਬਣਾਈ ਰੱਖੀ ਹੈ। ਇਸ ਸਾਲ ਦੇ ਇਕੱਠ ਨੇ ਇੱਕ ਵਾਰ ਫਿਰ ਉਸੇ ਪਹੁੰਚ ਨੂੰ ਦਰਸਾਇਆ। ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਮਾਗਮ ਵਿੱਚ ਸ਼ਾਮਲ ਹੋਏ, ਪਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਸਮੇਤ ਸੀਨੀਅਰ ਅਕਾਲੀ ਦਲ ਦੀ ਲੀਡਰਸ਼ਿਪ ਗੈਰ-ਹਾਜ਼ਰ ਰਹੀ। ਜਥੇਦਾਰ ਗੜਗੱਜ ਅਤੇ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੂਮਾ ਵਿਚਕਾਰ ਅਤੀਤ 'ਚ ਤਣਾਅਪੂਰਨ ਸਬੰਧ ਰਹੇ ਹਨ। ਹਰਨਾਮ ਸਿੰਘ ਧੂਮਾ ਨੇ ਜਥੇਦਾਰ ਗੜਗੱਜ ਦੀ ਨਿਯੁਕਤੀ ਨੂੰ ਲੈ ਕੇ ਸਵਾਲ ਵੀ ਚੁੱਕੇ ਸਨ।

# ਕੈਨੇਡਾ ਪਹੁੰਚਿਆ ਪੰਜਾਬੀ ਨੌਜਵਾਨ ਲੜ ਰਿਹੈ ਜ਼ਿੰਦਗੀ ਦੀ ਜੰਗ !

### ਇਲਾਜ ਲਈ ਵੀ ਨਹੀਂ ਹਨ ਪੈਸੇ





ਟੋਰਾਂਟੋ: ਕੈਨੇਡਾ ਵਿਚ ਇਕ ਪੰਜਾਬੀ ਨੌਜਵਾਨ ਜ਼ਿੰਦਗੀ ਦੀ ਜੰਗ ਲੜ ਰਿਹਾ ਹੈ। ਬਰੈਂਪਟਨ ਦੇ ਹਰਮਨਦੀਪ ਸਿੱਧੂ ਨੇ ਦੱਸਿਆ ਕਿ ਮਿਸੀਸਾਗਾ ਦੇ ਹਸਪਤਾਲ ਵਿਚ ਦਾਖ਼ਲ 25 ਸਾਲਾ ਸਹਿਜਪ੍ਰੀਤ ਸਿੰਘ ਨੂੰ ਤੁਰੰਤ ਲਿਵਰ ਟਰਾਂਸਪਲਾਂਟ ਦੀ ਜ਼ਰੂਰਤ ਹੈ। ਸਹਿਜਪ੍ਰੀਤ ਨੂੰ ਗੰਭੀਰ ਪੀਲੀਆ ਅਤੇ ਜਿਗਰ ਦੀ ਬਿਮਾਰੀ ਹੈ। ਉਸਦੀ ਹਾਲਤ ਬਹੁਤ ਨਾਜ਼ੁਕ ਹੈ ਅਤੇ ਡਾਕਟਰਾਂ ਨੇ ਦੱਸਿਆ ਹੈ ਕਿ ਉਸਨੂੰ ਤੁਰੰਤ ਲਿਵਰ ਟਰਾਂਸਪਲਾਂਟ ਦੀ ਲੋੜ ਹੈ।

ਹਰਮਨਦੀਪ ਸਿੱਧੂ ਮੁਤਾਬਕ ਸਹਿਜਪ੍ਰੀਤ ਦੀ ਸਿਹਤ ਲਗਾਤਾਰ ਵਿਗੜਦੀ ਜਾ ਰਹੀ ਹੈ ਅਤੇ ਉਸ ਨੂੰ ਸਾਹ ਲੈਣ ਵਿਚ ਵੀ ਦਿੱਕਤਾਂ ਆ ਰਹੀਆਂ ਹਨ। ਸਹਿਜਪ੍ਰੀਤ ਸਿੰਘ ਦਾ ਦਿਮਾਗੀ ਸੰਤੁਲਨ ਕਾਫੀ ਨਾਜ਼ੁਕ ਹੈ ਉਹ ਲਗਾਤਾਰ ਡਾਕਟਰੀ ਨਿਗਰਾਨੀ ਹੇਠ ਹੈ। ਇਸ ਅਣਕਿਆਸੇ ਹਾਲਾਤ ਨੇ ਸਹਿਜਪ੍ਰੀਤ ਸਿੰਘ ਦੇ ਮਾਪਿਆਂ ਨੂੰ ਧੁਰ ਅੰਦਰੋਂ ਝੰਜੋੜ ਕੇ ਰੱਖ ਦਿਤਾ ਹੈ। ਇਸ ਅਚਾਨਕ ਆਈ ਮੈਡੀਕਲ ਐਮਰਜੈਂਸੀ ਨੇ ਉਸਦੇ ਪਰਿਵਾਰ ਉੱਤੇ ਭਾਰੀ ਮਾਨਸਿਕ ਅਤੇ ਆਰਥਿਕ ਬੋਝ ਪਾ ਦਿੱਤਾ ਹੈ। ਸਹਿਜਪ੍ਰੀਤ ਦੇ ਇਲਾਜ ਲਈ ਪੈਸੇ ਇਕੱਠੇ ਕਰਨ ਲਈ ਉਸ ਦੇ ਦੋਸਤਾਂ ਨੇ ਗੋਫੰਡਮੀ ਪੇਜ ਬਣਾਇਆ ਹੈ ਜਿਸ 'ਤੇ ਉਨ੍ਹਾਂ ਨੇ 50 ਹਜ਼ਾਰ ਡਾਲਰ ਇਕੱਤਰ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

# ਕੈਨੇਡਾ 'ਚ ਸ਼ਹੀਦ ਹੋਇਆ ਪੰਜਾਬੀ ! ਢਾਈ ਸਾਲ ਪਹਿਲਾਂ ਹੋਇਆ ਸੀ ਭਰਤੀ

ਲੁਧਿਆਣਾ : ਕੈਨੇਡਾ ਦੇ ਓਂਟਾਰੀਓ ਸੂਬੇ ਵਿਚ ਡਿਊਟੀ ਦੌਰਾਨ ਗੰਭੀਰ ਰੂਪ ਨਾਲ ਜ਼ਖ਼ਮੀ ਹੋਏ ਓਂਟਾਰੀਓ ਪੁਲਸ ਦੇ ਕਾਂਸਟੇਬਲ ਤਰੁਣ ਬਾਲੀ ਸ਼ਹੀਦ ਹੋ ਗਏ ਹਨ। ਉਨ੍ਹਾਂ ਦਾ ਦੂਜਾ ਸਾਥੀ ਵੀ ਗੰਭੀਰ ਰੂਪ ਨਾਲ ਜ਼ਖ਼ਮੀ ਹੈ। ਪੁਲਸ ਵਿਭਾਗ ਨੇ ਮੰਗਲਵਾਰ ਨੂੰ ਇਸ ਦੀ ਪੁਸ਼ਟੀ ਕੀਤੀ ਹੈ। ਤਰੁਣ ਬਾਲੀ ਲੁਧਿਆਣਾ ਤੋਂ 'ਪੰਜਾਬ ਕੇਸਰੀ ਗਰੁੱਪ' ਦੇ ਪੱਤਰਕਾਰ ਮੁਕੇਸ਼ ਗੌਤਮ ਦੀ ਵੱਡੀ ਭੈਣ ਨੀਨਾ ਬਾਲੀ ਦੇ ਪੁੱਤਰ ਹਨ।

ਨੰਗਲ ਦੇ ਸ਼ਿਵਾਲਿਕ ਐਵੇਨਿਊ 'ਚ ਰਹਿਣ ਵਾਲੇ ਅਸ਼ੋਕ ਬਾਲੀ ਦੇ ਛੋਟੇ ਪੁੱਤਰ ਤਰੁਣ ਬਾਲੀ ਨੇ ਤਕਰੀਬਨ ਢਾਈ ਸਾਲ ਪਹਿਲਾਂ ਹੀ ਡਿਊਟੀ ਜੁਆਇਨ ਕੀਤੀ ਸੀ। ਅਸ਼ੋਕ ਬਾਲੀ ਆਪਣੇ ਪਰਿਵਾਰ ਦੇ ਨਾਲ ਨੰਗਲ ਛੱਡ ਕੇ ਟੋਰਾਂਟੋ ਚਲੇ ਗਏ ਸਨ। ਤਕਰੀਬਨ 2 ਸਾਲ ਪਹਿਲਾਂ ਹੀ ਬਾਲੀ ਦਾ ਵਿਆਹ ਕੈਨੇਡਾ 'ਚ ਰਹਿਣ ਵਾਲੀ ਪੰਜਾਬੀ ਮੂਲ ਦੀ ਲੜਕੀ ਕੋਮਲ ਦੇ ਨਾਲ ਹੋਇਆ ਸੀ। ਜਾਣਕਾਰੀ ਮੁਤਾਬਕ, ਕਾਂਸਟੇਬਲ ਤਰੁਣ ਬਾਲੀ ਡਫਰਿਨ ਡਿਟੈਚਮੈਂਟ ਵਿਚ ਤਾਇਨਾਤ ਸਨ ਤੇ ਪਿਛਲੇ ਢਾਈ ਸਾਲਾਂ ਤੋਂ ਪੁਲਸ ਵਿਚ ਸੇਵਾਵਾਂ ਦੇ ਰਹੇ ਸਨ। ਅੱਜ ਕੱਲ੍ਹ ਉਹ ਜੇਮਸ ਬੇ ਡਿਟੈਚਮੈਂਟ ਦੇ ਨਾਲ ਵਿਸ਼ੇਸ਼ ਡਿਊਟੀ 'ਤੇ ਤਾਇਨਾਤ ਸਨ।

ਤਰੁਣ ਬਾਲੀ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਪਰਿਵਾਰ ਵਿਚ ਸੋਗ ਦੀ ਲਹਿਰ ਦੌੜ ਗਈ। ਕਈ ਪਤਵੰਤੇ ਪਰਿਵਾਰ ਦਾ ਦੁੱਖ ਵੰਡਾਉਣ ਲਈ ਉਨ੍ਹਾਂ ਦੇ ਘਰ ਪਹੁੰਚੇ।

ਮੰਗਲਵਾਰ ਦੁਪਹਿਰ ਤਕਰੀਬਨ 12.30 ਵਜੇ ਪੁਲਸ ਟੀਮ ਓਂਟਾਰੀਓ ਦੇ ਹਰਸਟ ਖੇਤਰ ਵਿਚ ਕੈਂਡਲ ਕੰਸੈਸ਼ਨ ਰੋਡ-7 ਅਤੇ ਕੰਸੈਸ਼ਨ ਰੋਡ-6 ਦੇ ਕੋਲ ਇਕ ਜਾਂਚ ਕਰ ਰਹੀ ਸੀ। ਇਸੇ ਦੌਰਾਨ ਵਾਪਰੀ ਘਟਨਾ ਵਿਚ ਕਾਂਸਟੇਬਲ ਬਾਲੀ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਬਚਾਉਣ ਲਈ ਡਾਕਟਰਾਂ ਨੇ ਕਈ ਕੋਸ਼ਿਸ਼ਾਂ ਕੀਤੀਆਂ, ਪਰ




ਅਖ਼ੀਰ ਵਿਚ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਸ ਨੇ ਦੱਸਿਆ ਕਿ ਇਸ ਮਾਮਲੇ ਵਿਚ ਇਕ 18 ਸਾਲਾ ਮੁੰਡੇ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਹਸਪਤਾਲ ਤੋਂ ਫ਼ਰਾਰ ਹੋਏ ਇਕ 18 ਸਾਲਾ ਸ਼ੱਕੀ ਨੇ ਕਥਿਤ ਤੌਰ 'ਤੇ ਵਾਹਨ ਨਾਲ ਟੱਕਰ ਮਾਰ ਕੇ ਕਾਂਸਟੇਬਲ ਬਾਲੀ ਨੂੰ ਜ਼ਖ਼ਮੀ ਕੀਤਾ। ਪੁਲਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਉਸ ਦੇ ਖ਼ਿਲਾਫ਼ ਫਸਟ ਡਿਗਰੀ ਮਰਡਰ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਘਟਨਾ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਓ. ਪੀ. ਪੀ. ਕ੍ਰਿਮੀਨਲ ਇਨਵੈਸਟੀਗੇਸ਼ਨ ਬ੍ਰਾਂਚ ਜਾਂਚ ਕਰ ਰਹੀ ਹੈ। ਜਾਂਚ ਵਿਚ ਆਫਿਸ ਆਫ਼ ਦ ਚੀਫ਼ ਕੋਰੋਨਰ ਅਤੇ ਓਂਟਾਰੀਓ ਫੋਰੈਂਸਿਕ ਪੈਥਾਲੋਜੀ ਸਰਵਿਸ ਵੀ ਸਹਿਯੋਗ ਕਰ ਰਹੇ ਹਨ। ਸੂਤਰਾਂ ਮੁਤਾਬਕ, ਕਾਂਸਟੇਬਲ ਬਾਲੀ ਦੀ ਮ੍ਰਿਤਕ ਦੇਹ ਨੂੰ ਪੋਸਟਮਾਰਟਮ ਤੇ ਹੋਰ ਜਾਂਚ ਲਈ ਟੋਰਾਂਟੋ ਸਥਿਤ ਚੀਫ਼ ਕੋਰੋਨਰ ਦਫ਼ਤਰ ਲਿਜਾਇਆ ਜਾਵੇਗਾ। ਉਨ੍ਹਾਂ ਦੇ ਸਨਮਾਨ ਵਿਚ ਐਮਰਜੈਂਸੀ ਵਾਹਨਾਂ ਦਾ ਇਕ ਵਿਸ਼ੇਸ਼ ਕਾਫ਼ਲਾ ਲਗਭਗ 10 ਘੰਟਿਆਂ ਦੀ ਯਾਤਰਾ ਦੌਰਾਨ ਮ੍ਰਿਤਕ ਦੇਹ ਦੇ ਨਾਲ ਰਹੇਗਾ।

# ਗੁਰਦੁਆਰਾ ਸਾਹਿਬਾਨ 'ਚ ਅੱਗ ਦੀਆਂ ਘਟਨਾਵਾਂ ਰੋਕਣ ਲਈ ਬਿਜਲੀ ਫਿਟਿੰਗ ਤੁਰੰਤ ਦਰੁਸਤ ਕਰਨ ਦੇ ਆਦੇਸ਼

### ਗਿਆਨੀ ਟੇਕ ਸਿੰਘ ਨੇ ਮਹਿਲ ਕਲਾਂ ਦੇ ਪਿੰਡ ਮੂੰਮ ਦੇ ਗੁਰਦੁਆਰਾ ਆਕੀਗੜ੍ਹ ਸਾਹਿਬ ਵਿਖੇ ਵਾਪਰੀ ਅੱਗ ਲੱਗਣ ਦੀ ਘਟਨਾ 'ਤੇ ਜਤਾਇਆ ਡੂੰਘਾ ਦੁੱਖ

ਮਹਿਲ ਕਲਾਂ : ਗਰਮੀ ਦੇ ਮੌਸਮ ਦੌਰਾਨ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਸ਼ਾਰਟ ਸਰਕਟ ਕਾਰਨ ਵਾਪਰ ਰਹੀਆਂ ਅੱਗ ਲੱਗਣ ਦੀਆਂ ਮੰਦਭਾਗੀਆਂ ਘਟਨਾਵਾਂ ਨੂੰ ਮੁੱਖ ਰੱਖਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਇੱਕ ਅਹਿਮ ਆਦੇਸ਼ ਜਾਰੀ ਕੀਤਾ ਹੈ। ਉਨ੍ਹਾਂ ਨੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਗ੍ਰੰਥੀ ਸਿੰਘਾਂ ਅਤੇ ਸੰਗਤ ਨੂੰ ਹਦਾਇਤ ਕੀਤੀ ਹੈ ਕਿ ਗੁਰਦੁਆਰਾ ਸਾਹਿਬਾਨ ਦੇ ਅੰਦਰ ਅਤੇ ਖ਼ਾਸਕਰ 'ਸੱਚਖੰਡ' ਵਿਖੇ ਬਿਜਲੀ ਦੀ ਫਿਟਿੰਗ ਨੂੰ ਤੁਰੰਤ ਚੈੱਕ ਕਰਵਾ ਕੇ ਮੁਕੰਮਲ ਤੌਰ 'ਤੇ ਦਰੁਸਤ ਕੀਤਾ ਜਾਵੇ।

ਸਿੰਘ ਸਾਹਿਬ ਬਾਬਾ ਟੇਕ ਸਿੰਘ ਜੀ ਨੇ ਮਹਿਲ ਕਲਾਂ ਦੇ ਪਿੰਡ ਮੂੰਮ ਵਿਖੇ ਸਥਿਤ ਗੁਰਦੁਆਰਾ ਆਕੀਗੜ੍ਹ ਸਾਹਿਬ ਵਿੱਚ ਸ਼ਾਰਟ ਸਰਕਟ ਕਾਰਨ ਵਾਪਰੀ ਅੱਗ ਲੱਗਣ ਦੀ ਘਟਨਾ 'ਤੇ ਡੂੰਘੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਅਜਿਹੀਆਂ ਦੁਰਘਟਨਾਵਾਂ ਲਾਪਰਵਾਹੀ ਅਤੇ ਬਿਜਲੀ ਦੇ ਉਪਕਰਨਾਂ ਦੇ ਬਹੁਤ ਜ਼ਿਆਦਾ ਗਰਮ ਹੋਣ ਕਾਰਨ ਵਾਪਰ ਰਹੀਆਂ ਹਨ, ਜਿਨ੍ਹਾਂ ਨੂੰ ਜ਼ਿੰਮੇਵਾਰੀ ਨਾਲ ਨਿਗਰਾਨੀ ਕਰਕੇ ਆਸਾਨੀ ਨਾਲ ਰੋਕਿਆ ਜਾ ਸਕਦਾ ਹੈ।

ਸਿੰਘ ਸਾਹਿਬ ਨੇ ਵਿਸ਼ੇਸ਼ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ



ਜੀ ਦੇ ਪਾਵਨ ਸਰੂਪ ਤੋਂ ਬਿਜਲਈ ਪੱਖਿਆਂ ਨੂੰ ਉਚਿਤ ਦੂਰੀ 'ਤੇ ਰੱਖਿਆ ਜਾਵੇ, ਕਿਉਂਕਿ ਲਗਾਤਾਰ ਚੱਲਣ ਕਾਰਨ ਇਹ ਪੱਖੇ ਗਰਮ ਹੋ ਕੇ ਅੱਗ ਲੱਗਣ ਦਾ ਕਾਰਨ ਬਣਦੇ ਹਨ, ਜਿਸ ਨਾਲ ਦੁਖਦਾਈ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪਾਵਨ ਬੀੜ ਸਾਹਿਬ ਦੇ ਬਿਲਕੁਲ ਨਜ਼ਦੀਕ ਤੇਜ਼ ਰੋਸ਼ਨੀ ਵਾਲੇ ਬਲਬ ਵੀ ਨਾ ਲਗਾਏ ਜਾਣ, ਕਿਉਂਕਿ ਬਲਬਾਂ ਦੀ ਗਰਮੀ ਅਤੇ ਸ਼ਾਰਟ ਸਰਕਟ ਕਾਰਨ ਪਹਿਲਾਂ ਵੀ ਕਈ ਮੰਦਭਾਗੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

ਉਨ੍ਹਾਂ ਸਮੂਹ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਗੁਰਦੁਆਰਾ ਸਾਹਿਬ ਦੀ ਬਿਜਲੀ ਫਿਟਿੰਗ ਦੀ ਜਾਂਚ ਕਰਵਾਉਣ ਅਤੇ ਕਮਜ਼ੋਰ ਜਾਂ ਨੰਗੀਆਂ ਤਾਰਾਂ ਨੂੰ ਤੁਰੰਤ ਬਦਲਣ। ਇਸ ਤੋਂ ਇਲਾਵਾ ਸੱਚਖੰਡ ਸਾਹਿਬ ਅੰਦਰ ਬਿਜਲੀ ਉਪਕਰਨਾਂ ਦੀ ਨਿਰੰਤਰ ਨਿਗਰਾਨੀ ਰੱਖੀ ਜਾਵੇ ਅਤੇ ਸੇਵਾਦਾਰ ਪੂਰੀ ਤਰ੍ਹਾਂ ਚੌਕਸ ਰਹਿਣ।

# ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਨਤਮਸਤਕ ਹੋਏ ਤਰੁਣ ਚੁਘ, ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਕੀਤੀ

ਨਵੀਂ ਦਿੱਲੀ/ਅੰਮ੍ਰਿਤਸਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਦੇ 12 ਸਾਲ ਪੂਰੇ ਹੋਣ ਦੇ ਇਤਿਹਾਸਕ ਮੌਕੇ 'ਤੇ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁਘ ਨੇ ਅੱਜ ਨਵੀਂ ਦਿੱਲੀ ਸਥਿਤ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਪ੍ਰਧਾਨ ਮੰਤਰੀ ਦੀ ਲੰਮੀ ਉਮਰ, ਚੰਗੀ ਸਿਹਤ ਅਤੇ ਦੇਸ਼ ਦੀ ਨਿਰੰਤਰ ਅਗਵਾਈ ਲਈ ਅਰਦਾਸ ਕੀਤੀ। ਪ੍ਰਧਾਨ ਮੰਤਰੀ ਮੋਦੀ ਦੇ ਭਾਰਤ ਦੇ ਸਭ ਤੋਂ ਲੰਮਾ ਸਮਾਂ ਸੇਵਾ ਕਰਨ ਵਾਲੇ ਪ੍ਰਧਾਨ ਮੰਤਰੀ ਬਣਨ ਦੇ ਇਸ ਮਾਣਮੱਤੇ ਮੌਕੇ 'ਤੇ ਦੇਸ਼ ਭਰ 'ਚ ਭਾਜਪਾ ਦੇ ਆਗੂਆਂ ਅਤੇ ਵਰਕਰਾਂ ਨੇ ਗੁਰਦੁਆਰਾ ਸਾਹਿਬ ਅਤੇ ਮੰਦਰਾਂ 'ਚ ਸੀਸ ਨਿਵਾ ਕੇ ਪ੍ਰਾਰਥਨਾ ਕੀਤੀ।

ਤਰੁਣ ਚੁਘ ਨੇ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਮੋਦੀ ਦੇ ਕਾਰਜਕਾਲ ਦੇ 12 ਸਾਲ ਪੂਰੇ ਹੋਏ ਹਨ ਅਤੇ 4399 ਦਿਨਾਂ ਦਾ ਇਹ ਮਾਣਮੱਤਾ ਇਤਿਹਾਸ ਦੇਸ਼ ਨੂੰ ਤਰੱਕੀ ਵੱਲ ਲੈ ਜਾਣ ਵਾਲਾ ਰਿਹਾ ਹੈ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਮੋਦੀ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਚੁਣੇ ਹੋਏ ਕਾਰਜਕਾਲ ਤੋਂ ਵੀ ਵੱਧ ਸਮਾਂ ਦੇਸ਼ ਦੀ ਸੇਵਾ ਕਰਨ ਵਾਲੇ ਪ੍ਰਧਾਨ ਮੰਤਰੀ ਬਣ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ 12 ਸਾਲਾਂ 'ਚ ਪੂਰੀ ਦੁਨੀਆ ਨੇ ਭਾਰਤ ਦੀ ਚਮਕ ਤੇ ਧਮਕ ਵੇਖੀ ਹੈ —ਸੰਸਕਾਰ ਦੀ ਗੱਲ ਹੋਵੇ ਜਾਂ ਦੇਸ਼ ਦਾ ਨਾਂ ਰੌਸ਼ਨ ਕਰਨ ਦੀ ਗੱਲ ਹੋਵੇ, ਗਰੀਬਾਂ ਦੀ ਜ਼ਿੰਦਗੀ ਵਿੱਚ ਪਰਿਵਰਤਨ ਲਿਆਉਣ ਦੀ ਗੱਲ ਹੋਵੇ ਜਾਂ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਖੜ੍ਹਾ ਕਰਨ ਦੀ ਗੱਲ ਹੋਵੇ, ਵਿਰਾਸਤ ਨੂੰ ਨਮਨ ਕਰਨ ਦੀ ਗੱਲ ਹੋਵੇ, ਦੇਸ਼ ਹਰ ਖੇਤਰ 'ਚ ਕਈ ਗੁਣਾ ਅੱਗੇ ਵਧਿਆ ਹੈ। ਅੱਜ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਰਥਵਿਵਸਥਾ ਹੈ ਅਤੇ 81 ਕਰੋੜ ਗ਼ਰੀਬਾਂ ਦੇ ਘਰ ਮੁਫ਼ਤ ਰਾਸ਼ਨ ਪਹੁੰਚ ਰਿਹਾ ਹੈ।

ਤਰੁਣ ਚੁਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਹਮੇਸ਼ਾ ਪੰਜਾਬੀ ਅਤੇ ਸਿੱਖ ਭਾਈਚਾਰੇ ਦੀ ਗੱਲ ਸੁਣੀ ਹੈ। ਕਰਤਾਰਪੁਰ ਲਾਂਘਾ ਖੋਲ੍ਹਣਾ, ਜਿਸ ਲਈ ਸੰਗਤ ਦਹਾਕਿਆਂ ਤੋਂ ਹਰ ਅਰਦਾਸ 'ਚ ਪ੍ਰਾਰਥਨਾ



ਕਰਦੀ ਸੀ, ਉਹ ਅਰਦਾਸ ਪ੍ਰਧਾਨ ਮੰਤਰੀ ਮੋਦੀ ਨੇ ਪੂਰੀ ਕੀਤੀ। ਇਹ ਸਿਰਫ਼ ਸਿੱਖਾਂ ਲਈ ਹੀ ਨਹੀਂ ਸਗੋਂ ਦੁਨੀਆ ਭਰ ਦੀ ਨਾਨਕ ਨਾਮ ਲੇਵਾ ਸੰਗਤ ਲਈ ਇਤਿਹਾਸਕ ਦਿਨ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਤੋਂ ਜੀਐੱਸਟੀ ਮਾਫ਼ ਕੀਤਾ, ਸ੍ਰੀ ਹਰਿਮੰਦਰ ਸਾਹਿਬ ਨੂੰ ਐੱਫਸੀਆਰਏ ਦਾ ਲਾਇਸੈਂਸ ਦਿਵਾਇਆ, ਪੰਜਾਬ ਦੇ ਗੁਰਦੁਆਰਿਆਂ ਨੂੰ ਜੋੜਨ ਵਾਲੀ ਸਰਕੂਲਰ ਰੋਡ ਬਣਵਾਈ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਸੁੰਦਰੀਕਰਨ ਦਾ ਸੁਨਹਿਰੀ ਪ੍ਰਾਜੈਕਟ ਪੂਰਾ ਕਰਵਾਇਆ।


ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਪੰਜਾਬ ਨੂੰ 2 ਪੀਜੀਆਈ, ਇਕ ਏਮਜ਼, ਕੈਂਸਰ ਇੰਸਟੀਚਿਊਟ, ਦੋ ਮੈਡੀਕਲ ਕਾਲਜ, ਆਈਆਈਟੀ, ਆਈਆਈਐੱਮ, ਸੜਕਾਂ ਦੇ ਬੁਨਿਆਦੀ ਢਾਂਚੇ ਲਈ ਹਜ਼ਾਰਾਂ ਕਰੋੜ ਰੁਪਏ ਅਤੇ ਰੇਲਵੇ ਸਟੇਸ਼ਨਾਂ ਦੇ ਵਿਕਾਸ ਲਈ ਲਗਭਗ 3000 ਕਰੋੜ ਰੁਪਏ ਮਿਲੇ ਹਨ। ਸਿੱਖ ਵਾਰ ਮੈਮੋਰੀਅਲ, ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਯਾਦਗਾਰੀ ਸਥਾਨ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੀਰ ਬਾਲ ਦਿਵਸ ਵਜੋਂ ਪੂਰੇ ਦੇਸ਼ ਅਤੇ ਦੁਨੀਆ ਵਿੱਚ ਮਨਾਉਣਾ ਪ੍ਰਧਾਨ ਮੰਤਰੀ ਜੀ ਦੀ ਸਿੱਖ ਵਿਰਾਸਤ ਪ੍ਰਤੀ ਡੂੰਘੀ ਸ਼ਰਧਾ ਦਾ ਜਿਊਂਦਾ-ਜਾਗਦਾ ਸਬੂਤ ਹੈ।

ਤਰੁਣ ਚੁਘ ਨੇ ਕਿਹਾ ਕਿ ਅੱਜ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ ਗਈ ਹੈ ਕਿ ਗੁਰੂ ਮਹਾਰਾਜ ਪ੍ਰਧਾਨ ਮੰਤਰੀ ਮੋਦੀ ਨੂੰ ਲੰਮੀ ਉਮਰ ਅਤੇ ਸ਼ਕਤੀ ਬਖ਼ਸ਼ਣ, ਉਹ ਆਉਣ ਵਾਲੇ ਦਹਾਕਿਆਂ ਤੱਕ ਦੇਸ਼ ਦੀ ਅਗਵਾਈ ਕਰਦੇ ਰਹਿਣ, ਉਨ੍ਹਾਂ ਦੀ ਅਗਵਾਈ 'ਚ 2047 ਤੱਕ ਭਾਰਤ ਵਿਕਸਿਤ ਭਾਰਤ ਬਣੇ ਅਤੇ ਦੇਸ਼ 'ਚ ਸੁੱਖ, ਸ਼ਾਂਤੀ ਅਤੇ ਖ਼ੁਸ਼ਹਾਲੀ ਆਵੇ। ਉਨ੍ਹਾਂ ਦੱਸਿਆ ਕਿ ਗੁਰੂ ਘਰ ਵੱਲੋਂ ਪ੍ਰਧਾਨ ਮੰਤਰੀ ਮੋਦੀ ਦੇ ਨਾਂ 'ਤੇ ਸਿਰੋਪਾ, ਚੋਲਾ ਅਤੇ ਫੁੱਲਾਂ ਦਾ ਗੁਲਦਸਤਾ ਆਸ਼ੀਰਵਾਦ ਵਜੋਂ ਮਿਲਿਆ ਹੈ, ਜੋ ਉਹ ਖ਼ੁਦ ਪ੍ਰਧਾਨ ਮੰਤਰੀ ਮੋਦੀ ਦੇ ਨਿਵਾਸ 'ਤੇ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਅੱਜ ਸੁਣੇ ਗਏ ਕੀਰਤਨ ਵਿੱਚ ਗੁਰੂਆਂ ਦਾ ਸਦੀਵੀ ਸੁਨੇਹਾ ਮਿਲਿਆ — 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'— ਸੰਗਤ ਅਤੇ ਪੰਗਤ ਦਾ ਸੁਨੇਹਾ, 'ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ' ਦੀ ਭਾਵਨਾ, ਜੋ ਸਾਡਾ ਸਭ ਦਾ ਮਾਰਗਦਰਸ਼ਨ ਕਰਦੀ ਰਹੇਗੀ।



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।

# 12 ਜੁਲਾਈ 2026 ਨੂੰ ਗੁਰਦੁਆਰਾ ਸਾਹਿਬ ਮਿਲਪੀਟਸ (Milpitas)




ਸ਼ਹੀਦ ਜਨਰਲ ਭਾਈ ਲਾਭ ਸਿੰਘ



ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ



ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ



ਸ਼ਹੀਦ ਭਾਈ ਮਨਬੀਰ ਸਿੰਘ ਚਹੇੜੂ

**ਸਿੱਖ ਪੰਥ ਦੀ ਅਣਖ ਅਤੇ ਆਬਰੂ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦ ਜਨਰਲ ਭਾਈ ਲਾਭ ਸਿੰਘ, ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ, ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਸ਼ਹੀਦ ਭਾਈ ਮਨਬੀਰ ਸਿੰਘ ਚਹੇੜੂ ਅਤੇ ਹੋਰ ਸਮੂਹ ਸ਼ਹੀਦਾਂ ਦੀ ਯਾਦ ਵਿਚ ਮਹਾਨ ਸ਼ਹੀਦੀ ਸਮਾਗਮ ਹੋ ਰਿਹਾ ਹੈ।**

ਜਿਸ ਵਿਚ ਪੰਥ ਦੇ ਮਹਾਨ ਕੀਰਤਨੀਏ, ਕਥਾਵਾਚਕ ਅਤੇ ਪੰਥਕ ਬੁਲਾਰੇ ਹਿੱਸਾ ਲੈਣਗੇ।
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਤ ਪਰਿਵਾਰ ਪਹੁੰਚ ਦੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਬੇਨਤੀ ਕਰਤਾ



ਸ: ਹਰਮਿੰਦਰ ਸਿੰਘ ਸਮਾਣਾ

## ਪ੍ਰੋਗਰਾਮ


12 ਜੁਲਾਈ 2026 ਦਿਨ ਐਤਵਾਰ ਨੂੰ 11:00 ਵਜੇ,
**Gurdwara Sahib Milpitas**
**362 Milpitas Blvd, Milpitas**

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**ਫੋਨ : 408-834-8002**

ਵਾਸ਼ਿੰਗਟਨ-ਤੇਹਰਾਨ ਮਹਾਂਯੁੱਧ

# ਹਵਾਈ ਹਮਲਿਆਂ ਨਾਲ ਜੰਗਬੰਦੀ ਤਾਰ-ਤਾਰ; ਪਰਦੇ ਪਿੱਛੇ ਅਰਬਾਂ ਡਾਲਰ ਦੇ ਫ਼ੰਡਾਂ 'ਤੇ ਫਸਿਆ ਪੇਚ




ਵਾਸ਼ਿੰਗਟਨ/ਤੇਹਰਾਨ : ਪੱਛਮੀ ਏਸ਼ੀਆ ਵਿੱਚ ਬਾਰੂਦ ਦੇ ਢੇਰ 'ਤੇ ਬੈਠੀ ਦੁਨੀਆ ਇੱਕ ਵਾਰ ਫਿਰ ਮਹਾਂਯੁੱਧ ਦੇ ਮੁਹਾਨੇ 'ਤੇ ਆ ਖੜ੍ਹੀ ਹੈ। ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਭਿਆਨਕ ਜੰਗ ਨੇ ਉਸ ਵੇਲੇ ਹੋਰ ਖ਼ਤਰਨਾਕ ਰੂਪ ਧਾਰਨ ਕਰ ਲਿਆ, ਜਦੋਂ ਦੋਵਾਂ ਮਹਾਂਸ਼ਕਤੀਆਂ ਨੇ ਇੱਕ-ਦੂਜੇ ਦੇ ਫ਼ੌਜੀ ਟਿਕਾਣਿਆਂ 'ਤੇ ਜ਼ੋਰਦਾਰ ਹਵਾਈ ਹਮਲੇ ਕੀਤੇ। ਇਨ੍ਹਾਂ ਤਾਜ਼ਾ ਹਮਲਿਆਂ ਨੇ ਅਪ੍ਰੈਲ ਦੀ ਸ਼ੁਰੂਆਤ ਵਿੱਚ ਹੋਈ ਕਮਜ਼ੋਰ ਜੰਗਬੰਦੀ (Ceasefire) ਨੂੰ ਪੂਰੀ ਤਰ੍ਹਾਂ ਤਾਰ-ਤਾਰ ਕਰ ਦਿੱਤਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤੇਹਰਾਨ ਨੂੰ ਬੇਹੱਦ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਤੁਰੰਤ ਸ਼ਾਂਤੀ ਸਮਝੌਤੇ 'ਤੇ ਸਹਿਮਤ ਨਹੀਂ ਹੁੰਦਾ, ਤਾਂ ਇਸ ਤੋਂ ਵੀ ਵੱਡੇ ਤਬਾਹਕੁਨ ਹਮਲੇ ਕੀਤੇ ਜਾਣਗੇ। ਦੂਜੇ ਪਾਸੇ, ਸੂਤਰਾਂ ਮੁਤਾਬਕ ਬੰਬਾਰੀ ਦੇ ਇਸ ਖ਼ੌਫ਼ਨਾਕ ਮਾਹੌਲ ਦੇ ਬਾਵਜੂਦ, ਪਰਦੇ ਦੇ ਪਿੱਛੇ ਇੱਕ ਸ਼ੁਰੂਆਤੀ ਸਮਝੌਤੇ (Preliminary Deal) ਲਈ ਗੁਪਤ ਗੱਲਬਾਤ ਬੇਹੱਦ ਤੇਜ਼ ਹੋ ਗਈ ਹੈ।

**ਸਮਝੌਤੇ ਦੇ ਰਾਹ 'ਚ ਸਭ ਤੋਂ ਵੱਡਾ ਅੜਿੱਕਾ: ਫ਼ਰੀਜ਼ ਕੀਤੇ ਈਰਾਨੀ ਫ਼ੰਡ**

ਤਿੰਨ ਉੱਚ-ਪੱਧਰੀ ਈਰਾਨੀ ਸੂਤਰਾਂ ਅਤੇ ਇੱਕ ਯੂਰਪੀਅਨ ਅਧਿਕਾਰੀ ਮੁਤਾਬਕ, ਅਮਰੀਕਾ ਅਤੇ ਈਰਾਨ ਇੱਕ ਸਿਆਸੀ ਸਹਿਮਤੀ 'ਤੇ ਪਹੁੰਚਣ ਤੋਂ ਬਾਅਦ ਹੁਣ ਇੱਕ ਗੁਪਤ ਮੰਗ ਪੱਤਰ (Memorandum) ਦੇ ਵੇਰਵਿਆਂ 'ਤੇ ਸੁਨੇਹਿਆਂ ਦਾ ਆਦਾਨ-ਪ੍ਰਦਾਨ ਕਰ ਰਹੇ ਹਨ। ਹਾਲਾਂਕਿ, ਜੰਗ ਨੂੰ ਰੋਕਣ ਦੇ ਰਾਹ ਵਿੱਚ ਵਿਦੇਸ਼ੀ ਬੈਂਕਾਂ ਵਿੱਚ ਜਾਮ (Freeze) ਕੀਤੇ ਗਏ ਅਰਬਾਂ ਡਾਲਰ ਦੇ ਈਰਾਨੀ ਫ਼ੰਡਾਂ ਨੂੰ ਰਿਹਾਅ ਕਰਨ ਦੀ ਪ੍ਰਕਿਰਿਆ ਸਭ ਤੋਂ ਵੱਡਾ ਪੇਚ ਬਣੀ ਹੋਈ ਹੈ:

ਈਰਾਨ ਦੀ ਅੜੀ: ਆਰਥਿਕ ਮੰਦਹਾਲੀ ਨਾਲ ਜੂਝ ਰਿਹਾ ਈਰਾਨ ਚਾਹੁੰਦਾ ਹੈ ਕਿ ਉਸ ਦੇ ਫ਼?ਰੀਜ਼ ਕੀਤੇ ਤੇਲ ਮਾਲੀਏ ਵਿੱਚੋਂ £6 ਬਿਲੀਅਨ ਤੋਂ $12 ਬਿਲੀਅਨ ਦੀ ਰਕਮ ਤੁਰੰਤ ਤੇਹਰਾਨ ਨੂੰ ਟਰਾਂਸਫਰ ਕੀਤੀ ਜਾਵੇ ਤਾਂ ਜੋ ਉਸ ਦੀ ਆਰਥਿਕਤਾ ਨੂੰ ਆਕਸੀਜਨ ਮਿਲ ਸਕੇ।

ਅਮਰੀਕਾ ਦਾ ਸਟੈਂਡ: ਵਾਸ਼ਿੰਗਟਨ ਈਰਾਨ ਨੂੰ ਸਿੱਧਾ ਨਕਦ ਪੈਸਾ ਦੇਣ ਦੇ ਪੂਰੀ ਤਰ੍ਹਾਂ ਖ਼?ਲਾਫ਼ ਹੈ। ਅਮਰੀਕਾ ਦੀ ਸ਼ਰਤ ਹੈ ਕਿ ਇਹ ਫ਼ੰਡ ਸਿਰਫ਼ ਮਨੁੱਖੀ ਸਹਾਇਤਾ ਦੀਆਂ ਵਸਤੂਆਂ (Humanitarian Goods) ਜਿਵੇਂ ਦਵਾਈਆਂ ਅਤੇ ਖਾਣ-ਪੀਣ ਦੇ ਸਾਮਾਨ ਲਈ ਪੜਾਅਵਾਰ ਤਰੀਕੇ ਨਾਲ ਹੀ ਜਾਰੀ ਕੀਤੇ ਜਾਣਗੇ।

**ਖ਼ੂਨੀ ਪਲਟਵਾਰ: 'ਟੈਟ-ਫਾਰ-ਟੈਟ' ਹਮਲਿਆਂ ਨਾਲ ਦਹਿਲੇ ਫ਼ੌਜੀ ਅੱਡੇ**

ਹੋਰਮੁਜ਼ ਦੇ ਰਣਨੀਤਕ ਜਲਡਮਰੂ (Strait of Hormuz) ਨੇੜੇ ਸੋਮਵਾਰ ਨੂੰ ਇੱਕ ਅਮਰੀਕੀ ਅਪਾਚੇ (Apache) ਹੈਲੀਕਾਪਟਰ ਨੂੰ ਮਾਰੇ ਜਾਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਹਿੰਸਾ ਦੀ ਅੱਗ ਬੇਕਾਬੂ ਹੋ ਗਈ ਹੈ। ਬੀਤੇ 24 ਘੰਟਿਆਂ ਵਿੱਚ ਹੋਈ ਫ਼ੌਜੀ ਕਾਰਵਾਈ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

ਸਮੁੰਦਰੀ ਨਾਕਾਬੰਦੀ: ਓਮਾਨ ਤੱਟ ਨੇੜੇ 3 ਭਾਰਤੀ ਮਲਾਹਾਂ ਦੀ ਮੌਤ

ਈਰਾਨ ਦੀ ਫ਼ੌਜ ਨੇ ਐਲਾਨ ਕੀਤਾ ਹੈ ਕਿ ਉਹ 'ਸਟਰੇਟ ਆਫ਼ ਹਾਰਮੁਜ਼' (ਜਿੱਥੋਂ ਦੁਨੀਆ ਦਾ 20% ਤੇਲ ਲੰਘਦਾ ਹੈ) ਰਾਹੀਂ ਲੰਘਣ ਵਾਲੇ ਕਿਸੇ ਵੀ ਜਹਾਜ਼ 'ਤੇ ਸਿੱਧੀ ਗੋਲੀਬਾਰੀ ਕਰੇਗਾ। ਇਸ ਦੇ ਜਵਾਬ ਵਿੱਚ ਅਮਰੀਕੀ ਜਲ ਸੈਨਾ ਨੇ ਈਰਾਨੀ ਬੰਦਰਗਾਹਾਂ ਦੀ ਪੂਰੀ ਤਰ੍ਹਾਂ ਘੇਰਾਬੰਦੀ ਕਰ ਦਿੱਤੀ ਹੈ।

ਇਸੇ ਦੌਰਾਨ ਇੱਕ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਓਮਾਨ ਦੇ ਸਮੁੰਦਰੀ ਤੱਟ ਨੇੜੇ ਈਰਾਨੀ ਕੱਚਾ ਤੇਲ ਲੈ ਕੇ ਜਾ ਰਹੇ ਇੱਕ ਟੈਂਕਰ ਨੂੰ ਰੋਕਣ ਲਈ ਕੀਤੇ ਗਏ ਅਮਰੀਕੀ ਫ਼ੌਜੀ ਆਪ੍ਰੇਸ਼ਨ ਦੌਰਾਨ ਤਿੰਨ ਭਾਰਤੀ ਮਲਾਹਾਂ (Sailors) ਦੀ ਮੌਤ ਹੋ ਗਈ ਹੈ, ਜਿਸ ਦੀ ਪੁਸ਼ਟੀ ਭਾਰਤੀ ਅਧਿਕਾਰੀਆਂ ਵੱਲੋਂ ਕੀਤੀ ਗਈ ਹੈ। ਇਸ ਘਟਨਾ ਨਾਲ ਭਾਰਤ ਵਿੱਚ ਵੀ ਚਿੰਤਾ ਦੀ ਲਹਿਰ ਹੈ।

**ਰਾਸ਼ਟਰਪਤੀ ਟਰੰਪ ਲਈ ਸਿਆਸੀ 'ਡੇਡ ਐਂਡ' ਬਣੀ ਇਹ ਜੰਗ**

28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਗਏ ਭਾਰੀ ਹਵਾਈ ਹਮਲਿਆਂ ਤੋਂ ਬਾਅਦ ਸ਼ੁਰੂ ਹੋਈ ਇਸ ਜੰਗ ਵਿੱਚ ਹੁਣ ਤੱਕ ਹਜ਼ਾਰਾਂ ਬੇਗੁਨਾਹ ਲੋਕ (ਮੁੱਖ ਤੌਰ 'ਤੇ ਈਰਾਨ ਅਤੇ ਲੇਬਨਾਨ ਵਿੱਚ) ਆਪਣੀ ਜਾਨ ਗੁਆ ਚੁੱਕੇ ਹਨ। ਪਰ ਹੁਣ ਇਹ ਜੰਗ ਵਾਸ਼ਿੰਗਟਨ ਲਈ ਇੱਕ ਵੱਡੀ ਸਿਆਸੀ ਸਿਰਦਰਦੀ ਬਣ ਗਈ ਹੈ।

| ਫ਼ੌਜੀ ਧਿਰ | ਕੀਤੇ ਗਏ ਹਮਲੇ ਅਤੇ ਨਿਸ਼ਾਨੇ | ਹੋਇਆ ਨੁਕਸਾਨ |
|---|---|---|
| ਅਮਰੀਕੀ ਬੰਬਾਰੀ (CENTCOM) | USS Michael Murphy ਸਮੁੰਦਰੀ ਜਹਾਜ਼ ਤੋਂ ਈਰਾਨ 'ਤੇ ਤਾਬੜਤੋੜ ਟੋਮਾਹਾਕ ਕਰੂਜ਼ ਮਿਜ਼ਾਈਲਾਂ ਦਾਗੀਆਂ। ਈਰਾਨ ਦੇ ਫ਼ੌਜੀ ਨਿਗਰਾਨੀ ਕੇਂਦਰਾਂ, ਸੰਚਾਰ ਪ੍ਰਣਾਲੀਆਂ ਅਤੇ ਹਵਾਈ ਰੱਖਿਆ ਸਾਈਟਾਂ ਨੂੰ ਨਿਸ਼ਾਨਾ ਬਣਾਇਆ। | ਈਰਾਨ ਦੇ ਕਈ ਸ਼ਹਿਰਾਂ (ਬੰਦਰ ਅੱਬਾਸ, ਕਾਰਜ, ਵਰਾਮਿਨ) ਵਿੱਚ ਜ਼ੋਰਦਾਰ ਧਮਾਕੇ ਹੋਏ, ਜਿਸ ਵਿੱਚ 5 ਲੋਕ ਗੰਭੀਰ ਜ਼ਖਮੀ ਹੋਏ। |
| ਈਰਾਨੀ ਪਲਟਵਾਰ (IRGC) | ਕੁਵੈਤ ਅਤੇ ਬਹਿਰੀਨ ਵਿੱਚ 18 ਅਮਰੀਕੀ ਫ਼ੌਜੀ ਟਿਕਾਣਿਆਂ ਅਤੇ ਅਮਰੀਕੀ ਜਲ ਸੈਨਾ ਦੇ ਪੰਜਵੇਂ ਬੇੜੇ (Fifth Fleet) 'ਤੇ ਹਮਲਾ। ਜਾਰਡਨ ਦੇ ਅਲ-ਅਜ਼ਰਕ ਫ਼ੌਜੀ ਅੱਡੇ 'ਤੇ 12 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। | ਬਹਿਰੀਨ ਵਿੱਚ ਈਰਾਨੀ ਡਰੋਨਾਂ ਦੇ ਮਲਬੇ ਦੀ ਲਪੇਟ ਵਿੱਚ ਆਉਣ ਕਾਰਨ ਇੱਕ 11 ਸਾਲਾ ਮਾਸੂਮ ਬੱਚੀ ਜ਼ਖਮੀ ਹੋ ਗਈ। |

# ਅਮਰੀਕਾ ਦੀ ਧਰਤੀ 'ਤੇ ਸ਼੍ਰੋਮਣੀ ਕਮੇਟੀ ਦੇ ਉੱਚ-ਪੱਧਰੀ ਵਫ਼ਦ ਦਾ ਇਤਿਹਾਸਕ ਸਵਾਗਤ

## ਧਰਮ ਪ੍ਰਚਾਰ ਲਈ ਉਲੀਕੀ ਜਾਵੇਗੀ ਵੱਡੀ ਰੂਪ-ਰੇਖਾ



ਸੈਨ ਫਰਾਂਸਿਸਕੋ (ਕੈਲੀਫੋਰਨੀਆ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਕ ਉੱਚ-ਪੱਧਰੀ ਸਿੱਖ ਵਫ਼ਦ ਅਮਰੀਕਾ ਪਹੁੰਚ ਚੁੱਕਾ ਹੈ। ਸੈਨ ਫਰਾਂਸਿਸਕੋ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਸਥਾਨਕ ਸਿੱਖ ਆਗੂਆਂ, ਪ੍ਰਮੁੱਖ ਸ਼ਖਸੀਅਤਾਂ ਅਤੇ ਸੰਗਤਾਂ ਵੱਲੋਂ ਵਫ਼ਦ ਦਾ ਬੇਮਿਸਾਲ, ਜੋਸ਼ੀਲਾ ਅਤੇ ਨਿੱਘਾ ਸਵਾਗਤ ਕੀਤਾ ਗਿਆ।

ਸਿੱਖ ਕੌਮ ਦੀ ਇਸ ਸਿਰਮੌਰ ਸੰਸਥਾ ਦੇ ਆਗੂਆਂ ਦਾ ਸਵਾਗਤ ਕਰਨ ਲਈ ਅਮਰੀਕਾ ਦੇ ਨਾਮਵਰ ਸਿੱਖ ਆਗੂ ਅਤੇ ਅਕਾਲੀ ਦੱਲ ਅਮਰੀਕਾ ਦੇ ਪ੍ਰਧਾਨ ਸਰਦਾਰ ਕੁਲਵੰਤ ਸਿੰਘ ਖਹਿਰਾ ਅਤੇ ਸਮੂਹ ਸਿੱਖ ਲੀਡਰਸ਼ਿਪ ਵਿਸ਼ੇਸ਼ ਤੌਰ 'ਤੇ ਹਾਜ਼ਰ ਸੀ।

**ਵਫ਼ਦ ਵਿੱਚ ਸ਼ਾਮਲ ਪ੍ਰਮੁੱਖ ਸ਼ਖਸੀਅਤਾਂ**

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਇਸ ਉੱਚ-ਪੱਧਰੀ ਵਫ਼ਦ ਵਿੱਚ ਸਿੱਖ ਪੰਥ ਦੀਆਂ ਹੇਠ ਲਿਖੀਆਂ ਅਹਿਮ ਸ਼ਖਸੀਅਤਾਂ ਸ਼ਾਮਲ ਹਨ:

ਰਘੂਜੀਤ ਸਿੰਘ ਵਿਰਕ (ਸੀਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਕਮੇਟੀ), ਕੁਲਵੰਤ ਸਿੰਘ ਮੰਨਣ (ਮੁੱਖ ਸਕੱਤਰ), ਭਾਈ ਰਾਜਿੰਦਰ ਸਿੰਘ ਮਹਿਤਾ (ਅੰਤਰਿੰਗ ਮੈਂਬਰ), ਸਤਬੀਰ ਸਿੰਘ (ਓ.ਐਸ.ਡੀ./ OSD), ਬਲਵਿੰਦਰ ਸਿੰਘ ਕਾਹਲਵਾਂ (ਸਕੱਤਰ)

**ਪ੍ਰਵਾਸੀ ਸਿੱਖਾਂ ਦਾ ਪੰਥਕ ਸਰੋਕਾਰਾਂ ਪ੍ਰਤੀ ਜਜ਼ਬਾ ਬੇਮਿਸਾਲ ਐਡਵੋਕੇਟ ਧਾਮੀ ਸੰਗਤਾਂ**

ਵੱਲੋਂ ਮਿਲੇ ਅਥਾਹ ਪਿਆਰ ਅਤੇ ਸਨਮਾਨ ਲਈ ਧੰਨਵਾਦ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਪ੍ਰਭਾਵਸ਼ਾਲੀ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ: 'ਵਿਦੇਸ਼ਾਂ ਦੀ ਧਰਤੀ 'ਤੇ ਵੱਸਦਾ ਸਿੱਖ ਭਾਈਚਾਰਾ ਆਪਣੀਆਂ ਜੜ੍ਹਾਂ ਅਤੇ ਪੰਥਕ ਸਰੋਕਾਰਾਂ ਨਾਲ ਹਮੇਸ਼ਾ ਦ੍ਰਿੜਤਾ ਨਾਲ ਜੁੜਿਆ ਰਿਹਾ ਹੈ। ਸ਼੍ਰੋਮਣੀ ਕਮੇਟੀ ਅਤੇ ਪ੍ਰਵਾਸੀ ਸਿੱਖਾਂ ਦਰਮਿਆਨ ਆਪਸੀ ਸਾਂਝ ਅਤੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਸਮੇਂ ਦੀ ਮੁੱਖ ਲੋੜ ਹੈ, ਅਤੇ ਸਾਡਾ ਇਹ ਦੌਰਾ ਇਸੇ ਉਦੇਸ਼ ਨੂੰ ਸਮਰਪਿਤ ਹੈ।'

**ਅਮਰੀਕਾ ਵਿੱਚ 'ਸਿੱਖ ਮਿਸ਼ਨ' ਦੀ ਸਥਾਪਨਾ ਦਾ ਟੀਚਾ :** ਐਡਵੋਕੇਟ ਧਾਮੀ ਨੇ ਐਲਾਨ ਕੀਤਾ ਕਿ ਇਸ ਦੌਰੇ ਦੌਰਾਨ ਅਮਰੀਕਾ ਦੇ ਸਿੱਖ ਆਗੂਆਂ ਅਤੇ ਸੰਗਤਾਂ ਨਾਲ ਡੂੰਘੀ ਵਿਚਾਰ-ਚਰਚਾ ਕੀਤੀ ਜਾਵੇਗੀ। ਇਸ ਸਲਾਹ-ਮਸ਼ਵਰੇ ਤੋਂ ਬਾਅਦ:

1. ਗੁਰਮਤਿ ਪ੍ਰਚਾਰ ਦੀ ਰੂਪ-ਰੇਖਾ: ਅਮਰੀਕਾ ਵਿੱਚ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਭਵਿੱਖੀ ਯੋਜਨਾਵਾਂ ਦਾ ਇੱਕ ਵੱਡਾ ਖਾਕਾ ਤਿਆਰ ਕੀਤਾ ਜਾਵੇਗਾ।
2. ਸਿੱਖ ਮਿਸ਼ਨ ਦੀ ਸਥਾਪਨਾ: ਅਮਰੀਕਾ ਦੀ ਧਰਤੀ 'ਤੇ ਸਥਾਈ 'ਸਿੱਖ ਮਿਸ਼ਨ' ਸਥਾਪਿਤ ਕਰਨ ਦੇ ਕਾਰਜ ਨੂੰ ਜਲਦ ਨੇਪਰੇ ਚਾੜ੍ਹਿਆ ਜਾਵੇਗਾ।

ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਇਨ੍ਹਾਂ ਧਾਰਮਿਕ ਤੇ ਸਮਾਜਿਕ ਕਾਰਜਾਂ ਵਿੱਚ ਵੱਧ-ਚੜ੍ਹ ਕੇ ਆਪਣਾ ਸਹਿਯੋਗ ਪਾਉਣ।

**ਸਵਾਗਤ ਕਰਨ ਵਾਲੀਆਂ ਪ੍ਰਮੁੱਖ ਸਥਾਨਕ ਸ਼ਖਸੀਅਤਾਂ**

ਹਵਾਈ ਅੱਡੇ 'ਤੇ ਵਫ਼ਦ ਦਾ ਸਵਾਗਤ ਕਰਨ ਅਤੇ ਜੀ ਆਇਆਂ ਨੂੰ ਆਖਣ ਲਈ ਅਮਰੀਕਾ ਦੇ ਕੋਨੇ-ਕੋਨੇ ਤੋਂ ਸਿੱਖ ਆਗੂ ਪਹੁੰਚੇ ਹੋਏ ਸਨ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸ਼ਾਮਲ ਸਨ: ਕਰਮਜੀਤ ਸਿੰਘ ਬੈਂਸ, ਹਰਗੁਰਜੀਤ ਸਿੰਘ ਬੱਲ, ਦਲਬੀਰ ਸਿੰਘ ਗਿੱਲ, ਪਰਮਜੀਤ ਸਿੰਘ ਗਿੱਲ, ਗੁਰਮੀਤ ਸਿੰਘ ਗਿੱਲ, ਗੁਰਨਾਮ ਸਿੰਘ ਪੰਮਾ, ਕੁਲਵੰਤ ਸਿੰਘ ਖਹਿਰਾ, ਬਲਜੀਤ ਸਿੰਘ ਮਾਨ, ਜੀਵਨ ਸਿੰਘ, ਗੁਰਸੇਵਕ ਸਿੰਘ ਭੰਗੂ, ਸੁਖਵੰਤ ਸਿੰਘ ਖਹਿਰਾ, ਸੁਖਵਿੰਦਰ ਸਿੰਘ, ਨਿਰਮਲ ਸਿੰਘ ਜੰਦਾ, ਮੁਖਤਿਆਰ ਸਿੰਘ ਗਰੇਵਾਲ, ਗੁਰਪ੍ਰੀਤ ਸਿੰਘ ਗਿੱਲ, ਇੰਦਰਜੀਤ ਸਿੰਘ ਹੈਪੀ, ਦਲਬੀਰ ਸਿੰਘ ਸੰਘੇੜਾ, ਜੋਗਿੰਦਰ ਸਿੰਘ ਨਿੱਜਰ।

ਇਸ ਮੌਕੇ ਵੱਡੀ ਗਿਣਤੀ ਵਿੱਚ ਸਥਾਨਕ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਸ਼੍ਰੋਮਣੀ ਕਮੇਟੀ ਦੇ ਵਫ਼ਦ ਦਾ ਸਵਾਗਤ ਕੀਤਾ, ਜੋ ਅਮਰੀਕਾ ਵਿੱਚ ਸਿੱਖੀ ਦੇ ਪ੍ਰਚਾਰ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਦਾ ਸੰਕੇਤ ਹੈ।

# ਸਿਲੀਕਾਨ ਵੈਲੀ ਗੁਰਦੁਆਰਾ ਸਾਹਿਬ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ 76ਵੀਂ ਬਰਸੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 26 ਜੂਨ ਤੋਂ

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਸਾਰੀ ਜ਼ਿੰਦਗੀ ਪੰਥ ਦੀ ਨਿਸ਼ਕਾਮ ਸੇਵਾ ਕੀਤੀ : ਭਾਈ ਅਮਰਜੀਤ ਸਿੰਘ ਮੁਲਤਾਨੀ

ਸੈਂਟਾ ਕਲਾਰਾ/ਕੈਲੀਫੋਰਨੀਆ (ਬਿਊਰੋ)- ਸਿਲੀਕਾਨ ਵੈਲੀ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ (2356, Walsh Ave, Santa Clara) ਵਿਖੇ 'ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ' ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਰਾਜ ਜੋਗੀ, ਵਿੱਦਿਆ ਦਾਨੀ, ਸਮਾਜ ਸੁਧਾਰਕ ਅਤੇ ਬ੍ਰਹਮਗਿਆਨੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ ਨਿੱਘੀ ਯਾਦ ਵਿੱਚ 76ਵੀਂ ਬਰਸੀ ਦੇ ਸਬੰਧ ਵਿੱਚ ਮਹਾਨ ਗੁਰਮਤਿ ਸਮਾਗਮ ਬੜੀ ਸ਼ਰਧਾ-ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।

ਇਸ ਮਹਾਨ ਸਮਾਗਮ ਦੌਰਾਨ ਪੰਥ ਪ੍ਰਸਿੱਧ ਸ਼ਖਸੀਅਤਾਂ, ਰਾਗੀ ਅਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਜਸ ਅਤੇ ਇਤਿਹਾਸ ਨਾਲ ਨਿਹਾਲ ਕਰਨਗੇ।

ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ:

ਅਖੰਡ ਪਾਠ ਆਰੰਭ: 26 ਜੂਨ 2026, ਦਿਨ ਸ਼ੁੱਕਰਵਾਰ, ਸਵੇਰੇ 10:30 ਵਜੇ।

ਪਾਠ ਸ਼੍ਰੀ ਸੁਖਮਨੀ ਸਾਹਿਬ: 28 ਜੂਨ 2026, ਦਿਨ ਐਤਵਾਰ, ਸਵੇਰੇ 8:20 ਵਜੇ ਤੋਂ 10:00 ਵਜੇ ਤੱਕ।

ਭੋਗ ਸ਼੍ਰੀ ਅਖੰਡ ਪਾਠ ਸਾਹਿਬ: 28 ਜੂਨ 2026, ਦਿਨ ਐਤਵਾਰ, ਸਵੇਰੇ 10:00 ਵਜੇ ਤੋਂ 11:00 ਵਜੇ ਤੱਕ।

**ਮੁੱਖ ਹਾਜ਼ਰੀਆਂ ਅਤੇ ਸੇਵਾਵਾਂ**



ਇਸ ਮੌਕੇ ਕਥਾਵਾਚਕ ਭਾਈ ਦੁਰਲੱਭ ਸਿੰਘ ਜੀ (ਦਮਦਮੀ ਟਕਸਾਲ), ਭਾਈ ਦਵਿੰਦਰ ਸਿੰਘ ਜੀ, ਭਾਈ ਗੁਰਜੀਤ ਸਿੰਘ ਜੀ, ਭਾਈ ਹਰਵਿੰਦਰ ਸਿੰਘ ਜੀ, ਭਾਈ ਜੈਤਸਰੂਪ ਸਿੰਘ ਜੀ ਅਤੇ ਭਾਈ ਜੀਵਨਜੋਤ ਸਿੰਘ ਜੀ ਸਮੇਤ ਮਹਾਨ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੀਆਂ।

ਲੰਗਰ ਦੀ ਸੇਵਾ: ਸਮਾਗਮ ਦੌਰਾਨ ਗੁਰੂ ਕੇ ਅਟੁੱਟ ਲੰਗਰਾਂ ਦੀ ਸੇਵਾ ਡਾਕਟਰ ਦੀਪਇੰਦਰ ਸਿੰਘ ਲੁਬਾਣਾ ਦੇ ਪਰਿਵਾਰ ਵੱਲੋਂ ਸ਼ਰਧਾਪੂਰਵਕ ਕਰਵਾਈ ਜਾਵੇਗੀ।

**ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਲਈ ਅਪੀਲ**

ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ (Building) ਬਹੁਤ ਜਲਦੀ ਬਣ ਕੇ ਤਿਆਰ ਹੋ ਰਹੀ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਹੈ ਕਿ ਇਸ ਮਹਾਨ ਕਾਰਜ ਲਈ ਆਪਣੀ ਨੇਕ ਕਮਾਈ ਵਿੱਚੋਂ 'ਮਾਇਆ ਜਮਾਂ ਕਰਵਾ ਕੇ' ਸੇਵਾ ਵਿੱਚ ਵੱਧ-ਚੜ੍ਹ ਕੇ ਹਿੱਸਾ ਪਾਉਣ।

**ਸੰਗਤਾਂ ਨੂੰ ਖੁੱਲ੍ਹਾ ਸੱਦਾ**

ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸਹਿਯੋਗੀ ਸੱਜਣਾਂ ਵੱਲੋਂ ਦੇਸ਼-ਵਿਦੇਸ਼ ਦੀਆਂ ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਇਸ ਗੁਰਮਤਿ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਸ. ਅਮਰਜੀਤ ਸਿੰਘ ਮੁਲਤਾਨੀ
(408)-497-2888
ਸ. ਗੁਰਦਿਆਲ ਸਿੰਘ ਘੋਤੜਾ
(408)-849-1593
ਲਵਪ੍ਰੀਤ ਸਿੰਘ ਸ਼ਾਹ - (669)-260-6251
ਬਲਕਾਰ ਸਿੰਘ ਬੈਂਸੀ - (408)-595-6281

# ਜੀ ਆਇਆਂ ਨੂੰ



## ਸਿੱਖਾਂ ਦੀ ਸਿਰਮੌਰ ਧਾਰਮਿਕ ਲੀਡਰਸ਼ਿਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਉਚ ਪੱਧਰੀ ਵਫ਼ਦ ਦਾ ਅਮਰੀਕਾ ਦੀ ਧਰਤੀ 'ਤੇ ਇਤਿਹਾਸਕ ਸਵਾਗਤ

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਅਤੇ ਵਫ਼ਦ ਦਾ ਅਮਰੀਕਾ ਦੇ ਨਾਮਵਰ ਸਿੱਖ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਪ੍ਰਧਾਨ ਸ. ਕੁਲਵੰਤ ਸਿੰਘ ਖਹਿਰਾ ਵਲੋਂ ਬੇਮਿਸਾਲ, ਜੋਸ਼ੀਲਾ ਅਤੇ ਨਿੱਘਾ ਸਵਾਗਤ**

### ਅਮਰੀਕਾ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ

| | | |
|---|---|---|
| ਸ. ਕੁਲਵੰਤ ਸਿੰਘ ਖਹਿਰਾ<br>ਪ੍ਰਧਾਨ ਅਕਾਲੀ ਦਲ ਅਮਰੀਕਾ | ਸ. ਬਲਜੀਤ ਸਿੰਘ ਮਾਨ | ਸ. ਸੁਰਿੰਦਰ ਸਿੰਘ ਨਿੱਜਰ |
| ਸ. ਸਰਬਜੋਤ ਸਿੰਘ ਸਵੱਦੀ | ਸ. ਕਰਮਜੀਤ ਸਿੰਘ ਬੈਂਸ | ਸ. ਸੁਖਵੰਤ ਸਿੰਘ ਖਹਿਰਾ |
| ਸ. ਗੁਰਨਾਮ ਸਿੰਘ ਪੰਮਾ | ਸ. ਦਲਬੀਰ ਸਿੰਘ ਸੰਘੇੜਾ | ਸ. ਪ੍ਰੀਤਮ ਸਿੰਘ ਗਰੇਵਾਲ |

### ਅਮਰੀਕਾ ਅਕਾਲੀ ਦਲ ਦੀ ਸੀਨੀਅਰ ਯੂਥ ਲੀਡਰਸ਼ਿਪ

| | | |
|---|---|---|
| ਸ. ਬਿਕਰਮਜੀਤ ਸਿੰਘ ਵੋਹਰਾ | ਸ. ਗੁਰਸੇਵਕ ਸਿੰਘ ਭੰਗੂ | ਸ. ਅਰਵਿੰਦਰ ਸਿੰਘ ਲਾਖਣ |
| ਸ. ਰਵਿੰਦਰ ਸਿੰਘ ਬੋਇਲ | ਸ. ਪਰਵਿੰਦਰ ਸਿੰਘ ਰਾਠੌਰ | |



ਅਕਾਲੀ ਦਲ ਅਮਰੀਕਾ ਦੇ ਪ੍ਰਧਾਨ ਸ. ਕੁਲਵੰਤ ਸਿੰਘ ਖਹਿਰਾ ਅਤੇ ਭਰਾ ਸ. ਸੁਖਵੰਤ ਸਿੰਘ ਖਹਿਰਾ

### ਸਾਨ ਫਰਾਂਸਿਸਕੋ ਦੀ ਧਰਤੀ ’ਤੇ ਗੂੰਜਿਆ ‘ਪਾਤਸ਼ਾਹੀ ਦਾਅਵਾ’

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਯਾਦ ’ਚ ਖਾਲਸਾਈ ਸ਼ਕਤੀ ਦਾ ਇਤਿਹਾਸਕ ਸੈਲਾਬ

### ਕੌਮ ਦੀ ਅਣਖ ਸਨਮਾਨ ਅਤੇ ਅਜ਼ਾਦੀ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ













ਸਾਨ ਫਰਾਂਸਿਸਕੋ (ਕੈਲੀਫੋਰਨੀਆ) : ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਲਾਸਾਨੀ ਸ਼ਹੀਦੀ ਪੁਰਬ ਅਤੇ ਜੂਨ 1984 ਦੇ ਨਾ-ਭੁੱਲਣਯੋਗ ‘ਤੀਜੇ ਘੱਲੂਘਾਰੇ’ ਦੇ ਮਹਾਨ ਸ਼ਹੀਦਾਂ ਦੀ ਪਾਵਨ ਯਾਦ ਨੂੰ ਸਮਰਪਿਤ, ਕੈਲੀਫੋਰਨੀਆ ਦੇ ਪ੍ਰਸਿੱਧ ਇਤਿਹਾਸਕ ਸ਼ਹਿਰ ਸਾਨ ਫਰਾਂਸਿਸਕੋ ਵਿਖੇ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ ਅਤੇ ‘ਪਾਤਸ਼ਾਹੀ ਰੈਲੀ’ ਅਲੌਕਿਕ ਜਲੌਅ ਅਤੇ ਕੌਮੀ ਵੀਰ ਰਸ ਦੇ ਪ੍ਰਗਟਾਵੇ ਨਾਲ ਸੰਪੰਨ ਹੋਇਆ। ਇਸ ਮਹਾਨ ਸਮਾਗਮ ਵਿੱਚ ਪੂਰੇ ਕੈਲੀਫੋਰਨੀਆ ਅਤੇ ਅਮਰੀਕਾ ਦੇ ਵੱਖ-ਵੱਖ ਸੂਬਿਆਂ ਤੋਂ ਲੱਖਾਂ ਦੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੇ ਸ਼ਹੀਦਾਂ ਪ੍ਰਤੀ ਆਪਣੀ ਅਕੀਦਤ ਭੇਟ ਕੀਤੀ ਅਤੇ ਸਿੱਖ ਕੌਮ ਦੀ ਅਣਖ, ਗੈਰਤ ਅਤੇ ਚੜ੍ਹਦੀ ਕਲਾ ਦਾ ਜ਼ੋਰਦਾਰ ਪ੍ਰਦਰਸ਼ਨ ਕੀਤਾ।

ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਪੰਥਕ ਜਥੇਬੰਦੀਆਂ, ਸਭਾਵਾਂ ਅਤੇ ਸੁਸਾਇਟੀਆਂ ਦੇ ਸਹਿਯੋਗ ਨਾਲ ਕੀਤੇ ਗਏ ਇਸ ਸ਼ਾਨਦਾਰ ਆਯੋਜਨ ਦੌਰਾਨ ਸਾਨ ਫਰਾਂਸਿਸਕੋ ਦੀਆਂ ਮੁੱਖ ਸੜਕਾਂ ਖਾਲਸਾਈ ਨਿਸ਼ਾਨ ਸਾਹਿਬਾਂ ਅਤੇ ਕੇਸਰੀ ਰੰਗ ਵਿੱਚ ਪੂਰੀ ਤਰ੍ਹਾਂ ਰੰਗੀਆਂ ਨਜ਼ਰ ਆਈਆਂ।

1. ਮੌਜੂਦਾ ਦੌਰ ਦੇ ਮਹਾਨ ਸ਼ਹੀਦਾਂ ਦੇ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ

ਇਸ ਇਤਿਹਾਸਕ ਪਾਤਸ਼ਾਹੀ ਰੈਲੀ ਅਤੇ ਨਗਰ ਕੀਰਤਨ ਦਾ ਸਭ ਤੋਂ ਭਾਵੁਕ ਅਤੇ ਕੌਮੀ ਹਲਚਲ ਪੈਦਾ ਕਰਨ ਵਾਲਾ ਪਲ ਉਹ ਸੀ, ਜਦੋਂ ਮੌਜੂਦਾ ਦੌਰ ਦੇ ਸਿੱਖ ਸੰਘਰਸ਼ ਦੌਰਾਨ ਕੌਮ ਦੀ ਅਣਖ, ਗੈਰਤ ਅਤੇ ਆਜ਼ਾਦੀ ਦੇ ਲੇਖੇ ਆਪਣੀਆਂ ਜਾਨਾਂ ਵਾਰਨ ਵਾਲੇ ਮਹਾਨ ਕੌਮੀ ਸ਼ਹੀਦਾਂ ਦੇ ਪਰਿਵਾਰਾਂ ਦਾ ਸਟੇਜ ਤੋਂ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਗਿਆ।

**ਸਨਮਾਨ ਅਤੇ ਸੰਦੇਸ਼:** ਪ੍ਰਬੰਧਕਾਂ ਅਤੇ ਪੰਥਕ ਆਗੂਆਂ ਨੇ ਸ਼ਹੀਦ ਪਰਿਵਾਰਾਂ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਭੇਟ ਕਰਦਿਆਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੇ ਚਿਰਾਗਾਂ ਨੇ ਕੌਮ ਦੇ ਭਵਿੱਖ ਲਈ ਆਪਣਾ ਖ਼ੂਨ ਬਹਾਇਆ ਹੈ, ਸਿੱਖ ਕੌਮ ਉਨ੍ਹਾਂ ਦੀ ਰਿਣੀ ਹੈ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ ਨੂੰ ਕਦੇ ਵਿਸਾਰਿਆ ਨਹੀਂ ਜਾ ਸਕਦਾ।

2. ਨਵੀਂ ਪੀੜ੍ਹੀ ਦੀ ਮੂਹਰਲੀ ਸਫ਼ਾਂ ’ਚ ਆਮਦ: ਨੌਜਵਾਨਾਂ ਨੂੰ ਸੌਂਪੀ ਸਟੇਜ ਦੀ ਸੇਵਾ

ਸਮਾਗਮ ਦੀ ਇੱਕ ਹੋਰ ਦੂਰਅੰਦੇਸ਼ੀ ਪਹਿਲਕਦਮੀ ਇਹ ਰਹੀ ਕਿ ਇਸ ਵਾਰ ਸਟੇਜ ਅਤੇ ਪ੍ਰਬੰਧ ਦੀਆਂ ਮੁੱਖ ਸੇਵਾਵਾਂ ਸਿੱਖ ਨੌਜਵਾਨਾਂ (Young Generation) ਨੂੰ ਸੌਂਪੀਆਂ ਗਈਆਂ।

ਉਦੇਸ਼: ਇਸ ਕਦਮ ਦਾ ਮੁੱਖ ਮਕਸਦ ਆਉਣ ਵਾਲੀ ਨਸਲ ਨੂੰ ਆਪਣੇ ਗੌਰਵਮਈ ਕੌਮੀ ਇਤਿਹਾਸ, ਸ਼ਹੀਦੀ ਵਿਰਸੇ ਅਤੇ ਸਿੱਖੀ ਦੀਆਂ ਮਹਾਨ ਜੁਝਾਰੂ ਰਵਾਇਤਾਂ ਨਾਲ ਸਿੱਧੇ ਤੌਰ ’ਤੇ ਜੋੜਨਾ ਹੈ।




ਜੋਸ਼ ਅਤੇ ਜ਼ਿੰਮੇਵਾਰੀ: ਨੌਜਵਾਨਾਂ ਨੇ ਜਿਸ ਸੂਝ-ਬੂਝ, ਜੋਸ਼ ਅਤੇ ਜ਼ਿੰਮੇਵਾਰੀ ਨਾਲ ਪੂਰੀ ਸਟੇਜ ਦਾ ਸੰਚਾਲਨ ਕੀਤਾ, ਉਸ ਨੇ ਸੰਗਤਾਂ ਦੇ ਮਨਾਂ ਵਿੱਚ ਨਵਾਂ ਵਿਸ਼ਵਾਸ ਭਰ ਦਿੱਤਾ ਕਿ ਕੌਮ ਦਾ ਭਵਿੱਖ ਸੁਰੱਖਿਅਤ ਹੱਥਾਂ ਵਿੱਚ ਹੈ।

3. ਵਰਤਮਾਨ ਪੰਥਕ ਹਾਲਾਤ ਅਤੇ ਕੌਮੀ ਚੁਣੌਤੀਆਂ ’ਤੇ ਗੰਭੀਰ ਚਿੰਤਨ

ਪਾਤਸ਼ਾਹੀ ਰੈਲੀ ਦੌਰਾਨ ਵਿਸ਼ਵ ਭਰ ਤੋਂ ਪਹੁੰਚੇ ਨਾਮਵਰ ਸਿੱਖ ਬੁਲਾਰਿਆਂ, ਪੰਥਕ ਚਿੰਤਕਾਂ ਅਤੇ ਸਿਆਸੀ ਆਗੂਆਂ ਨੇ ਸੰਗਤਾਂ ਨਾਲ ਮੌਜੂਦਾ ਸਥਿਤੀ ਬਾਰੇ ਵਿਚਾਰ ਸਾਂਝੇ ਕੀਤੇ: ਬੁਲਾਰਿਆਂ ਨੇ ਸਿੱਖ ਕੌਮ ਨੂੰ ਦਰਪੇਸ਼ ਅੰਦਰੂਨੀ ਤੇ ਬਾਹਰੀ ਚੁਣੌਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਸਿੱਖਾਂ ਦੀ ਸੁਤੰਤਰ ਹਸਤੀ ਦੇ ਉੱਭਰ ਰਹੇ ਭੂਗੋਲਿਕ-ਸਿਆਸੀ ਹਾਲਾਤ ’ਤੇ ਤਾਰਕਿਕ ਤੇ ਗੰਭੀਰ ਚਾਨਣਾ ਪਾਇਆ।

ਸਮੂਹ ਬੁਲਾਰਿਆਂ ਨੇ ਇੱਕਸੁਰ ਵਿੱਚ ਕੌਮੀ ਇੱਕਜੁਟਤਾ, ਸੰਗਠਨਾਤਮਕ ਮਜ਼ਬੂਤੀ ਅਤੇ ‘ਗੁਰੂ ਗ੍ਰੰਥ-ਗੁਰੂ ਪੰਥ’ ਦੇ ਸਿਧਾਂਤ ’ਤੇ ਪਹਿਰਾ ਦੇਣ ਦੀ ਲੋੜ ’ਤੇ ਜ਼ੋਰ ਦਿੱਤਾ।

4. ਜੂਨ 1984 ਦਾ ਤੀਜਾ ਘੱਲੂਘਾਰਾ: ਸਿੱਖ ਮਨਾਂ ’ਤੇ ਉੱਕਰੀ ਇੱਕ ਅਮਿੱਟ ਦਾਸਤਾਨ






## ਸਾਨ ਫਰਾਂਸਿਸਕੋ ਦੀ ਧਰਤੀ 'ਤੇ ਗੂੰਜਿਆ 'ਪਾਤਸ਼ਾਹੀ ਦਾਅਵਾ'

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਯਾਦ 'ਚ ਖਾਲਸਾਈ ਸ਼ਕਤੀ ਦਾ ਇਤਿਹਾਸਕ ਸੈਲਾਬ

## ਕੌਮ ਦੀ ਅਣਖ ਸਨਮਾਨ ਅਤੇ ਅਜ਼ਾਦੀ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ












ਰੈਲੀ ਵਿੱਚ ਇਕੱਤਰ ਹੋਏ ਪ੍ਰਬੰਧਕਾਂ ਅਤੇ ਸੰਗਤਾਂ ਨੇ ਦੁਹਰਾਇਆ ਕਿ ਸਿੱਖ ਕੌਮ ਦੀ ਹਿੱਕ 'ਤੇ ਕੋਹਰਾਮ ਮਚਾਉਣ ਵਾਲਾ ਜੂਨ 1984 ਦਾ 'ਤੀਜਾ ਘੱਲੂਘਾਰਾ' ਇੱਕ ਅਜਿਹਾ ਨਾਸੂਰ ਹੈ, ਜੋ ਰਹਿੰਦੀ ਦੁਨੀਆ ਤੱਕ ਸਿੱਖ ਮਨਾਂ ਵਿੱਚ ਤਾਜ਼ਾ ਰਹੇਗਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਉਸ ਸਰਕਾਰੀ ਫ਼ੌਜੀ ਹਮਲੇ ਅਤੇ ਉਸ ਵਿੱਚ ਸ਼ਹੀਦ ਹੋਏ ਸੰਤ-ਸਿਪਾਹੀਆਂ ਦੀ ਯਾਦ ਨੂੰ ਸਮੇਂ ਦੀ ਕੋਈ ਵੀ ਤਾਕਤ ਸਿੱਖ ਚੇਤਿਆਂ ਵਿੱਚੋਂ ਮਿਟਾ ਨਹੀਂ ਸਕਦੀ।

5. ਨਿਸ਼ਕਾਮ ਸੇਵਾਦਾਰਾਂ ਦਾ ਸ਼ੁਕਰਾਨਾ ਅਤੇ ਕਿਰਤ ਕਮਾਈ ਦੀ ਸਫਲਤਾ

ਇਸ ਵਿਸ਼ਾਲ ਸਮਾਗਮ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਇੱਕ ਕਰਨ ਵਾਲੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਭਾਵਾਂ ਅਤੇ ਨਿਸ਼ਕਾਮ ਜਥੇਬੰਦੀਆਂ ਦਾ ਹਿਰਦੇ ਦੀਆਂ ਗਹਿਰਾਈਆਂ ਤੋਂ ਕੋਟਾਨਿ-ਕੋਟਿ ਧੰਨਵਾਦ ਕੀਤਾ ਗਿਆ। ਪ੍ਰਬੰਧਕਾਂ ਨੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਸੇਵਾਦਾਰਾਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ:

ਲੰਗਰ ਤੇ ਖ਼ੂਬਸੂਰਤ ਫਲੋਟ (ਝਾਕੀਆਂ) ਤਿਆਰ ਕਰਨ ਦੀ ਸੇਵਾ ਨਿਭਾਈ।

ਨਗਰ ਕੀਰਤਨ ਦੇ ਪੂਰੇ ਰੂਟ 'ਤੇ ਸਫਾਈ (ਗਰਬੇਜ ਕਲੀਨਿੰਗ) ਅਤੇ ਸੁੰਦਰ ਸਜਾਵਟ ਦੀ ਜ਼ਿੰਮੇਵਾਰੀ ਸਾਂਭੀ।

ਦੂਰੋਂ-ਨੇੜਿਓਂ ਸੰਗਤਾਂ ਨੂੰ ਲਿਆਉਣ ਲਈ ਬੱਸਾਂ (ਟਰਾਂਸਪੋਰਟੇਸ਼ਨ) ਦੀ ਨਿਰਵਿਘਨ ਸੇਵਾ ਪ੍ਰਦਾਨ ਕਰਕੇ ਆਪਣੀ ਕਿਰਤ ਕਮਾਈ ਸਫਲ ਕੀਤੀ।

6. ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਨਿਮਰਤਾ ਸਹਿਤ ਖਿਮਾ-ਜਾਚਨਾ

ਇਸ ਅਲੌਕਿਕ ਅਤੇ ਇਤਿਹਾਸਕ ਸਮਾਗਮ ਦੀ ਸਫ਼ਲਤਾ 'ਤੇ ਸ਼ੁਕਰਾਨਾ ਕਰਦਿਆਂ, ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨੇ ਸਮੂਹ ਸਾਧ-ਸੰਗਤ ਦੇ ਚਰਨਾਂ ਵਿੱਚ ਅਤਿਅੰਤ ਨਿਮਰਤਾ ਸਹਿਤ ਬੇਨਤੀ ਕੀਤੀ:

'ਇਸ ਮਹਾਨ ਕੌਮੀ ਕਾਰਜ ਅਤੇ ਵਿਸ਼ਾਲ ਪ੍ਰਬੰਧਾਂ ਦੌਰਾਨ ਜੇਕਰ ਸਾਡੇ ਕੋਲੋਂ ਅਣਜਾਣੇ ਵਿੱਚ ਕੋਈ ਵੀ ਕਮੀ-ਪੇਸ਼ੀ ਜਾਂ ਭੁੱਲ-ਚੁੱਕ ਰਹਿ ਗਈ ਹੋਵੇ, ਤਾਂ ਅਸੀਂ ਸਮੂਹ ਗੁਰੂ-ਰੂਪ ਸਾਧ ਸੰਗਤ ਪਾਸੋਂ ਦੋਵੇਂ ਹੱਥ ਜੋੜ ਕੇ ਖਿਮਾ ਦੇ ਜਾਚਕ ਹਾਂ। ਗੁਰੂ ਪੰਥ ਸਾਡੀ ਇਸ ਸੇਵਾ ਨੂੰ ਪ੍ਰਵਾਨ ਕਰੇ ਅਤੇ ਕੌਮ ਵਿੱਚ ਆਪਸੀ ਇਤਫ਼ਾਕ ਬਖ਼ਸ਼ੇ।'


- ਖਾਲਸਾ ਜੀ ਦੇ ਚਰਨਾਂ ਦੀ ਧੂੜ: ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੀਫੋਰਨੀਆ)



# ‘ਦਸ਼ਮੇਸ਼-ਪਿਤਾ ਬਖ਼ਸ਼ਿਸ਼ ਪਵਿੱਤਰ ਗੰਗਾ ਸਾਗਰ ਸੁੱਚੀ ਸੇਵਾ-ਸੰਭਾਲ’

## 14 ਜੂਨ ਨੂੰ ਸਰੀ ਵਿੱਚ ਕਿਤਾਬ ਲੋਕ ਅਰਪਣ ਸਮਾਗਮ






(ਡਾ ਗੁਰਵਿੰਦਰ ਸਿੰਘ)

ਸਿੱਖ ਜਗਤ ਵਿੱਚ ਬੇਹਦ ਸਤਿਕਾਰਯੋਗ ਮੁਸਲਿਮ ਸ਼ਖਸੀਅਤ ਰਾਈ ਕੱਲਾ ਸਾਹਿਬ ਦੀ ਨੌਵੀਂ ਪੀੜੀ ਵਿੱਚੋਂ ਵੰਸ਼ਜ ਅਤੇ ਪਾਕਿਸਤਾਨ ਦੇ ਸਾਬਕਾ ਪਾਰਲੀਮੈਂਟਰੀ ਸਕੱਤਰ ਰਾਏ ਅਜ਼ੀਜ਼ ਉੱਲਾ ਖਾਨ ਸਾਹਿਬ ਨੇ ਬੀਤੇ ਦਿਨੀਂ ਪੁਸਤਕ ‘ਦਸ਼ਮੇਸ਼ ਪਿਤਾ ਬਖਸ਼ਿਸ਼ ਪਵਿੱਤਰ ਗੰਗਾ ਸਾਗਰ ਸੁੱਚੀ ਸੇਵਾ ਸੰਭਾਲ’ ਸਤਿਕਾਰ ਸਹਿਤ ਬਖਸ਼ੀ, ਤਾਂ ਬੇਅੰਤ ਪ੍ਰਸੰਨਤਾ ਮਹਿਸੂਸ ਹੋਈ। ਰਾਏ ਸਾਹਿਬ ਇਸ ਸਮੇਂ ਪਵਿੱਤਰ ਗੰਗਾ ਸਾਗਰ ਦੀ ਸੇਵਾ ਸੰਭਾਲ ਕਰ ਰਹੇ ਹਨ। ਰਾਏ ਸਾਹਿਬ ਦੇ ਗ੍ਰਹਿ ਵਿਖੇ ਮੁਲਾਕਾਤ ਦੌਰਾਨ ਉਹਨਾਂ ਦੱਸਿਆ ਕਿ ਇਸ ਕਿਤਾਬ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਅਤੇ ਰਾਏ ਕੱਲਾ ਸਾਹਿਬ ਦੀ ਪਿਆਰ-ਸਤਿਕਾਰ ਅਤੇ ਹੱਕ-ਸੱਚ ਤੇ ਇਨਸਾਫ਼ ਲਈ ਉਠਾਈ ਗਈ ਆਵਾਜ਼ ਨੂੰ ਪਵਿੱਤਰ ਜਜ਼ਬੇ ਨਾਲ ਬਿਆਨ ਕੀਤਾ ਗਿਆ ਹੈ।

ਇਹ ਕਿਤਾਬ ਉੱਘੇ ਵਿਦਵਾਨ ਡਾਕਟਰ ਗੁਰਦੇਵ ਸਿੰਘ ਸਿੱਧੂ ਵੱਲੋਂ ਸੰਪਾਦਿਤ ਕੀਤੀ ਗਈ ਹੈ, ਜੋ 14 ਜੂਨ ਦਿਨ ਐਤਵਾਰ ਨੂੰ ਦੁਪਹਿਰ 1 ਵਜੇ ਤਾਜ ਪਾਰਕ ਕਨਵੈਂਸ਼ਨ ਸੈਂਟਰ ਸਰੀ ਵਿਖੇ ਰਾਇਕੋਟ ਵਾਸੀਆਂ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਸਮੇਤ, ਸਮੂਹ ਪ੍ਰੇਮੀਆਂ ਵੱਲੋਂ ਲੋਕ ਅਰਪਣ ਅਰਪਣ ਕੀਤੀ ਜਾਵੇਗੀ। ਹੋਰ ਵੀ ਖੁਸ਼ੀ ਵਾਲੀ ਗੱਲ ਹੈ ਕਿ 21 ਜੂਨ ਨੂੰ ਇਹ ਕਿਤਾਬ ਯੂਰਪ ਵਿੱਚ ਨਾਰਵੇ ਵਿਖੇ ਲੋਕ ਅਰਪਣ ਕੀਤੇ ਜਾਣ ਦੇ ਸਮਾਗਮ ਉਲੀਕੇ ਗਏ ਹਨ। ਇਸ ਕਿਤਾਬ ਸਬੰਧੀ ਪ੍ਰੋਫੈਸਰ ਗੁਰਭਜਨ ਸਿੰਘ ਗਿੱਲ ਵੱਲੋਂ ਲਿਖੇ ਭਾਵਪੂਰਨ ਸ਼ਬਦ ਧਿਆਨ ਮੰਗਦੇ ਹਨ:


‘ਔਕੜ ਭਰੇ ਸਮੇਂ ਵਿੱਚ ਰਾਏਕੋਟ ਦੇ ਨਵਾਬ ਰਾਏ ਕੱਲ੍ਹਾ ਜੀ ਦੀ ਦਲੇਰਾਨਾ ਅਤੇ ਸ਼ਾਹੀ ਸੇਵਾ! ਉਹਨਾਂ ਬਿੱਖੜੇ ਸਮਿਆਂ ਵਿਚ ਜਦ ਮੁਗਲ ਬਾਦਸ਼ਾਹ ਔਰੰਗਜ਼ੇਬ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਜਾਨ ਦਾ ਵੈਰੀ ਬਣਿਆ ਹੋਇਆ ਸੀ ਅਤੇ ਉਸ ਦੇ ਜ਼ੁਲਮ ਕਾਰਨ ਗੁਰੂ ਜੀ ਦੇ ਕਈ ਸ਼ਰਧਾਲੂ ਵੀ ਉਨ੍ਹਾਂ ਦਾ ਸਾਥ ਦੇਣ ਤੋਂ ਝਿਜਕਦੇ ਸਨ,ਉਸ ਵਕਤ ਜਦ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਰਾਏਕੋਟ ਰਿਆਸਤ (ਹੁਣ ਜ਼ਿਲ੍ਹਾ ਲੁਧਿਆਣਾ) ਵਿਚ ਪਹੁੰਚੇ ਤਾਂ ਉੱਥੋਂ ਦੇ ਮੁਸਲਮਾਨ ਰਾਜਪੂਤ ਹਾਕਮ ਰਾਏ ਕੱਲ੍ਹਾ ਤੀਜਾ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਖ਼ਤਰੇ ਵਿਚ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਜਿੰਨੀ ਦੇਰ ਗੁਰੂ ਜੀ ਨੇ ਠਹਿਰਨਾ ਚਾਹਿਆ, ਓਨੀ ਦੇਰ ਮਹਿਮਾਨ ਵਜੋਂ ਉਨ੍ਹਾਂ ਦੀ ਸੇਵਾ ਕਰਨ ਨੂੰ ਧੰਨਭਾਗ ਸਮਝਿਆ। ਰਾਏਕੋਟ ਤੋਂ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਜੀ ਨੇ ਰਾਏ ਕੱਲ੍ਹਾ ਜੀ ਦੀ ਸਿਦਕਦਿਲੀ ਅਤੇ ਪ੍ਰਾਹੁਣਚਾਰੀ ਤੋਂ ਖੁਸ਼ ਹੋ ਕੇ ਉਸ ਨੂੰ ਗੰਗਾ ਸਾਗਰ, ਰੇਹਲ ਅਤੇ ਇੱਕ ਕ੍ਰਿਪਾਨ ਦੀ ਬਖਸ਼ਸ਼ ਕੀਤੀ। ਰੇਹਲ ਨੂੰ ਸਮੇਂ ਦੀ ਧੂੜ ਖਾ ਗਈ ਅਤੇ ਕ੍ਰਿਪਾਨ ਨੂੰ ਅੰਗਰੇਜ਼ ਹਾਕਮਾਂ ਨੇ ਹਥਿਆ ਲਿਆ ਪਰ ਗੰਗਾ ਸਾਗਰ ਨੂੰ ਰਾਏ ਪਰਿਵਾਰ ਨੇ ਲਗਪਗ ਸਵਾ ਤਿੰਨ ਸੌ ਸਾਲ ਤੋਂ ਹੁਣ ਤੀਕ ਸੰਭਾਲ ਕੇ ਰੱਖਿਆ ਹੋਇਆ ਹੈ। ਰਾਏ ਕੱਲ੍ਹਾ ਖਾਨਦਾਨ ਦੀ ਨੌਵੀਂ ਪੀੜ੍ਹੀ ਦੇ ਵਰਤਮਾਨ ਨੁਮਾਇੰਦੇ ਜਨਾਬ ਰਾਏ ਅਜ਼ੀਜ਼ ਉੱਲਾ ਖਾਨ ਦਾ ਕਹਿਣਾ ਹੈ:

“ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਬਖਸ਼ਿਸ਼ ‘ਗੰਗਾ ਸਾਗਰ’ ਦਾ ਸੇਵਕ ਹੋਣਾ ਮੇਰੇ ਵਾਸਤੇ ਵੱਡੀ ਇੱਜ਼ਤ ਵਾਲੀ ਗੱਲ ਹੈ ਆਪਣੇ ਵਡੇਰੇ ਰਾਇ ਕੱਲਾ ਜੀ ਵੱਲੋਂ ਨਿੱਡਰ ਹੋ ਕੇ ਦਲੇਰਾਨਾ ਅਤੇ ਖਾਨਦਾਨੀ ਕਦਮ ਚੁੱਕਦਿਆਂ ਗੁਰੂ ਜੀ ਪ੍ਰਤਿ ਪਿਆਰ ਸਤਿਕਾਰ ਵਿਖਾਏ ਜਾਣ ਉੱਤੇ ਮੈਨੂੰ ਮਾਣ ਹੈ। ਔਰੰਗਜ਼ੇਬ ਦੇ ਰਾਜ ਸਮੇਂ ਗੁਰੂ ਜੀ ਨਾਲ ਬੇਇਨਸਾਫੀ ਅਤੇ ਜ਼ੁਲਮ ਹੋਣ ਮੌਕੇ ਰਾਏ ਕੱਲ੍ਹਾ ਨੇ ਸੱਚੇ ਮੁਸਲਮਾਨ ਵਾਂਗ ਉਹਨਾਂ ਦੀ ਸੇਵਾ ਅਤੇ ਮਹਿਮਾਨ ਨਿਵਾਜ਼ੀ ਕੀਤੀ। ਗੁਰੂ ਜੀ ਨੇ ਰਾਏ ਕੱਲ੍ਹਾ ਦੀ ਕਦਰਦਾਨੀ ਅਤੇ ਕ੍ਰਿਤੱਗਤਾ ਤੋਂ ਖੁਸ਼ ਹੋ ਕੇ ਗੰਗਾ ਸਾਗਰ ਉਸ ਨੂੰ ਬਖਸ਼ਿਆ। ਅਜੋਕੇ ਸਮੇਂ ਇਹ ਗੰਗਾ ਸਾਗਰ ਜਾਤ,ਨਸਲ ਅਤੇ ਮਜ਼੍ਹਬ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਮਾਨਵਤਾ ਵਿਚ ਪਿਆਰ ਅਤੇ ਇਕ ਦੂਜੇ ਦਾ ਸਤਿਕਾਰ ਕਰਨ ਦਾ ਪ੍ਰਤੀਕ ਹੈ।”ਹੁਣ “ਗੰਗਾ ਸਾਗਰ” ਦੀ ਪਵਿੱਤਰ ਸੇਵਾ ਸੰਭਾਲ ਲਈ ਰਾਏ ਅਜ਼ੀਜ਼ ਉਲਾ ਖਾਨ ਸਾਹਿਬ ਦਾ ਫ਼ਰਜ਼ੰਦ ਰਾਏ ਮੁਹੰਮਦ ਅਲੀ ਖ਼ਾਨ ਸਾਥ ਦੇ ਰਿਹਾ ਹੈ। ਇਸ ਪਵਿੱਤਰ ਬਖਸ਼ਿਸ਼ ਤੇ ਰਾਏ ਕੱਲ੍ਹਾ ਪਰਿਵਾਰ ਬਾਰੇ ਡਾ. ਗੁਰਦੇਵ ਸਿੰਘ ਸਿੱਧੂ ਜੀ ਨੇ ਬਹੁਤ ਖੋਜ ਭਰਪੂਰ ਪੁਸਤਕ ਲਿਖੀ ਹੈ।’

ਕਿਤਾਬ ਦੇ ਲੋਕ ਅਰਪਣ ਸਮਾਗਮ ਸਬੰਧੀ ਗੀਤਕਾਰ ਅਤੇ ਰਾਏਕੋਟ ਨਿਵਾਸੀ ਇੰਦਾ ਰਾਏਕੋਟੀ ਹੁਰਾਂ ਪਿਆਰੇ ਸ਼ਬਦ ਦਰਜ ਕੀਤੇ ਹਨ ;

‘ਰਾਏਕੋਟ ਹੈ ਓਸ ਗਰਾਂ ਦਾ ਨਾਮ ਯਾਰੋ, ਜਿੱਥੇ
ਅਸੀਂ ਜਨਮ ਮਨੁੱਖਾ ਪਾਇਆ
ਜੋ ਗਰਾਂ ਹੈ ਰਾਇ ਕੱਲ੍ਹਾ ਦਾ ਵਰਸੋਇਆ,
ਜਿਸ ਨੇ ਜੀਵਨ ਹੈ ਗੁਰਾਂ ਦੇ ਨਾਂ ਲਾਇਆ

ਜਦੋਂ ਮੁਗਲ ਹਕੂਮਤ ਜ਼ੁਲਮ ਦੀ ਹੱਦ ਪਾਰ ਕਰ ਚੁੱਕੀ ਸੀ, ਤਾਂ ਉਸ ਵੇਲੇ ਰਾਏਕੋਟ ਦੇ ਰਾਜਪੂਤ ਸਰਦਾਰ ਰਾਇ ਕੱਲਾ ਜੋ ਮੁਸਲਮਾਨ ਹੋਣ ਦੇ ਬਾਵਜੂਦ ਗੁਰੂ ਵਿੱਚ ਅਥਾਹ ਸ਼ਰਧਾ ਰੱਖਦੇ ਸਨ। ਰਾਇ ਕੱਲ੍ਹਾ ਸਾਹਿਬ ਦੀ ਦਲੇਰੀ ਤੇ ਗੁਰੂ ਵਿੱਚ ਸ਼ਰਧਾ ਲਾ ਮਿਸਾਲ ਹੈ। ਉਸ ਵੇਲੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਾਇ ਕੱਲਾ ਸਾਹਿਬ ਨੂੰ ਭੇਟ ਕੀਤਾ ਗੰਗਾ ਸਾਗਰ ਅੱਜ ਰਾਇ ਸਾਹਿਬ ਦੇ ਨੌਵੇਂ ਵਾਰਿਸ ਰਾਇ ਅਜ਼ੀਜ਼ ਉੱਲਾ ਖਾਨ ਕੋਲ ਹੈ। ਰਾਇ ਅਜ਼ੀਜ਼ ਉੱਲਾ ਖਾਨ ਸਾਡੇ ਕੋਲ ਗੁਰੂ ਪ੍ਰਤੀ ਸ਼ਰਧਾ ਦੇ ਪ੍ਰਤੀਕ ਹਨ। ਗੰਗਾ ਸਾਗਰ ਤੇ ਰਾਇ ਪ੍ਰੀਵਾਰ ਦੀ ਪੂਰੀ ਗਾਥਾ ਕਿਤਾਬ ਦੇ ਰੂਪ ਵਿੱਚ ਤੁਹਾਡੇ ਸਨਮੁੱਖ ਕਰਨ ਦਾ ਉਪਰਾਲਾ ਕਰ ਰਹੇ ਹਾਂ। ਤੁਹਾਡੇ ਕਦਮਾਂ ਦੀ ਆਹਟ ਰਾਇ ਪ੍ਰੀਵਾਰ ਲਈ, ਸ਼ਰਧਾ ਦੀ ਪ੍ਰਤੀਕ ਹੋਵੇਗੀ। ਮਿਤੀ 14 ਜੂਨ 2026 ਦਿਨ ਐਤਵਾਰ ਸਮਾਂ ਬਾਅਦ ਦੁਪਹਿਰ ਇਕ ਵਜੇ ਤੋਂ ਤਿੰਨ ਵਜੇ ਤੱਕ, ਸਥਾਨ ਤਾਜ ਪਾਰਕ ਬੈਂਕਿਟ ਹਾਲ 8580 132 ਸਟਰੀਟ ਸਰੀ ਬਿਖੇ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਸਭਨਾਂ ਨੂੰ ਖੁੱਲਾ ਸੱਦਾ ਹੈ। ਹੋਰ ਜਾਣਕਾਰੀ ਲਈ ਹਰਦੇਵ ਸਿੰਘ ਗਰੇਵਾਲ ਨਾਲ 604 807 8044 ਜਾਂ ਸੁਰਜੀਤ ਸਿੰਘ ਮਾਧੋਪੁਰੀ ਨਾਲ 604 377 4171 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਆਓ, ਵਿਰਸੇ ਦੀ ਸਾਂਝ ਅਤੇ ਗੁਰੂ ਸਾਹਿਬ ਵੱਲੋਂ ਪਿਆਰੀ ਮੁਸਲਿਮ ਸ਼ਖਸੀਅਤ ਰਾਏ ਕੱਲਾ ਸਾਹਿਬ ’ਤੇ ਹੋਈ ਬਖਸ਼ਿਸ਼ ਤੋਂ ਜਾਣੂ ਹੋਈਏ ਅਤੇ ਮਾਨਵੀ ਸਾਂਝ ਦੀਆਂ ਇਹਨਾਂ ਕਦਰਾਂ ਕੀਮਤਾਂ ਨੂੰ ਵਰਤਮਾਨ ਸਮੇਂ ਵਿੱਚ ਲਾਗੂ ਕਰਦਿਆਂ, ਭਵਿੱਖ ਲਈ ਚਾਨਣ ਮੁਨਾਰਾ ਬਣਾਈਏ!




## ਪੰਜਾਬ ITI ਮੁੱਦੇ ’ਤੇ ਯੂਪੀ ’ਚ ਭੜਕੀ ਚੰਗਿਆੜੀ

# ਕਾਨਪੁਰ ’ਚ ‘ਸਟੂਡੈਂਟ ਯੂਨੀਅਨ ਰੀਸਟੋਰੇਸ਼ਨ ਫਰੰਟ’ ਵੱਲੋਂ ਜ਼ੋਰਦਾਰ ਪ੍ਰਦਰਸ਼ਨ, ਫੂਕਿਆ ਪੁਤਲਾ

ਕਾਨਪੁਰ (ਉੱਤਰ ਪ੍ਰਦੇਸ਼): ਪੰਜਾਬ ਵਿੱਚ ਆਈ.ਟੀ.ਆਈ. (ITI) ਮੁੱਦੇ ਨੂੰ ਲੈ ਕੇ ਵਿਦਿਆਰਥੀਆਂ ਅਤੇ ਨੌਜਵਾਨਾਂ ’ਤੇ ਕਥਿਤ ਤੌਰ ’ਤੇ ਹੋ ਰਹੀ ਮਾਨਸਿਕ ਪਰੇਸ਼ਾਨੀ ਅਤੇ ਦਮਨਕਾਰੀ ਨੀਤੀਆਂ ਦੇ ਖਿਲਾਫ ਹੁਣ ਉੱਤਰ ਪ੍ਰਦੇਸ਼ ਵਿੱਚ ਵੀ ਵਿਰੋਧ ਦੀ ਆਵਾਜ਼ ਬੁਲੰਦ ਹੋ ਗਈ ਹੈ। ਕਾਨਪੁਰ ਵਿਖੇ ਐਤਵਾਰ ਨੂੰ ‘ਸਟੂਡੈਂਟ ਯੂਨੀਅਨ ਰੀਸਟੋਰੇਸ਼ਨ ਫਰੰਟ’ (Student Union Restoration Front) ਦੇ ਬੈਨਰ ਹੇਠ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਵਿਦਿਆਰਥੀਆਂ ਨੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਅਤੇ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।





**ਸੜਕਾਂ ’ਤੇ ਉਤਰੇ ਵਿਦਿਆਰਥੀ; ਫੂਕਿਆ ਪੁਤਲਾ** : ਪ੍ਰਦਰਸ਼ਨ ਦੌਰਾਨ ਗੁੱਸੇ ਵਿੱਚ ਆਏ ਨੌਜਵਾਨਾਂ ਅਤੇ ਵਿਦਿਆਰਥੀ ਆਗੂਆਂ ਨੇ ਪੰਜਾਬ ਵਿੱਚ ਵਿਦਿਆਰਥੀ ਵਿਰੋਧੀ ਨੀਤੀਆਂ ਅਤੇ ਹਾਲ ਹੀ ਦੇ ਘਟਨਾਕ੍ਰਮ ਦੇ ਵਿਰੋਧ ਵਿੱਚ ਇੱਕ ਪੁਤਲਾ ਫੂਕਿਆ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ ਅਤੇ ਉਹ ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਲਈ ਜ਼ੋਰਦਾਰ ਨਾਅਰੇਬਾਜ਼ੀ ਕਰ ਰਹੇ ਸਨ।

ਕੀ ਹੈ ਪੂਰਾ ਵਿਵਾਦ? (Deep Search & Context)

ਸਟੂਡੈਂਟ ਯੂਨੀਅਨ ਦੇ ਆਗੂਆਂ ਮੁਤਾਬਕ, ਪੰਜਾਬ ਵਿੱਚ ਆਈ.ਟੀ.ਆਈ. (ITI) ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਲਗਾਤਾਰ ਪ੍ਰਸ਼ਾਸਨਿਕ ਨੀਤੀਆਂ ਕਾਰਨ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਦਮਨਕਾਰੀ ਨੀਤੀਆਂ ਦਾ ਆਰੋਪ:** ਫਰੰਟ ਦਾ ਦੋਸ਼ ਹੈ ਕਿ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਨੂੰ ਸੁਣਨ ਦੀ ਬਜਾਏ ਉਨ੍ਹਾਂ ਨੂੰ ਦਬਾਉਣ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਰਾਸ਼ਟਰੀ ਪੱਧਰ ’ਤੇ ਸਮਰਥਨ:** ਕਾਨਪੁਰ ਵਿੱਚ ਹੋਇਆ ਇਹ ਪ੍ਰਦਰਸ਼ਨ ਇਹ ਦਰਸਾਉਂਦਾ ਹੈ ਕਿ ਪੰਜਾਬ ਦੇ ਵਿਦਿਆਰਥੀਆਂ ਦਾ ਇਹ ਮੁੱਦਾ ਹੁਣ ਸਿਰਫ਼ ਇੱਕ ਸੂਬੇ ਤੱਕ ਸੀਮਤ ਨਹੀਂ ਰਿਹਾ, ਬਲਕਿ ਦੂਜੇ ਰਾਜਾਂ ਦੇ ਵਿਦਿਆਰਥੀ ਸੰਗਠਨ ਵੀ ਇਸ ਦੇ ਵਿਰੋਧ ਵਿੱਚ ਇੱਕਜੁਟ ਹੋ ਰਹੇ ਹਨ।

**ਵਿਦਿਆਰਥੀ ਆਗੂਆਂ ਦੀ ਚੇਤਾਵਨੀ**

ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਮੁੱਖ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ:

‘ਵਿਦਿਆਰਥੀ ਅਤੇ ਨੌਜਵਾਨ ਦੇਸ਼ ਦਾ ਭਵਿੱਖ ਹਨ। ਜੇਕਰ ਉਨ੍ਹਾਂ ਨਾਲ ਕਿਸੇ ਵੀ ਸੂਬੇ ਵਿੱਚ ਨਾਇਨਸਾਫ਼ੀ ਜਾਂ ਜ਼ੁਲਮ ਹੁੰਦਾ ਹੈ, ਤਾਂ ਪੂਰੇ ਦੇਸ਼ ਦੇ ਵਿਦਿਆਰਥੀ ਚੁੱਪ ਨਹੀਂ ਬੈਠਣਗੇ। ਜੇਕਰ ਪੰਜਾਬ ਦੇ ਆਈ.ਟੀ.ਆਈ. ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਦਾ ਜਲਦੀ ਹੱਲ ਨਾ ਕੀਤਾ ਗਿਆ ਅਤੇ ਦਮਨਕਾਰੀ ਨੀਤੀਆਂ ਬੰਦ ਨਾ ਹੋਈਆਂ, ਤਾਂ ਇਹ ਅੰਦੋਲਨ ਆਉਣ ਵਾਲੇ ਦਿਨਾਂ ਵਿੱਚ ਹੋਰ ਤਿੱਖਾ ਕੀਤਾ ਜਾਵੇਗਾ।’

ਇਸ ਪ੍ਰਦਰਸ਼ਨ ਕਾਰਨ ਕਾਨਪੁਰ ਦੇ ਸਬੰਧਤ ਇਲਾਕੇ ਵਿੱਚ ਕੁਝ ਸਮੇਂ ਲਈ ਟਰੈਫਿਕ ਵਿਵਸਥਾ ਵੀ ਪ੍ਰਭਾਵਿਤ ਹੋਈ ਅਤੇ ਸੁਰੱਖਿਆ ਦੇ ਲਿਹਾਜ਼ ਨਾਲ ਭਾਰੀ ਪੁਲਿਸ ਬਲ ਤਾਇਨਾਤ ਰਿਹਾ।

## ਭਾਰਤ-ਅਮਰੀਕਾ ਗਠਜੋੜ ਦਾ ਮਹਾਂ-ਧਮਾਕਾ

# 'ਪੈਕਸ ਸਿਲੀਕਾ' ਅਤੇ $20 ਬਿਲੀਅਨ ਦੇ ਨਿਵੇਸ਼ ਨਾਲ ਖੁੱਲ੍ਹਣਗੇ 1.5 ਲੱਖ ਨੌਕਰੀਆਂ ਦੇ ਦੁਆਰ, ਚੀਨ ਦੀ ਅਜਾਰੇਦਾਰੀ ਖ਼ਤਮ !

ਨਵੀਂ ਦਿੱਲੀ/ਵਾਸ਼ਿੰਗਟਨ : ਹਿੰਦ-ਪ੍ਰਸ਼ਾਂਤ (Indo-Pacific) ਖੇਤਰ ਵਿੱਚ ਚੀਨ ਦੇ ਵਧਦੇ ਦਬਦਬੇ ਨੂੰ ਠੱਲ੍ਹ ਪਾਉਣ ਅਤੇ ਆਪਸੀ ਰਣਨੀਤਕ ਸਾਂਝ ਨੂੰ ਇੱਕ ਨਵੀਂ ਉਚਾਈ 'ਤੇ ਲੈ ਜਾਣ ਲਈ ਅਮਰੀਕਾ ਅਤੇ ਭਾਰਤ ਨੇ ਇੱਕ ਇਤਿਹਾਸਕ ਅਤੇ ਯੁੱਗ-ਬਦਲੂ ਕਦਮ ਚੁੱਕਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ (US Secretary of State) ਮਾਰਕੋ ਰੂਬੀਓ ਦੇ ਭਾਰਤ ਦੌਰੇ ਦੌਰਾਨ ਹੋਏ ਸਮਝੌਤਿਆਂ ਨੇ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਨਵੀਂ ਦਿਸ਼ਾ ਦਿੱਤੀ ਹੈ। ਰੂਬੀਓ ਨੇ ਸਾਫ਼ ਕਰ ਦਿੱਤਾ ਹੈ ਕਿ ਭਾਰਤ, ਹਿੰਦ-ਪ੍ਰਸ਼ਾਂਤ ਖੇਤਰ ਨੂੰ ਲੈ ਕੇ ਅਮਰੀਕੀ ਰਣਨੀਤੀ ਦਾ ਮੁੱਖ ਆਧਾਰ (Cornerstone) ਹੈ ਅਤੇ ਇਹ ਸਬੰਧ 'ਕੁਆਡ' (Quad) ਤੋਂ ਅੱਗੇ ਵਧ ਕੇ ਹੁਣ ਮਜ਼ਬੂਤ ਦੁਵੱਲੇ ਉਦਯੋਗਿਕ ਸਹਿਯੋਗ ਵਿੱਚ ਬਦਲ ਚੁੱਕੇ ਹਨ।

ਰੁਜ਼ਗਾਰ ਦਾ ਮਹਾਂ-ਇਨਕਲਾਬ: ਅਮਰੀਕਾ ਵਿੱਚ ਪੈਦਾ ਹੋਣਗੀਆਂ 1,50,000 ਤੋਂ ਵੱਧ ਨੌਕਰੀਆਂ

ਇਸ ਦੌਰੇ ਦੌਰਾਨ ਸਭ ਤੋਂ ਵੱਡੀ ਖ਼ਬਰ ਆਰਥਿਕ ਮੋਰਚੇ ਤੋਂ ਆਈ ਹੈ। ਭਾਰਤੀ ਕੰਪਨੀਆਂ ਵੱਲੋਂ ਅਮਰੀਕਾ ਵਿੱਚ ਕੀਤੇ ਜਾ ਰਹੇ $20.5 ਬਿਲੀਅਨ (20.5 ਅਰਬ ਡਾਲਰ) ਦੇ ਵੱਡੇ ਨਿਵੇਸ਼ ਨਾਲ ਗਲੋਬਲ ਮਾਰਕੀਟ ਵਿੱਚ ਭਾਰਤ ਦਾ ਦਬਦਬਾ ਸਾਬਤ ਹੋ ਗਿਆ ਹੈ। ਮਾਹਿਰਾਂ ਅਤੇ ਤਾਜ਼ਾ ਆਰਥਿਕ ਅੰਕੜਿਆਂ ਮੁਤਾਬਕ, ਇਸ ਇਤਿਹਾਸਕ ਨਿਵੇਸ਼ ਨਾਲ:

85,000 ਸਿੱਧੇ ਰੁਜ਼ਗਾਰ (Direct Jobs): ਹਾਈ-ਟੈਕ ਉਦਯੋਗਾਂ, 19 ਖੋਜ ਅਤੇ



ਇੰਜੀਨੀਅਰਿੰਗ ਦੇ ਖੇਤਰ ਵਿੱਚ ਹਜ਼ਾਰਾਂ ਉੱਚ-ਤਨਖਾਹ ਵਾਲੀਆਂ ਸਿੱਧੀਆਂ ਨੌਕਰੀਆਂ ਮਿਲਣਗੀਆਂ।

1.5 ਲੱਖ ਤੋਂ ਵੱਧ ਅਸਿੱਧੇ ਰੁਜ਼ਗਾਰ (Indirect Jobs): ਸਪਲਾਈ ਚੇਨ, ਲੌਜਿਸਟਿਕਸ, ਫੈਕਟਰੀ ਨਿਰਮਾਣ, ਅਤੇ ਸਥਾਨਕ ਵਪਾਰਕ ਖੇਤਰਾਂ ਵਿੱਚ ਲੱਖਾਂ ਲੋਕਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੁੱਲ੍ਹਣਗੇ।

ਇਹ ਕਦਮ ਨਾ ਸਿਰਫ਼ ਅਮਰੀਕੀ ਆਰਥਿਕਤਾ ਨੂੰ ਹੁਲਾਰਾ ਦੇਵੇਗਾ, ਬਲਕਿ ਉੱਥੇ ਰਹਿ ਰਹੇ ਲੱਖਾਂ ਭਾਰਤੀ-ਅਮਰੀਕੀ (Indian-American) ਪੇਸ਼ੇਵਰਾਂ ਅਤੇ ਆਈ.ਟੀ. ਮਾਹਿਰਾਂ ਲਈ ਤਰੱਕੀ ਦੇ ਸੁਨਹਿਰੀ ਮੌਕੇ ਪੈਦਾ ਕਰੇਗਾ।

'ਪੈਕਸ ਸਿਲੀਕਾ' (Pax Silica) ਅਤੇ ਟੈਕਨਾਲੋਜੀ ਦੀ ਨਵੀਂ ਵਿਸ਼ਵ ਜੰਗ





ਅਮਰੀਕੀ ਵਿਦੇਸ਼ ਮੰਤਰੀ ਨੇ ਵਿਸ਼ੇਸ਼ ਤੌਰ 'ਤੇ ਭਾਰਤ ਦੇ 'ਪੈਕਸ ਸਿਲੀਕਾ' (Pax Silica) ਗਠਜੋੜ ਵਿੱਚ ਸ਼ਾਮਲ ਹੋਣ ਦੀ ਸ਼ਲਾਘਾ ਕੀਤੀ। ਪੈਕਸ ਸਿਲੀਕਾ ਕੀ ਹੈ? ਇਹ ਅਮਰੀਕਾ ਦੀ ਅਗਵਾਈ ਵਿੱਚ ਵਿਸ਼ਵ ਦੇ ਪ੍ਰਮੁੱਖ ਤਕਨੀਕੀ ਦੇਸ਼ਾਂ ਦਾ ਇੱਕ ਅਜਿਹਾ ਸ਼ਕਤੀਸ਼ਾਲੀ ਗਠਜੋੜ ਹੈ, ਜਿਸਦਾ ਮੁੱਖ ਮਕਸਦ ਆਰਟੀਫੀਸ਼ੀਅਲ ਇੰਟੈਲੀਜੈਂਸ (AI), ਸੈਮੀਕੰਡਕਟਰ (Semiconductor ਚਿਪਸ) ਅਤੇ ਨਾਜ਼ੁਕ ਖਣਿਜਾਂ (Critical Minerals) ਦੀ ਗਲੋਬਲ ਸਪਲਾਈ ਚੇਨ ਨੂੰ ਸੁਰੱਖਿਅਤ ਕਰਨਾ ਹੈ। ਜੇਕਰ 20ਵੀਂ ਸਦੀ ਤੇਲ ਅਤੇ ਸਟੀਲ ਦੇ ਦਮ 'ਤੇ ਚੱਲਦੀ ਸੀ, ਤਾਂ 21ਵੀਂ ਸਦੀ 'ਕੰਪਿਊਟ ਅਤੇ ਸਿਲੀਕਾਨ' ਦੇ ਦਮ 'ਤੇ ਚੱਲੇਗੀ—ਅਤੇ ਇਸ 'ਤੇ ਭਾਰਤ-ਅਮਰੀਕਾ ਦਾ ਕਬਜ਼ਾ ਹੋਵੇਗਾ।

ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਮਾਰਕੋ ਰੂਬੀਓ ਵਿਚਕਾਰ ਨਵੀਂ ਦਿੱਲੀ ਵਿੱਚ ਹੋਈ ਉੱਚ-ਪੱਧਰੀ ਬੈਠਕ ਦੌਰਾਨ ਦੋਵਾਂ ਦੇਸ਼ਾਂ ਨੇ ਕ੍ਰਿਟੀਕਲ ਮਿਨਰਲਜ਼ ਫਰੇਮਵਰਕ (Critical Minerals Framework) 'ਤੇ ਵੀ ਦਸਤਖਤ ਕੀਤੇ, ਤਾਂ ਜੋ ਚਿਪ ਮੈਨੂਫੈਕਚਰਿੰਗ ਵਿੱਚ ਚੀਨ ਦੀ ਮੋਨੋਪੋਲੀ (ਅਜਾਰੇਦਾਰੀ) ਨੂੰ ਪੂਰੀ ਤਰ੍ਹਾਂ ਤੋੜਿਆ ਜਾ ਸਕੇ।

ਸਪਲਾਈ ਚੇਨ ਅਤੇ ਮਾਈਨਿੰਗ ਨਾਜ਼ੁਕ ਖਣਿਜਾਂ (Rare Earth Elements) ਦੀ ਪ੍ਰੋਸੈਸਿੰਗ ਅਤੇ ਟਰਾਂਸਪੋਰਟੇਸ਼ਨ ਵਿੱਚ ਤੇਜ਼ੀ।

**ਰਣਨੀਤਕ ਆਜ਼ਾਦੀ ਅਤੇ ਭਵਿੱਖ ਦਾ ਸੰਕਲਪ**

ਹਾਲਾਂਕਿ ਇਸ ਮਹਾਨ ਸਾਂਝ ਦੇ ਨਾਲ-ਨਾਲ ਭਾਰਤ ਆਪਣੀ 'ਰਣਨੀਤਕ ਖੁਦਮੁਖਤਿਆਰੀ' (Strategic Autonomy) ਨੂੰ ਵੀ ਬਰਕਰਾਰ ਰੱਖ ਰਿਹਾ ਹੈ ਤਾਂ ਜੋ ਗਲੋਬਲ ਸਾਊਥ (Global South) ਦੇ ਦੇਸ਼ਾਂ ਵਿੱਚ ਉਸਦੀ ਲੀਡਰਸ਼ਿਪ ਪ੍ਰਭਾਵਿਤ ਨਾ ਹੋਵੇ। ਪਰ ਕੁੱਲ ਮਿਲਾ ਕੇ, ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਇਹ ਦੌਰਾ, $20 ਬਿਲੀਅਨ ਦਾ ਨਿਵੇਸ਼, ਅਤੇ ਡੇਢ ਲੱਖ ਨੌਕਰੀਆਂ ਦਾ ਇਹ ਅੰਕੜਾ ਇਹ ਸਾਫ਼ ਕਰਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਗਲੋਬਲ ਟੈਕਨਾਲੋਜੀ ਅਤੇ ਆਰਥਿਕਤਾ ਦੇ ਨਕਸ਼ੇ 'ਤੇ ਭਾਰਤ ਅਤੇ ਅਮਰੀਕਾ ਦੀ ਜੋੜੀ ਸੁਪਰਪਾਵਰ ਬਣ ਕੇ ਰਾਜ ਕਰੇਗੀ।

**ਮੁੱਖ ਖੇਤਰ ਜਿੱਥੇ ਦੇਖਣ ਨੂੰ ਮਿਲੇਗਾ ਇਸ ਨਿਵੇਸ਼ ਦਾ ਅਸਰ**

| ਖੇਤਰ (Sectors) | ਪ੍ਰਭਾਵ ਅਤੇ ਰੁਜ਼ਗਾਰ ਦੇ ਮੌਕੇ |
|---|---|
| ਐਡਵਾਂਸਡ AI ਅਤੇ ਕਲਾਊਡ | ਸਾਫਟਵੇਅਰ ਡਿਵੈਲਪਰਸ, AI ਮਾਡਲਰਸ ਅਤੇ ਡਾਟਾ ਸਾਇੰਟਿਸਟਾਂ ਲਈ ਹਜ਼ਾਰਾਂ ਨਵੀਆਂ ਪੋਸਟਾਂ। |
| ਸੈਮੀਕੰਡਕਟਰ ਫੈਬਰੀਕੇਸ਼ਨ | ਚਿਪ ਡਿਜ਼ਾਈਨਿੰਗ ਅਤੇ ਨਵੇਂ ਪਲਾਂਟਾਂ ਦੇ ਨਿਰਮਾਣ ਵਿੱਚ ਵੱਡੇ ਪੱਧਰ 'ਤੇ ਟੈਕਨੀਸ਼ੀਅਨਾਂ ਦੀ ਲੋੜ। |
| ਫਾਰਮਾਸਿਊਟੀਕਲਜ਼ (ਫਾਰਮਾ) | ਭਾਰਤੀ ਫਾਰਮਾ ਕੰਪਨੀਆਂ ਵੱਲੋਂ ਅਮਰੀਕਾ ਵਿੱਚ ਨਵੀਆਂ ਖੋਜ ਲੈਬਾਂ (R&D Center) ਦਾ ਵਿਸਥਾਰ। |

## ਅਮਰੀਕਾ 'ਚ ਵੱਡੇ ਖੇਡ ਸਮਾਗਮਾਂ ਨੂੰ ਸੁਰੱਖਿਅਤ ਬਣਾਉਣ ਲਈ FBI ਦੀ ਅਹਿਮ ਭੂਮਿਕਾ

# ਕੇਨਟਕੀ ਡਰਬੀ ਦੌਰਾਨ ਕੀਤੇ ਸਖ਼ਤ ਸੁਰੱਖਿਆ ਪ੍ਰਬੰਧ







ਲੂਈਸਵਿਲ (ਅਮਰੀਕਾ): ਅਮਰੀਕਾ ਵਿੱਚ ਹੋਣ ਵਾਲੇ ਵੱਡੇ ਖੇਡ ਸਮਾਗਮਾਂ ਨੂੰ ਖਿਡਾਰੀਆਂ ਅਤੇ ਦਰਸ਼ਕਾਂ ਲਈ ਸੁਰੱਖਿਅਤ ਬਣਾਉਣ ਵਿੱਚ ਸੰਘੀ ਜਾਂਚ ਏਜੰਸੀ (FBI) ਇੱਕ ਪ੍ਰਮੁੱਖ ਭੂਮਿਕਾ ਨਿਭਾ ਰਹੀ ਹੈ। ਹਾਲ ਹੀ ਵਿੱਚ ਹੋਈ 'ਕੇਨਟਕੀ ਡਰਬੀ' (Kentucky Derby) ਰੇਸ—ਜਿਸ ਨੂੰ ਖੇਡ ਜਗਤ ਵਿੱਚ 'ਸਭ ਤੋਂ ਤੇਜ਼ ਦੋ ਮਿੰਟ' ਕਿਹਾ ਜਾਂਦਾ ਹੈ—ਨੂੰ ਸੁਰੱਖਿਅਤ ਨੇਪਰੇ ਚਾੜ੍ਹਨ ਲਈ FBI ਅਤੇ ਉਸ ਦੀਆਂ ਸਹਿਯੋਗੀ ਏਜੰਸੀਆਂ ਨੇ ਮਹੀਨਿਆਂ ਪਹਿਲਾਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ।

ਹਰ ਸਾਲ, 'FBI-ਲੂਈਸਵਿਲ' ਸਮੇਤ ਸੰਘੀ, ਰਾਜ (State) ਅਤੇ ਸਥਾਨਕ ਪੱਧਰ ਦੀਆਂ ਸੁਰੱਖਿਆ ਏਜੰਸੀਆਂ ਚਰਚਿਲ ਡਾਊਨਜ਼ ਵਿਖੇ ਪਹੁੰਚਣ ਵਾਲੇ 3,00,000 ਤੋਂ ਵੱਧ ਦਰਸ਼ਕਾਂ ਦੀ ਸੁਰੱਖਿਆ ਲਈ ਆਪਣੇ ਜਵਾਨ ਅਤੇ ਅਹਿਮ ਸਰੋਤ ਤਾਇਨਾਤ ਕਰਦੀਆਂ ਹਨ।

ਕੇਨਟਕੀ ਡਰਬੀ ਵੀਕੈਂਡ ਦੇ ਮੁੱਖ ਸੁਰੱਖਿਆ ਅੰਕੜੇ:

- **ਡਰੋਨਾਂ ਖ਼ਿਲਾਫ਼ ਕਾਰਵਾਈ:** FBI ਦੀ 'ਕਾਊਂਟਰ ਅਨਮੈਨਡ ਏਰੀਅਲ ਸਿਸਟਮਜ਼' (C-UAS) ਟੀਮ ਨੇ ਇਲਾਕੇ ਵਿੱਚ 6 ਸ਼ੱਕੀ ਡਰੋਨਾਂ ਦਾ ਪਤਾ ਲਗਾਇਆ। ਇਸ ਖ਼ਾਸ ਸਮਾਗਮ ਲਈ ਲਾਗੂ ਕੀਤੇ ਗਏ 'ਆਰਜ਼ੀ ਉਡਾਣ ਨਿਯਮਾਂ' (Temporary Flight Restriction) ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ 3 ਡਰੋਨ ਜ਼ਬਤ ਕੀਤੇ ਗਏ ਅਤੇ 3 ਡਰੋਨ ਪਾਇਲਟਾਂ ਦੇ ਚਲਾਨ ਕੀਤੇ ਗਏ।
- **ਬੰਬ ਨਿਰੋਧਕ ਦਸਤਾ (SABTs):** FBI ਦੇ ਵਿਸ਼ੇਸ਼ ਬੰਬ ਤਕਨੀਸ਼ੀਅਨਾਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਕਈ ਸ਼ੱਕੀ ਅਤੇ ਲਾਵਾਰਿਸ ਪੈਕਟਾਂ/ਸਾਮਾਨ ਦੀ ਜਾਂਚ ਕੀਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ।
- **ਸਵਾਟ (SWAT) ਅਤੇ ਐਵੀਡੈਂਸ ਰਿਸਪਾਂਸ ਟੀਮਾਂ:** ਕਿਸੇ ਵੀ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ FBI ਲੂਈਸਵਿਲ ਦੀ ਸਵਾਟ (SWAT) ਅਤੇ ਸਬੂਤ ਇਕੱਠੇ ਕਰਨ ਵਾਲੀਆਂ ਟੀਮਾਂ ਸਮਾਗਮ ਦੇ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਹਾਈ ਅਲਰਟ (Standby) 'ਤੇ ਸਨ।
- **ਖੁਫੀਆ ਤਾਇਨਾਤੀ:** ਦਰਜਨਾਂ ਵਿਸ਼ੇਸ਼ ਏਜੰਟਾਂ ਅਤੇ ਖੁਫੀਆ ਵਿਭਾਗ ਦੇ ਕਰਮਚਾਰੀਆਂ ਨੇ ਪੂਰੀ ਮੁਸਤੈਦੀ ਨਾਲ ਕੰਮ ਕੀਤਾ ਤਾਂ ਜੋ ਸਥਾਨਕ ਲੋਕਾਂ ਅਤੇ ਦੁਨੀਆ ਭਰ ਤੋਂ ਆਏ ਹਜ਼ਾਰਾਂ ਸੈਲਾਨੀਆਂ ਲਈ ਇਹ ਵੀਕੈਂਡ ਸੁਰੱਖਿਅਤ ਰਹੇ।



- ਫੋਟੋ ਸੌਜੰਨਤਾ: FBI

**ਆਉਣ ਵਾਲੇ ਵੱਡੇ ਸਮਾਗਮਾਂ 'ਤੇ ਨਜ਼ਰ**

FBI ਸਥਾਨਕ ਅਤੇ ਕੌਮਾਂਤਰੀ ਭਾਈਵਾਲਾਂ ਨਾਲ ਮਿਲ ਕੇ ਅਮਰੀਕਾ ਵਿੱਚ ਹੋਣ ਵਾਲੇ ਹੋਰ ਵੱਡੇ ਖੇਡ ਸਮਾਗਮਾਂ ਜਿਵੇਂ ਕਿ 61 ਰੇਸਿੰਗ, ਕਲੱਬ ਵਰਲਡ ਕੱਪ, ਸੁਪਰ ਬਾਊਲ (Super Bowl), 2026 ਫੀਫਾ ਵਿਸ਼ਵ ਕੱਪ (FIFA World Cup) ਅਤੇ 2028 ਦੀਆਂ ਸਮਰ ਓਲੰਪਿਕ ਖੇਡਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਸਫ਼ਲ ਬਣਾਉਣ ਲਈ ਪੂਰੀ ਤਾਕਤ ਨਾਲ ਕੰਮ ਕਰ ਰਹੀ ਹੈ।

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮੁ ਕੀ ਪਉੜੀ ਕੋ ਵਡਭਾਗੀ ਪਾਏ ॥

ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ
ਰਾਜ ਯੋਗੀ, ਵਿਦਿਆ ਦਾਨੀ, ਸਮਾਜ ਸੁਧਾਰਕ, ਬ੍ਰਹਮਗਿਆਨੀ,
ਸੇਵਾ ਦੇ ਪੁੰਜ, ਸੱਚਖੰਡ ਵਾਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ
ਦੀ ਨਿੱਘੀ ਯਾਦ 'ਚ 76ਵੀਂ ਬਰਸੀ ਮੌਕੇ

# ਮਹਾਨ ਗੁਰਮਤਿ ਸਮਾਗਮ

## ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ

**2356, Walsh Ave, Santa Clara, CA - 95051**

**ਵਿਖੇ ਮਨਾਇਆ ਜਾ ਰਿਹਾ ਹੈ।**



ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿੱਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਲਾਨਾ ਬਰਸੀ ਗੁਰਦੁਆਰਾ ਸਾਹਿਬ, ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।

**ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ**

| | |
|---|---|
| 26 ਜੂਨ, 2026, ਸ਼ੁੱਕਰਵਾਰ ਅਰੰਭ ਸ੍ਰੀ ਅਖੰਡ ਪਾਠ | : ਸਵੇਰੇ 10.30 ਵਜੇ |
| 28 ਜੂਨ, 2026, ਐਤਵਾਰ ਪਾਠ ਸ੍ਰੀ ਸੁਖਮਨੀ ਸਾਹਿਬ | : ਸਵੇਰੇ 8.20 ਵਜੇ ਤੋਂ 10.00 ਵਜੇ ਤੱਕ |
| 28 ਜੂਨ, 2026, ਐਤਵਾਰ ਭੋਗ ਸ੍ਰੀ ਅਖੰਡ ਪਾਠ | : ਸਵੇਰੇ 10.00 ਵਜੇ |

ਉਪਰੰਤ ਪੰਥ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਾਉਣਗੇ ਜਿਨ੍ਹਾਂ ਵਿਚ



ਕਥਾ ਭਾਈ ਦੁਰਲੱਭ ਸਿੰਘ ਜੀ ਦਮਦਮੀ ਟਕਸਾਲ



ਭਾਈ ਦਵਿੰਦਰ ਸਿੰਘ ਜੀ



ਭਾਈ ਗੁਰਜੀਤ ਸਿੰਘ ਜੀ



ਭਾਈ ਹਰਵਿੰਦਰ ਸਿੰਘ ਜੀ



ਭਾਈ ਜੈਤਸਰੂਪ ਸਿੰਘ ਜੀ



ਭਾਈ ਜੀਵਨਜੋਤ ਸਿੰਘ ਜੀ

**ਲੰਗਰਾਂ ਦੀ ਸੇਵਾ :**
**ਡਾ. ਦੀਪਇੰਦਰ ਸਿੰਘ ਲੁਬਾਣਾ**

ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ (building) ਬਹੁਤ ਜਲਦੀ ਬਣ ਰਹੀ ਹੈ ਸੇਵਾ 'ਚ ਮਾਇਆ ਜਮ੍ਹਾਂ ਕਰਵਾਓ ਜੀ।

ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

**ਸਮੂੰਹ ਸੰਗਤ ਨੂੰ ਸਮੇਤ ਪਰਿਵਾਰ ਹਾਜ਼ਰੀਆਂ ਭਰਨ ਦੀ ਨਿਮਰਤਾ ਸਾਹਿਤ ਬੇਨਤੀ ਹੈ ਜੀ**

**ਬੇਨਤੀ ਕਰਤਾ : ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸਹਿਯੋਗੀ ਸੱਜਣ**

**ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ**

ਸ੍ਰ. ਅਮਰਜੀਤ ਸਿੰਘ ਮੁਲਤਾਨੀ - (408)-497-2888, ਸ੍ਰ. ਗੁਰਦਿਆਲ ਸਿੰਘ ਘੋਤੜਾ - (408)-849-1593, ਸ੍ਰ. ਹਰਜਿੰਦਰ ਸਿੰਘ (408)-498-2860, ਕਾਲਪ੍ਰੋ ਡਾਇਵਿੰਗ ਸਕੂਲ (510)-472-3571, ਸ੍ਰ. ਸ਼ਰਨਦੀਪ ਸਿੰਘ ਘੋਤੜਾ (408)-469-1787, ਸ੍ਰ. ਅਮਨਪ੍ਰੀਤ ਸਿੰਘ ਬਬਲੂ (408)-469-6494, ਸ੍ਰ. ਲਵਪ੍ਰੀਤ ਸਿੰਘ ਸ਼ਾਹ (669)-260-6251, ਸ੍ਰ. ਬਲਕਾਰ ਸਿੰਘ ਬੌਬੀ (408)-595-6281, ਸ੍ਰ. ਮਨਜੀਤ ਸਿੰਘ ਮਿਆਣੀ (510)-328-5580, ਸ੍ਰ. ਹਰਜੀਤ ਸਿੰਘ (707)-334-7514, ਮਨਪ੍ਰੀਤ ਸਿੰਘ ਗਾੜ੍ਹਾ Law Firm (510)-841-4582, ਸ੍ਰ. ਸੁਰਮਿੰਦਰਜੀਤ ਸਿੰਘ (408) 210-5394

# ਬੰਦੀ ਸਿੰਘਾਂ ਦੀ ਰਿਹਾਈ ਲਈ ਲੁਧਿਆਣਾ ਟੋਲ ਪਲਾਜ਼ਾ ’ਤੇ ਕੌਮੀ ਇਨਸਾਫ਼ ਮੋਰਚੇ ਦਾ ਜ਼ੋਰਦਾਰ ਪ੍ਰਦਰਸ਼ਨ; 2 ਘੰਟੇ ਲਈ ਟੋਲ ਕਰਵਾਇਆ ਮੁਫ਼ਤ















ਲੁਧਿਆਣਾ (ਪੰਜਾਬ): ਸਜ਼ਾਵਾਂ ਪੂਰੀਆਂ ਕਰ ਚੁੱਕੇ ‘ਬੰਦੀ ਸਿੰਘਾਂ’ (ਸਿੱਖ ਸਿਆਸੀ ਕੈਦੀਆਂ) ਦੀ ਤੁਰੰਤ ਰਿਹਾਈ ਦੀ ਮੰਗ ਨੂੰ ਲੈ ਕੇ ਕੌਮੀ ਇਨਸਾਫ਼ ਮੋਰਚੇ ਵੱਲੋਂ ਆਪਣਾ ਸੰਘਰਸ਼ ਹੋਰ ਤਿੱਖਾ ਕਰ ਦਿੱਤਾ ਗਿਆ ਹੈ। ਇਸੇ ਲੜੀ ਤਹਿਤ ਲੁਧਿਆਣਾ ਦੇ ਮੁੱਖ ਟੋਲ ਪਲਾਜ਼ਾ ’ਤੇ ਮੋਰਚੇ ਦੇ ਆਗੂਆਂ ਅਤੇ ਸਮਰਥਕਾਂ ਵੱਲੋਂ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਦੇ ਭਾਰੀ ਵਿਰੋਧ ਅਤੇ ਸਖ਼ਤ ਰੁਖ਼ ਨੂੰ ਦੇਖਦਿਆਂ, ਟੋਲ ਪ੍ਰਸ਼ਾਸਨ ਨੂੰ ਲਗਾਤਾਰ ਦੋ ਘੰਟਿਆਂ ਲਈ ਟੋਲ ਪੂਰੀ ਤਰ੍ਹਾਂ ਮੁਫ਼ਤ ਕਰਨਾ ਪਿਆ, ਜਿਸ ਦੌਰਾਨ ਵਾਹਨ ਬਿਨਾਂ ਕੋਈ ਫ਼ੀਸ ਦਿੱਤੇ ਲੰਘਦੇ ਰਹੇ।

**ਸਾਬਕਾ ਵਿਧਾਇਕ ਨਵਜੋਤ ਕੌਰ ਸਿੱਧੂ ਨੇ ਦਿੱਤਾ ਸਮਰਥਨ :** ਇਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ ’ਤੇ ਪਹੁੰਚੀ ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਦਾ ਪੁਰਜ਼ੋਰ ਸਮਰਥਨ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ:

‘ਜਿਹੜੇ ਕੈਦੀ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਰੱਖਣਾ ਮਨੁੱਖੀ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਹੈ। ਸਰਕਾਰਾਂ ਨੂੰ ਸੰਵਿਧਾਨ ਅਤੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਇਨ੍ਹਾਂ ਸਿੰਘਾਂ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ। ਇਹ ਕੋਈ ਸਿਆਸੀ ਮੁੱਦਾ ਨਹੀਂ, ਬਲਕਿ ਇਨਸਾਫ਼ ਦਾ ਮੁੱਦਾ ਹੈ।’

**ਸਰਕਾਰਾਂ ਦੇ ਅੜੀਅਲ ਰਵੱਈਏ ਖਿਲਾਫ ਰੋਸ: ਗੁਰਿੰਦਰ ਸਿੰਘ ਭੰਗੂ** : ਕੌਮੀ ਇਨਸਾਫ਼ ਮੋਰਚੇ ਦੇ ਪ੍ਰਮੁੱਖ ਆਗੂ ਗੁਰਿੰਦਰ ਸਿੰਘ ਭੰਗੂ ਨੇ ਇਸ ਮੌਕੇ ਬੋਲਦਿਆਂ ਕੇਂਦਰ ਅਤੇ ਸੂਬਾ ਸਰਕਾਰ ’ਤੇ ਤਿੱਖੇ ਨਿਸ਼ਾਨੇ ਸਾਧੇ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਮੋਰਚਾ ਪਿਛਲੇ ਲੰਮੇ ਸਮੇਂ ਤੋਂ ਸ਼ਾਂਤਮਈ ਢੰਗ ਨਾਲ ਇਨਸਾਫ਼ ਦੀ ਗੁਹਾਰ ਲਗਾ ਰਿਹਾ ਹੈ, ਪਰ ਸਰਕਾਰਾਂ ਦੇ ਕੰਨ ’ਤੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਕਿਹਾ ਕਿ ਜੇਕਰ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਜਲਦ ਕੋਈ ਠੋਸ ਫੈਸਲਾ ਨਾ ਲਿਆ ਗਿਆ, ਤਾਂ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਭਰ ਦੇ ਹੋਰਨਾਂ ਟੋਲ ਪਲਾਜ਼ਿਆਂ ਅਤੇ ਮੁੱਖ ਮਾਰਗਾਂ ’ਤੇ ਵੀ ਅਜਿਹੇ ਵੱਡੇ ਪ੍ਰਦਰਸ਼ਨ ਕੀਤੇ ਜਾਣਗੇ।

**ਮੌਕੇ ’ਤੇ ਪੁਲਿਸ ਤਾਇਨਾਤ, ਹਾਲਾਤ ਰਹੇ ਸ਼ਾਂਤਮਈ** : ਪ੍ਰਦਰਸ਼ਨ ਦੌਰਾਨ ਟੋਲ ਪਲਾਜ਼ਾ ’ਤੇ ਵੱਡੀ ਗਿਣਤੀ ਵਿੱਚ ਸਿੱਖ ਜਥੇਬੰਦੀਆਂ ਦੇ ਕਾਰਕੁਨ ਹੱਥਾਂ ਵਿੱਚ ਮੋਰਚੇ ਦੇ ਝੰਡੇ ਅਤੇ ਬੰਦੀ ਸਿੰਘਾਂ ਦੀਆਂ ਤਸਵੀਰਾਂ ਵਾਲੀਆਂ ਤਖ਼ਤੀਆਂ ਲੈ ਕੇ ਪਹੁੰਚੇ ਹੋਏ ਸਨ। ਹਾਲਾਂਕਿ ਪ੍ਰਦਰਸ਼ਨ ਕਾਰਨ ਹਲਚਲ ਕਾਫੀ ਵਧ ਗਈ ਸੀ, ਪਰ ਮੋਰਚੇ ਦੇ ਆਗੂਆਂ ਨੇ ਸੰਘਰਸ਼ ਨੂੰ ਪੂਰੀ ਤਰ੍ਹਾਂ ਅਨੁਸ਼ਾਸਨ ਅਤੇ ਸ਼ਾਂਤਮਈ ਦਾਇਰੇ ਵਿੱਚ ਰੱਖਿਆ। ਸੁਰੱਖਿਆ ਦੇ ਲਿਹਾਜ਼ ਨਾਲ ਮੌਕੇ ’ਤੇ ਭਾਰੀ ਪੁਲਿਸ ਬਲ ਤਾਇਨਾਤ ਰਿਹਾ। ਟੋਲ ਮੁਫ਼ਤ ਹੋਣ ਕਾਰਨ ਆਮ ਵਾਹਨ ਚਾਲਕਾਂ ਨੂੰ ਕੁਝ ਸਮੇਂ ਲਈ ਰਾਹਤ ਜ਼ਰੂਰ ਮਿਲੀ, ਪਰ ਸਿਆਸੀ ਹਲਕਿਆਂ ਵਿੱਚ ਇਸ ਕਾਰਵਾਈ ਨੇ ਇੱਕ ਵਾਰ ਫਿਰ ਵੱਡੀ ਚਰਚਾ ਛੇੜ ਦਿੱਤੀ ਹੈ।

### ਸਰੀ ਅਦਾਲਤ ਦਾ ਵੱਡਾ ਫੈਸਲਾ

# ਕੈਨੇਡਾ ’ਚ ਫਿਰੌਤੀ ਤੇ ਗੋਲੀਬਾਰੀ ਕਰਨ ਵਾਲੇ 3 ਭਾਰਤੀ ਨੌਜਵਾਨਾਂ ਨੂੰ ਸਖ਼ਤ ਸਜ਼ਾ, ਮਗਰੋਂ ਹੋਣਗੇ ਡਿਪੋਰਟ

## ਇਨ੍ਹਾਂ ਲੋਕਾਂ ਨੇ ਗਦਰੀ ਬਾਬਿਆਂ, ਮਹਾਨ ਸਿੱਖ ਦਾਨੀਆਂ ਅਤੇ ਕੁਰਬਾਨੀਆਂ ਕਰਨ ਵਾਲਿਆਂ ਦੇ ਇਤਿਹਾਸ ਦਾ ਬੇੜਾ ਗਰਕ ਕਰ ਦਿੱਤਾ ਹੈ


ਸਰੀ (ਬ੍ਰਿਟਿਸ਼ ਕੋਲੰਬੀਆ): ਕੈਨੇਡਾ ਦੇ ਸਰੀ (Surrey) ਸ਼ਹਿਰ ਵਿੱਚ ਚੱਲ ਰਹੇ ਫਿਰੌਤੀ (Extortion) ਅਤੇ ਗੋਲੀਬਾਰੀ ਦੇ ਨੈੱਟਵਰਕ ਖਿਲਾਫ ਕਾਰਵਾਈ ਕਰਦਿਆਂ ਬ੍ਰਿਟਿਸ਼ ਕੋਲੰਬੀਆ ਦੀ ਅਦਾਲਤ ਨੇ ਇੱਕ ਬਹੁਤ ਵੱਡਾ ਅਤੇ ਇਤਿਹਾਸਕ ਫੈਸਲਾ ਸੁਣਾਇਆ ਹੈ। ਸਰੀ ਪ੍ਰੋਵਿੰਸ਼ੀਅਲ ਕੋਰਟ ਵਿੱਚ ਤਿੰਨ ਭਾਰਤੀ ਨੌਜਵਾਨਾਂ (ਜੋ ਵਿਦੇਸ਼ੀ ਨਾਗਰਿਕ ਵਜੋਂ ਕੈਨੇਡਾ ਆਏ ਸਨ) ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਜੇਲ੍ਹ ਦੀ ਸਖ਼ਤ ਸਜ਼ਾ ਸੁਣਾਈ ਗਈ ਹੈ। ਸਜ਼ਾ ਪੂਰੀ ਹੋਣ ਤੋਂ ਤੁਰੰਤ ਬਾਅਦ ਇਨ੍ਹਾਂ ਤਿੰਨਾਂ ਨੂੰ ਵਾਪਸ ਭਾਰਤ (ਪੰਜਾਬ) ਡਿਪੋਰਟ (ਦੇਸ਼ ਨਿਕਾਲਾ) ਕਰ ਦਿੱਤਾ ਜਾਵੇਗਾ।

CBC

ਕੀ ਸੀ ਪੂਰਾ ਮਾਮਲਾ ਅਤੇ ਵਾਰਦਾਤ?

ਇਹ ਘਟਨਾ 1 ਫਰਵਰੀ ਦੀ ਹੈ, ਜਦੋਂ ਸਰੀ ਦੇ ਰਿਹਾਇਸ਼ੀ ਇਲਾਕੇ ‘ਕ੍ਰੈਸੈਂਟ ਬੀਚ’ (Crescent Beach) ਵਿਖੇ ਇੱਕ ਘਰ ਨੂੰ ਨਿਸ਼ਾਨਾ ਬਣਾ ਕੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ ਸਨ ਅਤੇ ਉੱਥੇ ਧਮਾਕਾਖੇਜ਼ ਸਮੱਗਰੀ ਸੁੱਟ ਕੇ ਅੱਗ ਲਗਾਈ ਗਈ ਸੀ। ਇਹ ਹਮਲਾ ਸਿੱਧੇ ਤੌਰ ’ਤੇ ਫਿਰੌਤੀ (Extortion Racket) ਨਾਲ ਜੁੜਿਆ ਹੋਇਆ ਸੀ।

CPBD+ 1



ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਜਦੋਂ ਇਹ ਤਿੰਨੇ ਦੋਸ਼ੀ ਇੱਕ ਰਾਈਡ-ਸ਼ੇਅਰ (ਟੈਕਸੀ) ਗੱਡੀ ਵਿੱਚ ਬੈਠ ਕੇ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਸਰੀ ਪੁਲਿਸ ਸਰਵਿਸ (SPS) ਦੀ ਐਂਟੀ-ਐਕਸਟੋਰਸ਼ਨ ਯੂਨਿਟ ‘ਪ੍ਰੋਜੈਕਟ ਐਸ਼ੋਰੈਂਸ’ (Project Assurance) ਨੇ ਮੁਸਤੈਦੀ ਦਿਖਾਉਂਦੇ ਹੋਏ ਇਨ੍ਹਾਂ ਨੂੰ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਸੀ।

CBC

ਪੁਲਿਸ ਦਾ ਅਹਿਮ ਬਿਆਨ: ਹਾਲਾਂਕਿ ਇਨ੍ਹਾਂ ’ਤੇ ਸਿੱਧਾ ਫਿਰੌਤੀ ਦਾ ਤਕਨੀਕੀ ਚਾਰਜ ਨਹੀਂ ਸੀ, ਪਰ ਸਰੀ ਪੁਲਿਸ ਦੇ ਸਟਾਫ ਸਾਰਜੈਂਟ ਲਿੰਡਸੇ ਹੌਟਨ (Lindsey Houghton) ਨੇ ਸਾਫ਼ ਕੀਤਾ ਹੈ ਕਿ ਇਹ ਪੂਰਾ ਹਮਲਾ ਫਿਰੌਤੀ ਰੈਕੇਟ ਨਾਲ ਹੀ ਜੁੜਿਆ ਹੋਇਆ ਸੀ ਅਤੇ ਕੈਨੇਡਾ ਵਿੱਚ ਫਿਰੌਤੀ ਦੇ ਮਾਮਲਿਆਂ ਵਿੱਚ ਇਹ ਪਹਿਲੀ ਵੱਡੀ ਸਜ਼ਾ ਹੈ।

CBC

ਸਜ਼ਾ ਤੋਂ ਬਾਅਦ ਹੋਵੇਗਾ ‘ਦੇਸ਼ ਨਿਕਾਲਾ’ (Deportation)

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨੇ ਸਪੱਸ਼ਟ ਕੀਤਾ ਹੈ ਕਿ ਇਹ ਤਿੰਨੋਂ ਨੌਜਵਾਨ ਭਾਰਤੀ ਨਾਗਰਿਕ ਹਨ। ਕੈਨੇਡੀਅਨ ਕਾਨੂੰਨ ਮੁਤਾਬਕ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੈ। ਇਹ ਤਿੰਨੋਂ ਪਹਿਲਾਂ ਕੈਨੇਡਾ ਦੀ ਫੈਡਰਲ ਜੇਲ੍ਹ ਵਿੱਚ ਆਪਣੀ ਸਜ਼ਾ ਕੱਟਣਗੇ ਅਤੇ ਸਜ਼ਾ ਪੂਰੀ ਹੁੰਦਿਆਂ ਹੀ ਇਨ੍ਹਾਂ ਨੂੰ ਸਿੱਧਾ ਪੰਜਾਬ (ਭਾਰਤ) ਡਿਪੋਰਟ ਕਰ ਦਿੱਤਾ ਜਾਵੇਗਾ।

**ਇਤਿਹਾਸ ਅਤੇ ਸਮਾਜ ’ਤੇ ਲੱਗਿਆ ਵੱਡਾ ਦਾਗ** : ਇਸ ਖ਼ਬਰ ਨੇ ਕੈਨੇਡਾ ਅਤੇ ਦੁਨੀਆ ਭਰ ਵਿੱਚ ਬੈਠੇ ਸਿੱਖ ਅਤੇ ਪੰਜਾਬੀ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜਿਸ ਧਰਤੀ ’ਤੇ ਸਾਡੇ ਗਦਰੀ ਬਾਬਿਆਂ, ਮਹਾਨ ਸਿੱਖ ਦਾਨੀਆਂ, ਅਤੇ ਮਿਹਨਤੀ ਪੁਰਖਿਆਂ ਨੇ ਆਪਣਾ ਖੂਨ-ਪਸੀਨਾ ਵਹਾ ਕੇ ‘ਸਿੰਘ’ ਸ਼ਬਦ ਅਤੇ ਪੰਜਾਬੀਅਤ ਦਾ ਮਾਣ ਦੁਨੀਆ ਭਰ ਵਿੱਚ ਵਧਾਇਆ ਸੀ, ਅੱਜ ਕੁਝ ਗੁੰਮਰਾਹਕੁੰਨ ਅਤੇ ਅਪਰਾਧਿਕ ਬਿਰਤੀ ਵਾਲੇ ਨੌਜਵਾਨਾਂ ਨੇ ਉਸ ਸ਼ਾਨਦਾਰ ਇਤਿਹਾਸ ਦਾ ਬੇੜਾ ਗਰਕ ਕਰ ਕੇ ਰੱਖ ਦਿੱਤਾ ਹੈ।

ਆਏ ਦਿਨ ਵਿਦੇਸ਼ੀ ਅਦਾਲਤਾਂ ਵਿੱਚ ਪੰਜਾਬੀ ਨੌਜਵਾਨਾਂ ਦੇ ਫਿਰੌਤੀ, ਗੈਂਗਵਾਰ, ਹਥਿਆਰਾਂ ਦੀ ਤਸਕਰੀ ਅਤੇ ਗੋਲੀਬਾਰੀ ਦੇ ਕੇਸਾਂ ਵਿੱਚ ਨਾਮ ਆਉਣ ਕਾਰਨ ਸਮੁੱਚਾ ਭਾਈਚਾਰਾ ਚਿੰਤਾ ਵਿੱਚ ਹੈ। ਇਹ ਮਾਮਲਾ ਉਨ੍ਹਾਂ ਸਾਰੇ ਨੌਜਵਾਨਾਂ ਲਈ ਇੱਕ ਵੱਡਾ ਸਬਕ ਹੈ ਜੋ ਵਿਦੇਸ਼ਾਂ ਵਿੱਚ ਜਾ ਕੇ ਜੁਰਮ ਦੇ ਸ਼ਾਰਟਕੱਟ ਰਸਤੇ ਚੁਣਦੇ ਹਨ।

**ਅਦਾਲਤ ਵੱਲੋਂ ਸੁਣਾਈ ਗਈ ਸਜ਼ਾ ਦਾ ਵੇਰਵਾ**

ਅਦਾਲਤ ਨੇ ਤਿੰਨਾਂ ਦੋਸ਼ੀ ਨੌਜਵਾਨਾਂ ਨੂੰ ਵੱਖ-ਵੱਖ ਜੁਰਮਾਂ ਤਹਿਤ ਹੇਠ ਲਿਖੇ ਅਨੁਸਾਰ ਸਜ਼ਾ ਸੁਣਾਈ ਹੈ:

| ਦੋਸ਼ੀ ਦਾ ਨਾਮ ਅਤੇ ਉਮਰ | ਕਬੂਲ ਕੀਤਾ ਜੁਰਮ (Guilty Plea) | ਸੁਣਾਈ ਗਈ ਸਜ਼ਾ (Sentence) |
|---|---|---|
| ਤਰਨਵੀਰ ਸਿੰਘ (ਉਮਰ 19 ਸਾਲ) | ਲਾਪਰਵਾਹੀ ਨਾਲ ਸ਼ਰੇਆਮ ਗੋਲੀਬਾਰੀ ਕਰਨਾ (Reckless discharge of a firearm) | 5 ਸਾਲ ਦੀ ਸਖ਼ਤ ਕੈਦ (ਜੇਲ੍ਹ) |
| ਦਯਾਜੀਤ ਸਿੰਘ ਬਿਲਿੰਗ (ਉਮਰ 21 ਸਾਲ) | ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਲਈ ਧਮਾਕਾਖੇਜ਼ ਸਮੱਗਰੀ ਸੁੱਟਣਾ | 27 ਮਹੀਨੇ (2 ਸਾਲ 3 ਮਹੀਨੇ) ਦੀ ਕੈਦ |
| ਹਰਜੋਤ ਸਿੰਘ (ਉਮਰ 21 ਸਾਲ) | ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਲਈ ਧਮਾਕਾਖੇਜ਼ ਸਮੱਗਰੀ ਸੁੱਟਣਾ | 25 ਮਹੀਨੇ (2 ਸਾਲ 1 ਮਹੀਨਾ) ਦੀ ਕੈਦ |

# ਸ. ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਨ ਦੀ ਲੱਖ-ਲੱਖ ਵਧਾਈ



ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਬਣਾਉਣ ਲਈ ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ **ਸ. ਕੇਵਲ ਸਿੰਘ ਢਿੱਲੋਂ** ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਉਣ ਦਾ ਬੀਜੇਪੀ ਦੇ ਨੈਸ਼ਨਲ ਲੀਡਰ

**ਸ. ਸੁਖਮਿੰਦਰਪਾਲ ਸਿੰਘ ਗਰੇਵਾਲ**

ਵਲੋਂ ਧੰਨਵਾਦ



## ਸ. ਸੁਖਮਿੰਦਰਪਾਲ ਸਿੰਘ ਗਰੇਵਾਲ

(ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ)

ਬੀਜੇਪੀ ਦੇ ਨੈਸ਼ਨਲ ਲੀਡਰ



# ਬਾਬੇ ਨਾਨਕ ਦੇ ਘਰ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਲਈ ਸਿੱਖਾਂ ਦਾ ਜਥਾ ਪਾਕਿਸਤਾਨ ਰਵਾਨਾ








ਅੰਮ੍ਰਿਤਸਰ (ਪੰਜਾਬ) : ਸ਼ਹੀਦਾਂ ਦੇ ਸਿਰਤਾਜ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਣ ਅਤੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ-ਦੀਦਾਰ ਕਰਨ ਲਈ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ 541 ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਪਾਕਿਸਤਾਨ ਲਈ ਰਵਾਨਾ ਕੀਤਾ ਗਿਆ। ਐੱਸ.ਜੀ.ਪੀ.ਸੀ. ਦੇ ਸੀਨੀਅਰ ਮੈਂਬਰ ਭੂਪਿੰਦਰ ਸਿੰਘ ਭੱਲਾ (ਭਲਵਾਨ) ਦੀ ਅਗਵਾਈ ਵਿੱਚ ਇਹ ਜਥਾ ਅੰਮ੍ਰਿਤਸਰ ਤੋਂ ਰਵਾਨਾ ਹੋਇਆ, ਜਿਸ ਵਿੱਚ ਸ਼ਾਮਲ ਸ਼ਰਧਾਲੂਆਂ ਦੇ ਚਿਹਰਿਆਂ 'ਤੇ ਗੁਰਧਾਮਾਂ ਦੇ ਦਰਸ਼ਨਾਂ ਦੀ ਭਾਵੁਕ ਖ਼ੁਸ਼ੀ ਸਾਫ਼ ਦਿਖਾਈ ਦੇ ਰਹੀ ਸੀ।

**ਇਨ੍ਹਾਂ ਇਤਿਹਾਸਕ ਗੁਰਧਾਮਾਂ ਦੇ ਕੀਤੇ ਜਾਣਗੇ ਦਰਸ਼ਨ**

ਪਾਕਿਸਤਾਨ ਯਾਤਰਾ ਦੌਰਾਨ ਇਹ ਸਿੱਖ ਜਥਾ ਕਈ ਪ੍ਰਮੁੱਖ ਅਤੇ ਪਵਿੱਤਰ ਸਿੱਖ ਅਸਥਾਨਾਂ ਦੇ ਨਤਮਸਤਕ ਹੋਵੇਗਾ:

ਸ੍ਰੀ ਨਨਕਾਣਾ ਸਾਹਿਬ (ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਸਥਾਨ)

ਸ੍ਰੀ ਪੰਜਾ ਸਾਹਿਬ, ਗੁਰਦੁਆਰਾ ਰੋੜੀ ਸਾਹਿਬ, ਅਤੇ ਗੁਰਦੁਆਰਾ ਸੱਚਾ ਸੌਦਾ

ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ

ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਕਰਵਾਏ ਜਾਣ ਵਾਲੇ ਮੁੱਖ ਧਾਰਮਿਕ ਸਮਾਗਮਾਂ ਵਿੱਚ ਇਹ ਜਥਾ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੇਗਾ।

**ਵੀਜ਼ਾ ਪ੍ਰਕਿਰਿਆ ਨੂੰ ਸਰਲ ਬਣਾਉਣ ਦੀ ਅਪੀਲ: ਭੂਪਿੰਦਰ ਸਿੰਘ ਭੱਲਾ**

ਜਥੇ ਦੀ ਰਵਾਨਗੀ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਐੱਸ.ਜੀ.ਪੀ.ਸੀ. ਮੈਂਬਰ ਭੂਪਿੰਦਰ ਸਿੰਘ ਭੱਲਾ ਨੇ ਸ਼ਰਧਾਲੂਆਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ: 'ਕੁੱਲ 541 ਸ਼ਰਧਾਲੂਆਂ ਨੇ ਇਸ ਪਵਿੱਤਰ ਯਾਤਰਾ ਲਈ ਅਪਲਾਈ ਕੀਤਾ ਸੀ। ਸਿੱਖ ਸੰਗਤਾਂ ਵਿੱਚ ਆਪਣੇ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਲਈ ਭਾਰੀ ਉਤਸ਼ਾਹ ਹੁੰਦਾ ਹੈ, ਪਰ ਪਾਸਪੋਰਟ ਅਤੇ ਵੀਜ਼ਾ ਮਿਲਣ ਵਿੱਚ ਆਉਣ ਵਾਲੀਆਂ ਪ੍ਰਸ਼ਾਸਨਿਕ ਅੜਚਨਾਂ ਕਾਰਨ ਕਈ ਸ਼ਰਧਾਲੂ ਵਾਂਝੇ ਰਹਿ ਜਾਂਦੇ ਹਨ।'

ਉਨ੍ਹਾਂ ਨੇ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਸਿੱਖਾਂ ਅਤੇ ਹੋਰ ਧਰਮਾਂ ਦੇ ਸ਼ਰਧਾਲੂਆਂ ਲਈ ਵੀਜ਼ਾ ਪ੍ਰਕਿਰਿਆ ਨੂੰ ਬੇਹੱਦ ਸਰਲ ਅਤੇ ਸੁਖਾਲਾ ਬਣਾਇਆ ਜਾਵੇ, ਤਾਂ ਜੋ ਹਰ ਕੋਈ ਬਿਨਾਂ ਕਿਸੇ ਪਰੇਸ਼ਾਨੀ ਦੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਸਕੇ।

**ਸ਼ਰਧਾਲੂਆਂ ਦੀਆਂ ਅੱਖਾਂ 'ਚ ਛਲਕੇ ਅੱਥਰੂ, ਸਾਂਝੇ ਕੀਤੇ ਜਜ਼ਬਾਤ**

ਯਾਤਰਾ 'ਤੇ ਜਾ ਰਹੇ ਵੱਖ-ਵੱਖ ਸ਼ਰਧਾਲੂਆਂ ਨੇ ਆਪਣੇ ਦਿਲ ਦੇ ਵਲਵਲੇ ਸਾਂਝੇ ਕਰਦਿਆਂ ਕਿਹਾ ਕਿ ਇਹ ਯਾਤਰਾ ਉਨ੍ਹਾਂ ਲਈ ਸਿਰਫ਼ ਇੱਕ ਸਫ਼ਰ ਨਹੀਂ, ਬਲਕਿ ਇੱਕ ਪਰਮ ਆਤਮਿਕ ਅਤੇ ਭਾਵੁਕ ਅਨੁਭਵ ਹੈ। ਕਈ ਬਜ਼ੁਰਗ ਸ਼ਰਧਾਲੂਆਂ ਨੇ ਕਿਹਾ ਕਿ ਉਹ ਸਾਲਾਂ ਤੋਂ ਇਸ ਦਿਨ ਦਾ ਇੰਤਜ਼ਾਰ ਕਰ ਰਹੇ ਸਨ ਕਿ ਕਦੋਂ ਉਹ ਗੁਰੂ ਨਾਨਕ ਪਾਤਸ਼ਾਹ ਅਤੇ ਗੁਰੂ ਅਰਜਨ ਦੇਵ ਜੀ ਦੇ ਚਰਨ-ਛੋਹ ਪ੍ਰਾਪਤ ਧਰਤੀ ਨੂੰ ਪ੍ਰਣਾਮ ਕਰਨਗੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਜਥੇ ਦੇ ਆਗੂਆਂ ਅਤੇ ਸ਼ਰਧਾਲੂਆਂ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਨਿੱਘੀ ਵਿਦਾਇਗੀ ਦਿੱਤੀ ਗਈ।

# ਸ੍ਰੀ ਗੁਰੂ ਅਰਜਨ ਦੇਵ ਜੀ ਦੇ 420ਵੇਂ ਸ਼ਹੀਦੀ ਪੁਰਬ ਲਈ ਪਹੁੰਚੇ ਸਿੱਖ ਸ਼ਰਧਾਲੂਆਂ ਦਾ ਪਾਕਿਸਤਾਨ 'ਚ ਨਿੱਘਾ ਸਵਾਗਤ












ਲਾਹੌਰ/ਅੰਮ੍ਰਿਤਸਰ: ਸ਼ਹੀਦਾਂ ਦੇ ਸਿਰਤਾਜ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ 420ਵੇਂ ਸ਼ਹੀਦੀ ਪੁਰਬ (ਸ਼ਹੀਦੀ ਜੋੜ ਮੇਲਾ) ਦੇ ਸਬੰਧ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ 650 ਸਿੱਖ ਸ਼ਰਧਾਲੂਆਂ (ਸੰਗਤ) ਦਾ ਇੱਕ ਵੱਡਾ ਜਥਾ 10 ਜੂਨ ਨੂੰ ਪਾਕਿਸਤਾਨ ਪਹੁੰਚ ਗਿਆ ਹੈ। ਪਾਕਿਸਤਾਨ ਵਾਕਗਾ-ਅਟਾਰੀ ਸਰਹੱਦ ਅਤੇ ਲਾਹੌਰ ਪਹੁੰਚਣ 'ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (PSGPC) ਅਤੇ ਈਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ETPB) ਦੇ ਅਧਿਕਾਰੀਆਂ ਵੱਲੋਂ ਸੰਗਤਾਂ ਦਾ ਫੁੱਲਾਂ ਦੇ ਹਾਰ ਪਾ ਕੇ ਅਤੇ ਭਰਵਾਂ ਸਵਾਗਤ ਕੀਤਾ ਗਿਆ।

ਪਾਕਿਸਤਾਨ ਪ੍ਰਸ਼ਾਸਨ ਅਤੇ ਮੁਸਲਿਮ ਭਾਈਚਾਰੇ ਵੱਲੋਂ ਉਰਦੂ ਅਤੇ ਪੰਜਾਬੀ ਵਿੱਚ 'ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਹਾੜੇ ਤੇ ਸ਼ਹੀਦੀ ਜੋੜ ਮੇਲੇ ਤੇ ਆਣ ਵਾਲੇ ਸਿੱਖ ਜੱਥੇ ਨੂੰ ਜੀ ਆਇਆਂ ਨੂੰ' ਦੇ ਬੈਨਰ ਲਗਾ ਕੇ ਨਿੱਘੀ ਜੀ ਆਇਆਂ ਆਖੀ ਗਈ।

**10 ਤੋਂ 19 ਜੂਨ ਤੱਕ ਇਨ੍ਹਾਂ ਪਵਿੱਤਰ ਗੁਰਧਾਮਾਂ ਦੇ ਹੋਣਗੇ ਦਰਸ਼ਨ**

ਇਹ ਪਵਿੱਤਰ ਜਥਾ 10 ਜੂਨ ਤੋਂ 19 ਜੂਨ ਤੱਕ ਪਾਕਿਸਤਾਨ ਵਿੱਚ ਰਹੇਗਾ ਅਤੇ ਇਸ ਦੌਰਾਨ ਵੱਖ-ਵੱਖ ਇਤਿਹਾਸਕ ਸਿੱਖ ਅਸਥਾਨਾਂ ਦੇ ਦਰਸ਼ਨ-ਦੀਦਾਰ ਕਰੇਗਾ:

ਸ੍ਰੀ ਨਨਕਾਣਾ ਸਾਹਿਬ (ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਸਥਾਨ)

ਗੁਰਦੁਆਰਾ ਸੱਚਾ ਸੌਦਾ (ਫ਼ਾਰੂਕਾਬਾਦ)

ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ)

ਗੁਰਦੁਆਰਾ ਰੋੜੀ ਸਾਹਿਬ (ਐਮਨਾਬਾਦ)

ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ (ਨਾਰੋਵਾਲ)

ਯਾਤਰਾ ਦੇ ਅਖੀਰ ਵਿੱਚ, ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਦੇ 420ਵੇਂ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਕਰਵਾਏ ਜਾ ਰਹੇ ਮੁੱਖ ਧਾਰਮਿਕ ਸਮਾਗਮਾਂ ਵਿੱਚ ਇਹ ਜਥਾ ਸ਼ਾਮਲ ਹੋਵੇਗਾ, ਜਿੱਥੇ ਸੰਗਤਾਂ ਗੁਰੂ ਚਰਨਾਂ ਵਿੱਚ ਅਕੀਦਤ ਦੇ ਫੁੱਲ ਭੇਟ ਕਰਨਗੀਆਂ।

**ਪਾਕਿਸਤਾਨ ਸਰਕਾਰ ਅਤੇ ਪ੍ਰਬੰਧਕਾਂ ਦਾ ਵਿਸ਼ੇਸ਼ ਧੰਨਵਾਦ**

ਜਥੇ ਦੇ ਆਗੂਆਂ ਅਤੇ ਸ਼ਰਧਾਲੂਆਂ ਨੇ ਸ਼ਾਨਦਾਰ ਸੁਰੱਖਿਆ, ਰਿਹਾਇਸ਼ ਅਤੇ ਲੰਗਰ ਦੇ ਪ੍ਰਬੰਧਾਂ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (PSGPC), ETPB ਅਤੇ ਪਾਕਿਸਤਾਨੀ ਪੰਜਾਬ ਸਰਕਾਰ ਦੀਆਂ ਸਾਰੀਆਂ ਟੀਮਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਸ਼ਰਧਾਲੂਆਂ ਨੇ ਕਿਹਾ ਕਿ ਪਾਕਿਸਤਾਨ ਦੀ ਧਰਤੀ 'ਤੇ ਸਥਿਤ ਗੁਰਧਾਮਾਂ ਦੇ ਦਰਸ਼ਨ ਕਰਨਾ ਹਰ ਸਿੱਖ ਦੀ ਦਿਲੀ ਤਮੰਨਾ ਹੁੰਦੀ ਹੈ ਅਤੇ ਇੱਥੇ ਮਿਲਣ ਵਾਲਾ ਸਤਿਕਾਰ ਤੇ ਪਿਆਰ ਦੋਵਾਂ ਦੇਸ਼ਾਂ ਦੇ ਲੋਕਾਂ ਵਿੱਚ ਆਪਸੀ ਸਾਂਝ ਨੂੰ ਹੋਰ ਮਜ਼ਬੂਤ ਕਰਦਾ ਹੈ।

# ਮੋਦੀ ਯੁੱਗ ਦੇ 12 ਸਾਲ-ਦੇਸ਼ ਅਹਿਮ ਰਾਜਨੀਤਕ ਤੇ ਆਰਥਿਕ ਤਬਦੀਲੀਆਂ ਦਾ ਗਵਾਹ ਬਣਿਆ




**ਸਤਨਾਮ ਸਿੰਘ ਸੰਧੂ**

ਭਾਰਤ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ 12 ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਿਹਾ ਹੈ ਤੇ ਇਨ੍ਹਾਂ ਸਾਲਾਂ ਦੌਰਾਨ ਦੇਸ਼ ਵਿਚ ਵੱਡੇ ਪੱਧਰ 'ਤੇ ਆਏ ਬਦਲਾਅ ਨੂੰ ਵੇਖ ਕੇ ਕਿਸੇ ਵਿਅਕਤੀ ਦਾ ਹੈਰਾਨ ਹੋਣਾ ਸੁਭਾਵਿਕ ਹੈ। ਆਜ਼ਾਦ ਭਾਰਤ ਦੇ ਇਤਿਹਾਸ ਵਿਚ ਅਜਿਹੇ ਮੌਕੇ ਬਹੁਤ ਘੱਟ ਆਏ ਹਨ, ਜਦੋਂ ਇੰਨੇ ਵੱਡੇ ਪੱਧਰ 'ਤੇ ਤਬਦੀਲੀਆਂ ਇੰਨੀ ਤੇਜ਼ ਰਫ਼ਤਾਰ ਤੇ ਇੰਨੇ ਵੱਡੇ ਸੁਪਨਿਆਂ ਨਾਲ ਹੋਈਆਂ ਹੋਣ। 2014 'ਚ ਜਦ ਸ੍ਰੀ ਮੋਦੀ ਨੇ ਪਹਿਲੀ ਵਾਰ ਦੇਸ਼ ਦੀ ਵਾਗਡੋਰ ਸੰਭਾਲੀ, ਉਦੋਂ ਦੇਸ਼ ਵਾਸੀ ਇਕ ਤਰ੍ਹਾਂ ਦੀ ਨਿਰਾਸ਼ਾ ਤੇ ਠਹਿਰਾਅ ਦੀ ਸਥਿਤੀ ਵਿਚ ਸਨ। 12 ਸਾਲ ਬਾਅਦ ਅੱਜ ਦੀ ਤਸਵੀਰ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਅੱਜ ਭਾਰਤ ਖ਼ੁਦ ਨੂੰ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ, ਨਵੀਨਤਾ ਤੇ ਤਕਨਾਲੋਜੀ ਦੇ ਖੇਤਰ 'ਚ ਇਕ ਵਿਸ਼ਵ ਆਗੂ ਅਤੇ ਅੰਤਰਰਾਸ਼ਟਰੀ ਰਾਜਨੀਤੀ ਵਿਚ ਇਕ ਮਹੱਤਵਪੂਰਨ ਸ਼ਕਤੀ ਵਜੋਂ ਸਥਾਪਤ ਕਰ ਚੁੱਕਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਇਕ ਅਜਿਹਾ ਰਾਸ਼ਟਰ ਬਣ ਚੁੱਕਾ ਹੈ, ਜਿਸ ਨੇ ਖ਼ੁਦ ਦਾ ਗੁਆਚਿਆ ਹੋਇਆ ਭਰੋਸਾ ਮੁੜ ਪ੍ਰਾਪਤ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਜੂਨ 2024 ਵਿਚ ਨਰਿੰਦਰ ਮੋਦੀ ਨੇ ਤੀਜੀ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਅਹੁਦੇ 'ਤੇ ਦੀ ਸਹੁੰ ਚੁੱਕੀ ਸੀ।

ਪਿਛਲੇ ਇਕ ਦਹਾਕੇ ਤੋਂ ਵੱਧ ਸਮੇਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਨੇ ਸ਼ਾਸਨ, ਅਰਥਵਿਵਸਥਾ, ਬੁਨਿਆਦੀ ਢਾਂਚੇ, ਖੇਤੀਬਾੜੀ, ਡਿਜੀਟਲ ਤਕਨਾਲੋਜੀ ਤੇ ਵਿਦੇਸ਼ ਨੀਤੀ ਦੇ ਖੇਤਰਾਂ 'ਚ ਮਹੱਤਵਪੂਰਨ ਤਬਦੀਲੀਆਂ ਦੇਖੀਆਂ ਹਨ। ਇਸ ਦੌਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੱਕਦਾਰੀ ਆਧਾਰਿਤ ਰਾਜਨੀਤੀ ਤੋਂ ਸਸ਼ਕਤੀਕਰਨ ਆਧਾਰਿਤ ਸ਼ਾਸਨ ਵੱਲ ਦਾ ਬਦਲਾਅ ਰਿਹਾ ਹੈ। ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਸਵੱਛ ਭਾਰਤ ਮਿਸ਼ਨ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਉਜਵਲਾ ਯੋਜਨਾ, ਆਯੂਸ਼ਮਾਨ ਭਾਰਤ ਤੇ ਪੀਐਮ-ਕਿਸਾਨ ਵਰਗੀਆਂ ਯੋਜਨਾਵਾਂ ਨੇ ਕਰੋੜਾਂ ਲੋਕਾਂ ਤੱਕ ਸਿੱਧਾ ਲਾਭ ਪਹੁੰਚਾਇਆ ਹੈ। 'ਡਿਜੀਟਲ ਇੰਡੀਆ' ਅੱਜ ਨਵੇਂ ਭਾਰਤ ਦਾ ਸਭ ਤੋਂ ਮਜ਼ਬੂਤ ਪ੍ਰਤੀਕ ਬਣ ਕੇ ਉਭਰਿਆ ਹੈ। ਜਨ ਧਨ, ਆਧਾਰ ਅਤੇ ਮੋਬਾਈਲ ਦੀ ਤਿਕੜੀ ਨੇ ਸਰਕਾਰੀ ਸੇਵਾਵਾਂ ਦੀ ਡਲਿਵਰੀ ਨੂੰ ਨਵਾਂ ਰੂਪ ਦਿੱਤਾ ਹੈ, ਜਦਕਿ ਯੂ.ਪੀ.ਆਈ. ਨੇ ਭਾਰਤ ਨੂੰ ਡਿਜੀਟਲ ਭੁਗਤਾਨਾਂ ਦੇ ਖੇਤਰ ਵਿਚ ਵਿਸ਼ਵ ਆਗੂਆਂ ਵਿਚ ਸ਼ਾਮਿਲ ਕੀਤਾ ਹੈ। ਇਸ ਦੇ ਨਾਲ ਹੀ ਸੜਕਾਂ, ਰੇਲਵੇ, ਹਵਾਈ ਅੱਡਿਆਂ, ਬੰਦਰਗਾਹਾਂ ਤੇ ਲਾਜਿਸਟਿਕਸ ਨੈੱਟਵਰਕ ਦੇ ਵਿਸਥਾਰ ਨੇ ਦੇਸ਼ ਦੀ ਆਰਥਿਕ ਸੰਰਚਨਾ ਨੂੰ ਮਜ਼ਬੂਤ ਕੀਤਾ ਹੈ। ਗਤੀ ਸ਼ਕਤੀ, ਭਾਰਤਮਾਲਾ, ਮੇਕ ਇਨ ਇੰਡੀਆ ਤੇ ਪੀ.ਐੱਲ.ਆਈ. ਵਰਗੀਆਂ ਪਹਿਲਾਂ ਨੇ ਨਿਰਮਾਣ ਤੇ ਨਿਵੇਸ਼ ਨੂੰ ਨਵੀਂ ਗਤੀ ਦਿੱਤੀ ਹੈ। ਖੇਤੀਬਾੜੀ ਖੇਤਰ ਨੂੰ ਵੀ ਵਿਕਾਸ ਦੇ ਕੇਂਦਰ ਵਿਚ ਰੱਖਿਆ ਗਿਆ ਹੈ। ਪੀਐਮ-ਕਿਸਾਨ ਰਾਹੀਂ ਕਿਸਾਨਾਂ ਨੂੰ ਸਿੱਧੀ ਵਿੱਤੀ ਸਹਾਇਤਾ, ਫਸਲ ਬੀਮਾ ਯੋਜਨਾ, ਕ੍ਰਿਸ਼ੀ ਸਿੰਚਾਈ ਯੋਜਨਾ, ਮਿੱਟੀ ਸਿਹਤ ਕਾਰਡ ਅਤੇ ਖੇਤੀ ਦੇ ਆਧੁਨਿਕੀਕਰਨ ਨੇ ਉਤਪਾਦਕਤਾ ਅਤੇ ਆਮਦਨ ਵਿਚ ਵਾਧਾ ਕੀਤਾ ਹੈ। ਬਾਗਬਾਨੀ, ਡੇਅਰੀ, ਮੱਛੀ ਪਾਲਣ ਤੇ ਈ-ਨਾਮ ਵਰਗੀਆਂ ਪਹਿਲਾਂ ਨੇ ਪੇਂਡੂ ਅਰਥਵਿਵਸਥਾ ਨੂੰ ਮਜ਼ਬੂਤ ਬਣਾਇਆ ਹੈ। ਆਰਥਿਕ ਪੱਖੋਂ ਭਾਰਤ 2014 ਦੀ ਦਸਵੀਂ ਸਭ ਤੋਂ ਵੱਡੀ ਅਰਥਵਿਵਸਥਾ ਤੋਂ ਅੱਜ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਚੁੱਕਾ ਹੈ। ਜੀ.ਐਸ.ਟੀ., ਆਈ.ਬੀ.ਸੀ. ਅਤੇ ਕਰ ਸੁਧਾਰਾਂ ਨੇ ਆਰਥਿਕ ਪ੍ਰਣਾਲੀ ਨੂੰ ਹੋਰ ਕੁਸ਼ਲ ਬਣਾਇਆ ਹੈ, ਜਦਕਿ ਡਿਜੀਟਲ ਲੈਣ-ਦੇਣ ਅਤੇ ਸਟਾਰਟਅੱਪ ਈਕੋਸਿਸਟਮ ਨੇ ਵਿਕਾਸ ਨੂੰ ਨਵੀਂ ਦਿਸ਼ਾ ਦਿੱਤੀ ਹੈ।

ਵਿਸ਼ਵ ਮੰਚ 'ਤੇ ਵੀ ਭਾਰਤ ਦੀ ਸਥਿਤੀ ਮਜ਼ਬੂਤ ਹੋਈ ਹੈ। ਜੀ-20 ਪ੍ਰਧਾਨਗੀ, ਗਲੋਬਲ ਸਾਊਥ ਦੀ ਆਵਾਜ਼ ਵਜੋਂ ਭੂਮਿਕਾ, ਕੋਵਿਡ ਦੌਰਾਨ ਟੀਕਾਕਰਨ ਅਤੇ ਵੈਕਸੀਨ ਕੂਟਨੀਤੀ, ਨਾਲ ਹੀ ਸੱਭਿਆਚਾਰਕ ਵਿਰਾਸਤ ਦੇ ਪੁਨਰਉਥਾਨ ਨੇ ਭਾਰਤ ਦੇ ਵਧਦੇ ਆਤਮਵਿਸ਼ਵਾਸ ਨੂੰ ਦਰਸਾਇਆ ਹੈ। 'ਵਿਕਸਿਤ ਭਾਰਤ' ਦਾ ਸੁਪਨਾ ਹੁਣ ਇਕ ਸਪੱਸ਼ਟ ਰਾਸ਼ਟਰੀ ਦਿਸ਼ਾ ਵਜੋਂ ਉੱਭਰ ਰਿਹਾ ਹੈ, ਜੋ ਭਾਰਤ ਨੂੰ ਵਿਸ਼ਵ ਮਹਾਂਸ਼ਕਤੀ ਬਣਨ ਵੱਲ ਅੱਗੇ ਵਧਦਾ ਦਰਸਾਉਂਦਾ ਹੈ।

ਡੂੰਘਾ ਪ੍ਰਭਾਵ ਛੱਡਣ ਵਾਲੇ ਫ਼ੈਸਲੇ-ਇਸ ਤੋਂ ਇਲਾਵਾ ਪਿਛਲੇ 12 ਸਾਲਾਂ ਦੌਰਾਨ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਕੁਝ ਅਜਿਹੇ ਫ਼ੈਸਲੇ ਵੀ ਲਏ ਗਏ, ਜਿਨ੍ਹਾਂ ਨੇ ਕੇਵਲ ਪ੍ਰਸ਼ਾਸਨਿਕ ਜਾਂ ਆਰਥਿਕ ਖੇਤਰਾਂ 'ਚ ਹੀ ਨਹੀਂ, ਸਗੋਂ ਸਮਾਜਿਕ ਤੇ ਰਾਸ਼ਟਰੀ ਪੱਧਰ 'ਤੇ ਵੀ ਡੂੰਘਾ ਪ੍ਰਭਾਵ ਛੱਡਿਆ। ਤਿੰਨ ਤਲਾਕ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ, ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ, 'ਬੇਟੀ ਬਚਾਓ, ਬੇਟੀ ਪੜ੍ਹਾਓ' ਵਰਗੀਆਂ ਪਹਿਲਾਂ ਨੇ ਵੀ ਸਮਾਜਿਕ ਬਦਲਾਅ ਨੂੰ ਨਵੀਂ ਦਿਸ਼ਾ ਦਿੱਤੀ। ਇਸ ਤੋਂ ਇਲਾਵਾ ਧਾਰਾ 370 ਨੂੰ ਹਟਾਉਣ, ਨਾਗਰਿਕਾਂ ਤੱਕ ਸਰਕਾਰੀ ਸੇਵਾਵਾਂ ਦੀ ਸਿੱਧੀ ਪਹੁੰਚ ਯਕੀਨੀ ਬਣਾਉਣ ਅਤੇ ਭ੍ਰਿਸ਼ਟਾਚਾਰ 'ਤੇ ਰੋਕ ਲਗਾਉਣ ਲਈ ਡਿਜੀਟਲ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਵਰਗੇ ਫ਼ੈਸਲਿਆਂ ਨੇ ਦੇਸ਼ ਦੇ ਰਾਜਨੀਤਕ ਤੇ ਪ੍ਰਸ਼ਾਸਨਿਕ ਢਾਂਚੇ ਵਿਚ ਨਵੇਂ ਮਾਪਦੰਡ ਸਥਾਪਤ ਕੀਤੇ ਹਨ। ਨਤੀਜੇ ਵਜੋਂ ਭਾਰਤ ਇਕ ਅਜਿਹੇ ਦੇਸ਼ ਵਜੋਂ ਉੱਭਰਿਆ ਹੈ, ਜੋ ਵਿਕਾਸ, ਸੁਸ਼ਾਸਨ ਤੇ ਰਾਸ਼ਟਰੀ ਏਕਤਾ ਦੇ ਟੀਚਿਆਂ ਵੱਲ ਆਤਮਵਿਸ਼ਵਾਸ ਨਾਲ ਅੱਗੇ ਵਧ ਰਿਹਾ ਹੈ। ਸਾਲ 2016 ਵਿਚ ਉੜੀ ਹਮਲੇ ਤੋਂ ਬਾਅਦ ਭਾਰਤੀ ਫ਼ੌਜ ਵਲੋਂ ਐਲ.ਓ.ਸੀ. ਪਾਰ ਅੱਤਵਾਦੀ ਟਿਕਾਣਿਆਂ 'ਤੇ ਕੀਤੀ ਗਈ ਸਰਜੀਕਲ ਸਟਰਾਈਕ ਨੂੰ ਭਾਰਤ ਦੀ ਸੁਰੱਖਿਆ ਨੀਤੀ ਵਿਚ ਇਕ ਮਹੱਤਵਪੂਰਨ ਮੋੜ ਮੰਨਿਆ ਜਾਂਦਾ ਹੈ। ਇਸ ਕਦਮ ਨੇ ਭਾਰਤ ਦੇ ਸੁਰੱਖਿਆ ਰੁਖ਼ ਨੂੰ ਹੋਰ ਦ੍ਰਿੜ੍ਹ ਤੇ ਨਿਰਣਾਇਕ ਰੂਪ ਵਿਚ ਪੇਸ਼ ਕੀਤਾ। ਭਾਰਤ-ਮਿਆਂਮਾਰ ਸਰਹੱਦ 'ਤੇ ਲਾਗੂ ਦਹਾਕਿਆਂ ਪੁਰਾਣੀ 'ਫਰੀ ਮੂਵਮੈਂਟ ਰਜੀਮ' (ਐਫ.ਐਮ.ਆਰ.) ਵਿਵਸਥਾ ਨੂੰ ਖ਼ਤਮ ਕਰਨ ਦਾ ਫ਼ੈਸਲਾ ਲਿਆ। ਸਰਕਾਰ ਨੇ ਸੁਰੱਖਿਆ ਚਿੰਤਾਵਾਂ, ਗ਼ੈਰ-ਕਾਨੂੰਨੀ ਘੁਸਪੈਠ ਤੇ ਰਾਸ਼ਟਰ ਵਿਰੋਧੀ ਕਾਰਵਾਈਆਂ ਨੂੰ ਧਿਆਨ ਵਿਚ ਰੱਖਦਿਆਂ ਇਹ ਕਦਮ ਚੁੱਕਿਆ। ਇਸ ਨੂੰ ਸਰਹੱਦੀ ਸੁਰੱਖਿਆ ਤੇ ਉੱਤਰ-ਪੂਰਬੀ ਖੇਤਰ ਦੀ ਸਥਿਰਤਾ ਲਈ ਇਕ ਮਹੱਤਵਪੂਰਨ ਨੀਤੀਗਤ ਬਦਲਾਅ ਮੰਨਿਆ ਜਾਂਦਾ ਹੈ। ਨਾਗਰਿਕਤਾ ਨੀਤੀ ਵਿਚ ਇਤਿਹਾਸਕ ਬਦਲਾਅ ਕਰਦਿਆਂ ਸਰਕਾਰ ਨੇ 2019 ਵਿਚ ਨਾਗਰਿਕਤਾ ਸੋਧ ਕਾਨੂੰਨ (311) ਪਾਸ ਕੀਤਾ, ਜਿਸ ਦਾ ਉਦੇਸ਼ ਪਾਕਿਸਤਾਨ, ਬੰਗਲਾਦੇਸ਼ ਤੇ ਅਫ਼ਗਾਨਿਸਤਾਨ ਵਿਚ ਧਾਰਮਿਕ ਅੱਤਿਆਚਾਰ ਦੇ ਸ਼ਿਕਾਰ ਹੋਏ ਹਿੰਦੂ, ਸਿੱਖ, ਬੁੱਧ, ਜੈਨ, ਇਸਾਈ ਤੇ ਪਾਰਸੀ ਭਾਈਚਾਰਿਆਂ ਦੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣਾ ਹੈ, ਜੋ 31 ਦਸੰਬਰ 2014 ਤੋਂ ਪਹਿਲਾਂ ਭਾਰਤ ਆਏ ਸਨ। ਸਰਕਾਰ ਮੁਤਾਬਕ ਇਹ ਇਨਸਾਨੀਅਤ ਦੇ ਆਧਾਰ 'ਤੇ ਲਿਆ ਗਿਆ ਇਕ ਅਜਿਹਾ ਕਦਮ ਹੈ, ਜੋ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਆ, ਸਨਮਾਨ ਤੇ ਇਕ ਕਾਨੂੰਨੀ ਪਛਾਣ ਦਿੰਦਾ ਹੈ। ਰੱਖਿਆ ਖੇਤਰ ਵਿਚ ਵੱਡਾ ਸੁਧਾਰ ਕਰਦਿਆਂ 'ਅਗਨੀਪਥ ਯੋਜਨਾ' ਸ਼ੁਰੂ ਕੀਤੀ ਗਈ, ਜਿਸ ਤਹਿਤ ਨੌਜਵਾਨਾਂ ਦੀ ਭਰਤੀ 4 ਸਾਲ ਲਈ 'ਅਗਨੀਵੀਰ' ਵਜੋਂ ਕੀਤੀ ਜਾਂਦੀ ਹੈ। ਇਸ ਯੋਜਨਾ ਦਾ ਉਦੇਸ਼ ਭਾਰਤੀ ਫ਼ੌਜ ਨੂੰ ਵਧੇਰੇ ਆਧੁਨਿਕ ਤੇ ਤਕਨੀਕੀ ਤੌਰ 'ਤੇ ਸਮਰੱਥ ਬਣਾਉਣਾ ਹੈ। ਸੇਵਾ ਮਿਆਦ ਪੂਰੀ ਹੋਣ 'ਤੇ ਕੁਝ ਫ਼ੀਸਦੀ ਅਗਨੀਵੀਰਾਂ ਨੂੰ ਫ਼ੌਜ 'ਚ ਸਥਾਈ ਰੱਖਿਆ ਜਾਂਦਾ ਹੈ, ਜਦਕਿ ਬਾਕੀ ਨੌਜਵਾਨਾਂ ਨੂੰ ਹੋਰ ਖੇਤਰਾਂ 'ਚ ਰੁਜ਼ਗਾਰ ਲਈ ਆਰਥਿਕ ਸਹਾਇਤਾ ਤੇ ਹੁਨਰ ਵਿਕਾਸ ਦੇ ਮੌਕੇ ਦਿੱਤੇ ਜਾਂਦੇ ਹਨ। ਇਹ ਭਾਰਤੀ ਫ਼ੌਜ ਦੇ ਭਵਿੱਖ ਲਈ ਇਕ ਰਣਨੀਤਕ ਤੇ ਦੂਰਗਾਮੀ ਕਦਮ ਹੈ।

ਕੁੱਲ ਮਿਲਾ ਕੇ ਪਿਛਲੇ 12 ਸਾਲਾਂ ਵਿਚ ਲਏ ਫ਼ੈਸਲਿਆਂ ਅਤੇ ਸ਼ੁਰੂ ਕੀਤੀਆਂ ਪਹਿਲਾਂ ਨੇ ਭਾਰਤ ਦੇ ਵਿਕਾਸ ਦੇ ਨਵੇਂ ਅਧਿਆਇ ਲਿਖੇ ਹਨ। ਇਹ ਸਫ਼ਰ ਅਜੇ ਜਾਰੀ ਹੈ ਅਤੇ 'ਵਿਕਸਿਤ ਭਾਰਤ' ਦਾ ਸੁਪਨਾ ਇਸ ਦੀ ਅਗਲੀ ਮੰਜ਼ਿਲ ਵਜੋਂ ਸਾਹਮਣੇ ਹੈ।

**ਸੰਸਦ ਮੈਂਬਰ (ਰਾਜ ਸਭਾ)**


# ਜੰਮੂ ਕਸ਼ਮੀਰ 'ਚ ਨਸ਼ੇ



ਜੰਮੂ ਕਸ਼ਮੀਰ ਵਿੱਚ ਪਿਛਲੇ ਕਈ ਸਾਲਾਂ ਤੋਂ ਨਸ਼ਿਆਂ ਦੀ ਸਮੱਸਿਆ ਪੈਰ ਪਸਾਰਦੀ ਜਾ ਰਹੀ ਹੈ। ਇਸ ਦੇ ਬਾਵਜੂਦ ਵਿਆਪਕ ਪੱਧਰ 'ਤੇ ਕਾਰਵਾਈ ਵਿੱਢਣ 'ਚ ਦੇਰ ਕਰਨਾ ਚਿੰਤਾ ਦਾ ਵਿਸ਼ਾ ਹੈ। ਹੁਣ ਇਹ ਕਾਰਵਾਈ ਵਿੱਢ ਦਿੱਤੀ ਗਈ ਹੈ, ਭਾਵੇਂ ਦੇਰੀ ਨਾਲ ਹੀ ਸਹੀ। ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਸਮੁੱਚੇ 20 ਜ਼ਿਲ੍ਹਿਆਂ ਦੇ ਦੌਰੇ 'ਤੇ ਨਿਕਲੇ ਉਪ ਰਾਜਪਾਲ ਮਨੋਜ ਸਿਨਹਾ 100 ਦਿਨਾ 'ਨਸ਼ਾ ਮੁਕਤ ਜੰਮੂ ਕਸ਼ਮੀਰ ਮਾਰਚ' ਦੀ ਅਗਵਾਈ ਕਰ ਰਹੇ ਹਨ। ਦੱਖਣੀ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ 'ਚ ਇਸ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ, ਜਿੱਥੇ ਪਾਬੰਦੀਸ਼ੁਦਾ ਜਥੇਬੰਦੀ ਜਮਾਤ-ਏ ਇਸਲਾਮੀ ਤੋਂ ਵੱਖ ਹੋਏ ਇੱਕ ਧੜੇ ਨੇ ਇਸ ਮਾਰਚ ਦਾ ਸਮਰਥਨ ਕੀਤਾ। ਖ਼ੈਰ, ਕੁਝ ਵੀ ਹੋਵੇ, ਉਕਤ ਜਥੇਬੰਦੀ ਦੇ ਸਮਰਥਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇਕਰ ਨਸ਼ਿਆਂ ਖ਼ ?ਲਾਫ਼ ਲੜਾਈ ਵਿੱਚ ਵਿਚਾਰਧਾਰਕ ਮਤਭੇਦ ਭੁਲਾਏ ਨਾ ਗਏ ਅਤੇ ਸਮੂਹਿਕ ਤੇ ਲਗਾਤਾਰ ਕੋਸ਼ਿਸ਼ਾਂ ਨਾ ਕੀਤੀਆਂ ਗਈਆਂ ਤਾਂ ਇਹ ਜੰਗ ਵਿਅਰਥ ਜਾ ਸਕਦੀ ਹੈ।ਨਸ਼ਾ ਤਸਕਰਾਂ ਦੀਆਂ ਗ੍ਰਿਫ਼ਤਾਰੀਆਂ ਬਾਰੇ ਰੋਜ਼ਾਨਾ ਪੁਸ਼ਟੀ ਹੋਣੀ ਇਸ ਗੱਲ ਨੂੰ ਵੀ ਪੁਖ਼ਤਾ ਕਰਦੀ ਹੈ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਨਸ਼ਿਆਂ ਦਾ ਪਸਾਰ ਵਿਆਪਕ ਪੱਧਰ 'ਤੇ ਹੋ ਚੁੱਕਿਆ ਹੈ। ਡਰਾਈਵਿੰਗ ਲਾਇਸੈਂਸ ਰੱਦ ਅਤੇ ਪਾਸਪੋਰਟ ਮਨਸੂਖ਼ ਕਰਨ ਵਰਗੇ ਫ਼ੈਸਲੇ ਨਾਰਕੋ-ਅਤਿਵਾਦ ਨੈੱਟਵਰਕ ਦਾ ਲੱਕ ਤੋੜਨ ਦਾ ਦਾਅਵਾ ਕਰਦੇ ਹਨ। ਦੂਜੇ ਪਾਸੇ, ਨਸ਼ਿਆਂ ਖ਼ ?ਲਾਫ਼ ਫੌਰੀ ਸਖ਼ਤੀ ਦੇ ਵੱਧ ਨਤੀਜੇ ਆਉਣੇ ਸੁਭਾਵਿਕ ਹਨ। ਇਹ ਨਤੀਜੇ ਜਿੱਤ ਦਾ ਅਹਿਸਾਸ ਕਰਵਾਉਂਦੇ ਹਨ, ਭਾਵੇਂ ਇਹ ਭੁਲੇਖਾ ਪਾਊ ਹੀ ਕਿਉਂ ਨਾ ਹੋਣ! ਖ਼ੈਰ, ਮੌਜੂਦਾ ਸਮੇਂ ਦੋ ਮਾਪਦੰਡ ਮਾਅਨੇ ਰੱਖਦੇ ਹਨ। ਪਹਿਲਾ, ਗ੍ਰਿਫ਼ਤਾਰ ਸਰਗਨਿਆਂ ਦੀ ਗਿਣਤੀ ਅਤੇ ਦੂਜਾ, ਅਧਿਕਾਰੀਆਂ ਵੱਲੋਂ ਕਾਰਵਾਈ ਕਰਨ ਤੋਂ ਅਗਲੇ ਦਿਨ ਦੇ ਜ਼ਮੀਨੀ ਹਾਲਾਤ। ਪੰਜਾਬ ਇਸ ਦੀ ਜਿਊਂਦੀ ਜਾਗਦੀ ਉਦਾਹਰਣ ਹੈ ਕਿ ਨਸ਼ਿਆਂ ਖ਼ ?ਲਾਫ਼ ਸੋਚੀ-ਸਮਝੀ ਰਣਨੀਤੀ ਤਹਿਤ ਵਿੱਢੀ ਕਾਰਵਾਈ ਵੀ ਕਿਵੇਂ ਨਾਕਾਮ ਸਾਬਿਤ ਹੋ ਸਕਦੀ ਹੈ। ਨਸ਼ਿਆਂ ਦੇ ਕਾਰੋਬਾਰ ਵਿਚਲੀਆਂ ਗੁੰਝਲਾਂ ਨੂੰ ਸਮਝਣ ਲਈ ਵਿਆਪਕ ਤੇ ਸਾਲ ਭਰ ਕਾਰਗਰ ਢੰਗ ਨਾਲ ਚੱਲਣ ਵਾਲੀਆਂ ਰਣਨੀਤੀਆਂ ਦੀ ਲੋੜ ਹੈ, ਨਾ ਕਿ ਕਦੇ-ਕਦਾਈਂ ਕੀਤੀਆਂ ਜਾਣ ਵਾਲੀਆਂ ਮੁਹਿੰਮਾਂ ਦੀ। ਇਸ ਸਮੱਸਿਆ ਦਾ ਮੁੱਖ ਪਹਿਲੂ ਨਸ਼ੇ ਦੇ ਮੂਲ ਕਾਰਨਾਂ ਦਾ ਮੁਲਾਂਕਣ ਕਰਨਾ ਅਤੇ ਫਿਰ ਉਨ੍ਹਾਂ ਦੇ ਹੱਲ ਲਈ ਕੋਸ਼ਿਸ਼ ਕਰਨਾ ਹੋਣਾ ਚਾਹੀਦਾ ਹੈ, ਭਾਵੇਂ ਉਹ ਬੇਰੁਜ਼ਗਾਰੀ ਹੋਵੇ, ਸਮਾਜਿਕ-ਆਰਥਿਕ ਅਸਮਾਨਤਾਵਾਂ ਹੋਣ, ਨਸ਼ੀਲੇ ਪਦਾਰਥਾਂ ਦਾ ਸੌਖਿਆਂ ਮਿਲਣਾ ਜਾਂ ਸਾਥੀਆਂ ਦਾ ਦਬਾਅ ਹੋਵੇ।

ਦੂਜੇ ਪਾਸੇ, ਮੁੜਵਸੇਬਾ ਅਤੇ ਨਸ਼ਿਆਂ ਦੀ ਜ਼ਬਤੀ ਵਰਗੇ ਪ੍ਰੋਗਰਾਮਾਂ ਵਿੱਚ ਥੋੜ੍ਹੀ ਜਿਹੀ ਢਿੱਲ ਵੀ ਮਾਮਲਾ ਵਿਗਾੜ ਸਕਦੀ ਹੈ। ਨਸ਼ਾ ਕੋਈ ਖੇਡ ਨਹੀਂ ਹੈ। ਇਹ ਇੱਕ ਅਜਿਹੀ ਬਿਮਾਰੀ ਹੈ, ਜਿਸ ਦਾ ਇਲਾਜ ਸੌਖਿਆਂ ਨਹੀਂ ਹੋ ਸਕਦਾ। ਜੇਕਰ ਨਸ਼ੀਲੇ ਪਦਾਰਥਾਂ ਦੀ ਸਪਲਾਈ ਲੜੀ ਤੋੜਨੀ ਜ਼ਰੂਰੀ ਹੈ ਤਾਂ ਨਸ਼ੇ ਦੀ ਆਦਤ ਅਤੇ ਤਲਬ ਨਾਲ ਨਜਿੱਠਣਾ ਵੀ ਓਨਾ ਹੀ ਅਹਿਮ ਹੈ।

# ਹੋਰਮੁਜ਼ ਦੀ ਬਿਸਾਤ 'ਤੇ ਟਰੰਪ ਨੂੰ ਮਾਤ



ਸ਼ਿਵਕਾਂਤ ਸ਼ਰਮਾ

ਇਕ ਸੋਸ਼ਲ ਮੀਡੀਆ ਪੋਸਟ 'ਚ 23 ਮਈ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਈਰਾਨ ਨਾਲ ਇਕ ਸ਼ਾਂਤੀ ਸਮਝੌਤੇ 'ਤੇ ਬਣੀ ਸਹਿਮਤੀ, ਜਿਸ 'ਚ ਹੋਰਮੁਜ਼ ਨੂੰ ਖੋਲ੍ਹਣਾ ਵੀ ਸ਼ਾਮਲ ਹੈ, ਨੂੰ ਲਗਪਗ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਉਦੋਂ ਤੋਂ ਲਗਪਗ ਦੋ ਹਫ਼ਤੇ ਬੀਤ ਚੁੱਕੇ ਹਨ ਪਰ ਨਾ ਤਾਂ ਇਹ ਸਮਝੌਤਾ ਹੋਇਆ ਹੈ ਅਤੇ ਨਾ ਹੀ ਹੋਰਮੁਜ਼ ਜਲਡਮਰੂ ਨੂੰ ਖੋਲ੍ਹਿਆ ਗਿਆ ਹੈ।

ਕਈ ਵਾਰ ਟਰੰਪ ਕਹਿੰਦੇ ਹਨ ਕਿ ਉਹ ਈਰਾਨ ਦੀਆਂ ਤਜਵੀਜ਼ਾਂ 'ਤੇ ਵਿਚਾਰ ਕਰ ਰਹੇ ਹਨ। ਕਈ ਵਾਰ, ਉਹ ਕਹਿੰਦੇ ਹਨ ਕਿ ਉਹ ਉਨ੍ਹਾਂ ਤੋਂ ਸੰਤੁਸ਼ਟ ਨਹੀਂ ਹਨ। ਕਈ ਵਾਰ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਕੋਈ ਜਲਦੀ ਨਹੀਂ ਹੈ, ਜਦਕਿ ਕਈ ਵਾਰ ਉਹ ਸਮਝੌਤੇ 'ਤੇ ਪਹੁੰਚਣ ਲਈ ਈਰਾਨੀ ਅਯਾਤੁੱਲਾ ਨੂੰ ਮਿਲਣ ਦੀ ਇੱਛਾ ਪ੍ਰਗਟ ਕਰਦੇ ਹਨ। ਉਹ ਕਦੇ-ਕਦੇ ਹੋਰ ਦੇਸ਼ਾਂ ਨੂੰ ਹੋਰਮੁਜ਼ ਜਲਡਮਰੂ ਖੋਲ੍ਹਣ 'ਚ ਮਦਦ ਕਰਨ ਲਈ ਕਹਿੰਦੇ ਹਨ, ਫਿਰ ਵੀ ਕਈ ਵਾਰ ਜ਼ੋਰ ਦੇ ਕੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਕਿਸੇ ਦੀ ਮਦਦ ਦੀ ਲੋੜ ਨਹੀਂ ਹੈ। ਕੂਟਨੀਤੀ ਅਤੇ ਰਣਨੀਤੀ ਦੇ ਮਾਹਰ ਵੀ ਸਥਿਤੀ ਬਾਰੇ ਸ਼ਸ਼ੋਪੰਜ 'ਚ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਟਕਰਾਅ ਦਾ ਫ਼ੈਸਲਾਕੁੰਨ ਪੜਾਅ, ਇਸ ਬਾਰੇ ਕਿ ਕੌਣ ਜਿੱਤਦਾ ਹੈ ਜਾਂ ਹਾਰਦਾ ਹੈ, ਪਹਿਲਾਂ ਹੀ ਲੰਘ ਚੁੱਕਾ ਹੈ। ਹੁਣ, ਅਸਲ ਪ੍ਰੀਖਿਆ ਇਹ ਦੇਖਣਾ ਹੈ ਕਿ ਕੌਣ ਹੋਰਮੁਜ਼ ਜਲਡਮਰੂ ਦੇ ਬੰਦ ਰਹਿਣ ਦੇ ਪ੍ਰਭਾਵ ਨੂੰ ਕਿੰਨੇ ਸਮੇਂ ਲਈ ਸਹਿ ਸਕਦਾ ਹੈ। 38 ਵਿਕਸਤ ਲੋਕਤੰਤਰਾਂ ਵਾਲੀ ਸੰਸਥਾ, ਓਈਸੀਡੀ ਨੇ ਇਕ ਆਉਣ ਵਾਲੇ ਆਰਥਿਕ ਸੰਕਟ ਦੀ ਚੇਤਾਵਨੀ ਦਿੱਤੀ ਹੈ। ਇਸ 'ਚ ਇਹ ਕਿਹਾ ਹੈ ਕਿ ਜੇਕਰ ਹੋਰਮੁਜ਼ ਜਲਡਮਰੂ ਇਕ ਮਹੀਨੇ ਅੰਦਰ ਮੁੜ ਨਹੀਂ ਖੁੱਲ੍ਹਦਾ ਹੈ ਤਾਂ ਆਲਮੀ ਅਰਥਚਾਰਾ ਦੋ ਸਾਲਾਂ ਲਈ ਹੌਲੀ ਹੋ ਜਾਵੇਗਾ। ਇਸ ਸਾਲ ਵਿਸ਼ਵ ਆਰਥਿਕ ਵਿਕਾਸ 3.4 ਫ਼ੀਸਦ ਤੋਂ ਘਟ ਕੇ 2.1 ਫ਼ੀਸਦ ਅਤੇ ਅਗਲੇ ਸਾਲ 1.8 ਫ਼ੀਸਦ ਹੋਣ ਦਾ ਅਨੁਮਾਨ ਹੈ। ਭਾਰਤੀ ਰਿਜ਼ਰਵ ਬੈਂਕ ਨੇ ਵੀ ਆਪਣੇ ਵਿਕਾਸ ਅਨੁਮਾਨ ਨੂੰ 6.9 ਫ਼ੀਸਦ ਤੋਂ ਘਟਾ ਕੇ 6.6 ਫ਼ੀਸਦ ਕਰ ਦਿੱਤਾ ਹੈ, ਜਦਕਿ ਮਹਿੰਗਾਈ ਅਨੁਮਾਨ ਨੂੰ ਵਧਾ ਕੇ 5.1 ਫ਼ੀਸਦ ਕਰ ਦਿੱਤਾ ਹੈ। ਇਸੇ ਤਰ੍ਹਾਂ, ਅਮਰੀਕਾ 'ਚ, ਪਹਿਲੀ ਤਿਮਾਹੀ ਲਈ ਵਿਕਾਸ ਦਰ 1.6 ਫ਼ੀਸਦ ਹੋਣ ਦਾ ਅਨੁਮਾਨ ਹੈ, ਜਦਕਿ ਮਹਿੰਗਾਈ 3.8 ਫ਼ੀਸਦ ਤੱਕ ਪਹੁੰਚ ਗਈ ਹੈ, ਜੋ ਕਿ ਅਮਰੀਕੀ ਕੇਂਦਰੀ ਬੈਂਕ ਵੱਲੋਂ ਸਹਿਜਤਾ ਮੰਨੇ ਜਾਂਦੇ ਪੱਧਰ ਤੋਂ ਲਗਭਗ ਦੁੱਗਣੀ ਹੈ। ਤੇਲ ਦੀਆਂ ਕੀਮਤਾਂ ਵੀ ਦੁੱਗਣੀਆਂ ਹੋ ਗਈਆਂ ਹਨ।

ਇਸ ਨੂੰ ਦੇਖਦੇ ਹੋਏ, ਈਰਾਨ ਦਾ ਮੰਨਣਾ ਹੈ ਕਿ ਜਿਵੇਂ-ਜਿਵੇਂ ਨਵੰਬਰ ਦੀਆਂ ਮੱਧਕਾਲੀ ਚੋਣਾਂ ਨੇੜੇ ਆਉਣਗੀਆਂ ਟਰੰਪ ਦਾ ਇਰਾਦਾ ਹਿੱਲੇਗਾ ਅਤੇ ਉਹ ਈਰਾਨ ਦੀਆਂ ਸ਼ਰਤਾਂ 'ਤੇ ਸਮਝੌਤੇ ਲਈ ਸਹਿਮਤ ਹੋਣ ਲਈ ਮਜ਼ਬੂਰ ਹੋਵੇਗਾ। ਦੂਜੇ ਪਾਸੇ, ਟਰੰਪ ਦਾ ਮੰਨਣਾ ਹੈ ਕਿ ਈਰਾਨੀ ਲੋਕਾਂ ਦਾ ਸਬਰ ਪਹਿਲਾਂ ਖ਼ਤਮ ਹੋ ਜਾਵੇਗਾ। ਦੇਸ਼ 'ਚ ਹਰ ਚੀਜ਼ ਦੀ ਘਾਟ ਹੈ ਅਤੇ ਮਹਿੰਗਾਈ ਦਰ 77 ਫ਼ੀਸਦ ਤੋਂ ਵੱਧ ਗਈ ਹੈ। ਐਕਸਚੇਂਜ ਦਰ ਡਾਲਰ ਦੇ ਮੁਕਾਬਲੇ 1.8 ਮਿਲੀਅਨ ਰਿਆਲ ਤੱਕ ਪਹੁੰਚ ਗਈ ਹੈ।

ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਕਾਰਨ ਈਰਾਨ ਆਪਣਾ ਤੇਲ ਵੇਚਣ ਤੋਂ ਅਸਮਰੱਥ ਹੈ; ਵਾਧੂ ਤੇਲ ਸਟੋਰੇਜ ਸਹੂਲਤਾਂ ਅਤੇ ਟੈਂਕਰਾਂ 'ਚ ਇਕੱਠਾ ਕੀਤਾ ਜਾ ਰਿਹਾ ਹੈ ਪਰ ਅਜਿਹੀ ਸਟੋਰੇਜ ਸਮਰੱਥਾ ਦੀ ਇਕ ਹੱਦ ਹੈ। ਇਕ ਵਾਰ ਜਦੋਂ ਇਹ ਭਰ ਜਾਂਦੇ ਹਨ ਤਾਂ ਤੇਲ ਕੱਢਣ ਨੂੰ ਰੋਕਣਾ ਪਵੇਗਾ। ਉਤਪਾਦਨ ਨੂੰ ਰੋਕਣ ਨਾਲ ਖੂਹਾਂ 'ਚ ਹਵਾ ਦਾਖ਼ਲ ਹੋ ਸਕਦੀ ਹੈ, ਜਿਸ ਨਾਲ ਉਹ ਸਥਾਈ ਤੌਰ 'ਤੇ ਬੰਦ ਹੋ ਸਕਦੇ ਹਨ। ਇਸ ਲਈ, ਜਲਦੀ ਜਾਂ ਬਾਅਦ 'ਚ, ਈਰਾਨ ਨੂੰ ਅਮਰੀਕਾ ਦੀਆਂ ਸ਼ਰਤਾਂ ਮੰਨਣ ਲਈ ਮਜ਼ਬੂਰ ਕੀਤਾ ਜਾਵੇਗਾ। ਇਸ ਦੌਰਾਨ, ਈਰਾਨੀ ਮਾਹਿਰਾਂ ਦਾ ਕਹਿਣਾ ਹੈ ਕਿ ਟਕਰਾਅ ਸ਼ੁਰੂ ਹੋਣ ਤੋਂ ਪਹਿਲਾਂ ਹੀ, ਈਰਾਨ ਨੇ ਟੈਂਕਰਾਂ 'ਤੇ ਲਗਪਗ 125 ਬਿਲੀਅਨ ਬੈਰਲ ਤੇਲ ਲੱਦਿਆ ਸੀ ਅਤੇ ਉਨ੍ਹਾਂ ਨੂੰ ਮਲੇਸ਼ੀਆ ਅਤੇ ਚੀਨ ਦੇ ਤੱਟਾਂ ਦੇ ਨੇੜੇ ਪਾਣੀਆਂ 'ਚ ਭੇਜ ਦਿੱਤਾ ਸੀ ਤਾਂ ਜੋ ਉਹ ਅਮਰੀਕਾ ਦੇ ਹੱਥ ਨਾ ਲੱਗਣ। ਈਰਾਨ ਇਸ ਤੇਲ ਨੂੰ ਵੇਚ ਕੇ ਆਪਣੇ ਆਪ ਨੂੰ ਹੋਰ ਤਿੰਨ ਤੋਂ ਚਾਰ ਮਹੀਨਿਆਂ ਤੱਕ ਕਾਇਮ ਰੱਖ ਸਕਦਾ ਹੈ। ਇਸ ਸੰਦਰਭ 'ਚ, ਇਜ਼ਰਾਇਲੀ ਮਾਹਿਰਾਂ ਦਾ ਮੰਨਣਾ ਹੈ ਕਿ ਨੇਤਨਯਾਹੂ ਇਸ ਰੁਕਾਵਟ ਦੀ ਜੜ੍ਹ 'ਚ ਹਨ। ਉਹ ਨਹੀਂ ਚਾਹੁੰਦੇ ਕਿ ਟਰੰਪ ਪਹਿਲਾਂ ਈਰਾਨ ਦੇ 465 ਕਿਲੋਗ੍ਰਾਮ ਦੇ ਅਮੀਰ ਯੂਰੇਨੀਅਮ ਦੇ ਭੰਡਾਰ ਨੂੰ ਜ਼ਬਤ ਕੀਤੇ ਬਿਨਾਂ ਅਤੇ ਹਿਜ਼ਬੁੱਲਾ ਅਤੇ ਹਾਉਤੀ ਵਰਗੇ ਪ੍ਰੌਕਸੀ ਸਮੂਹਾਂ ਨੂੰ ਖ਼ਤਮ ਕੀਤੇ ਬਿਨਾਂ ਸ਼ਾਂਤੀ ਸਮਝੌਤਾ ਕਰੇ। ਨਤੀਜੇ ਵਜੋਂ, ਉਹ ਟਰੰਪ ਦੇ ਵਾਰ-ਵਾਰ ਜੰਗਬੰਦੀ ਦੀ ਮੰਗ ਦੇ ਬਾਵਜੂਦ ਹਮਲੇ ਨਹੀਂ ਰੋਕ ਰਿਹਾ ਹੈ। ਉਹ ਹਿਜ਼ਬੁੱਲਾ ਨੂੰ ਈਰਾਨ ਨਾਲੋਂ ਵੀ ਵੱਡਾ ਖ਼ਤਰਾ ਮੰਨਦਾ ਹੈ। ਜਦਕਿ ਈਰਾਨ ਇਕ ਹਜ਼ਾਰ ਕਿਲੋਮੀਟਰ ਦੂਰ ਹੈ, ਹਿਜ਼ਬੁੱਲਾ ਇਜ਼ਰਾਈਲ ਦੀ ਸਰਹੱਦ 'ਤੇ ਸਥਿਤ ਹੈ। ਈਰਾਨ ਲਈ, ਹਿਜ਼ਬੁੱਲਾ ਇਕ ਹਥਿਆਰ ਵਜੋਂ ਕੰਮ ਕਰਦਾ ਹੈ, ਜਿਸ ਨੇ ਇਸ ਨੂੰ ਲੇਬਨਾਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਇਕ ਬਸਤੀ 'ਚ ਬਦਲਣ ਦੇ ਯੋਗ ਬਣਾਇਆ ਹੈ, ਜਿਸ ਨਾਲ ਉਹ ਉੱਥੋਂ ਇਜ਼ਰਾਈਲ ਅਤੇ ਸੀਰੀਆ ਦੋਵਾਂ 'ਤੇ ਕੰਟਰੋਲ ਕਰ ਸਕਦਾ ਹੈ। ਇਹ ਵੀ ਸੰਭਵ ਹੈ ਕਿ ਨੇਤਨਯਾਹੂ ਹਿਜ਼ਬੁੱਲਾ 'ਤੇ ਹਮਾਸ ਵਰਗੀ ਸਥਿਤੀ ਥੋਪਣ ਵੱਲ ਤੁਰਿਆ ਹੋਇਆ ਹੈ, ਸੰਭਾਵਤ ਤੌਰ 'ਤੇ ਇਹ ਟਰੰਪ ਨਾਲ ਮਿਲੀਭੁਗਤ ਕਰਕੇ ਹੈ। ਇਹ ਕਦਮ ਈਰਾਨ 'ਤੇ ਆਪਣੇ ਅਮੀਰ ਯੂਰੇਨੀਅਮ ਨੂੰ ਸਮਰਪਣ ਕਰਨ ਅਤੇ ਹੋਰਮੁਜ਼ ਜਲਡਮਰੂ ਨੂੰ ਖੋਲ੍ਹਣ ਲਈ ਦਬਾਅ ਵਧਾਉਣ ਦੀ ਇਕ ਰਣਨੀਤੀ ਹੋ ਸਕਦੀ ਹੈ।

ਇਸ ਦੇ ਬਾਵਜੂਦ, ਸੱਜੇ-ਪੱਖੀ ਅਮਰੀਕੀ ਰਣਨੀਤੀਕਾਰਾਂ ਨੇ ਵੀ ਇਹ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਟਰੰਪ ਨੂੰ ਇਸ ਟਕਰਾਅ 'ਚ ਝਟਕਾ ਲੱਗਾ ਹੈ। ਬਰੂਕਿੰਗਜ਼ ਇੰਸਟੀਚਿਊਸ਼ਨ ਦੇ ਇਕ ਸੀਨੀਅਰ ਫੈਲੋ ਅਤੇ ਪ੍ਰੋਜੈਕਟ ਫਾਰ ਦ ਨਿਊ ਅਮਰੀਕਨ ਸੈਂਚੁਰੀ ਦੇ ਸਹਿ-ਸੰਸਥਾਪਕ ਰੌਬਰਟ ਕਾਗਨ ਦੁਆਰਾ 'ਚੈੱਕਮੇਟ ਇਨ ਈਰਾਨ' ਸਿਰਲੇਖ ਵਾਲਾ ਇਕ ਲੇਖ ਮਹੱਤਵਪੂਰਨ ਧਿਆਨ ਖਿੱਚ ਰਿਹਾ ਹੈ। ਇਸ 'ਚ ਉਹ ਈਰਾਨ ਨਾਲ ਯੁੱਧ ਨੂੰ ਅਮਰੀਕੀ ਰਣਨੀਤੀ ਦੀ ਸਭ ਤੋਂ ਵੱਡੀ ਅਸਫਲਤਾ ਵਜੋਂ ਪੇਸ਼ ਕਰਦੇ ਹਨ।

ਉਹ ਦਲੀਲ ਦਿੰਦੇ ਹਨ ਕਿ 37 ਦਿਨਾਂ ਦੇ ਹਵਾਈ ਹਮਲਿਆਂ ਦੁਆਰਾ ਈਰਾਨ ਦੀ ਚੋਟੀ ਦੀ ਲੀਡਰਸ਼ਿਪ ਅਤੇ ਫ਼ੌਜੀ ਸਮਰੱਥਾਵਾਂ ਨੂੰ ਬੁਰੀ ਤਰ੍ਹਾਂ ਘਟਾਉਣ ਦੇ ਬਾਵਜੂਦ, ਅਮਰੀਕਾ ਵੱਡੀਆਂ ਰਿਆਇਤਾਂ ਪ੍ਰਾਪਤ ਕਰਨ 'ਚ ਅਸਫਲ ਰਿਹਾ ਹੈ। ਈਰਾਨ ਅਮੀਰ ਯੂਰੇਨੀਅਮ ਸੌਂਪਣ, ਪ੍ਰਮਾਣੂ ਸੋਧ ਦੇ ਆਪਣੇ ਅਧਿਕਾਰ ਨੂੰ ਛੱਡਣ, ਜਾਂ ਆਪਣੇ ਪ੍ਰੌਕਸੀ ਸੰਗਠਨਾਂ ਲਈ ਸਮਰਥਨ ਬੰਦ ਕਰਨ ਲਈ ਤਿਆਰ ਨਹੀਂ ਹੈ। ਇਸ ਤੋਂ ਇਲਾਵਾ, ਇਸਨੇ ਹੋਰਮੁਜ਼ ਜਲਡਮਰੂ 'ਤੇ ਆਪਣਾ ਕੰਟਰੋਲ ਹੋਰ ਮਜ਼ਬੂਤ ਕਰ ਲਿਆ ਹੈ, ਜਿਸ ਨਾਲ ਊਰਜਾ ਸਪਲਾਈ ਦੇ ਸੰਬੰਧ 'ਚ ਇਕ ਆਲਮੀ ਪੱਧਰ ਦੇ ਸੰਕਟ ਅਤੇ ਆਰਥਿਕ ਵਿਕਾਸ 'ਚ ਗਿਰਾਵਟ ਆਈ ਹੈ। ਦੁਨੀਆ ਦੇ ਤੇਲ ਦਾ ਇਕ ਚੌਥਾਈ ਹਿੱਸਾ, ਇਸ ਦੀ ਗੈਸ ਦਾ ਪੰਜਵਾਂ ਹਿੱਸਾ, ਇਸਦੀਆਂ ਖਾਦਾਂ ਦਾ ਇਕ ਤਿਹਾਈ ਹਿੱਸਾ, ਇਸਦੀ ਗੰਧਕ ਦਾ ਅੱਧਾ ਹਿੱਸਾ ਅਤੇ ਇਸਦੀ ਹੀਲੀਅਮ ਦਾ ਇਕ ਤਿਹਾਈ ਹਿੱਸਾ ਹੋਰਮੁਜ਼ ਜਲਡਮਰੂ 'ਚੋਂ ਲੰਘਦਾ ਹੈ। ਇਸਦਾ ਬੰਦ ਹੋਣਾ ਅੱਜ ਤੱਕ ਦੀ ਆਲਮੀ ਸਪਲਾਈ ਲੜੀ 'ਚ ਸਭ ਤੋਂ ਗੰਭੀਰ ਅੜਿੱਕੇ ਨੂੰ ਦਰਸਾਉਂਦਾ ਹੈ, ਜਿਸ ਨੂੰ ਟਰੰਪ ਆਪਣੀਆਂ ਕੋਸ਼ਿਸ਼ਾਂ ਦੇ ਬਾਵਜੂਦ ਹੱਲ ਕਰਨ 'ਚ ਅਸਮਰੱਥ ਰਿਹਾ ਹੈ। ਕਾਗਨ ਦਾ ਮੰਨਣਾ ਹੈ ਕਿ ਇਸ ਯੁੱਧ ਨੇ ਅਮਰੀਕਾ ਦੀ ਭਰੋਸੇਯੋਗਤਾ ਨੂੰ ਇਕ ਵੱਡਾ ਝਟਕਾ ਮਾਰਿਆ ਹੈ। ਈਰਾਨ ਨੇ ਸਸਤੇ ਅਤੇ ਮੁੱਢਲੇ ਹਥਿਆਰਾਂ ਦੀ ਵਰਤੋਂ ਕਰਕੇ ਦਿਖਾਇਆ ਹੈ ਕਿ ਸ਼ਕਤੀਸ਼ਾਲੀ ਅਮਰੀਕੀ ਫ਼ੌਜ, ਖਰਬਾਂ ਦੇ ਅਸਲੇ ਨਾਲ ਲੈਸ, ਆਪਣੇ ਟਿਕਾਣਿਆਂ ਦੀ ਰੱਖਿਆ ਵੀ ਨਹੀਂ ਕਰ ਸਕਦੀ, ਖਾੜੀ 'ਚ ਆਪਣੇ ਸਹਿਯੋਗੀਆਂ ਦਾ ਬਚਾਅ ਤਾਂ ਦੂਰ ਦੀ ਗੱਲ ਹੈ। ਅਮਰੀਕਾ ਦੀ ਸਾਖ਼ ਨੂੰ ਓਨਾ ਨੁਕਸਾਨ ਨਹੀਂ ਪਹੁੰਚਿਆ ਜਦੋਂ ਇਹ ਯੂਕਰੇਨ (ਬੁਡਾਪੇਸਟ ਮੈਮੋਰੰਡਮ ਦੇ ਤਹਿਤ ਕੀਤਾ ਗਿਆ) ਪ੍ਰਤੀ ਆਪਣੀ ਸੁਰੱਖਿਆ ਵਚਨਬੱਧਤਾ ਨੂੰ ਬਰਕਰਾਰ ਰੱਖਣ ਲਈ ਰੂਸ ਦੇ ਵਿਰੁੱਧ ਦਖ਼ਲ ਦੇਣ 'ਚ ਅਸਫਲ ਰਿਹਾ, ਜਿੰਨਾ ਇਸਨੂੰ ਖਾੜੀ ਦੇਸ਼ਾਂ ਦੀ ਰੱਖਿਆ ਕਰਨ 'ਚ ਅਸਫਲ ਰਹਿਣ ਕਾਰਨ ਹੋਇਆ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ, ਜੇਕਰ ਖਾੜੀ ਦੇਸ਼ਾਂ ਨੂੰ ਅੰਤ 'ਚ ਈਰਾਨ ਨਾਲ ਤਾਲਮੇਲ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹੋਰਮੁਜ਼ ਜਲਡਮਰੂ ਖੁੱਲ੍ਹਾ ਅਤੇ ਸੁਰੱਖਿਅਤ ਰਹੇ। ਕਿਉਂਕਿ ਇਹ ਸੰਭਾਵਨਾ ਨਹੀਂ ਹੈ ਕਿ ਈਰਾਨ ਇਸ ਰਣਨੀਤਕ ਲਾਭ ਨੂੰ ਛੱਡ ਦੇਵੇਗਾ। ਟਰੰਪ ਜੇ ਚਾਹੁਣ ਤਾਂ ਹਮਲੇ ਮੁੜ ਸ਼ੁਰੂ ਕਰ ਸਕਦੇ ਹਨ ਪਰ ਨਤੀਜੇ ਵਜੋਂ ਹੋਣ ਵਾਲੀ ਤਬਾਹੀ ਈਰਾਨ ਦੇ ਜਲਡਮਰੂ ਉੱਤੇ ਕੰਟਰੋਲ ਬਣਾਈ ਰੱਖਣ ਅਤੇ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਬਰਕਰਾਰ ਰੱਖਣ ਦੇ ਇਰਾਨ ਦੇ ਇਰਾਦੇ ਨੂੰ ਕਮਜ਼ੋਰ ਨਹੀਂ, ਸਿਰਫ਼ ਪੱਕਾ ਕਰੇਗੀ।

# ਸਰਕਾਰੀ ਨਾਕਾਮੀ ਦਾ ਸਬੂਤ ਹੈ ਮਨੀਪੁਰ



ਮਨੀਪੁਰ ਵਿੱਚ ਅਮਨ-ਕਾਨੂੰਨ ਅਤੇ ਸ਼ਾਂਤੀ ਬਹਾਲੀ ਅਜੇ ਵੀ ਇੱਕ ਬੇਹੱਦ ਔਖਾ ਕਾਰਜ ਬਣੀ ਹੋਈ ਹੈ। ਸੂਚਨਾ ਦੇ ਅਧਿਕਾਰ ਤਹਿਤ ਸਾਹਮਣੇ ਆਈ ਜਾਣਕਾਰੀ ਮੁਤਾਬਿਕ ਮਈ 2023 ਵਿੱਚ ਭੜਕੀ ਨਸਲੀ ਹਿੰਸਾ ਤੋਂ ਬਾਅਦ ਇਸ ਪੂਰਬੀ-ਉੱਤਰੀ ਸੂਬੇ ਦੇ ਰਾਹਤ ਕੈਂਪਾਂ ਵਿੱਚ ਹੁਣ ਤੱਕ ਘੱਟੋ-ਘੱਟ 730 ਬੇਘਰ ਹੋਏ ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੌਤਾਂ ਦੀ ਇਹ ਵੱਡੀ ਗਿਣਤੀ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਅਤੇ ਸੂਬਾ ਸਰਕਾਰ ਦੀ ਨਾਕਾਮੀ ਦਾ ਇੱਕ ਵੱਡਾ ਸਬੂਤ ਹੈ। ਇਸ ਹਿੰਸਾ ਕਾਰਨ ਹਜ਼ਾਰਾਂ ਪਰਿਵਾਰ ਉੱਜੜ ਚੁੱਕੇ ਹਨ ਅਤੇ ਮੁੜ-ਵਸੇਬੇ ਦੀ ਕੋਈ ਉਮੀਦ ਨਾ ਦਿਖਣ ਕਾਰਨ ਉਨ੍ਹਾਂ ਦਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਬਦਕਿਸਮਤੀ ਦੀ ਗੱਲ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਇਸ ਇਨਸਾਨੀ ਸੰਕਟ ਵੱਲ ਕੌਮੀ ਪੱਧਰ 'ਤੇ ਬਹੁਤ ਹੀ ਘੱਟ ਧਿਆਨ ਦਿੱਤਾ ਗਿਆ ਹੈ। 43,000 ਤੋਂ ਵੱਧ ਲੋਕ ਅਜੇ ਵੀ ਆਰਜ਼ੀ ਸ਼ੈਲਟਰਾਂ ਅਤੇ ਰਾਹਤ ਕੈਂਪਾਂ ਵਿੱਚ ਰਹਿ ਰਹੇ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਕੋਲ ਸਹੀ ਸਿਹਤ ਸਹੂਲਤਾਂ, ਸਾਫ਼-ਸਫ਼ਾਈ ਜਾਂ ਮਾਨਸਿਕ ਮਸਲਿਆਂ ਲਈ ਕਾਉਂਸਲਿੰਗ ਦਾ ਕੋਈ ਪ੍ਰਬੰਧ ਨਹੀਂ ਹੈ। ਕੈਂਪਾਂ ਵਿੱਚ ਰਹਿਣ ਵਾਲੇ ਲੋਕ ਨਾ ਸਿਰਫ਼ ਬਿਮਾਰੀਆਂ ਕਾਰਨ ਮਰ ਰਹੇ ਹਨ, ਸਗੋਂ ਡੁੱਬਣ, ਕਰੰਟ ਲੱਗਣ, ਨਸ਼ਿਆਂ ਦੀ ਵੱਧ ਵਰਤੋਂ ਅਤੇ ਹਿੰਸਾ ਵਰਗੇ ਗ਼ੈਰ-ਕੁਦਰਤੀ ਕਾਰਨਾਂ ਕਰਕੇ ਵੀ ਆਪਣੀਆਂ ਜਾਨਾਂ ਗੁਆ ਰਹੇ ਹਨ।

ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਉੱਥੇ ਰਹਿਣ ਦੇ ਹਾਲਾਤ ਬੇਹੱਦ ਅਸੁਰੱਖਿਅਤ ਅਤੇ ਅਣਮਨੁੱਖੀ ਹਨ।

ਇੱਕ ਚੁਣੀ ਹੋਈ ਲੋਕਤੰਤਰਿਕ ਸਰਕਾਰ ਦੇ ਮੁੜ ਬਹਾਲ ਹੋਣ ਦੇ ਚਾਰ ਮਹੀਨਿਆਂ ਬਾਅਦ ਵੀ ਪ੍ਰਸ਼ਾਸਨ ਦੇ ਵਾਰ-ਵਾਰ ਭਰੋਸੇ ਦੇ ਬਾਵਜੂਦ ਹਮਲਿਆਂ ਅਤੇ ਨਸਲੀ ਦੁਸ਼ਮਣੀ ਵਿੱਚ ਕੋਈ ਕਮੀ ਨਹੀਂ ਆਈ ਹੈ। ਸ਼ੁੱਕਰਵਾਰ ਨੂੰ ਕਾਂਗਪੋਕਪੀ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਹਥਿਆਰਬੰਦ ਹਮਲਾਵਰਾਂ ਵੱਲੋਂ ਕੀਤੇ ਗਏ ਹਮਲੇ ਵਿੱਚ ਤਿੰਨ ਲੋਕ ਮਾਰੇ ਗਏ। ਛੇ ਨਾਗਾ ਨਾਗਰਿਕ, ਜਿਨ੍ਹਾਂ ਨੂੰ ਕਥਿਤ ਤੌਰ 'ਤੇ 13 ਮਈ ਨੂੰ ਕੁਕੀ ਅਤਿਵਾਦੀਆਂ ਵੱਲੋਂ ਅਗਵਾ ਕੀਤਾ ਗਿਆ ਸੀ, ਉਹ ਅਜੇ ਵੀ ਉਨ੍ਹਾਂ ਦੀ ਕੈਦ ਵਿੱਚ ਹਨ। ਸਥਾਨਕ ਲੋਕ ਲਗਾਤਾਰ ਡਰ ਦੇ ਸਾਏ ਹੇਠ ਜਿਊਂ ਰਹੇ ਹਨ, ਜਦਕਿ ਹਥਿਆਰਬੰਦ ਸਮੂਹ ਪ੍ਰਸ਼ਾਸਨਿਕ ਨਾਕਾਮੀ ਦਾ ਫਾਇਦਾ ਉਠਾ ਰਹੇ ਹਨ ਅਤੇ ਵੱਖ-ਵੱਖ ਭਾਈਚਾਰਿਆਂ ਵਿਚਕਾਰ ਆਪਸੀ ਅਵਿਸ਼ਵਾਸ ਨੂੰ ਹੋਰ ਡੂੰਘਾ ਕਰ ਰਹੇ ਹਨ।

ਮਨੀਪੁਰ ਦੀ ਇਹ ਤ੍ਰਾਸਦੀ ਸਿਰਫ਼ ਅਮਨ-ਕਾਨੂੰਨ ਵਿਵਸਥਾ ਫੇਲ੍ਹ ਹੋਣ ਤੱਕ ਸੀਮਤ ਨਹੀਂ, ਸਗੋਂ ਇਹ ਸਰਕਾਰ ਦੀ ਨਾਕਾਮੀ ਨੂੰ ਵੀ ਉਘੇੜਦੀ ਹੈ। ਇਥੇ ਕਾਇਮ ਕੀਤੇ ਗਏ ਰਾਹਤ ਕੈਂਪ ਆਰਜ਼ੀ ਸਨ, ਨਾ ਕਿ ਪੱਕੇ ਘਰ ਜਿੱਥੇ ਲੋਕ ਬਿਨਾਂ ਉਮੀਦ ਦੇ ਸਾਲਾਂਬੱਧੀ ਸਮਾਂ ਕੱਟਣ। ਇਹ ਉਜਾੜਾ ਜਿੰਨਾ ਲੰਮਾ ਖਿੱਚੇਗਾ, ਸਮਾਜ ਵਿੱਚ ਕੱਟੜਤਾ ਅਤੇ ਕਦੇ ਨਾ ਮਿਟਣ ਵਾਲੀ ਵੰਡ ਦਾ ਖ਼ਤਰਾ ਓਨਾ ਹੀ ਵਧੇਗਾ। ਸਰਕਾਰ ਨੂੰ ਆਰ ਟੀ ਆਈ ਦੀ ਚੇਤਾਵਨੀ ਤੋਂ ਸਬਕ ਲੈਣਾ ਚਾਹੀਦਾ ਹੈ ਕਿ ਲੰਮੀ ਅਣਦੇਖੀ ਇਸ ਸਿਆਸੀ ਟਕਰਾਅ ਨੂੰ ਇੱਕ ਵੱਡੀ ਮਨੁੱਖੀ ਤਬਾਹੀ ਵਿੱਚ ਬਦਲ ਸਕਦੀ ਹੈ। ਸਮੁੱਚੇ ਭਾਰਤ ਨੂੰ ਅਜਿਹਾ ਹਰਗਿਜ਼ ਨਹੀਂ ਹੋਣ ਦੇਣਾ ਚਾਹੀਦਾ।

# .ਗੈਰ-ਕਾਨੂੰਨੀ ਉਸਾਰੀਆਂ ਦੀ ਬਿਮਾਰੀ



ਕੁਝ ਦਿਨ ਪਹਿਲਾਂ ਰਾਸ਼ਟਰੀ ਰਾਜਧਾਨੀ ’ਚ ਇਕ .ਗੈਰ-ਕਾਨੂੰਨੀ ਤੌਰ ’ਤੇ ਬਣਾਈ ਗਈ ਇਮਾਰਤ ਢਹਿ ਗਈ ਸੀ, ਜਿਸ ’ਚ ਛੇ ਲੋਕਾਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਇਕ ਹੋਟਲ, ਜੋਕਿ .ਗੈਰ-ਕਾਨੂੰਨੀ ਤੌਰ ’ਤੇ ਬਣਾਇਆ ਗਿਆ ਸੀ ਅਤੇ ਚਲਾਇਆ ਜਾ ਰਿਹਾ ਸੀ, ਉਸ ’ਚ ਅੱਗ ਲੱਗਣ ਕਾਰਨ 21 ਲੋਕਾਂ ਦੀ ਮੌਤ ਹੋ ਗਈ। ਸਰਕਾਰੀ ਮਸ਼ੀਨਰੀ ਅਤੇ .ਗੈਰ-ਕਾਨੂੰਨੀ ਉਸਾਰੀ ’ਚ ਸ਼ਾਮਲ ਲੋਕਾਂ ਦੀ ਮਿਲੀਭੁਗਤ ਕਾਰਨ ਹੋਣ ਵਾਲੀਆਂ ਅਜਿਹੀਆਂ ਘਟਨਾਵਾਂ ਕਾਰਨ ਹੋਏ ਜਾਨਮਾਲ ਦੇ ਨੁਕਸਾਨ ਦੀ ਤੁਲਨਾ ਹੋਰ ਕਿਤੇ ਲੱਭਣਾ ਮੁਸ਼ਕਲ ਹੈ। ਇਹ ਤਰੀਕਾ ਕਈ ਦਹਾਕਿਆਂ ਤੋਂ ਜਾਰੀ ਹੈ, ਫਿਰ ਵੀ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ ਨਜ਼ਰ ਆਉਂਦੀ। ਰਾਜਧਾਨੀ ਸਣੇ ਦੇਸ਼ ਭਰ ’ਚ, ਨਗਰ ਨਿਗਮਾਂ ਦੀ ਅਯੋਗਤਾ ਘਰਾਂ, ਹੋਟਲਾਂ ਅਤੇ ਹੋਰ ਢਾਂਚਿਆਂ ਦੀ .ਗੈਰ-ਕਾਨੂੰਨੀ ਉਸਾਰੀਆਂ ਨੂੰ ਜਾਰੀ ਰੱਖਣ ਦੀ ਮਨਜ਼ੂਰੀ ਦਿੰਦੀ ਹੈ।

ਜਦੋਂ ਨਿਯਮਾਂ ਦੀ ਅਣਦੇਖੀ ਕਰਕੇ ਕੋਈ .ਗੈਰ-ਕਾਨੂੰਨੀ ਅਤੇ ਬੇਨਿਯਮਿਤ ਉਸਾਰੀ ਹੁੰਦੀ ਹੈ, ਤਾਂ ਇਹ ਅਟੱਲ ਹੈ ਕਿ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਕਾਰਨ ਢਾਂਚਿਆਂ ਦੇ ਢਹਿਣ ਜਾਂ ਅੱਗ ਲੱਗਣ ਵਰਗੀਆਂ ਘਟਨਾਵਾਂ ਵਾਪਰਨਗੀਆਂ। ਜ਼ਿਆਦਾਤਰ ਮਾਮਲਿਆਂ ’ਚ, .ਗੈਰ-ਕਾਨੂੰਨੀ ਉਸਾਰੀ ਲਈ ਜ਼ਿੰਮੇਵਾਰ ਲੋਕ ਕਿਸੇ ਵੀ ਨੈਤਿਕ ਜ਼ਿੰਮੇਵਾਰੀ ਨੂੰ ਨਹੀਂ ਮੰਨਦੇ। ਮੁੱਖ ਤੌਰ ’ਤੇ ਉਨ੍ਹਾਂ ਨੂੰ ਕਾਨੂੰਨ ਦਾ ਵੀ ਕੋਈ ਡਰ ਨਹੀਂ ਲੱਗਦਾ। ਸਾਡੇ ਦੇਸ਼ ’ਚ ਜਿਸ ਹੱਦ ਤੱਕ ਨਿਯਮਾਂ ਅਤੇ ਕਾਨੂੰਨਾਂ ਦੀ ਅਣਦੇਖੀ ਕੀਤੀ ਜਾਂਦੀ ਹੈ, ਸ਼ਾਇਦ ਹੀ ਕਿਤੇ ਹੋਰ ਅਜਿਹਾ ਹੁੰਦਾ ਹੋਵੇਗਾ। ਕਾਨੂੰਨ ਪ੍ਰਤੀ ਅਨੁਸ਼ਾਸਨ ਜਾਂ ਜ਼ਿੰਮੇਵਾਰੀ ਦੀ ਭਾਵਨਾ ਦਾ ਪ੍ਰਦਰਸ਼ਨ ਕਰਨ ਤੋਂ ਮੂੰਹ ਮੋੜਿਆ ਜਾਂਦਾ ਹੈ। ਆਮ ਨਾਗਰਿਕ ਆਪਣੇ ਫ਼ਰਜ਼ਾਂ ਨੂੰ ਸਮਝਣ ਲਈ ਤਿਆਰ ਨਹੀਂ ਹਨ ਅਤੇ ਸਰਕਾਰੀ ਤੰਤਰ ਅੰਦਰਲੇ ਲੋਕਾਂ ’ਚ ਵੀ ਇਹੀ ਰਵੱਈਆ ਰੁਝਾਨ ’ਚ ਹੈ। ਨਗਰ ਨਿਗਮਾਂ ਅਤੇ ਸ਼ਹਿਰੀਕਰਨ ਦੀ ਨਿਗਰਾਨੀ ਅਤੇ ਨਿਯਮਾਂ ਲਈ ਜ਼ਿੰਮੇਵਾਰ ਅਧਿਕਾਰੀਆਂ ਦੀ ਸਥਿਤੀ ਸ਼ਾਇਦ ਸਭ ਤੋਂ ਵੱਧ ਮਾੜੀ ਹੈ।

ਵੱਡੀ ਲਾਪਰਵਾਹੀ ਅਤੇ ਭ੍ਰਿਸ਼ਟਾਚਾਰ ਦੇ ਬਾਵਜੂਦ ਉਨ੍ਹਾਂ ਨੂੰ ਅਜਿਹੀ ਸਜ਼ਾ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਜੋ ਪਾਬੰਦੀਆਂ ਲਾ ਸਕੇ ਅਤੇ ਇਕ ਮਿਸਾਲ ਕਾਇਮ ਕੀਤੀ ਜਾ ਸਕੇ। ਸਥਾਨਕ ਸਰਕਾਰਾਂ ਦੀ ਲਾਪਰਵਾਹੀ ਕਾਰਨ, ਨਾ ਸਿਰਫ਼ ਸ਼ਹਿਰਾਂ ਦੇ ਪੁਰਾਣੇ ਹਿੱਸਿਆਂ ਅਤੇ ਪੇਂਡੂ ਇਲਾਕਿਆਂ ’ਚ, ਜੋ ਹੌਲੀ-ਹੌਲੀ ਸ਼ਹਿਰ ਬਣ ਰਹੇ ਹਨ, ਉਨ੍ਹਾਂ ’ਚ ਵੀ .ਗੈਰ-ਯੋਜਨਾਬੱਧ ਉਸਾਰੀਆਂ ਹੋ ਰਹੀਆਂ ਹਨ, ਸਗੋਂ ਹੁਣ ਇਹ ਸ਼ਹਿਰੀ ਵਿਕਾਸ ਅਧਿਕਾਰੀਆਂ ਵੱਲੋਂ ਵਿਕਸਤ ਕੀਤੇ ਗਏ ਨਵੇਂ ਇਲਾਕਿਆਂ ’ਚ ਜਾਰੀ ਹੈ।

ਕੁਝ ਥਾਵਾਂ ’ਤੇ, ਲੋਕ ਅਪਾਰਟਮੈਂਟ ਕੰਪਲੈਕਸ

**ਸੰਜੇ ਗੁਪਤ**

ਬਣਾਉਣ ਲਈ ਘਰਾਂ ਨੂੰ ਢਾਹ ਰਹੇ ਹਨ, ਜਦਕਿ ਕੁਝ ਥਾਵਾਂ ’ਤੇ ਉਹ ਦੁਕਾਨਾਂ ਤੇ ਹੋਰ ਵਪਾਰਕ ਇਮਾਰਤਾਂ ਬਣਾ ਰਹੇ ਹਨ। ਇਸ ਤਰੀਕੇ ਉਸਾਰੀਆਂ ਗਈਆਂ ਇਮਾਰਤ ’ਚ ਮਿਆਰਾਂ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਖ਼ਾਸ ਕਰਕੇ ਅੱਗ ਤੋਂ ਸੁਰੱਖਿਆ ਦੇ ਪ੍ਰਬੰਧ ਅਣਗੌਲੇ ਜਾਂਦੇ ਹਨ। ਜਦੋਂ ਪੁਰਾਣੇ ਸ਼ਹਿਰੀ ਖੇਤਰਾਂ ਜਾਂ ਪੇਂਡੂ ਇਲਾਕਿਆਂ ’ਚ ਖੰਡਰ ਇਮਾਰਤਾਂ ’ਤੇ .ਗੈਰ-ਕਾਨੂੰਨੀ ਉਸਾਰੀ ਹੁੰਦੀ ਹੈ, ਤਾਂ ਢਹਿ ਜਾਣ ਦਾ ਖ਼ਤਰਾ ਕਾਫ਼ੀ ਵੱਧ ਜਾਂਦਾ ਹੈ।

ਆਮ ਤੌਰ ’ਤੇ ਅਜਿਹੀ .ਗੈਰ-ਕਾਨੂੰਨੀ ਉਸਾਰੀ ਨੂੰ ਰੋਕਣ ਲਈ ਜ਼ਿੰਮੇਵਾਰ ਨਗਰ ਨਿਗਮ ਦੇ ਅਧਿਕਾਰੀ ਅਤੇ ਸਟਾਫ਼ ਕੋਈ ਕਾਰਵਾਈ ਕਰਨ ’ਚ ਅਸਫਲ ਰਹਿੰਦੇ ਹਨ; ਜ਼ਿਆਦਾਤਰ ਮਾਮਲਿਆਂ ’ਚ ਉਹ ਰਿਸ਼ਵਤ ਲੈਂਦੇ ਹਨ ਅਤੇ ਅਣਅਧਿਕਾਰਤ ਉਸਾਰੀ ਨੂੰ ਵਧਣ-ਫੁੱਲਣ ਦਿੰਦੇ ਹਨ। ਉਹ ਇਸ ਗੱਲ ਨਾਲ ਚਿੰਤਤ ਨਹੀਂ ਹਨ ਕਿ ਇਸ ਨਾਲ ਖ਼ਾਸ ਖੇਤਰ ’ਚ ਆਬਾਦੀ ਦਾ ਦਬਾਅ ਵਧੇਗਾ ਜਾਂ ਵਪਾਰਕ ਗਤੀਵਿਧੀਆਂ ਭੀੜ-ਭੜੱਕੇ, ਪ੍ਰਦੂਸ਼ਣ ਅਤੇ ਗੰਦਗੀ ਦੇ ਨਾਲ-ਨਾਲ ਨਾਗਰਿਕ ਸਹੂਲਤਾਂ ਦੀ ਵੱਡੀ ਘਾਟ ਦਾ ਕਾਰਨ ਬਣਨਗੀਆਂ।


ਭਾਵੇਂ ਸ਼ਹਿਰੀਕਰਨ ਨੂੰ ਕੰਟਰੋਲ ਕਰਨ ਵਾਲੇ ਨਿਯਮ ਅਤੇ ਕਾਨੂੰਨ ਹਨ ਪਰ ਉਨ੍ਹਾਂ ਦੀ ਅਕਸਰ ਉਲੰਘਣਾ ਕੀਤੀ ਜਾਂਦੀ ਹੈ। ਇਨ੍ਹਾਂ ਉਲੰਘਣਾਵਾਂ ਦਾ ਇਕ ਵੱਡਾ ਕਾਰਨ ਇਹ ਹੈ ਕਿ ਸਥਾਨਕ ਸਰਕਾਰਾਂ ਦੇ ਚੁਣੇ ਹੋਏ ਨੁਮਾਇੰਦੇ ਅਤੇ ਹੋਰ ਸਿਆਸੀ ਆਗੂ ਆਪਣੇ ਵੋਟ ਬੈਂਕ ਨੂੰ ਸਭ ਤੋਂ ਵੱਧ ਤਰਜੀਹ ਦਿੰਦੇ ਹਨ।

ਅਕਸਰ, ਉਹ ਖ਼ੁਦ ਗੈਰ-ਕਾਨੂੰਨੀ ਉਸਾਰੀਆਂ ਦੀ ਸਹੂਲਤ ਦਿੰਦੇ ਹਨ ਅਤੇ .ਗੈਰ-ਕਾਨੂੰਨੀ ਤੌਰ ’ਤੇ ਸਥਾਪਿਤ ਬਸਤੀਆਂ ਨੂੰ ਨਿਯਮਤ ਕਰਨ ਲਈ ਵੀ ਜ਼ੋਰ ਦਿੰਦੇ ਹਨ। ਸਰਕਾਰਾਂ ਵੀ ਵੋਟ ਬੈਂਕ ਦੇ ਲਾਲਚ ’ਚ ਅਜਿਹੀਆਂ ਕਾਰਵਾਈਆਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ। ਅਜਿਹਾ ਹੋਣ ਕਾਰਨ ਅਜਿਹੀਆਂ ਬਸਤੀਆਂ ’ਚ .ਗੈਰ-ਕਾਨੂੰਨੀ ਉਸਾਰੀ ਅਤੇ ਕਬਜ਼ੇ ਵਧ ਜਾਂਦੇ ਹਨ। ਅੱਜ ਕੋਈ ਵੀ ਸਿਆਸੀ ਪਾਰਟੀ .ਗੈਰ-ਕਾਨੂੰਨੀ ਅਤੇ ਯੋਜਨਾਬੱਧ ਉਸਾਰੀ ਨੂੰ ਰੋਕਣ ਲਈ ਗੰਭੀਰ ਨਹੀਂ ਹੈ। ਨਤੀਜੇ ਵਜੋਂ ਸ਼ਹਿਰੀ ਦ੍ਰਿਸ਼ ਵਿਗੜ ਰਿਹਾ ਹੈ ਅਤੇ ਨਾਗਰਿਕ ਸਹੂਲਤਾਂ ਦੀ ਘਾਟ ਵਧ ਰਹੀ ਹੈ। ਕਿਉਂਕਿ ਸਰਕਾਰੀ ਏਜੰਸੀਆਂ ਰਿਹਾਇਸ਼ੀ ਜਾਂ ਵਪਾਰਕ ਇਮਾਰਤਾਂ ’ਚ .ਗੈਰ-ਕਾਨੂੰਨੀ ਉਸਾਰੀ ਵਿਰੁੱਧ ਸਖ਼ਤ ਕਾਰਵਾਈ ਕਰਨ ’ਚ ਅਸਫਲ ਰਹਿੰਦੀਆਂ ਹਨ। ਇਮਾਰਤਾਂ ਢਹਿਣ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਇਸੇ ਕਾਰਨ ਵਧ ਰਹੀਆਂ ਹਨ। ਹਾਲ ਹੀ ਦੇ ਮਹੀਨਿਆਂ ’ਚ ਦਿੱਲੀ ’ਚ ਘਰਾਂ, ਹੋਟਲਾਂ ਅਤੇ ਫੈਕਟਰੀਆਂ ’ਚ ਅੱਗ ਲੱਗਣ ਕਾਰਨ ਹੋਈਆਂ ਮੌਤਾਂ ਅਤੇ ਜ਼ਖ਼ਮੀਆਂ ਦੀ ਗਿਣਤੀ ’ਚ ਵਾਧਾ ਹੋਇਆ ਹੈ। ਉਪਲਬਧ ਅੰਕੜਿਆਂ ਅਨੁਸਾਰ ਪਿਛਲੇ ਪੰਜ ਮਹੀਨਿਆਂ ’ਚ ਸ਼ਹਿਰ ’ਚ ਅੱਗ ਲੱਗਣ ਦੀਆਂ ਵੱਖ-ਵੱਖ ਘਟਨਾਵਾਂ ’ਚ ਲਗਪਗ 45 ਲੋਕਾਂ ਦੀ ਜਾਨ ਗਈ ਹੈ। ਕਈ ਮਾਮਲਿਆਂ ’ਚ ਇਹ ਦੇਖਿਆ ਗਿਆ ਹੈ ਕਿ ਬਚਾਅ ਕਰਮਚਾਰੀਆਂ ਨੂੰ ਤੰਗ ਗਲੀਆਂ ’ਚੇ ਕੀਤੇ ਗਏ ਕਬਜ਼ਿਆਂ ਕਾਰਨ ਵੀ ਘਟਨਾ ਸਥਾਨ ’ਤੇ ਪਹੁੰਚਣ ’ਚ ਦੇਰੀ ਹੋਈ। ਇਸ ਨਾਲ ਆਮ ਲੋਕਾਂ ਨੂੰ ਵੀ ਬੇਹੱਦ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਦੇਰੀ ਨੇ ਬਹੁਤ ਸਾਰੇ ਵਿਅਕਤੀਆਂ ਦੀਆਂ ਜਾਨਾਂ ਲੈ ਲਈਆਂ, ਜਿਨ੍ਹਾਂ ਨੂੰ ਬਚਾਇਆ ਜਾ ਸਕਦਾ ਸੀ। .ਗੈਰ-ਕਾਨੂੰਨੀ ਉਸਾਰੀ ਵਾਂਗ, ਤੰਗ ਗਲੀਆਂ ਤੋਂ ਲੈ ਕੇ ਮੁੱਖ ਸੜਕਾਂ ਤੱਕ ਫੈਲਿਆ ਹੋਇਆ ਕਬਜ਼ਾ ਵੀ ਸਾਡੇ ਦੇਸ਼ ’ਚ ਇਕ ਵੱਡੀ ਸਮੱਸਿਆ ਹੈ। ਹਾਲਾਂਕਿ ਸਥਾਨਕ ਪ੍ਰਸ਼ਾਸਨ ਇਸ ਗੱਲ ਦਾ ਲਗਾਤਾਰ ਦਾਅਵਾ ਕਰਦੇ ਰਹਿੰਦੇ ਹਨ ਕਿ ਨਾਜਾਇਜ਼ ਕਬਜ਼ਿਆਂ ’ਤੇ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ। ਜਦਕਿ ਧਰਾਤਲ ’ਤੇ ਅਸਲ ਤਸਵੀਰ ਕੁਝ ਹੋਰ ਬਿਆਨ ਕਰਦੀ ਹੈ। ਕੁਝ ਸਮੇਂ ਤੋਂ, ਦੇਸ਼ ਦੇ ਲੋਕਾਂ ਨੂੰ ਇਹ ਨਜ਼ਰੀਆ ਦਿੱਤਾ ਜਾ ਰਿਹਾ ਹੈ ਕਿ 2047 ਤੱਕ, ਅਗਲੇ 25 ਸਾਲਾਂ ’ਚ ਭਾਰਤ ਨੂੰ ਇਕ ਵਿਕਸਤ ਰਾਸ਼ਟਰ ’ਚ ਬਦਲਣ ਦਾ ਟੀਚਾ ਪ੍ਰਾਪਤ ਕੀਤਾ ਜਾਵੇਗਾ। ਹਾਲਾਂਕਿ, ਕੋਈ ਵੀ ਰਾਸ਼ਟਰ ਸਿਰਫ਼ ਆਰਥਿਕ ਤਾਕਤ ਨਾਲ ਜਾਂ ਚੋਣਵੇਂ ਖੇਤਰਾਂ ’ਚ ਵਿਕਸਤ ਦੇਸ਼ਾਂ ਦੇ ਮਾਪਦੰਡਾਂ ਨਾਲ ਮੇਲ ਖਾਂਦਾ ਹੋਇਆ ‘ਵਿਕਸਤ’ ਨਹੀਂ ਬਣਦਾ। ਭਾਰਤ ਸੱਚਮੁੱਚ ਇਕ ਵਿਕਸਤ ਰਾਸ਼ਟਰ ਤਾਂ ਹੀ ਬਣੇਗਾ ਜਦੋਂ ਸਰਕਾਰੀ ਏਜੰਸੀਆਂ ਅਤੇ ਨਾਗਰਿਕ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨਗੇ।

ਬਦਕਿਸਮਤੀ ਨਾਲ, ਸਾਡੇ ਦੇਸ਼ ’ਚ ਹਰ ਚੀਜ਼ ਲਈ ਸ਼ਾਰਟਕੱਟ ਲੱਭੇ ਗਏ ਹਨ। ਇਕ ਹੋਰ ਮੁੱਦਾ ਦੇਸ਼ ਭਰ ’ਚ ਜਨਤਕ ਨਿਰਮਾਣ ਪ੍ਰੋਜੈਕਟਾਂ ਦੀ ਵਿਗੜਦੀ ਗੁਣਵੱਤਾ ਹੈ। ਕਿਉਂਕਿ ਉਸਾਰੀ ਦੇ ਕੰਮ ਦੀ ਗੁਣਵੱਤਾ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਇੰਜੀਨੀਅਰਾਂ ਅਤੇ ਠੇਕੇਦਾਰਾਂ ਨੇ ਗੁਣਵੱਤਾ ਵਾਲਾ ਕੰਮ ਕਰਨ ਦੀ ਆਦਤ ਹੀ ਗੁਆ ਲਈ ਹੈ। ਜਦੋਂ ਵੀ ਘਟੀਆ ਉਸਾਰੀ ਜਾਂ ਸੁਰੱਖਿਆ ਪ੍ਰਬੰਧਾਂ ਦੀ ਅਣਗਹਿਲੀ ਕਾਰਨ ਜਾਨ ਜਾਂ ਜਾਇਦਾਦ ਦਾ ਨੁਕਸਾਨ ਹੁੰਦਾ ਹੈ, ਤਾਂ ਅਗਲਾ ਜਵਾਬ ਪੀੜਤਾਂ ਦੇ ਪਰਿਵਾਰਾਂ ਲਈ ਮੁਆਵਜ਼ੇ ਦਾ ਐਲਾਨ ਕਰਨਾ ਅਤੇ ਜਾਂਚ ਦਾ ਹੁਕਮ ਦੇਣਾ ਹੁੰਦਾ ਹੈ।

ਇਸ ਤੋਂ ਬਾਅਦ ਕਾਨੂੰਨੀ ਕਾਰਵਾਈ ਸਾਲਾਂ ਤੱਕ ਚੱਲਦੀ ਰਹਿੰਦੀ ਹੈ ਅਤੇ ਭਾਵੇਂ ਹਾਦਸਿਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਪਰ ਉਹ ਅਕਸਰ ਜ਼ਮਾਨਤ ’ਤੇ ਰਿਹਾਅ ਹੋ ਜਾਂਦੇ ਹਨ। ਸਿੱਟੇ ਵਜੋਂ, ਸਥਿਤੀ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ ਅਤੇ ਕੋਈ ਬੁਨਿਆਦੀ ਸੁਧਾਰ ਨਹੀਂ ਹੋ ਰਹੇ ਹਨ। ਜ਼ਿਆਦਾਤਰ ਮਾਮਲਿਆਂ ’ਚ, ਲੋਕ ਹਾਦਸਿਆਂ ਨੂੰ ਭੁੱਲ ਜਾਂਦੇ ਹਨ, ਜਦਕਿ ਜਾਂਚ ਰਿਪੋਰਟਾਂ ਧੂੜ ਫੱਕਦੀਆਂ ਰਹਿੰਦੀਆਂ ਹਨ। ਇੱਕੋ ਜਿਹੇ ਕਾਰਨਾਂ ਕਰਕੇ ਹਾਦਸਿਆਂ ਦਾ ਦੁਹਰਾਅ ਸਰਕਾਰੀ ਮਸ਼ੀਨਰੀ ਦੀ ਅਸਫਲਤਾ ਅਤੇ ਇਸਦੀ ਰਾਜਨੀਤਿਕ ਇੱਛਾ ਸ਼ਕਤੀ ਦੀ ਘਾਟ ਨੂੰ ਦਰਸਾਉਂਦਾ ਹੈ। ਇਹੀ ਕਮਜ਼ੋਰੀ ਹੈ ਜੋ ਪ੍ਰਸ਼ਾਸਨਿਕ ਪ੍ਰਣਾਲੀ ਦੇ ਅੰਦਰ ਵੱਡੇ ਰੂਪ ਵਿਚ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦਿੰਦੀ ਹੈ ਅਤੇ ਸਮੱਸਿਆਵਾਂ ਨੂੰ ਹੋਰ ਵਧਾਉਂਦੀ ਹੈ।



# ਵਿਰੋਧੀ ਧਿਰ ਦੀ ਵਧਦੀ ਅਪ੍ਰਸੰਗਿਕਤਾ

ਦੇਸ਼ ’ਚ ਵਿਰੋਧੀ ਧਿਰ ਦੀ ਲਗਾਤਾਰ ਵਧਦੀ ਅਪ੍ਰਸੰਗਿਕਤਾ ਚਿੰਤਾ ਦਾ ਵਿਸ਼ਾ ਹੈ। ਬੇਸ਼ੱਕ ਉਹ ਕਾਂਗਰਸ ਹੋਵੇ ਜਾਂ ਤ੍ਰਿਣਮੂਲ ਕਾਂਗਰਸ, ਡੀਐੱਮਕੇ, ਆਰਜੇਡੀ, ਬੀਜੇਡੀ, ਸਪਾ, ਬਸਪਾ, ਸ਼ਿਵ ਸੈਨਾ, ਐੱਨਸੀਪੀ, ਆਪ ਤੇ ਜਾਂ ਫਿਰ ਖੱਬੇ ਪੱਖੀ ਪਾਰਟੀਆਂ ਹੋਣ, ਸਾਰੇ ਆਪਣੀ ਅਪ੍ਰਸੰਗਿਕਤਾ ਬਾਰੇ ਚਿੰਤਤ ਹਨ। ਆਜ਼ਾਦੀ ਦੇ ਸਮੇਂ ਵੀ ਵਿਰੋਧੀ ਧਿਰ ਨੂੰ ਇਸੇ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ। ਕਾਂਗਰਸ ਕੇਂਦਰ ਅਤੇ ਸਾਰੇ ਸੂਬਿਆਂ ’ਚ ਸੱਤਾ ’ਤੇ ਕਾਬਜ਼ ਸੀ ਤੇ ਇਕ ਅਰਥ ’ਚ ਪੂਰਾ ਦੇਸ਼ ਕਾਂਗਰਸ ਦਾ ਹੀ ਸੀ। ਕਾਂਗਰਸ ਪਾਰਟੀ ਸਿਰਫ਼ ਇਕ ਰਾਜਨੀਤਿਕ ਧਿਰ ਨਹੀਂ ਸੀ, ਸਗੋਂ ਇਕ ਰਾਸ਼ਟਰੀ ਅੰਦੋਲਨ ਵਾਂਗ ਸੀ।

ਆਜ਼ਾਦ ਭਾਰਤ ’ਚ, ਗਾਂਧੀ ਜੀ ਨੇ ਕਾਂਗਰਸ ਨੂੰ ਭੰਗ ਕਰਨ ਅਤੇ ਇਸ ਨੂੰ ‘ਲੋਕ ਸੇਵਕ ਸੰਘ’ ’ਚ ਬਦਲਣ ਦਾ ਫ਼ੈਸਲਾ ਕੀਤਾ ਸੀ। ਨਹਿਰੂ ਅਤੇ ਪਟੇਲ ਇਸ ਦੇ ਵਿਰੋਧੀ ਸਨ। ਗਾਂਧੀ ਜੀ ਇਸ ਵਿਚਾਰ ਦਾ ਐਲਾਨ ਉਸੇ ਦਿਨ ਕਰਨ ਦੀ ਯੋਜਨਾ ਬਣਾ ਰਹੇ ਸਨ, ਜਿਸ ਦਿਨ ਉਨ੍ਹਾਂ ਦੀ ਹੱਤਿਆ ਹੋਈ ਸੀ। ਉਨ੍ਹਾਂ ਦੀ ਤਜਵੀਜ਼ ਮਰਨ ਉਪਰੰਤ 15 ਫਰਵਰੀ, 1948 ਦੇ ‘ਹਰੀਜਨ’ ਅੰਕ ’ਚ ਪ੍ਰਕਾਸ਼ਿਤ ਹੋਈ ਸੀ। ਸਿੱਟੇ ਵਜੋਂ, ਕਾਂਗਰਸ ਨੇ 1947 ਤੋਂ ਲੈ ਕੇ 1967 ਤੱਕ ਇਕ ਰਾਜਨੀਤਿਕ ਪਾਰਟੀ ਦੇ ਰੂਪ ’ਚ ਬਿਨਾਂ ਕਿਸੇ ਚੁਣੌਤੀ ਦੇ ਦਬਦਬਾ ਕਾਇਮ ਕਰਨ ਦਾ ਆਨੰਦ ਮਾਣਿਆ। ਵਿਰੋਧੀ ਧਿਰ ਸਿਰਫ਼ ਨਾਮਾਤਰ ਸੀ, ਜਿਸ ’ਚ ਉਹ ਵਿਅਕਤੀ ਸ਼ਾਮਲ ਸਨ ਜੋ ਕਾਂਗਰਸ ਤੋਂ ਵੱਖ ਹੋ ਗਏ ਸਨ। ਸਿਆਸੀ ਵਿਦਵਾਨ ਰਜਨੀ ਕੋਠਾਰੀ ਨੇ ਇਸ ਨੂੰ ‘ਕਾਂਗਰਸ ਪ੍ਰਣਾਲੀ’ ਕਿਹਾ ਸੀ। ਇਸ ਤੋਂ ਭਾਵ ਹੈ ਕਿ ਦੇਸ਼ ’ਚ ਜ਼ਾਹਰ ਤੌਰ ’ਤੇ ਬਹੁ-ਪਾਰਟੀ ਲੋਕਤੰਤਰ ਸੀ, ਸਿਰਫ਼ ਇਕ ਪਾਰਟੀ ਕਾਂਗਰਸ ਦਾ ਦਬਦਬਾ ਸੀ। ਅੱਠ ਦਹਾਕਿਆਂ ਬਾਅਦ, ਅੱਜ ਵੀ ਅਜਿਹੀ ਹੀ ਸਥਿਤੀ ਪੈਦਾ ਹੋ ਰਹੀ ਹੈ। ਭਾਜਪਾ ਹੁਣ ਸਿਖ਼ਰਲੀ ਸ਼ਕਤੀ ਵਜੋਂ ਸੱਤਾ ’ਤੇ ਕਾਬਜ਼ ਹੈ।

ਭਾਜਪਾ ਜਾਂ ਇਸ ਦੀ ਅਗਵਾਈ ਵਾਲੀ ਐੱਨਡੀਏ ਕੇਂਦਰ ਅਤੇ 21 ਸੂਬਿਆਂ ’ਚ ਸੱਤਾ ’ਚ ਹੈ, ਜਦਕਿ ਕਾਂਗਰਸ ਸਿਰਫ਼ ਚਾਰ ਸੂਬਿਆ, ਤੇਲੰਗਾਨਾ, ਹਿਮਾਚਲ ਪ੍ਰਦੇਸ਼, ਕਰਨਾਟਕ ਅਤੇ ਕੇਰਲਮ ’ਚ ਸ਼ਾਸਨ ਕਰਨ ਤੱਕ ਸਿਮਟ ਗਈ ਹੈ। ਦੇਸ਼ ‘ਕਾਂਗਰਸ ਪ੍ਰਣਾਲੀ’ ਤੋਂ ‘ਭਾਜਪਾ ਪ੍ਰਣਾਲੀ’ ’ਚ ਬਦਲ ਗਿਆ ਹੈ, ਫਿਰ ਵੀ ਇਕ ਅੰਤਰ ਹੈ। ‘ਕਾਂਗਰਸ ਪ੍ਰਣਾਲੀ’ ਦੇ ਯੁੱਗ ਦੌਰਾਨ, ਵਿਰੋਧੀ ਧਿਰ, ਭਾਵੇਂ ਛੋਟੀ ਸੀ, ਇਸ ’ਚ ਵਿਦਵਾਨ ਵਿਅਕਤੀ, ਵਧੀਆ ਬੁਲਾਰੇ ਅਤੇ ਗੰਭੀਰ ਆਲੋਚਕ ਸਨ, ਜਿਵੇਂ ਕਿ ਏ.ਕੇ. ਗੋਪਾਲਨ, ਸ਼ਿਆਮਾ ਪ੍ਰਸਾਦ ਮੁਖ਼ਰਜੀ, ਜੇ.ਬੀ. ਕ੍ਰਿਪਲਾਨੀ, ਅਸ਼ੋਕ ਮਹਿਤਾ, ਐੱਨ.ਜੀ. ਰੰਗਾ, ਪਿਲੂ ਮੋਦੀ, ਰਾਮਮਨੋਹਰ ਲੋਹੀਆ, ਅਟਲ ਬਿਹਾਰੀ ਵਾਜਪਾਈ, ਬਲਰਾਜ ਮਧੋਕ, ਮੀਨੂ ਮਸਾਨੀ ਅਤੇ ਮਧੂ ਲਿਮਯੇ। ਇਹ ਅੰਕੜੇ ਸਰਕਾਰ ਨੂੰ ਤਰਕ ਅਤੇ ਤੱਥਾਂ ਰਾਹੀਂ ਜਵਾਬਦੇਹ ਬਣਾਉਂਦੇ ਸਨ ਨਾਲ ਹੀ ਬਦਲਾਂ ਦੀ ਤਜਵੀਜ਼ ਵੀ ਦਿੰਦੇ ਸਨ। ਇਸਦੇ ਉਲਟ, ਅੱਜ ਦੇ ਵਿਰੋਧੀ ਨੇਤਾ ਅਕਸਰ ਸਰਕਾਰੀ ਨੀਤੀਆਂ ਅਤੇ ਫ਼ੈਸਲਿਆਂ ਦੀ ਸਖ਼ਤ ਨਿਖੇਧੀ ਕਰਨ ਦੀ ਥਾਂ ਇਲਜ਼ਾਮਾਂ, ਇਸ਼ਾਰਿਆਂ, ਨਿੰਦਿਆ ਅਤੇ ਮਜ਼ਾਕ ਦਾ ਹੀ ਸਹਾਰਾ ਲੈਂਦੇ ਹਨ। ਅਜਿਹਾ ਕਰਕੇ, ਉਹ ਬਿਹਤਰ ਬਦਲਵੀਆਂ ਨੀਤੀਆਂ ਜਾਂ ਫ਼ੈਸਲਿਆਂ ਦੀਆਂ ਤਜਵੀਜ਼ਾਂ ਪੇਸ਼ ਕਰਨ ’ਚ ਅਸਫ਼ਲ ਰਹਿੰਦੇ ਹਨ। ‘ਕਾਂਗਰਸ ਪ੍ਰਣਾਲੀ’ ਦੇ ਯੁੱਗ ਦੌਰਾਨ ਵਿਰੋਧੀ ਧਿਰ ਦੀ ਗੱਲ ਸੁਣਨਾ ਇਕ ਸ਼ਾਨਦਾਰ ਤਜਰਬਾ ਹੁੰਦਾ ਸੀ। ਹਾਲਾਂਕਿ, ਅੱਜ ਵਿਰੋਧੀ ਧਿਰ ਰੌਲੇ-ਰੱਪੇ ਅਤੇ ਬੇਤੁਕੀ ਬਹਿਸ ਰਾਹੀਂ ਆਪਣੇ ਆਪ ਨੂੰ ਅਪ੍ਰਸੰਗਿਕ ਬਣਾ ਰਹੀ ਹੈ। ਇੰਨੇ ਲੰਬੇ ਸਮੇਂ ਤੱਕ ਦੇਸ਼ ’ਤੇ ਰਾਜ ਕਰਨ ਤੋਂ ਬਾਅਦ ਸੱਤਾ ਗੁਆਉਣਾ ਕਾਂਗਰਸ ਲਈ ਦੁਖਦਾਈ ਹੈ, ਫਿਰ ਵੀ ਇਸ ਨੇ ਆਪਣੀ ਗੁਆਚੀ ਸ਼ਾਨ ਨੂੰ ਮੁੜ ਹਾਸਲ ਕਰਨ ਲਈ ਕੋਈ ਸਖ਼ਤ ਕਦਮ ਨਹੀਂ ਚੁੱਕਿਆ ਹੈ। ਆਜ਼ਾਦੀ ਦੇ ਸਮੇਂ, ਕਾਂਗਰਸ ਇਕ ਵੱਡੀ ਪਾਰਟੀ ਸੀ। ਸਾਰੇ ਸਮਾਜਿਕ ਵਰਗਾਂ ਦੇ ਲੋਕ ਇਸ ਦਾ ਹਿੱਸਾ ਸਨ। ਹਾਲਾਂਕਿ, ਪਾਰਟੀ ਨੇ ਕਦੇ ਵੀ ਸਰਕਾਰ ਜਾਂ ਸੰਗਠਨ ਦੇ ਅੰਦਰ ਇਨ੍ਹਾਂ ਸਮਾਜਿਕ ਸਮੂਹਾਂ ਨੂੰ ਢੁਕਵੀਂ ਪ੍ਰਤੀਨਿਧਤਾ ਨਹੀਂ ਦਿੱਤੀ, ਜਿਸ ਕਾਰਨ ਉਹ ਹੌਲੀ-ਹੌਲੀ ਇਸ ਤੋਂ ਦੂਰ ਹੋ ਗਏ। ਇਸ ਤੋਂ ਇਲਾਵਾ, ਕਾਂਗਰਸ ਨੇ ਵੰਸ਼ਵਾਦੀ ਰਾਜਨੀਤੀ ਕਾਰਨ ਆਪਣੇ ਹੀ ਸਮਰੱਥ ਨੇਤਾਵਾਂ ਨੂੰ ਪਾਸੇ ਕਰ ਦਿੱਤਾ। ਨਹੀਂ ਤਾਂ, ਨਹਿਰੂ, ਇੰਦਰਾ, ਰਾਜੀਵ, ਸੋਨੀਆ ਤੇ ਹੁਣ ਰਾਹੁਲ ਅਤੇ ਪ੍ਰਿਯੰਕਾ ਗਾਂਧੀ ਪਾਰਟੀ ਦੀ ਸਿਖ਼ਰਲੀ ਲੀਡਰਸ਼ਿਪ ਵਜੋਂ ਕਿਉਂ ਸਥਾਪਿਤ ਹੋਏ ਹਨ? ਕੀ ਕਾਂਗਰਸ ਨੂੰ ਪਾਰਟੀ ਦੇ ਅੰਦਰ ਕੋਈ ਹੋਰ ਨੇਤਾ ਅਗਵਾਈ ਕਰਨ ਦੇ ਯੋਗ ਨਹੀਂ ਦਿਖਾਈ ਦਿੰਦਾ? ਜੇਕਰ ਕਾਂਗਰਸ ਰਾਸ਼ਟਰੀ ਪੱਧਰ ’ਤੇ ਡਿੱਗ ਗਈ ਹੈ, ਤਾਂ ਕਸੂਰ ਖ਼ੁਦ ਪਾਰਟੀ ਦਾ ਹੈ।

ਕਾਂਗਰਸ ਨੂੰ ਸੁਧਾਰਨ ਦੀ ਜ਼ਿੰਮੇਵਾਰੀ ਭਾਜਪਾ ਜਾਂ ਹੋਰ ਪਾਰਟੀਆਂ ਦੀ ਨਹੀਂ ਹੋ ਸਕਦੀ। ਵਿਰੋਧੀ ਧਿਰ ਨੇ 2024 ਦੀਆਂ ਚੋਣਾਂ ਲਈ ਕੌਮੀ ਪੱਧਰ ’ਤੇ ‘ਰਾਜਨੀਤਿਕ ਇੰਜੀਨੀਅਰਿੰਗ’ ਦੀ ਕੋਸ਼ਿਸ਼ ਕੀਤੀ ਅਤੇ ਇਕ ਭਾਈਵਾਲੀ ਬਣਾਈ। ਹਾਲਾਂਕਿ, ਰਾਜਨੀਤਿਕ ਸਵਾਰਥ ਤੋਂ ਪ੍ਰੇਰਿਤ, ਇਸਦੇ ਨੇਤਾਵਾਂ ਨੇ ‘ਤੁਹਾਨੂੰ ਪਿਆਰ ਕਰਦੇ ਹਾਂ ਪਰ ਤੁਹਾਡੇ ਨਾਲ ਲੜਦੇ ਹਾਂ’ ਵਾਲਾ ਤਰੀਕਾ ਅਪਣਾਇਆ ਅਤੇ ਉਨ੍ਹਾਂ ਦੀ ਮੌਜੂਦਾ ਦੁਰਦਸ਼ਾ ਸਾਰਿਆਂ ਨੂੰ ਪਤਾ ਹੈ। ਬੰਗਾਲ ਵਿਧਾਨ ਸਭਾ ਚੋਣਾਂ ਦੇ ਨਤੀਜੇ ਇਸ ਦਾ ਸਪੱਸ਼ਟ ਸਬੂਤ ਹਨ। ਅੱਜ, ਭਾਜਪਾ ਨੇ ਆਪਣੇ ਆਪ ਨੂੰ ਮਜ਼ਬੂਤੀ ਨਾਲ ਸਥਾਪਿਤ ਕਰ ਲਿਆ ਹੈ ਅਤੇ ਇਸ ਦੇ ਪਿੱਛੇ ਦੇ ਕਾਰਨ ਨੂੰ ਸਮਝਣਾ ਕੋਈ ‘ਰਾਕੇਟ ਸਾਇੰਸ’ ਨਹੀਂ ਹੈ। ਪਾਰਟੀ ਨੇ ਜਨਤਾ ਦਾ ਵਿਸ਼ਵਾਸ ਜਿੱਤਿਆ ਹੈ, ‘ਸਬਕਾ ਸਾਥ, ਸਬਕਾ ਵਿਕਾਸ’

**ਡਾ.ਏਕੇ ਵਰਮਾ**

(ਸਭ ਦੇ ਨਾਲ, ਸਭ ਲਈ ਵਿਕਾਸ) ਦੇ ਸਿਧਾਂਤ ਨੂੰ ਸਫਲਤਾਪੂਰਵਕ ਲਾਗੂ ਕਰਕੇ ਇਸ ਨੂੰ ਪ੍ਰਾਪਤ ਕੀਤਾ ਹੈ। ਜਾਤ-ਅਧਾਰਤ ਰਾਜਨੀਤੀ ਦੇ ਮਿੱਥ ਨੂੰ ਤੋੜਦੇ ਹੋਏ, ਭਾਜਪਾ ਨੇ ਸਮਾਜਿਕ-ਆਰਥਿਕ ਹਿੱਸਿਆਂ, ਖ਼ਾਸ ਕਰਕੇ ਔਰਤਾਂ, ਨੌਜਵਾਨਾਂ, ਕਿਸਾਨਾਂ ਅਤੇ ਗਰੀਬਾਂ ’ਤੇ ਕੇਂਦ੍ਰਿਤ ਰਾਜਨੀਤੀ ਦੀ ਸ਼ੁਰੂਆਤ ਕੀਤੀ ਹੈ, ਜਿੱਥੇ ਇਨ੍ਹਾਂ ਸਮੂਹਾਂ ਦੇ ਅੰਦਰ ਸਾਰੀਆਂ ਜਾਤੀਆਂ ਦੇ ਵਿਅਕਤੀ ਜਨ ਧਨ ਅਤੇ ਡੀਬੀਟੀ ਵਰਗੀਆਂ ਪਹਿਲਕਦਮੀਆਂ ਰਾਹੀਂ ਪੂਰਾ ਲਾਭ ਪ੍ਰਾਪਤ ਕਰ ਰਹੇ ਹਨ। ਪਾਰਟੀ ਨੇ ਸੱਤਾ ਢਾਂਚੇ ਦੇ ਅੰਦਰ ਇਨ੍ਹਾਂ ਸਾਰੇ ਹਿੱਸਿਆਂ, ਜਾਤਾਂ ਅਤੇ ਭਾਈਚਾਰਿਆਂ ਨੂੰ ਯੋਗ ਪ੍ਰਤੀਨਿਧਤਾ ਅਤੇ ਸਤਿਕਾਰ ਦਿੱਤਾ ਹੈ।

ਦਰਅਸਲ, ਲੋਕਤੰਤਰ ’ਚ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਸਰਕਾਰ ਕਿੰਨਾ ਵੀ ਵਧੀਆ ਪ੍ਰਦਰਸ਼ਨ ਕਰੇ, ਇਸ ਨੂੰ ਇੱਕੋ ਸਮੇਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਨਤਾ ਅਤੇ ਇਸਦੇ ਵੱਖ-ਵੱਖ ਹਿੱਸਿਆਂ ਨੂੰ ਸੱਤਾ ਢਾਂਚੇ ਦੇ ਅੰਦਰ ਇਕ ਥਾਂ ਅਤੇ ਸਤਿਕਾਰ ਦਿੱਤਾ ਜਾਵੇ। ਬਦਕਿਸਮਤੀ ਨਾਲ, ਵਿਰੋਧੀ ਪਾਰਟੀਆਂ ਨੇ ਇਸ ਫਾਰਮੂਲੇ ਨੂੰ ਨਹੀਂ ਅਪਣਾਇਆ। ਉਹ ਜਾਤੀ ਗਣਿਤ ਅਤੇ ਪਛਾਣ ਦੀ ਰਾਜਨੀਤੀ ’ਚ ਸ਼ਾਮਲ ਹੁੰਦੀਆਂ ਹਨ। ਅੱਜ ਵੀ, ਉੱਤਰ ਪ੍ਰਦੇਸ਼ ’ਚ ਸਮਾਜਵਾਦੀ ਪਾਰਟੀ ‘ਪੀਡੀਏ’ ਰਾਜਨੀਤੀ ਕਰਦੀ ਹੈ; ਇਹ ਸਾਰਿਆਂ ਨੂੰ ਨਾਲ ਲਿਆਉਣ ਦੀ ਮੰਗ ਨਹੀਂ ਕਰਦੀ। ਅਜਿਹਾ ਕਿਉਂ ਹੈ? ਮਾਇਆਵਤੀ ਆਪਣੀ ਰਾਜਨੀਤੀ ਨੂੰ ਦਲਿਤਾਂ ਤੱਕ ਸੀਮਤ ਰੱਖਣ ’ਤੇ ਜ਼ੋਰ ਕਿਉਂ ਦਿੰਦੀ ਹੈ? ਇਹ ਧਿਆਨ ਦੇਣ ਯੋਗ ਹੈ ਕਿ ਉਹ 2007 ’ਚ ‘ਬਹੁਜਨ’ (ਦਲਿਤ-ਕੇਂਦਰਤ) ਰਾਜਨੀਤੀ ਤੋਂ ‘ਸਰਵਜਨ’ (ਸਭ ਸ਼ਾਮਲ) ਰਾਜਨੀਤੀ ਵਿੱਚ ਰਣਨੀਤਕ ਤਬਦੀਲੀ ਕਰਨ ਤੋਂ ਬਾਅਦ ਹੀ ਸੱਤਾ ਵਿੱਚ ਆਈ ਸੀ। ਤ੍ਰਿਣਮੂਲ ਕਾਂਗਰਸ ਨੂੰ ਬੰਗਾਲ ’ਚ ਸ਼ਰਮਨਾਕ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ? ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਜਾਤ-ਅਧਾਰਤ ‘ਪਛਾਣ ਦੀ ਰਾਜਨੀਤੀ’ ਦਾ ਯੁੱਗ ਹੁਣ ਖ਼ਤਮ ਹੋ ਗਿਆ ਹੈ। ਇਸ ਤੋਂ ਅੱਗੇ ਵਧਣ ਦਾ ਸਮਾਂ ਆ ਗਿਆ ਹੈ।

ਵਿਰੋਧੀ ਪਾਰਟੀਆਂ ਨੇ ਹਾਲ ਹੀ ਵਿਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿਚ ਔਰਤਾਂ ਲਈ 33 ਫ਼ੀਸਦ ਰਾਖਵਾਂਕਰਨ ਲਾਗੂ ਕਰਨ ਦੇ ਆਪਣੇ ਵਿਰੋਧ ਦੇ ਸੰਬੰਧ ਵਿਚ ਆਪਣੇ ਆਪ ਨੂੰ ਪਿੱਛੇ ਛੱਡ ਦਿੱਤਾ ਹੈ। ਜਦਕਿ ਭਾਜਪਾ ਇਸ ਵਿਰੋਧ ਦੇ ਵਿਰੁੱਧ ਇਕ ਵਿਰੋਧੀ ਰਣਨੀਤੀ ਤਿਆਰ ਕਰ ਰਹੀ ਹੈ, ਕੋਈ ਤੁਰੰਤ ਸੰਵਿਧਾਨਕ ਹੱਲ ਉਪਲਬਧ ਨਹੀਂ ਹੈ। ਸਾਰਿਆਂ ਨੂੰ ਮਰਦਮਸ਼ੁਮਾਰੀ ਅਤੇ ਹੱਦਬੰਦੀ ਪ੍ਰਕਿਰਿਆ ਦੀ ਉਡੀਕ ਕਰਨੀ ਚਾਹੀਦੀ ਹੈ। ਹਾਲਾਂਕਿ, ਵਿਰੋਧੀ ਧਿਰ ਕੋਲ ? ਇਕ ਬਦਲ ਹੈ। ਜੇਕਰ ਵਿਰੋਧੀ ਪਾਰਟੀਆਂ ਆਪਣੀਆਂ 33 ਫ਼ੀਸਦ ਚੋਣ ਟਿਕਟਾਂ ਔਰਤਾਂ ਨੂੰ ਵੰਡਣ ਦਾ ਫ਼ੈਸਲਾ ਕਰਦੀਆਂ ਹਨ, ਤਾਂ ਵੀ ਉਹ ਮਹਿਲਾ ਵੋਟਰਾਂ ਦਾ ਵਿਸ਼ਵਾਸ ਜਿੱਤ ਸਕਦੀਆਂ ਹਨ। ਭਾਜਪਾ ਵੀ ਇਸ ਮਾਮਲੇ ’ਚ ਪਿੱਛੇ ਨਹੀਂ ਰਹਿਣਾ ਚਾਹੇਗੀ। ਸਿਰਫ਼ ਉਹੀ ਪਾਰਟੀਆਂ ਜੋ ਜਾਤੀ ਰਾਜਨੀਤੀ ਤੋਂ ਪਰੇ ਜਾ ਕੇ ਹੁਣ ਦੇ ਸਮੇਂ ਮੁਤਾਬਕ ਰਾਜਨੀਤੀ ਨੂੰ ਅਪਣਾਉਂਦੀਆਂ ਹਨ ਅਤੇ ‘ਅੱਧੀ ਆਬਾਦੀ’ (ਔਰਤਾਂ) ਨੂੰ ਜਿੱਤਣ ਦੀ ਕਲਾ ’ਚ ਮੁਹਾਰਤ ਰੱਖਦੀਆਂ ਹਨ, ਉਹੀ ਭਵਿੱਖ ’ਚ ਆਪਣੀ ਪ੍ਰਸੰਗਿਕਤਾ ਬਣਾ ਸਕਣਗੀਆਂ।

# ਤੁਸੀਂ ਉਹੀ ਕਿਉਂ ਨਹੀਂ ਰਹਿੰਦੇ ਜੋ ਤੁਸੀਂ ਹੋ ?




ਜ਼ਫ਼ਰ ਇਕਬਾਲ ਜ਼ਫ਼ਰ

ਇਨਸਾਨ ਉਹੀ ਬਣਨ ਦੀ ਕੋਸ਼ਿਸ਼ ਵਿੱਚ ਪ੍ਰੇਸ਼ਾਨ ਹੈ ਜੋ ਉਹ ਹੈ। ਤੁਸੀਂ ਇਸ ਪਰੇਸ਼ਾਨੀ ਵਾਲੀ ਸਥਿਤੀ ਨੂੰ ਇਸ ਸੋਚ ਨਾਲ ਕਿਉਂ ਨਹੀਂ ਖਤਮ ਕਰਦੇ ਕਿ ਤੁਹਾਨੂੰ ਆਪਣੇ ਆਪ ਨੂੰ ਇੱਕ ਅਜਿਹੇ ਮਾਡਲ ਵਿੱਚ ਢਾਲਣ ਦੀ ਕੋਸ਼ਿਸ਼ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ ਜਿਸ ਲਈ ਤੁਹਾਨੂੰ ਨਹੀਂ ਬਣਾਇਆ ਗਿਆ ਸੀ। ਅਤੇ ਭਾਵੇਂ ਤੁਸੀਂ ਆਪਣੇ ਆਪ ਨੂੰ ਇੱਕ ਨਕਲੀ ਢਾਂਚੇ ਵਿੱਚ ਪਾ ਦਿੰਦੇ ਹੋ, ਕੀ ਕੋਈ ਨਹੀਂ ਜਾਣੇਗਾ ਕਿ ਤੁਸੀਂ ਉਹ ਨਹੀਂ ਹੋ ਜੋ ਤੁਸੀਂ ਹੋਣ ਦਾ ਦਿਖਾਵਾ ਕਰ ਰਹੇ ਹੋ ? ਅਦਾਕਾਰੀ ਕਰਨ ਦੀ ਬਜਾਏ, ਚਰਿੱਤਰ ਨਿਰਮਾਣ 'ਤੇ ਕੰਮ ਕਰੋ ਅਤੇ ਅਨਮੋਲ ਅਤੇ ਖੁਸ਼ ਬਣੋ। ਕੌੜੇ ਤਜ਼ਰਬਿਆਂ ਤੋਂ ਬਚੇ ਲੋਕਾਂ ਲਈ ਸਲਾਹ ਇਹ ਹੈ ਕਿ ਭਾਵੇਂ ਕੁਝ ਵੀ ਹੋਵੇ, ਹਮੇਸ਼ਾ ਉਹੀ ਰਹੋ ਜਿਵੇਂ ਤੁਸੀਂ ਹੋ। ਇਹ ਮਨੁੱਖੀ ਹੋਂਦ ਦਾ ਸਰਵ ਵਿਆਪਕ ਸਿਧਾਂਤ ਹੈ। ਇਸਨੂੰ ਸਵੀਕਾਰ ਕਰੋ ਅਤੇ ਇਸਦਾ ਅਭਿਆਸ ਕਰੋ। ਜੇਕਰ ਤੁਸੀਂ ਉਹ ਬਣ ਜਾਂਦੇ ਹੋ ਜੋ ਤੁਸੀਂ ਨਹੀਂ ਹੋ, ਤਾਂ ਤੁਸੀਂ ਮਨੋਵਿਗਿਆਨਕ ਅਤੇ ਤੰਤੂ ਵਿਗਿਆਨਕ ਉਲਝਣ ਦਾ ਸ਼ਿਕਾਰ ਹੋ ਜਾਓਗੇ। ਸਿਰਫ਼ ਇੱਕ ਵਿਅਕਤੀ ਜੋ ਆਪਣੇ ਆਪ ਨੂੰ ਬਦਕਿਸਮਤ ਸਮਝਦਾ ਹੈ ਉਹ ਬਣਨਾ ਚਾਹੁੰਦਾ ਹੈ ਜੋ ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਹੀਂ ਹੈ।

ਸ਼ੋਅਬਿਜ਼ ਦੀ ਦੁਨੀਆ ਵਿੱਚ ਅਜਿਹੇ ਲੋਕ ਹਨ ਜੋ ਉਹ ਨਹੀਂ ਹਨ ਜੋ ਉਹ ਅਸਲੀਅਤ ਵਿੱਚ ਪਰਦੇ 'ਤੇ ਦਿਖਾਈ ਦਿੰਦੇ ਹਨ। ਜਨਤਾ ਨੇ ਉਨ੍ਹਾਂ ਵਿੱਚੋਂ ਇੱਕ ਰੂਪ ਦਾ ਸੁਆਦ ਚੱਖਿਆ ਹੈ ਅਤੇ ਹੁਣ ਇੱਕ ਨਵੇਂ ਰੂਪ ਵਿੱਚ ਢਲ ਰਹੀ ਹੈ। ਜਿਵੇਂ-ਜਿਵੇਂ ਉਹ ਆਪਣੇ ਰੂਪ ਬਦਲਦੇ ਹਨ, ਉਨ੍ਹਾਂ ਦੀ ਅਸਲੀਅਤ ਬਹੁਤ ਪਿੱਛੇ ਰਹਿ ਜਾਂਦੀ ਹੈ। ਉਹਨਾਂ ਨੂੰ ਆਪਣੇ ਆਪ ਨੂੰ ਪਛਾਣਨ ਦੇ ਯੋਗ ਬਣਾਉਣ ਲਈ ਮਾਨਸਿਕ ਇਲਾਜ ਦੀ ਵੀ ਲੋੜ ਹੁੰਦੀ ਹੈ। ਜੋ ਕੋਈ ਆਪਣੇ ਆਪ ਦੀ ਹਕੀਕਤ ਤੋਂ ਦੂਰ ਜ਼ਿੰਦਗੀ ਜੀਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਕੁਦਰਤ ਦੇ ਵਿਰੁੱਧ ਜਾ ਰਿਹਾ ਹੈ। ਹੁਣ, ਕੋਈ ਵਿਅਕਤੀ ਬਾਂਦਰ ਵਾਂਗ ਨਕਲ ਕਰਕੇ ਸਫਲਤਾ ਪ੍ਰਾਪਤ ਨਹੀਂ ਕਰ ਸਕਦਾ ਅਤੇ ਨਾ ਹੀ ਕਠਪੁਤਲੀ ਬਣਨ ਦਾ ਕੋਈ ਫਾਇਦਾ ਹੋਵੇਗਾ। ਜੋ ਕੋਈ ਅਜਿਹਾ ਵਿਅਕਤੀ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਉਹ ਨਹੀਂ ਹੈ, ਉਸਨੂੰ ਜਲਦੀ ਵੱਖ ਕਰਨਾ ਬਹੁਤ ਲਾਭਦਾਇਕ ਹੈ ਕਿਉਂਕਿ ਨਕਲ ਕਰਨ ਦੀ ਪ੍ਰਕਿਰਿਆ ਵਿੱਚ, ਅਸਲੀ ਗੁਆਚ ਜਾਂਦਾ ਹੈ।

ਦੁਨੀਆਂ ਵਿੱਚ ਬਹੁਤ ਸਾਰੇ ਲੋਕ ਹਨ ਜੋ ਆਪਣੇ ਆਪ ਨੂੰ ਵੀ ਨਹੀਂ ਪਛਾਣਦੇ, ਉਹ ਪਖੰਡ ਦਾ ਚੋਗਾ ਉਤਾਰ ਕੇ ਇਮਾਨਦਾਰ ਹੋਣ ਦਾ ਦਿਖਾਵਾ ਕਰਦੇ ਹਨ, ਪਰ ਇੱਕ ਨਕਲੀ ਸਿੱਕਾ ਲਗਾਤਾਰ ਕੰਮ ਨਹੀਂ ਕਰਦਾ। ਇੱਕ ਗਰੀਬ ਪਰਿਵਾਰ ਦੀ ਕੁੜੀ ਗਾਇਕਾ ਬਣਨਾ ਚਾਹੁੰਦੀ ਸੀ, ਪਰ ਉਸਦਾ ਚਿਹਰਾ ਇੱਕ ਰੁਕਾਵਟ ਸੀ। ਉਸਦੇ ਚੌੜੇ ਮੂੰਹ ਵਿੱਚੋਂ ਲੰਬੇ ਦੰਦ ਨਿਕਲਦੇ ਸਨ। ਜਦੋਂ ਉਹ ਲੋਕਾਂ ਦੇ ਸਾਹਮਣੇ ਗਾਉਂਦੀ ਸੀ, ਤਾਂ ਉਹ ਆਕਰਸ਼ਕ ਦਿਖਣ ਲਈ ਆਪਣੇ ਉੱਪਰਲੇ ਬੁੱਲ੍ਹ ਨੂੰ ਹੇਠਾਂ ਖਿੱਚ ਲੈਂਦੀ ਸੀ ਅਤੇ ਆਪਣੇ ਦੰਦਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦੀ ਸੀ। ਜੇਕਰ ਗੀਤ ਦਾ ਪ੍ਰਬੰਧ ਖਰਾਬ ਹੋ ਜਾਂਦਾ ਸੀ, ਤਾਂ ਨਤੀਜਾ ਕਲਾਤਮਕ ਅਸਫਲਤਾ ਹੁੰਦਾ ਸੀ। ਮਨੁੱਖੀ ਕਦਰਾਂ-ਕੀਮਤਾਂ ਤੋਂ ਜਾਣੂ ਇੱਕ ਵਿਅਕਤੀ ਨੇ ਚਿਹਰੇ ਦੇ ਹਾਵ-ਭਾਵ ਨਾਲ ਉਸਨੂੰ ਕਿਹਾ ਕਿ ਇਹ ਤੁਹਾਡੀ ਗਲਤੀ ਨਹੀਂ ਹੈ ਕਿ ਤੁਸੀਂ ਉਹ ਬਣ ਗਏ ਹੋ ਜੋ ਤੁਸੀਂ ਹੋ। ਸ਼ਰਮ ਦੀ ਭਾਵਨਾ ਤੋਂ ਆਪਣੇ ਆਪ ਨੂੰ ਮੁਕਤ ਕਰੋ ਅਤੇ ਪੂਰੇ ਉਤਸ਼ਾਹ ਅਤੇ ਧਿਆਨ ਨਾਲ ਗਾਓ। ਤੁਹਾਡੇ ਦੰਦ ਤੁਹਾਡੀ ਕਿਸਮਤ ਦੇ ਸਹਾਇਕ ਬਣ ਜਾਣਗੇ। ਉਸਨੇ ਇਮਾਨਦਾਰ ਸਲਾਹ ਦੀ ਪਾਲਣਾ ਕੀਤੀ ਅਤੇ ਪ੍ਰਸਿੱਧੀ ਦੀਆਂ ਉਚਾਈਆਂ ਨੂੰ ਵੇਖਦਿਆਂ, ਫਿਲਮਾਂ ਅਤੇ ਰੇਡੀਓ ਦੀ ਇੱਕ ਸਟਾਰ ਬਣ ਗਈ। ਮਨੁੱਖੀ ਕਮਜ਼ੋਰੀਆਂ ਸਾਡੀ ਅਚਾਨਕ ਮਦਦ ਕਰਦੀਆਂ ਹਨ।



ਔਸਤ ਵਿਅਕਤੀ ਆਪਣੀ ਲੁਕੀ ਹੋਈ ਸਮਰੱਥਾ ਦਾ ਸਿਰਫ਼ ਦਸ ਪ੍ਰਤੀਸ਼ਤ ਹੀ ਵਿਕਸਤ ਕਰਦਾ ਹੈ ਕਿਉਂਕਿ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ। ਜੇਕਰ ਅਸੀਂ ਤੁਲਨਾ ਕਰੀਏ ਕਿ ਅਸੀਂ ਕੀ ਹਾਂ ਅਤੇ ਸਾਨੂੰ ਕੀ ਹੋਣਾ ਚਾਹੀਦਾ ਹੈ ਤਾਂ ਅਸੀਂ ਪਾਵਾਂਗੇ ਕਿ ਅਸੀਂ ਸਿਰਫ਼ ਅੱਧੇ ਜਾਗਦੇ ਲੋਕ ਹਾਂ ਜੋ ਆਪਣੀਆਂ ਸੀਮਾਵਾਂ ਤੋਂ ਬਹੁਤ ਅੱਗੇ ਵਧ ਗਏ ਹਨ, ਜਦੋਂ ਕਿ ਅਸੀਂ ਕਈ ਤਰ੍ਹਾਂ ਦੀਆਂ ਸ਼ਕਤੀਆਂ ਦੇ ਮਾਲਕ ਹਾਂ। ਜੋ ਇਨ੍ਹਾਂ ਮਨੁੱਖੀ ਸ਼ਕਤੀਆਂ ਨੂੰ ਸਮਝਦਾ ਹੈ ਉਹ ਕਦੇ ਵੀ ਦੂਜੇ ਲੋਕਾਂ ਵਾਂਗ ਬਣਨ ਵਿੱਚ ਸਮਾਂ ਬਰਬਾਦ ਨਹੀਂ ਕਰਦਾ। ਹਰ ਮਨੁੱਖ ਇਸ ਸੰਸਾਰ ਵਿੱਚ ਕੁਝ ਨਵਾਂ ਹੈ। ਬ੍ਰਹਿਮੰਡ ਦੀ ਸ਼ੁਰੂਆਤ ਤੋਂ ਲੈ ਕੇ ਨਿਆਂ ਦੇ ਦਿਨ ਤੱਕ, ਉਸ ਵਰਗਾ ਕੋਈ ਪੈਦਾ ਨਹੀਂ ਹੋਵੇਗਾ।

ਮਨੁੱਖ ਵਿੱਚ ਇੱਕ ਹੋਰ ਹੈਰਾਨੀਜਨਕ ਗੁਣ ਇਹ ਹੈ ਕਿ ਉਸ ਕੋਲ ਨਕਾਰਾਤਮਕ ਨੂੰ ਸਕਾਰਾਤਮਕ ਵਿੱਚ ਬਦਲਣ ਦੀ ਸ਼ਕਤੀ ਹੈ। ਬੰਦ ਕਮਰੇ ਦੀ ਖਿੜਕੀ ਤੋਂ ਧਰਤੀ ਦੇ ਚਿੱਕੜ ਨੂੰ ਵੇਖਣ ਦੀ ਬਜਾਏ, ਅਸਮਾਨ ਵਿੱਚ ਤਾਰੇ ਵੀ ਦੇਖ ਸਕਦੇ ਹਨ। ਸਭ ਤੋਂ ਵਧੀਆ ਚੀਜ਼ਾਂ ਜ਼ਰੂਰ ਬਹੁਤ ਮੁਸ਼ਕਲ ਹਨ, ਪਰ ਅਸੰਭਵ ਨਹੀਂ ਹਨ।

ਹਰ ਮਨੁੱਖ, ਜ਼ਿੰਦਗੀ ਦੇ ਰਾਹ 'ਤੇ ਚੱਲਦੇ ਹੋਏ, ਹਾਲਾਤਾਂ ਦੇ ਵਾਹਨਾਂ ਨਾਲ ਟਕਰਾਏ ਬਿਨਾਂ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਸਕਦਾ। ਹਾਲਾਂਕਿ, ਦੁਖਦਾਈ ਹਾਦਸੇ ਵੀ ਉਸਨੂੰ ਇੱਕ ਨਵੀਂ ਦਿਸ਼ਾ ਵਿੱਚ ਪਾਉਂਦੇ ਹਨ ਅਤੇ ਨਤੀਜਾ ਦੇਖਣ ਤੋਂ ਬਾਅਦ, ਉਹ ਸ਼ਿਕਾਇਤ ਕਰਨ ਦੀ ਬਜਾਏ ਸ਼ੁਕਰਗੁਜ਼ਾਰ ਹੋਣ ਲੱਗ ਪੈਂਦਾ ਹੈ। ਜਿਨ੍ਹਾਂ ਲੋਕਾਂ ਨੇ ਸਦਮੇ ਅਤੇ ਉਦਾਸੀ ਨੂੰ ਦੂਰ ਕੀਤਾ, ਉਨ੍ਹਾਂ ਲਈ ਇੱਕ ਨਵੀਂ ਦੁਨੀਆਂ ਵਿੱਚ ਪ੍ਰਵੇਸ਼ ਕਰਨਾ ਜ਼ਰੂਰੀ ਹੈ। ਜਦੋਂ ਇਹ ਮੇਰੇ ਨਾਲ ਹੋਇਆ, ਮੈਂ ਬਹੁਤ ਉਤਸ਼ਾਹ ਅਤੇ ਉਤਸ਼ਾਹ ਨਾਲ ਉੱਚ ਸਾਹਿਤ ਪੜ੍ਹਨਾ ਸ਼ੁਰੂ ਕਰ ਦਿੱਤਾ। ਕਿਤਾਬਾਂ ਨੇ ਨਵੀਂ ਦੁਨੀਆਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਜ਼ਿੰਦਗੀ ਸ਼ਾਂਤ, ਅਨੰਦਮਈ, ਨਵੇਂ ਉਤਸ਼ਾਹ ਅਤੇ ਉਤਸ਼ਾਹ ਨਾਲ ਭਰੀ ਹੋਈ ਸੀ। ਵਿਚਾਰਾਂ ਦੀਆਂ ਨਵੀਆਂ ਦੁਨੀਆ ਮਿਲੀਆਂ। ਮੈਂ ਆਪਣੀ ਜ਼ਿੰਦਗੀ ਨੂੰ ਇਸਦੇ ਅਸਲ ਦ੍ਰਿਸ਼ਟੀਕੋਣ ਵਿੱਚ ਦੇਖਣ ਅਤੇ ਕਦਰਾਂ-ਕੀਮਤਾਂ ਦੀ ਸਹੀ ਭਾਵਨਾ ਪ੍ਰਾਪਤ ਕਰਨ ਵਿੱਚ ਸਫਲ ਹੋ ਗਿਆ। ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਬਹੁਤ ਸਾਰੀਆਂ ਚੀਜ਼ਾਂ ਜਿਨ੍ਹਾਂ ਦੇ ਪਿੱਛੇ ਮੈਂ ਭੱਜ ਰਿਹਾ ਸੀ ਉਹ ਅਸਲ ਵਿੱਚ ਬੇਮਹੱਤਵਪੂਰਨ ਅਤੇ ਬੇਕਾਰ ਸਨ। ਤੁਹਾਨੂੰ ਡਿੱਗਣ ਲਈ ਇੱਕ ਟੋਆ ਪੁੱਟਿਆ ਗਿਆ ਸੀ ਅਤੇ ਤੁਸੀਂ ਡਿੱਗ ਪਏ। ਹੁਣ, ਈਰਖਾਲੂ ਨੂੰ ਸਰਾਪ ਦੇਣ ਅਤੇ ਆਪਣੇ ਆਪ ਨੂੰ ਝਿੜਕਣ ਦੀ ਬਜਾਏ, ਰਣਨੀਤੀ ਅਤੇ ਬੁੱਧੀ ਦੇ ਸੰਦਾਂ ਨਾਲ ਇਸ ਟੋਏ ਨੂੰ ਇੰਨਾ ਡੂੰਘਾ ਬਣਾਓ ਕਿ ਧਰਤੀ ਦੇ ਖਜ਼ਾਨੇ ਤੁਹਾਡਾ ਸਵਾਗਤ ਕਰਨ। ਯਾਨੀ, ਜੇਕਰ ਹਾਲਾਤ ਤੁਹਾਨੂੰ ਨਿੰਬੂ ਦਿੰਦੇ ਹਨ, ਤਾਂ ਜ਼ਿੰਦਗੀ ਨੂੰ ਖੱਟਾ ਬਣਾਉਣ ਦੀ ਬਜਾਏ, ਇਸਦਾ ਸ਼ਰਬਤ ਬਣਾਓ। ਇੱਕ ਅੰਨ੍ਹਾ ਵਿਅਕਤੀ ਅੱਖਾਂ ਵਾਲੇ ਲੋਕਾਂ ਨੂੰ ਕਵਿਤਾ ਰਾਹੀਂ ਵਿਚਾਰਾਂ ਦੇ ਰੰਗਾਂ ਦੀ ਪਛਾਣ ਕਰਵਾ ਸਕਦਾ ਹੈ। ਇੱਕ ਬੋਲਾ ਵਿਅਕਤੀ ਸੰਗੀਤ ਦੀਆਂ ਸਰਵ ਵਿਆਪਕ ਧੁਨਾਂ ਬਣਾ ਸਕਦਾ ਹੈ। ਇਸ ਦੁਨੀਆਂ ਵਿੱਚ ਕਿੰਨੇ ਅਜਿਹੇ ਅਪਾਹਜ ਲੋਕ ਹਨ ਜੋ ਕਿਸਮਤ ਦੀ ਗੱਡੀ ਹੇਠ ਆ ਗਏ ਹਨ, ਜਿਨ੍ਹਾਂ ਦੀਆਂ ਸ਼ਾਨਦਾਰ ਜ਼ਿੰਦਗੀਆਂ ਅੰਨ੍ਹਾਪਣ, ਬੋਲ ?ਪਣ, ਲੰਗੜਾਪਣ ਆਦਿ ਹਾਦਸਿਆਂ ਕਾਰਨ ਹਨ। ਕੌਣ ਜਾਣਦਾ ਹੈ, ਹੋ ਸਕਦਾ ਹੈ ਕਿ ਮੇਰੇ ਨਾਲ ਵੀ ਕੋਈ ਹਾਦਸਾ ਵਾਪਰਿਆ ਹੋਵੇ, ਜਿਸ ਕਾਰਨ ਇਹ ਦਿਲ ਦਹਿਲਾ ਦੇਣ ਵਾਲੇ ਸ਼ਬਦ ਮੇਰੇ ਦਿਲ ਦੀਆਂ ਡੂੰਘਾਈਆਂ ਵਿੱਚੋਂ ਨਿਕਲ ਕੇ ਮੇਰੇ ਕੋਲ ਲਿਖਤੀ ਰੂਪ ਵਿੱਚ ਆਉਂਦੇ ਹਨ।

ਆਪਣੇ ਆਪ 'ਤੇ ਤਰਸ ਕਰਨ ਅਤੇ ਫੁੱਲਾਂ ਦੀ ਬਿਸਤਰੇ ਦੀ ਤਾਂਘ ਕਰਨ ਦੀ ਬਜਾਏ, ਆਪਣੇ ਮਨ ਵਿੱਚੋਂ ਡਰ ਦਾ ਪਰਦਾ ਹਟਾਓ ਅਤੇ ਹਿੰਮਤ ਦੇ ਹਥਿਆਰ ਨਾਲ ਕੰਡਿਆਂ ਨੂੰ ਕੱਟ ਦਿਓ ਜੋ ਤੁਹਾਨੂੰ ਫੁੱਲਾਂ ਦੀਆਂ ਪੱਤੀਆਂ 'ਤੇ ਸੁਗੰਧਿਤ ਬਿਸਤਰੇ ਤੋਂ ਵਾਂਝਾ ਕਰਦੇ ਹਨ। ਪੂਰੀ ਇਮਾਨਦਾਰੀ, ਮਿਹਨਤ ਅਤੇ ਸ਼ੈਲੀ ਨਾਲ ਛੋਟੇ ਤੋਂ ਛੋਟੇ ਕੰਮ ਨੂੰ ਵੀ ਕਰਨ ਦਾ ਆਨੰਦ ਮਾਣੋ। ਇੱਕ ਵਾਰ, ਮੇਰੀ ਪਤਨੀ ਦੀ ਗੈਰਹਾਜ਼ਰੀ ਵਿੱਚ, ਮੈਨੂੰ ਘਰ ਦਾ ਕੰਮ ਕਰਨ ਦਾ ਮੌਕਾ ਮਿਲਿਆ। ਮੈਂ ਭਾਂਡੇ ਧੋਤੇ, ਜਿਸ ਨਾਲ ਮੇਰੇ ਅੰਦਰ ਇੱਕ ਅਜੀਬ ਉਤਸ਼ਾਹ ਪੈਦਾ ਹੋਇਆ। ਮੈਨੂੰ ਸਾਬਣ ਦੀ ਰੰਗੀਨ, ਫੁੱਲਦਾਰ ਝੱਗ ਨਾਲ ਖੇਡਣ ਦਾ ਆਨੰਦਦਾਇਕ ਦ੍ਰਿਸ਼ਟੀਕੋਣ ਮਿਲਿਆ। ਜਦੋਂ ਮੈਂ ਆਪਣੇ ਹੱਥ ਸਾਬਣ ਵਿੱਚ ਡੁਬੋਏ, ਤਾਂ ਛੋਟੇ ਬੁਲਬੁਲੇ ਗੇਂਦਾਂ ਵਿੱਚ ਬਦਲ ਗਏ। ਜਦੋਂ ਮੈਂ ਉਨ੍ਹਾਂ ਨੂੰ ਚੁੱਕਿਆ ਅਤੇ ਰੌਸ਼ਨੀ ਵਿੱਚ ਉਨ੍ਹਾਂ ਵੱਲ ਦੇਖਿਆ, ਤਾਂ ਹਰ ਬੁਲਬੁਲੇ ਵਿੱਚ ਛੋਟੇ ਪੈਮਾਨੇ ਦੀ ਆਵਾਜ਼ ਦੇ ਚਮਕਦਾਰ ਅਤੇ ਮਨਮੋਹਕ ਰੰਗਾਂ ਨੇ ਮੈਨੂੰ ਦੁਨੀਆ ਭੁੱਲਾ ਦਿੱਤਾ। ਜਦੋਂ ਮੈਂ ਰਸੋਈ ਦੇ ਕਾਊਂਟਰ ਤੋਂ ਬਾਹਰ ਦੇਖਿਆ, ਤਾਂ ਮੈਂ ਹਵਾ ਵਿੱਚ ਪੰਛੀ ਉੱਡਦੇ, ਸਲੇਟੀ ਅਸਮਾਨ 'ਤੇ ਲਹਿਰਾਉਂਦੇ ਦੇਖਿਆ। ਮੈਂ ਬੁਲਬੁਲੇ ਦੇਖ ਕੇ ਬਹੁਤ ਖੁਸ਼ ਹੋਇਆ। ਜਦੋਂ ਮੈਂ ਜਾਗਿਆ, ਮੈਂ ਪਰਮਾਤਮਾ ਦਾ ਧੰਨਵਾਦ ਕਰਨ ਲੱਗਾ, ਜਿਸਨੇ ਮੈਨੂੰ ਧਰਤੀ 'ਤੇ ਸੁੰਦਰਤਾ ਅਤੇ ਕਿਰਪਾ ਦੀ ਜ਼ਿੰਦਗੀ ਜੀਉਣ ਲਈ ਕੁਦਰਤੀ ਦ੍ਰਿਸ਼ਾਂ ਨੂੰ ਵੇਖਣ ਲਈ ਅੱਖਾਂ ਦਿੱਤੀਆਂ ਸਨ ਅਤੇ ਜਿਸਨੇ ਮੈਨੂੰ ਇੰਨਾ ਪਾਣੀ ਨਹੀਂ ਦਿੱਤਾ ਸੀ ਕਿ ਮੈਂ ਇਸਦਾ ਆਨੰਦ ਹੋਰ ਨਾ ਮਾਣ ਸਕਾਂ।

# ਭਾਰਤੀਆਂ ਲਈ ਬੜੀ ਗੰਭੀਰਤਾ ਨਾਲ ਸੋਚਣ ਦਾ ਸਮਾਂ

ਮੰਗਤ ਰਾਮ ਪਾਸਲਾ

ਪੂੰਜੀਵਾਦੀ ਪ੍ਰਬੰਧ ਅਧੀਨ, ਸੰਸਾਰ ਦੀ ਮੌਜੂਦਾ ਦੁਰਦਸ਼ਾ ਦੇਖ ਕੇ ਸਰਮਾਏਦਾਰੀ ਦੇ ਅੰਧਭਗਤ ਜੇ ਹਾਲੇ ਵੀ ਇਸ ਲੋਟੂ ਢਾਂਚੇ ਦਾ ਗੁਣਗਾਨ ਕਰੀ ਜਾਣ, ਤਾਂ ਉਨ੍ਹਾਂ ਦੀ ਸੰਵੇਦਨਹੀਣਤਾ ਤੇ ਬੇਅਕਲੀ 'ਤੇ ਤਰਸ ਹੀ ਕੀਤਾ ਜਾ ਸਕਦਾ ਹੈ। ਇਸ ਢਾਂਚੇ ਦੀ ਮੁੱਖ ਵਿਸ਼ੇਸ਼ਤਾ ਅਮੀਰੀ-ਗਰੀਬੀ ਦੇ ਪਾੜੇ ਦਾ ਬੇਤਹਾਸ਼ਾ ਵਧਣਾ ਤੇ ਪੂੰਜੀ ਦਾ ਚੰਦ ਕੁ ਹੱਥਾਂ 'ਚ ਕੇਂਦਰਿਤ ਹੁੰਦੇ ਜਾਣਾ ਹੈ। ਇਸ ਅਮਾਨਵੀ ਢਾਂਚੇ ਦੇ ਪੈਰੋਕਾਰ ਤੇ ਪ੍ਰਚਾਰਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਹੱਕੀ ਠਹਿਰਾਉਂਦੇ ਹਨ। ਇਹ ਗੁਰਬਤ ਮਾਰੇ ਲੋਕਾਂ ਨੂੰ ਆਪਣੇ 'ਪਿਛਲੇ ਜਨਮਾਂ ਦੇ ਮਾੜੇ ਕਰਮਾਂ ਦਾ ਫਲ' ਚੁੱਪਚਾਪ ਭੁਗਤਦੇ ਹੋਏ 'ਸਬਰ ਕਰਨ' ਦੀ ਸਲਾਹ ਦਿੰਦੇ ਹਨ ਅਤੇ ਸੁੱਖ-ਸਮਰਿੱਧੀ ਤੇ ਆਨੰਦ ਦੀ ਪ੍ਰਾਪਤੀ ਲਈ ਅਗਲੇ ਜਨਮ ਤੱਕ ਉਡੀਕ ਕਰਨ ਦੇ 'ਉਪਦੇਸ਼ ਝਾੜਦੇ' ਹਨ।

ਸੰਸਾਰ ਭਰ 'ਚ ਜਾਰੀ ਜੰਗਾਂ ਸਾਮਰਾਜੀਆਂ, ਉਨ੍ਹਾਂ ਵਲੋਂ ਸੰਚਾਲਿਤ ਬਹੁਕੌਮੀ ਕਾਰਪੋਰੇਸ਼ਨਾਂ ਤੇ ਹਥਿਆਰ ਲਾਬੀ ਨੇ ਸਿਰਫ ਤੇ ਸਿਰਫ ਆਪਣੇ ਮੁਨਾਫ਼ੇ ਬੇਤਹਾਸ਼ਾ ਵਧਾਉਣ, ਦੂਜੇ ਦੇਸ਼ਾਂ 'ਤੇ ਗਲਬਾ ਕਾਇਮ ਕਰਨ ਤੇ ਇਨ੍ਹਾਂ ਦੇਸ਼ਾਂ ਦੇ ਕੁਦਰਤੀ ਤੇ ਮਾਨਵੀ ਵਸੀਲੇ ਹਥਿਆਉਣ ਦੀ ਕੋਝੀ ਮੰਸ਼ਾ ਅਧੀਨ ਛੇੜੀਆਂ ਹਨ। ਇਨ੍ਹਾਂ ਜੰਗਾਂ ਦੇ ਦੁਰਪ੍ਰਭਾਵ ਸਦਕਾ, ਸੰਸਾਰ ਦੇ ਕਰੋੜਾਂ ਕਿਰਤੀ ਤੇ ਮੱਧ ਵਰਗੀ ਲੋਕ, ਜੋ ਪਹਿਲਾਂ ਹੀ ਮਹਿੰਗਾਈ, ਬੇਰੁਜ਼ਗਾਰੀ, ਸਮਾਜਿਕ ਸਹੂਲਤਾਂ 'ਚ ਭਾਰੀ ਕਟੌਤੀ, ਕੰਮ ਦਿਹਾੜੀ ਦੇ ਵਾਧੇ ਅਤੇ ਪੱਕੀ ਨੌਕਰੀ ਦੀ ਥਾਂ ਠੇਕੇਦਾਰੀ ਪ੍ਰਬੰਧ ਅਧੀਨ ਮਾਮੂਲੀ ਉਜਰਤਾਂ ਤਹਿਤ ਕੰਮ ਕਰਨ ਵਰਗੀਆਂ ਅਲਾਮਤਾਂ ਦੀ ਮਾਰ ਝੱਲ ਰਹੇ ਹਨ, ਹੁਣ ਹੋਰ ਵੀ ਨਵੀਆਂ, ਘਾਤਕ ਮੁਸੀਬਤਾਂ ਦੇ ਮੂੰਹ ਜਾ ਪਏ ਹਨ। ਦੂਜੇ ਬੰਨ੍ਹੇ ਮਾਰੂ ਹਥਿਆਰ ਤੇ ਗੋਲਾ-ਬਾਰੂਦ ਬਣਾਉਣ ਵਾਲੇ ਮੌਤ ਦੇ ਸੁਦਾਗਰਾਂ ਦੇ ਵਾਰੇ-ਨਿਆਰੇ ਹੋ ਰਹੇ ਹਨ।

ਭਾਰਤ, ਕਿਉਂਕਿ ਵਿਸ਼ਵ ਪੂੰਜੀਵਾਦੀ ਦਾ ਇਕ ਅਟੁੱਟ ਹਿੱਸਾ ਹੈ, ਇਸੇ ਲਈ ਇੱਥੋਂ ਦੇ ਲੋਕ ਵੀ ਉਨ੍ਹਾਂ ਸਭ ਮੁਸੀਬਤਾਂ ਦੇ ਰੂਬਰੂ ਹਨ, ਜੋ ਦੁਨੀਆ ਦੀ ਬਾਕੀ ਜਨਤਾ, ਖਾਸ ਕਰਕੇ ਕਿਰਤੀ ਵਸੋਂ ਨੂੰ ਦਰਪੇਸ਼ ਹਨ। ਨਵੇਂ ਹਾਕਮਾਂ ਨੇ ਦੇਸ਼ ਵਾਸੀਆਂ ਨਾਲ ਇਕ ਹੋਰ ਵੱਡਾ ਧ੍ਰੋਹ ਵੀ ਕਮਾਇਆ ਹੈ। ਉਨ੍ਹਾਂ ਸੁਤੰਤਰਤਾ ਸੰਗਰਾਮ ਦੌਰਾਨ ਸਾਮਰਾਜ ਦੀ ਦਲਾਲੀ ਕਰਦੇ ਰਹੇ ਰਾਜੇ-ਰਜਵਾੜਿਆਂ ਨੂੰ ਸੱਤਾ 'ਚ ਭਾਈਵਾਲ ਬਣਾ ਲਿਆ ਹੈ। ਨਤੀਜਾ; ਲੋਕਾਂ ਦੀ ਤਰੱਕੀ ਤੇ ਖੁਸ਼ਹਾਲੀ ਦੇ ਰਾਹ ਦਾ ਵੱਡਾ ਰੋੜਾ, ਦੇਸ਼ ਦਾ ਜਗੀਰੂ ਢਾਂਚਾ ਕੁਝ ਛੋਟੇ-ਮੋਟੇ ਬਦਲਾਵਾਂ ਨਾਲ ਜਿਉਂ ਦਾ ਤਿਉਂ ਅੱਜ ਵੀ ਕਾਇਮ ਹੈ।


ਵਿਦੇਸ਼ੀ ਵਪਾਰ ਸਮਝੌਤਿਆਂ 'ਚ ਸਾਮਰਾਜੀਆਂ ਦੀਆਂ ਅਯੋਗ ਸ਼ਰਤਾਂ ਮੰਨ ਕੇ ਭਾਰਤੀ ਹਿੱਤਾਂ, ਖਾਸ ਕਰਕੇ ਖੇਤੀ ਅਤੇ ਛੋਟੇ ਤੇ ਦਰਮਿਆਨੇ ਉਦਯੋਗ-ਕਾਰੋਬਾਰ ਤੇ ਪ੍ਰਚੂਨ ਵਪਾਰ ਦੀ ਘੋਰ ਅਣਦੇਖੀ ਕੀਤੇ ਜਾਣ ਦੇ ਰੂਪ 'ਚ ਅਸੀਂ ਮੋਦੀ ਦੀ ਇਸੇ ਲੋਕ ਵਿਰੋਧੀ ਨੀਤੀ ਦਾ ਭਾਰੀ ਖਮਿਆਜ਼ਾ ਭੁਗਤ ਰਹੇ ਹਾਂ। ਇਸ ਨੀਤੀ-ਪਹੁੰਚ ਦੇ ਮਾਰੂ ਪ੍ਰਭਾਵ; ਰਾਕੇਟ ਦੀ ਤੇਜ਼ੀ ਨਾਲ ਆਏ ਦਿਨ ਵਧਦੇ ਜਾ ਰਹੇ ਵਿਦੇਸ਼ੀ ਕਰਜ਼ੇ, ਦਿਨੋ-



ਦਿਨ ਅਸਹਿ ਹੁੰਦੇ ਜਾ ਰਹੇ ਦੁਵੱਲੇ ਵਪਾਰ ਦੇ ਘਾਟੇ, ਡਾਲਰ ਦੇ ਮੁਕਾਬਲੇ ਭਾਰਤੀ ਸਿੱਕੇ ਦੀ ਖਤਰਨਾਕ ਕਦਰ ਘਟਾਈ ਆਦਿ 'ਚ ਵੀ ਸਾਫ ਅਨੁਭਵ ਕੀਤੇ ਜਾ ਸਕਦੇ ਹਨ। ਮੋਦੀ ਸਰਕਾਰ ਅਕਸਰ ਇਹ ਦਾਅਵਾ ਕਰਦੀ ਹੈ ਕਿ ਦੇਸ਼ ਦੀ 90 ਕਰੋੜ ਵਸੋਂ ਨੂੰ ਹਰ ਮਹੀਨੇ ਆਟਾ-ਦਾਲ, ਕਣਕ-ਚੌਲ ਆਦਿ ਮੁਫ਼ਤ ਦਿੱਤੇ ਜਾਂਦੇ ਹਨ। ਭਾਵ 90 ਕਰੋੜ ਲੋਕ, ਇਸੇ ਸਰਕਾਰੀ ਸਕੀਮ ਦੇ ਆਸਰੇ ਆਪਣੀ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਦੇ ਹਨ। 145 ਕਰੋੜ ਵਸੋਂ ਵਾਲੇ ਭਾਰਤ ਮਹਾਨ 'ਚ ਲੋਕਾਂ ਦੀ ਇੰਨੀ ਵੱਡੀ ਤਾਦਾਦ, ਜੇਕਰ ਜਿਉਂਦੇ ਰਹਿਣ ਲਈ ਸਰਕਾਰ ਵੱਲੋਂ ਮੁਫਤ ਦਿੱਤੇ ਜਾਂਦੇ ਨਿਗੂਣੇ ਜਿਹੇ ਰਾਸ਼ਨ 'ਤੇ ਨਿਰਭਰ ਹੈ, ਤਾਂ ਦੇਸ਼ ਵਾਸੀਆਂ ਦੇ ਤਰਸਯੋਗ ਜੀਵਨ ਪੱਧਰ ਦਾ ਅੰਦਾਜ਼ਾ ਵੀ ਬਾਖੂਬੀ ਲਾਇਆ ਜਾ ਸਕਦਾ ਹੈ। ਦੇਸ਼ ਅੰਦਰ ਕਾਨੂੰਨ-ਪ੍ਰਬੰਧ ਦੀ ਸਥਿਤੀ ਵੀ ਕਾਫ਼ੀ ਚਿੰਤਾਜਨਕ ਬਣੀ ਹੋਈ ਹੈ। ਅੰਦਰੂਨੀ ਤੇ ਵਿਦੇਸ਼ੀ ਹਿੰਸਕ ਟੋਲੇ ਤੇ ਅਰਾਜਕਤਾਵਾਦੀ ਤੱਤ ਹਰ ਦਿਨ ਬੰਬ ਧਮਾਕੇ ਕਰ ਰਹੇ ਹਨ। ਧਮਕੀਆਂ, ਅਗਵਾ ਤੇ ਫਿਰੌਤੀ ਵਸੂਲਣ ਦਾ ਦੌਰ ਗਰਮ ਹੈ। ਮਾਮੂਲੀ ਝਗੜਿਆਂ 'ਚ ਕਤਲ ਕਰ ਦੇਣਾ ਜਾਂ ਇਕ-ਦੂਜੇ ਨੂੰ ਗਾਜਰ-ਮੂਲੀ ਵਾਂਗ ਵੱਢ ਸੁੱਟਣਾ ਆਮ ਗੱਲ ਬਣ ਗਈ ਹੈ। ਦੇਸ਼ ਦੇ ਚੋਣ ਕਮਿਸ਼ਨ ਤੇ ਨਿਆਂ ਪ੍ਰਣਾਲੀ ਸਮੇਤ ਸਾਰੇ ਖੁਦਮੁਖਤਾਰ ਸੰਵਿਧਾਨਕ ਅਦਾਰੇ, ਏਜੰਸੀਆਂ, ਵਿਭਾਗ ਅਤੇ ਮੀਡੀਆ ਦਾ ਮੁਕੰਮਲ ਸਰਕਾਰੀਕਰਨ ਕਰ ਦਿੱਤਾ ਗਿਆ ਹੈ। ਇਹ ਹੁਣ ਭਾਰਤ ਦੇ ਸੰਵਿਧਾਨ ਦੀ ਸੇਧ 'ਚ ਕੰਮ ਨਹੀਂ ਕਰਦੇ, ਬਲਕਿ ਹਾਕਮ ਧਿਰ ਦਾ ਹੁਕਮ ਵਜਾਉਂਦੇ ਹਨ। ਮੋਦੀ ਸਰਕਾਰ ਨੇ ਲੋਕਰਾਜ ਦੇ ਸਭ ਤੋਂ ਅਹਿਮ ਥੰਮ੍ਹ, ਅਸਹਿਮਤੀ ਦੇ ਅਧਿਕਾਰ ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀ ਸੰਘੀ ਘੁੱਟ ਦਿੱਤੀ ਹੈ।

ਦੇਸ਼ 'ਚ, ਜਿਸ ਰਫਤਾਰ ਨਾਲ ਬਹੁਕੌਮੀ ਵਿਦੇਸ਼ੀ ਕੰਪਨੀਆਂ ਦੀ ਮਾਲਕੀ ਵਾਲੇ ਵੱਡੇ-ਵੱਡੇ ਹੱਟ ਖੁੱਲ੍ਹ ਰਹੇ ਹਨ, ਉਸੇ ਮਿਕਦਾਰ 'ਚ ਇਨ੍ਹਾਂ ਦੇ ਪਿਛਵਾੜੇ ਖੁੱਲ੍ਹੇ ਛੋਟੇ-ਮੋਟੇ ਕਾਰੋਬਾਰਾਂ, ਦੁਕਾਨਾਂ ਤੇ ਰੇਹੜੀ-ਫੜ੍ਹੀ ਲਾ ਕੇ ਗੁਜ਼ਾਰਾ ਕਰਨ ਵਾਲਿਆਂ ਦਾ ਘੋਰਢੂ ਵੱਜੀ ਜਾ ਰਿਹਾ ਹੈ। ਅਤੀਤ ਦੇ ਭਾਰੀ ਭੀੜ-ਭੜੱਕੇ ਵਾਲੇ ਅਨੇਕਾਂ ਬਾਜ਼ਾਰਾਂ 'ਚ ਅੱਜ 30 ਤੋਂ 40 ਫੀਸਦੀ ਦੁਕਾਨਾਂ ਨੂੰ ਜਿੰਦਰੇ ਵੱਜੇ ਹੋਏ ਮਿਲ ਜਾਣਗੇ। ਬਾਕੀ ਜ਼ਿਆਦਾਤਰ ਦੁਕਾਨਾਂ ਵੀ ਡਾਢੇ ਮੰਦੇ ਦਾ ਸ਼ਿਕਾਰ ਹਨ। ਮੌਜੂਦਾ ਕੇਂਦਰ ਸਰਕਾਰ ਲੋਕਾਂ ਦੀ ਚੀਕ-ਪੁਕਾਰ ਸੁਣ ਕੇ ਉਨ੍ਹਾਂ ਦੀਆਂ ਮੁਸੀਬਤਾਂ ਦਾ ਹੱਲ ਲੱਭਣ ਦੇ ਵਸੀਲੇ ਜੁਟਾਉਣ ਤੋਂ ਪੂਰੀ ਤਰ੍ਹਾਂ ਮੁੱਨਕਰ ਹੋਈ ਬੈਠੀ ਹੈ ਅਤੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਦੇ ਆਹਰ ਲੱਗੀ ਹੋਈ ਹੈ। ਭਾਰਤੀ ਲੋਕਾਂ ਲਈ ਇਹ ਬੜੀ ਸੰਜੀਦਗੀ ਨਾਲ ਸੋਚਣ ਦੀ ਘੜੀ ਹੈ। ਕੀ ਸਾਨੂੰ, ਦੇਸ਼ ਨੂੰ ਸਾਮਰਾਜੀ ਲੁੱਟ-ਖਸੁੱਟ ਦੇ ਨਵ-ਬਸਤੀਵਾਦੀ ਤੰਦੂਆ ਜਾਲ 'ਚ ਫਸਾ ਕੇ ਲੋਕਾਂ ਦੀ ਜ਼ਿੰਦਗੀ ਤਬਾਹ ਕਰਨ ਵਾਲੀਆਂ ਫਿਰਕੂ-ਫਾਸ਼ੀ ਤਾਕਤਾਂ ਦਾ ਸਾਥ ਦੇਣਾ ਚਾਹੀਦਾ ਹੈ ਜਾਂ ਫਿਰ ਦੇਸ਼ ਨੂੰ ਵਿਗਿਆਨਕ ਨਜ਼ਰੀਏ ਵਾਲਾ, ਆਰਥਿਕ ਪੱਖੋਂ ਸਵੈ-ਨਿਰਭਰ ਤੇ ਲੋਕ-ਪੱਖੀ ਵਿਕਾਸ ਮਾਡਲ ਬਣਾਉਣ ਦੇ ਆਧੁਨਿਕ ਵਿਚਾਰ ਦੀਆਂ ਹਮਾਇਤੀ ਧਿਰਾਂ ਦੀ ਇਮਦਾਦ ਕਰਨੀ ਚਾਹੀਦੀ ਹੈ ? ਸਾਡਾ ਵਿਸ਼ਵਾਸ ਹੈ ਕਿ ਲੋਕ ਦਰੁੱਸਤ ਫੈਸਲਾ ਲੈਣਗੇ, ਕਿਉਂਕਿ ਲੋਕ ਸ਼ਕਤੀ ਹੀ ਸਭ ਤੋਂ ਤਾਕਤਵਰ ਤੇ ਫੈਸਲਾਕੁੰਨ ਹੁੰਦੀ ਹੈ।

# ਸਿੱਖਿਆ ਸ਼ਾਸਤਰੀ ਦੇ ਸਿੱਖਿਆ ਮੰਤਰੀ ਬਣਨ ਤੱਕ ਵਿਦਿਆਰਥੀਆਂ ’ਤੇ ਅੱਤਿਆਚਾਰ ਹੁੰਦਾ ਰਹੇਗਾ




**ਪੂਰਨ ਚੰਦ ਸਰੀਨ**

ਸਿੱਖਿਆ ਨੂੰ ਲੈ ਕੇ ਹੰਗਾਮਾ ਮਚਿਆ ਹੋਇਆ ਹੈ। ਪੜ੍ਹੇ-ਲਿਖੇ ਬੇਰੁਜ਼ਗਾਰਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਸਿੱਖਿਆ ਸੰਸਥਾਵਾਂ ਬਦਇੰਤਜ਼ਾਮੀ, ਭ੍ਰਿਸ਼ਟਾਚਾਰ ਅਤੇ ਵਿਦਿਆਰਥੀਆਂ ਦੇ ਜੀਵਨ ਨਾਲ ਖਿਲਵਾੜ ਕਰਨ ਦੇ ਅੱਡੇ ਬਣ ਚੁੱਕੀਆਂ ਹਨ। ਜੇਕਰ ਪੜਤਾਲ ਕਰੀਏ ਤਾਂ ਸੱਚ ਦਾ ਸਾਹਮਣਾ ਹੁੰਦਿਆਂ ਦੇਰ ਨਹੀਂ ਲੱਗੇਗੀ।

**ਸਿੱਖਿਆ ਮੰਤਰੀਆਂ ਦੀ ਬੇਰੁਖੀ** : ਹਕੀਕਤ ਇਹ ਹੈ ਕਿ ਆਜ਼ਾਦੀ ਤੋਂ ਬਾਅਦ ਜਿੰਨੇ ਵੀ ਸੱਜਣ ਇਸ ਅਹੁਦੇ ’ਤੇ ਬਿਰਾਜਮਾਨ ਹੋਏ, ਉਨ੍ਹਾਂ ਦੀ ਸਿੱਖਿਆ ਪ੍ਰਣਾਲੀ ਬਣਾਉਣ ਅਤੇ ਇਕ ਅਜਿਹੀ ਨੀਤੀ ਨਿਰਧਾਰਿਤ ਕਰਨ ’ਚ ਨਾ ਤਾਂ ਕੋਈ ਰੁਚੀ ਸੀ ਅਤੇ ਨਾ ਹੀ ਯੋਗਤਾ, ਜਿਸ ਨਾਲ ਭਾਰਤ ਦਾ ਭਵਿੱਖ ਭਾਵ ਬੱਚੇ ਅਤੇ ਨੌਜਵਾਨ ਜੁੜ ਸਕਣ। ਸਭ ਤੋਂ ਪਹਿਲਾਂ ਮੌਲਾਨਾ ਅਬੁਲ ਕਲਾਮ ਆਜ਼ਾਦ, ਜਿਨ੍ਹਾਂ ਨੇ 1947 ਤੋਂ 1958 ਤੱਕ ਪੜ੍ਹਾਈ-ਲਿਖਾਈ ਲਈ ਅੰਗਰੇਜ਼ਾਂ ਦੀ ਮੈਕਾਲੇ ਪ੍ਰਣਾਲੀ ਅਤੇ ਰਵਾਇਤੀ ਇਸਲਾਮੀ ਸਿੱਖਿਆ ਨੂੰ ਲਾਗੂ ਰੱਖਣ ਤੋਂ ਇਲਾਵਾ ਕੋਈ ਜ਼ਿਕਰਯੋਗ ਕੰਮ ਨਹੀਂ ਕੀਤਾ। ਉਂਝ ਉਨ੍ਹਾਂ ਨੂੰ ਭਾਰਤੀ ਸਿੱਖਿਆ ਦਾ ਸ਼ਿਲਪਕਾਰ ਕਿਹਾ ਜਾਂਦਾ ਹੈ ਕਿਉਂਕਿ ਪੰਡਿਤ ਨਹਿਰੂ ਦੇ ਵਿਸ਼ੇਸ਼ ਪਿਆਰੇ ਹੋਣ ਕਰਕੇ ਉਨ੍ਹਾਂ ਦੀ ਅਗਵਾਈ ’ਚ ਯੂ. ਜੀ. ਸੀ. ਅਤੇ ਵਿਗਿਆਨਕ ਸਿੱਖਿਆ ਦੀ ਨੀਂਹ ਰੱਖੀ ਗਈ, ਪਰ ਉਹ ਭੁੱਲ ਗਏ ਕਿ ਦੇਸ਼ ਨੂੰ ਇਕ ਮਜ਼ਬੂਤ ਸਿੱਖਿਆ ਨੀਤੀ ਦੀ ਲੋੜ ਹੈ।

ਇੱਥੋਂ ਹੀ ਵਿਰੋਧਾਭਾਸ ਸ਼ੁਰੂ ਹੋਇਆ। ਦੇਸ਼ ਨੇ ਵਿਸ਼ਵ ਪੱਧਰੀ ਉੱਚ ਸਿੱਖਿਆ ਸੰਸਥਾਵਾਂ ਤਾਂ ਬਣਾਈਆਂ, ਪਰ ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਨੂੰ ਕੋਈ ਮਹੱਤਵ ਨਹੀਂ ਮਿਲਿਆ। ਸਿੱਖਿਆ ਦਾ ਇਕ ਅਜਿਹਾ ਢਾਂਚਾ ਵਿਕਸਿਤ ਹੋਇਆ, ਜਿਸ ’ਚ ਕੁਝ ਸੰਸਥਾਵਾਂ ਨੂੰ ਛੱਡ ਕੇ ਬਾਕੀ ਸਾਰੇ ਸਕੂਲ ਔਸਤ ਜਾਂ ਕਮਜ਼ੋਰ ਬਣੇ ਰਹੇ। ਉਨ੍ਹਾਂ ਤੋਂ ਬਾਅਦ ਕੇ. ਐੱਲ. ਸ੍ਰੀਮਾਲੀ, ਹੁਮਾਯੂੰ ਕਬੀਰ, ਐੱਮ. ਸੀ. ਛਾਗਲਾ, ਫਖ਼ਰੂਦੀਨ ਅਲੀ ਅਹਿਮਦ 1967 ਤੱਕ ਰਹੇ, ਜਿਨ੍ਹਾਂ ਦੀਆਂ ਡਿਗਰੀਆਂ ਉਨ੍ਹਾਂ ਦੇ ਪੇਸ਼ੇ ਮੁਤਾਬਕ ਸਨ, ਪਰ ਸਿੱਖਿਆ ਦੇ ਮਾਮਲੇ ’ਚ ਬਿਲਕੁਲ ਜ਼ੀਰੋ ਸਨ। 1968 ’ਚ ਮਹਾਨ ਸਿੱਖਿਆ ਸ਼ਾਸਤਰੀ ਦੌਲਤ ਸਿੰਘ ਕੋਠਾਰੀ ਦੀ ਅਗਵਾਈ ’ਚ ਪਹਿਲੀ ਸਿੱਖਿਆ ਨੀਤੀ ਬਣੀ। ਇਸ ਨੂੰ ਅੱਧੇ-ਅਧੂਰੇ ਮਨ ਨਾਲ ਥੋੜ੍ਹਾ-ਬਹੁਤ ਲਾਗੂ ਕੀਤਾ ਗਿਆ, ਪਰ ਮਹੱਤਵਪੂਰਨ ਸਿਫ਼ਾਰਸ਼ਾਂ ਨੂੰ ਰੱਦੀ ਦੀ ਟੋਕਰੀ ’ਚ ਸੁੱਟ ਦਿੱਤਾ ਗਿਆ। ਤ੍ਰਿਗੁਣਾ ਸੇਨ ਅਤੇ ਡਾਕਟਰ ਵੀ. ਕੇ. ਆਰ. ਵੀ. ਰਾਓ ਤੋਂ ਲੈ ਕੇ ਨੂਰੁਲ ਹਸਨ ਵਰਗੇ ਸੱਜਣ ਆਏ, ਜਿਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ ਗਈ। ਬਾਕੀਆਂ ਕੋਲ ਗ੍ਰੈਜੂਏਸ਼ਨ ਜਾਂ ਉਸਦੇ ਆਸ-ਪਾਸ ਦੀਆਂ ਡਿਗਰੀਆਂ ਸਨ, ਪਰ ਉਨ੍ਹਾਂ ਦੇ ਨਾਂ ਕੋਈ ਅਜਿਹਾ ਕਾਰਨਾਮਾ ਨਹੀਂ ਹੈ, ਜੋ ਸਿੱਖਿਆ ਵਿਵਸਥਾ ਨੂੰ ਸੁਧਾਰਨ ਲਈ ਕੀਤਾ ਗਿਆ ਹੋਵੇ।

**ਅਧਿਆਪਕ ਸਭ ਤੋਂ ਕਮਜ਼ੋਰ ਕੜੀ** : ਕਿਸੇ ਵੀ ਸਿੱਖਿਆ ਪ੍ਰਣਾਲੀ ਦੀ ਗੁਣਵੱਤਾ ਉਸਦੇ ਅਧਿਆਪਕਾਂ ਤੋਂ ਤੈਅ ਹੁੰਦੀ ਹੈ। ਫਿਨਲੈਂਡ ’ਚ ਅਧਿਆਪਕ ਬਣਨ ਲਈ ਸਭ ਤੋਂ ਉੱਤਮ ਵਿਦਿਆਰਥੀਆਂ ਦੀ ਚੋਣ ਹੁੰਦੀ ਹੈ। ਜਾਪਾਨ ’ਚ ਅਧਿਆਪਕ ਨੂੰ ਉੱਚ ਸਮਾਜਿਕ ਸਨਮਾਨ ਹਾਸਲ ਹੈ। ਦੱਖਣੀ ਕੋਰੀਆ ’ਚ ਅਧਿਆਪਕ ਰਾਸ਼ਟਰੀ ਵਿਕਾਸ ਦੇ ਭਾਗੀਦਾਰ ਮੰਨੇ ਜਾਂਦੇ ਹਨ। ਭਾਰਤ ’ਚ ਅੱਜ ਵੀ ਹਜ਼ਾਰਾਂ ਅਹੁਦੇ ਖਾਲੀ ਹਨ। ਸਿਖਲਾਈ ਦੀ ਗੁਣਵੱਤਾ ਇਕੋ ਜਿਹੀ ਨਹੀਂ ਹੈ। ਬਹੁਤ ਸਾਰੇ ਅਧਿਆਪਕ ਦਫ਼ਤਰੀ ਕੰਮਾਂ ’ਚ ਉਲਝੇ ਰਹਿੰਦੇ ਹਨ। ਜਦੋਂ ਅਧਿਆਪਕ ਹੀ ਮਜ਼ਬੂਤ ਨਹੀਂ ਹੋਵੇਗਾ, ਤਾਂ ਵਿਦਿਆਰਥੀ ਕਿਵੇਂ ਹੋਵੇਗਾ?

ਜਦੋਂ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ, ਤਾਂ 1986 ’ਚ ਨਵੀਂ ਸਿੱਖਿਆ ਨੀਤੀ ਸਾਹਮਣੇ ਆਈ, ਜਿਸ ’ਚ ਕੰਪਿਊਟਰ ਸਿੱਖਿਆ ’ਤੇ ਜ਼ੋਰ ਦਿੱਤਾ ਗਿਆ। ਹੁਣ ਤੱਕ ਦੀਆਂ ਦੋਵਾਂ ਨੀਤੀਆਂ ’ਚ ਅਧਿਆਪਕ ਦੀ ਕਿਤੇ ਕੋਈ ਭੂਮਿਕਾ ਨਹੀਂ ਸੀ। ਸੋਚ ਇਹ ਸੀ ਕਿ ਉਨ੍ਹਾਂ ਨੂੰ ਤਾਂ ਕਿਤੋਂ ਵੀ ਰੱਖਿਆ ਜਾ ਸਕਦਾ ਹੈ। ਉਸ ਦੇ ਲਈ ਕੋਰਸ ਬਣੇ, ਪਰ ਜਦੋਂ ਉਹ ਪੜ੍ਹਨ ਤੋਂ ਬਾਅਦ ਪੜ੍ਹਾਉਣ ਗਏ ਤਾਂ ਪਤਾ ਲੱਗਾ ਕਿ ਵਿਦਿਆਰਥੀਆਂ ਨੂੰ ਸਾਧਾਰਨ ਅੱਖਰ ਗਿਆਨ ਅਤੇ ਗਣਿਤ ਦੇ ਜੋੜ-ਘਟਾਓ ਤੱਕ ਦੀ ਸਮਝ ਨਹੀਂ ਹੈ। ਜੇਕਰ ਉਹ ਕੁਝ ਬੋਲਦੇ, ਤਾਂ ਪ੍ਰਸ਼ਾਸਨਿਕ ਅਧਿਕਾਰੀ ਇਹ ਕਹਿ ਕੇ ਚੁੱਪ ਕਰਵਾ ਦਿੰਦੇ ਕਿ ‘‘ਜੇ ਤੁਹਾਨੂੰ ਸਾਡੇ ਨਾਲੋਂ ਵੱਧ ਨਾਲੇਜ ਹੈ, ਤਾਂ ਇਸ ਨੂੰ ਆਪਣੇ ਕੋਲ ਹੀ ਰੱਖੋ।’’

ਨੀਤੀ ਇੰਨੀ ਖੁੱਲ੍ਹੀ ਸੀ ਕਿ ਘਪਲੇ ਕਰਨ ਦੀ ਪੂਰੀ ਛੋਟ ਸੀ। ਪੜ੍ਹਨਾ-ਲਿਖਣਾ ਇੰਨਾ ਮਹਿੰਗਾ ਹੋ ਗਿਆ ਕਿ ਇਹ ਸਿਰਫ਼ ਅਮੀਰ ਲੋਕਾਂ ਦੀ ਜੇਬ ਤੱਕ ਸਿਮਟ ਗਿਆ। ਇੰਨਾ ਹੀ ਨਹੀਂ, ਇਕ-ਇਕ ਕਮਰੇ ਦੀਆਂ ਯੂਨੀਵਰਸਿਟੀਆਂ ਖੁੱਲ੍ਹ ਗਈਆਂ ਅਤੇ ਘਰ ਦੇ ਮਾਮੂਲੀ ਪੜ੍ਹੇ-ਲਿਖੇ ਲੋਕ ਚਾਂਸਲਰ ਬਣ ਗਏ। ਨਾਂ ਦੇ ਅੱਗੇ ‘ਡਾਕਟਰ’ ਲਗਾਉਣਾ ਤਾਂ ਮਾਮੂਲੀ ਗੱਲ ਸੀ। ਸਰਕਾਰਾਂ ਬਦਲੀਆਂ, ਪਰ ਨਿਸ਼ਾਨਾ ਇਹੀ ਰਿਹਾ ਕਿ ‘‘ਅੰਨ੍ਹਾ ਵੰਡੇ ਰਿਓੜੀਆਂ, ਮੁੜ-ਮੁੜ ਆਪਣਿਆਂ ਨੂੰ ਦੇਵੇ’’। ਰੱਟਾ-ਪ੍ਰਣਾਲੀ ਦਾ ਬੋਲਬਾਲਾ ਹੋਇਆ, ਨਕਲ ਦੀ ਆਦਤ ਨੇ ਸਭ ਕੁਝ ਤਬਾਹ ਕਰ ਦਿੱਤਾ ਅਤੇ ਸਾਰੀਆਂ ਨਾਮਚੀਨ ਜਾਂ ਹਨੇਰੀਆਂ ਗਲੀਆਂ ’ਚ ਖੁੱਲ੍ਹੀਆਂ ਦੁਕਾਨਾਂ ਸਿਰਫ਼ ਨੋਟ ਛਾਪਣ ਦੀਆਂ ਮਸ਼ੀਨਾਂ ਬਣ ਕੇ ਰਹਿ ਗਈਆਂ।

ਭਾਜਪਾ ਸਰਕਾਰ ਨੇ ਤਾਂ 12ਵੀਂ ਪਾਸ ਸਮ੍ਰਿਤੀ ਇਰਾਨੀ ਨੂੰ ਸਿੱਖਿਆ ਦੀ ਵਾਗਡੋਰ ਸੌਂਪ ਦਿੱਤੀ। ਧਰਮਿੰਦਰ ਪ੍ਰਧਾਨ ਤੱਕ ਪੂਰਾ ਹਿਸਾਬ-ਕਿਤਾਬ ਜੋੜ ਕੇ ਦੇਖ ਲਓ ਕਿ ਕੀ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਸਿੱਖਿਆ ਨੂੰ ਗੰਭੀਰਤਾ ਨਾਲ ਲਿਆ? ਸਿੱਟਾ ‘ਨਹੀਂ’ ’ਚ ਨਿਕਲੇਗਾ। ਇਸਦਾ ਕਾਰਨ ਇਹ ਹੈ ਕਿ ਇਨ੍ਹਾਂ ’ਚੋਂ ਕੋਈ ਇਤਿਹਾਸਕਾਰ ਜਾਂ ਕਾਨੂੰਨ ਦਾ ਮਾਹਿਰ ਹੋਣ ਦਾ ਦਾਅਵਾ ਭਾਵੇਂ ਕਰ ਲਵੇ, ਪਰ ਸਿੱਖਿਆ ਪ੍ਰਣਾਲੀ ਜਾਂ ਨੀਤੀ ਬਣਾਉਣ ’ਚ ਕਿਸੇ ਦੀ ਕੋਈ ਰੁਚੀ ਨਹੀਂ ਸੀ। ਇਹ ਕੰਮ ਵੱਖ-ਵੱਖ ਕਮਿਸ਼ਨਾਂ ਅਤੇ ਅਫ਼ਸਰਸ਼ਾਹੀ ਦੇ ਹੱਥਾਂ ਦਾ ਖਿਡੌਣਾ ਬਣ ਕੇ ਰਹਿ ਗਿਆ। ਉਨ੍ਹਾਂ ਨੇ ਜੋ ਕੁਝ ਵੀ ਇਨ੍ਹਾਂ ਕੋਲ ਭੇਜਿਆ, ਇਨ੍ਹਾਂ ਨੇ ਬਿਨਾਂ ਸੋਚੇ-ਸਮਝੇ ਉਸ ’ਤੇ ਸਹੀ ਪਾ ਦਿੱਤੀ।

ਉਦਾਹਰਣ ਲਈ, 1968 ਦੀ ਪਹਿਲੀ ਸਿੱਖਿਆ ਨੀਤੀ ਦਾ ‘ਸਿੱਖਿਆ ’ਤੇ 6 ਫੀਸਦੀ ਖ਼ਰਚ’ ਕਰਨ ਦਾ ਟੀਚਾ ਅੱਜ ਤੱਕ ਅੱਧਵਾਟੇ ਲਟਕ ਰਿਹਾ ਹੈ। ‘ਤਿੰਨ ਭਾਸ਼ਾ ਫਾਰਮੂਲਾ’ ਵਿਵਾਦਾਂ ਦਾ ਪਿਟਾਰਾ ਬਣਿਆ ਹੋਇਆ ਹੈ ਅਤੇ ਸਭ ਤੋਂ ਵੱਡੀ ਗਿਰਾਵਟ ਪੇਂਡੂ ਖੇਤਰਾਂ ਦੀ ਅਣਦੇਖੀ ਕਾਰਨ ਹੋਈ ਹੈ। ਭਾਨੂਮਤੀ ਦਾ ਕੁਨਬਾ ਅਤੇ ਜਾਦੂ ਦੀ ਛੜੀ ਘੁਮਾਉਂਦੇ ਹੀ ਪੂਰੇ ਦੇਸ਼ ’ਚ ਸਿੱਖਿਆ ਕ੍ਰਾਂਤੀ ਲਿਆਉਣ ਲਈ 2020 ਦੀ ਰਾਸ਼ਟਰੀ ਸਿੱਖਿਆ ਨੀਤੀ ਨੇ ਐਲਾਨਾਂ ਦੀ ਝੜੀ ਲਗਾ ਦਿੱਤੀ, ਜਿਨ੍ਹਾਂ ਨੂੰ ਪੂਰਾ ਕਰਨਾ ਰੱਬ ਦੇ ਵੱਸ ’ਚ ਤਾਂ ਹੋ ਸਕਦਾ ਹੈ, ਪਰ ਇਨਸਾਨ ਅਗਲੇ ਸੌ ਸਾਲਾਂ ’ਚ ਵੀ ਨਹੀਂ ਕਰ ਸਕਦਾ।

**ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ** : ਅਸਲੀਅਤ ਇਹ ਹੈ ਕਿ ਸਿੱਖਿਆ ਮੰਤਰੀਆਂ ਦੀ ਜ਼ਮੀਨੀ ਹਕੀਕਤ ਤੋਂ ਹਮੇਸ਼ਾ ਦੂਰੀ ਬਣੀ ਰਹੀ। ਉਨ੍ਹਾਂ ਨੇ ਕਦੇ ਇਸ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ ਕਿ ਇਹ ਵਿਸ਼ਾ ਦੇਸ਼ ਦੇ ਨੌਜਵਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਦਾ ਹੈ। ਹਰ ਇਕ ਨੇ ਆਪਣੀ ਅਕਲ ਦੇ ਘੋੜੇ ਦੌੜਾ ਕੇ ਕੁਝ ਨਵਾਂ ਕਰਨ ਦੇ ਚੱਕਰ ’ਚ ਅਤੇ ਆਪਣੀ ਤੇ ਆਪਣੀ ਪਾਰਟੀ ਦੀ ਇੱਛਾ ਤੇ ਜਨਤਾ ਦੇ ਵਿਚਾਲੇ ਆਪਣਾ ਅਕਸ ਬਣਾਉਣ ਲਈ ਉਹ ਸਾਰੇ ਕੰਮ ਕੀਤੇ, ਜੋ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਸਾਬਤ ਹੋਏ। ਸਿੱਖਿਆ ਹੁਣ ਇਕ ਵਪਾਰ ਬਣ ਚੁੱਕੀ ਹੈ ਅਤੇ ਅਯੋਗਤਾ ਤੇ ਪੈਸੇ ਦੇ ਜ਼ੋਰ ’ਤੇ ਕਰੋੜਾਂ ਰੁਪਏ ਕਮਾਉਣ ਦਾ ਇਕ ਜ਼ਰੀਆ ਬਣ ਗਈ ਹੈ, ਜਿਸਦੀ ਇਕੋ-ਇਕ ਸ਼ਰਤ ਸ਼ਾਤਰ ਹੋਣਾ ਹੈ।

ਭਾਰਤ ਵਿਚ ਦੁਨੀਆ ਦੇ ਸਭ ਤੋਂ ਵੱਡੇ ਸਕੂਲੀ ਸਿੱਖਿਆ ਢਾਂਚੇ ’ਚੋਂ ਇਕ ਹੈ। ਵਿਸ਼ਾਲ ਉੱਚ ਸਿੱਖਿਆ ਨੈੱਟਵਰਕ, ਗਲੋਬਲ ਪੱਧਰ ਦੀਆਂ ਉੱਤਮ ਸੰਸਥਾਵਾਂ ਅਤੇ ਵੱਡੀ ਨੌਜਵਾਨ ਆਬਾਦੀ ਹੋਣ ਦੇ ਬਾਵਜੂਦ, ਕੋਈ ਅਜਿਹਾ ਨਹੀਂ ਹੈ ਜੋ ਇਸ ਨੂੰ ਵਿਸ਼ਵ ਪੱਧਰੀ ਸਿੱਖਿਆ ਦਾ ਮਹਾਸਾਗਰ ਬਣਾ ਸਕੇ। ਦੇਸ਼ ’ਚ ਬਹੁਤ ਸਾਰੇ ਵਿਦਵਾਨ ਹਨ, ਪਰ ਉਹ ‘ਨੱਕਾਰਖਾਨੇ ’ਚ ਤੂਤੀ’ ਵਾਂਗ ਹਨ। ਪੈਸਾ ਪ੍ਰਧਾਨ ਹੋਣ ਕਾਰਨ ਅੱਜ ਵਿਦਵਤਾ ਨੂੰ ਹਾਰ ਮੰਨਣੀ ਪੈ ਰਹੀ ਹੈ।

SINGH'S TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION
MONEY TRANSFER
Trans-Fast
Ph:- 01886-502532
Mob:- 94634-04595

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

# ਜੇ ਸੱਸ ਮਾਂ ਬਣ ਜੇ...

## ਭੋਲਨ ਸਿੰਘ ਸ਼ਮੇਰੀਆ

'ਜੇ ਸੱਸ ਮਾਂ ਬਣ ਜੇ ਪੇਕੀਂ ਕਾਸਤੋਂ ਜਾਈਏ' ਗਿੱਧੇ ਵਿੱਚ ਪੈਣ ਵਾਲੀ ਇਹ ਲੋਕ-ਬੋਲੀ ਨੂੰਹ ਤੇ ਸੱਸ ਦੇ ਰਿਸ਼ਤੇ ਦੇ ਉਲਝੇ ਅਲਜ਼ਬਰੇ ਦਾ ਸਾਰ ਅੰਸ਼ ਹੈ। ਜੇ ਨੂੰਹ ਤੇ ਸੱਸ ਦਾ ਰਿਸ਼ਤਾ ਸੁਖਾਵਾਂ ਹੋਵੇ ਤਾਂ ਨੂੰਹ ਸ਼ਾਇਦ ਪੇਕਿਆਂ ਦੀ ਤਾਂਘ ਨਾ ਕਰੇ। ਜਦੋਂ ਨੂੰਹ ਨੂੰ ਸੱਸ ਵਿੱਚੋਂ ਮਾਂ ਦਿਖਾਈ ਦੇਣੀ ਬੰਦ ਕਰ ਦਿੰਦੀ ਹੈ ਤਾਂ ਨੂੰਹ ਆਪਣੇ ਅੰਦਰਲੇ ਖਲਾਅ ਨੂੰ ਭਰਨ ਲਈ ਪੇਕਿਆਂ ਵੱਲ ਅਹੁਲਦੀ ਹੈ। ਇਹ ਸੱਚਾਈ ਗਿੱਧੇ ਦੀਆਂ ਬੋਲੀਆਂ ਵਿੱਚ ਪ੍ਰਤੱਖ ਹੋ ਕੇ ਸਾਡੇ ਸਨਮੁੱਖ ਹੁੰਦੀ ਹੈ। ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਸਮਾਜ ਦਾ ਨੰਗਾ ਸੱਚ ਹੁੰਦੀਆਂ ਹਨ। ਸਾਡੇ ਸਮਾਜਿਕ ਰਿਸ਼ਤਿਆਂ ਦੀ ਅਸੀਂ ਭਾਵੇਂ ਕਿੰਨੀ ਵੀ ਲਿੱਪਾ-ਪੋਚੀ ਕਰੀ ਜਾਈਏ, ਪਰ ਗਿੱਧੇ ਦੇ ਪਿੜ ਵਿੱਚ ਆ ਕੇ ਇਹ ਲੋਕ-ਬੋਲੀਆਂ ਉਸ ਰਿਸ਼ਤੇ ਦੀ ਕਚਿਆਈ ਪਕਿਆਈ ਪਰਖ ਜਾਂਦੀਆਂ ਹਨ।

ਗਿੱਧੇ ਦੀਆਂ ਬੋਲੀਆਂ ਸਾਧਾਰਨ ਹਾਲਤਾਂ ਵਿੱਚ ਸੰਜਮੀ ਤੇ ਸ਼ੀਲ ਹੁੰਦੀਆਂ ਹਨ, ਪਰ ਜਦੋਂ ਗਿੱਧਾ ਪਾਉਣ ਵਾਲੀਆਂ ਔਰਤਾਂ ਇਕੱਲੀਆਂ ਹੋਣ ਜਾਂ ਗਿੱਧਾ ਜਦੋਂ ਆਪਣੇ ਪੂਰੇ ਜੋਬਨ 'ਤੇ ਆਉਂਦਾ ਹੈ ਤਾਂ ਰਿਸ਼ਤਿਆਂ ਦਾ ਹਕੀਕੀ ਰੰਗ ਉਧੇੜਦੀਆਂ ਹੋਈਆਂ ਇਹ ਲੋਕ-ਬੋਲੀਆਂ ਮਰਿਆਦਾ ਭੰਜਕ ਵੀ ਹੋ ਜਾਂਦੀਆਂ ਹਨ। ਅਸ਼ਲੀਲ ਜਾਂ ਦੂਹਰੇ ਅਰਥਾਂ ਵਾਲੀਆਂ ਬੋਲੀਆਂ ਵੀ ਮਘ ਉੱਠਦੀਆਂ ਹਨ। ਬੋਲੀਆਂ ਦੀ ਸ਼ਬਦਾਵਲੀ ਭਾਵੇਂ ਅਸ਼ਲੀਲ ਨਾ ਵੀ ਹੋਵੇ, ਪਰ ਸਰੀਰਕ ਮੁਦਰਾਵਾਂ ਜਾਂ ਇਸ਼ਾਰਿਆਂ ਰਾਹੀਂ ਉਨ੍ਹਾਂ ਨੂੰ ਮਰਿਆਦਾ ਭੰਜਕ ਬਣਾ ਲਿਆ ਜਾਂਦਾ ਹੈ। ਰਿਸ਼ਤਿਆਂ ਦੀਆਂ ਪੀੜਾਂ ਇਨ੍ਹਾਂ ਬੋਲੀਆਂ ਵਿੱਚ ਰਸਣ ਲੱਗਦੀਆਂ ਹਨ। ਖਾਸ ਕਰਕੇ ਨੂੰਹ ਤੇ ਸੱਸ ਦਾ ਰਿਸ਼ਤਾ ਇਨ੍ਹਾਂ ਲੋਕ-ਬੋਲੀਆਂ ਵਿੱਚ ਸਿਰ ਚੜ੍ਹ ਕੇ ਬੋਲਦਾ ਹੈ। ਨੂੰਹ ਤੇ ਸੱਸ ਦੀ ਨੋਕ-ਝੋਕ ਵਾਲੀਆਂ ਬੋਲੀਆਂ ਤੋਂ ਬਿਨਾਂ ਗਿੱਧਾ ਕਦੇ ਪਰਵਾਨ ਨਹੀਂ ਚੜ੍ਹਦਾ।

ਮਨੁੱਖੀ ਰਿਸ਼ਤਿਆਂ ਦੀ ਧਰਾਤਲ 'ਤੇ ਨੂੰਹ ਤੇ ਸੱਸ ਦਾ ਰਿਸ਼ਤਾ ਸਭ ਤੋਂ ਜ਼ਿਆਦਾ ਸੂਖਮ ਤੇ ਵਿਅੰਗਮਈ ਹੁੰਦਾ ਹੋਇਆ ਦਲ-ਦਲ ਵਾਲਾ ਬਣਿਆ ਰਹਿੰਦਾ ਹੈ। ਗਿੱਧੇ ਦੇ ਪਿੜ ਅੰਦਰ ਇਸ ਦੋ-ਧਿਰੀ ਰਿਸ਼ਤੇ ਦੀ ਇੱਕ ਧਿਰ ਕੋਲ ਹੰਕਾਰ, ਮੱਤ ਤੇ ਤਜਰਬਾ ਹੁੰਦਾ ਹੈ, ਜਦੋਂ ਕਿ ਦੂਜੀ ਧਿਰ ਕੋਲ ਸਬਰ ਤੇ ਵਿਅੰਗ ਹੁੰਦਾ ਹੈ, ਪਰ ਦੋਵੇਂ ਧਿਰਾਂ ਇੱਕ-ਦੂਜੇ ਦੀ ਪਿੱਠ ਲਾਉਣ ਦੀ ਤਾਕ ਵਿੱਚ ਰਹਿੰਦੀਆਂ ਹਨ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਇਸ ਰਿਸ਼ਤੇ ਵਿੱਚ ਕੁੜੱਤਣ ਦੀ ਮੂਲ ਵਜ ?ਹਾ ਕੀ ਹੈ ? ਇਸ ਪਦਾਰਥਵਾਦੀ ਸੰਸਾਰ ਵਿੱਚ ਇੱਕ ਮਾਂ ਨੂੰ ਸਭ ਤੋਂ ਵੱਧ ਆਪਣਾ ਪੁੱਤਰ ਪਿਆਰਾ ਹੁੰਦਾ ਹੈ। ਮਾਂ ਤੇ ਪੁੱਤ ਦੇ ਪਿਆਰ ਦੀਆਂ ਅਨੇਕਾਂ ਕਹਾਣੀਆਂ ਦੇਖਣ ਤੇ ਸੁਣਨ ਨੂੰ ਮਿਲਦੀਆਂ ਹਨ। ਵਿਆਹ ਹੋਣ 'ਤੇ ਇੱਕ ਮੁਟਿਆਰ ਲਈ ਵੀ ਸਭ ਤੋਂ ਪਿਆਰਾ ਨਾਤਾ ਉਸ ਦਾ ਪਤੀ ਬਣ ਜਾਂਦਾ ਹੈ। ਜੋ ਇੱਕ ਮਾਂ ਦਾ ਪਿਆਰਾ ਪੁੱਤ ਸੀ, ਹੁਣ ਉਹੀ ਪੁੱਤ ਇੱਕ ਮੁਟਿਆਰ ਦੀ ਮੁਹੱਬਤ ਦੇ ਪੱਲੇ ਨਾਲ ਬੱਝ ਕੇ ਉਸ ਦੀਆਂ ਰੀਝਾਂ ਦਾ ਹਾਣੀ ਬਣ ਚੁੱਕਾ ਹੁੰਦਾ ਹੈ। ਜਦੋਂ ਉਸ ਦਾ ਪੁੱਤ ਆਪਣਾ ਪਿਆਰ ਕਿਸੇ ਹੋਰ ਦੀ ਝੋਲੀ ਪਾਉਂਦਾ ਹੈ ਤਾਂ ਇੱਕ ਮਾਂ ਨੂੰ ਆਪਣਾ ਪਿਆਰ ਖੰਡਿਤ ਹੋਇਆ ਪ੍ਰਤੀਤ ਹੁੰਦਾ ਹੈ। ਇਹ ਮਨੋਵਿਗਿਆਨਕ ਅਦਿੱਖ ਕਾਰਨ ਇਸ ਰਿਸ਼ਤੇ ਦੀ ਬੁਨਿਆਦ ਵਿੱਚ ਖਟਿਆਈ ਬਣ ਕੇ ਫੈਲ ਜਾਂਦਾ ਹੈ। ਦੋਵੇਂ ਧਿਰਾਂ ਇਸ ਪਿਆਰ 'ਤੇ ਹੱਕ ਜਮਾਉਂਦੀਆਂ ਹਨ। ਸਿਆਣੀ ਮਾਂ ਤੇ ਸਿਆਣੀ ਨੂੰਹ ਤਾਂ ਇਸ ਰਿਸ਼ਤੇ ਦੇ ਹਕੀਕੀ ਸੱਚ ਨੂੰ ਸਮਝ ਜਾਂਦੀਆਂ ਹਨ।

ਜਦੋਂ ਇਹ ਦੋਵੇਂ ਧਿਰਾਂ ਇਸ ਕੇਂਦਰ ਬਿੰਦੂ 'ਤੇ ਆਪਣਾ ਪੂਰਨ ਹੱਕ ਜਮਾਉਣ ਦੀ ਕੋਸ਼ਿਸ਼ ਕਰਨ ਲੱਗ ਜਾਣ ਤਾਂ ਇਸ ਰਿਸ਼ਤੇ ਵਿੱਚ ਤਰੇੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਰਿਸ਼ਤੇ ਦੀਆਂ ਸੂਖਮ ਭਾਵਨਾਵਾਂ ਫਿਰ ਮੱਥੇ 'ਤੇ ਤਿਉੜੀ ਬਣ ਜਾਂਦੀਆਂ ਹਨ। ਬੇਸ਼ੱਕ ਸਮਾਜਿਕ ਮਰਿਆਦਾਵਾਂ ਬੁੱਲ੍ਹਾਂ ਨੂੰ ਤੋਪੇ ਲਾਈ ਰੱਖਦੀਆਂ ਹਨ, ਪਰ ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਇਨ੍ਹਾਂ ਮਰਿਆਦਾਵਾਂ ਨੂੰ ਤੋੜ ਕੇ ਹਕੀਕੀ ਸੱਚ ਦੀ ਪਟਾਰੀ ਨੂੰ ਲੋਕ-ਕਚਹਿਰੀ ਵਿੱਚ ਨੰਗਾ ਕਰ ਦਿੰਦੀਆਂ ਹਨ। ਸ਼ੁਰੂ-ਸ਼ੁਰੂ ਵਿੱਚ ਨੂੰਹ ਨੂੰ ਆਪਣੀ ਸੱਸ ਵੀ ਚੰਗੀ ਲੱਗਦੀ ਹੈ ਕਿਉਂਕਿ ਅਜੇ ਹਾਲਾਤ ਸੁਖਾਵੇਂ ਹੁੰਦੇ ਹਨ। ਇੱਕ ਸੱਸ ਦੀ ਹੁੰਦੀ ਵਡਿਆਈ ਦੇਖ ਕੇ ਕੋਈ ਹੋਰ ਔਰਤ ਉਸ ਵਹੁਟੀ ਨੂੰ ਭਵਿੱਖਮਈ ਸੁਚੇਤ ਕਰਦੀ ਹੋਈ ਸਲਾਹ ਦਿੰਦੀ ਹੈ;

**ਚਿੱਟੀ ਚਿੱਟੀ ਰੂੰ ਕਦੇ ਪਿੰਜਣੀ ਪਊਗੀ।**
**ਸੱਸ ਨਾ ਸਲਾਹੀਏ ਕਦੇ ਨਿੰਦਣੀ ਪਊਗੀ।**

ਇਸ ਤਰ੍ਹਾਂ ਇਹ ਰਿਸ਼ਤਾ ਸ਼ੁਰੂ ਵਿੱਚ ਹੀ ਸ਼ੱਕ ਤੇ ਚੋਭ ਦਾ ਕੰਡਾ ਬਣ ਜਾਂਦਾ ਹੈ। ਇਹ ਗਰਮ ਲਾਵਾ ਸਿਰਫ਼ ਨੂੰਹ ਦੀ ਧਿਰ ਵੱਲੋਂ ਹੀ ਨਹੀਂ ਉਗਲਿਆ ਜਾਂਦਾ, ਇਹ ਵਿਹੁ ਸੱਸ ਵੱਲੋਂ ਵੀ ਘੋਲ਼ੀ ਜਾਂਦੀ ਹੈ। ਮਾਂ ਆਪਣੇ ਪੁੱਤ ਪ੍ਰਤੀ ਪਿਆਰ ਅਤੇ ਨੂੰਹ ਪ੍ਰਤੀ ਕੁੜੱਤਣ ਪ੍ਰਗਟ ਕਰਦੀ ਹੋਈ ਕਹਿੰਦੀ ਹੈ;

**ਕੱਚੇ-ਕੱਚੇ ਕੋਠਿਆਂ ਨੂੰ ਕੱਚੀਆਂ ਨੇ ਪੌੜੀਆਂ।**
**ਪੁੱਤ ਨੇ ਪਿਆਰੇ ਨੂੰਹਾਂ 'ਫੀਮ ਨਾਲੋਂ ਕੌੜੀਆਂ।**

ਜਦੋਂ ਸੱਸ ਤੇ ਨੂੰਹ ਦੀ ਚੁਰ-ਚੁਰ ਘਰ ਦੀਆਂ ਦੀਵਾਰਾਂ ਨਾਲ ਖਹਿਣ ਲੱਗਦੀ ਹੈ ਤਾਂ ਨੂੰਹ ਨੂੰ ਇਹ ਰਿਸ਼ਤਾ ਮਾਂ ਦੇ ਸ਼ਬਦਕੋਸ਼ 'ਚੋਂ ਨਿਕਲ ਕੇ ਭੂਤਾਂ ਦੀ ਨਿਆਈਂ ਪ੍ਰਤੀਤ ਹੋਣ ਲੱਗਦਾ ਹੈ। ਨੂੰਹ ਨੂੰ ਸੱਸ ਦੇ ਜਿਸਮ 'ਚੋਂ ਬੋ ਮਾਰਨ ਲੱਗਦੀ ਹੈ। ਫਿਰ ਇਹ ਭਾਵਨਾ ਗਿੱਧੇ ਵਿੱਚ ਪ੍ਰਤੱਖ ਨੰਗੀ ਹੋ ਜਾਂਦੀ ਹੈ;

**ਸੱਸਾਂ ਸੱਸਾਂ ਹਰ ਕੋਈ ਕਹਿੰਦਾ**
**ਸੱਸਾਂ ਕੀਹਨੇ ਬਣਾਈਆਂ।**
**ਸਾਡੇ ਸਤਿਗੁਰ ਨੇ**
**ਮਗਰ ਚੁੜੇਲਾਂ ਲਾਈਆਂ।**

ਤਲ ਦਾ ਅਰਥ ਹੈ 'ਕਿਨਾਰਾ' ਜਾਂ 'ਪੱਤਣ'। ਜਿਸ ਨੇ ਬਾਰ੍ਹਾਂ ਪੱਤਣਾਂ ਦਾ ਪਾਣੀ ਪੀਤਾ ਹੋਵੇ, ਉਸ ਨੂੰ ਬਾਰ੍ਹਾਂ ਪੱਤਣਾਂ ਦਾ ਤਾਰੂ ਜਾਂ ਬਾਰ੍ਹਾਂ ਪੱਤਣਾਂ ਦੇ ਪਾਣੀ ਪੀਣ ਵਾਲਾ ਕਿਹਾ ਜਾਂਦਾ ਹੈ। ਸਰਲ ਭਾਸ਼ਾ ਵਿੱਚ ਉਸ ਨੂੰ 'ਬਾਰ੍ਹਾਂ ਤਾਲ੍ਹਾ' ਜਾਂ 'ਬਾਰ੍ਹਾਂ ਤਾਲ੍ਹੀ' ਕਿਹਾ ਜਾਂਦਾ ਹੈ। ਭਾਵ ਜਿਸ ਨੇ ਘਾਟ-ਘਾਟ ਦਾ ਪਾਣੀ ਪੀਤਾ ਹੋਵੇ, ਉਸ ਦੀ ਤੁਲਨਾ ਚਾਲਾਕ ਸ਼ਖ਼ਸੀਅਤ ਨਾਲ ਕੀਤੀ ਜਾਂਦੀ ਹੈ। ਇੱਕ ਚਾਲਾਕ ਸੱਸ ਨੂੰ ਉਸ ਦੀ ਨੂੰਹ ਮਰੋੜਾ ਦਿੰਦੀ ਕਹਿੰਦੀ ਹੈ;

**ਤੂੰ ਪਕਾਵੇਂ ਰੋਟੀਆਂ ਮੈਂ ਪੇੜੇ ਗਿਣਦੀ ਆਈ।**
**ਸੱਸੇ ਨੀਂ ਬਾਰ੍ਹਾਂ ਤਾਲੀਏ ਮੈਂ ਤੇਰ੍ਹਾਂ ਤਾਲੀ ਆਈ।**

ਨੂੰਹ ਤੇ ਸੱਸ ਦੀ ਤੂੰ-ਤੂੰ ਮੈਂ-ਮੈਂ ਕਈ ਵਾਰ ਵਧ ਜਾਂਦੀ ਹੈ। ਇਹ ਘੁਸਰ-ਮੁਸਰ ਦੋਵਾਂ ਧਿਰਾਂ ਦੇ ਹਿਰਦਿਆਂ ਵਿੱਚ ਉਬਲਦੀ ਰਹਿੰਦੀ ਹੈ। ਸੱਸ ਦੁਆਰਾ ਦੱਬੀ ਜਿਹੀ ਆਵਾਜ਼ ਵਿੱਚ ਕੱਢੀ ਗਈ ਗਾਲ੍ਹ ਨੂੰਹ ਦੇ ਧੁਰ ਅੰਦਰ ਇੱਕ ਚੀਸ ਬਣ ਕੇ ਖੁੱਭ ਜਾਂਦੀ ਹੈ। ਬੇਸ਼ੱਕ ਇਹ ਜ਼ਹਿਰ ਢਿੱਡ ਵਿੱਚ ਹੀ ਉਬਲਦਾ ਰਹਿੰਦਾ ਹੈ, ਪ੍ਰੰਤੂ ਗਿੱਧੇ ਦੇ ਪਿੜ ਵਿੱਚ ਇਹ ਅੰਦਰ ਉਬਲਦਾ ਲਾਵਾ ਇੱਕ ਚੁਣੌਤੀ ਦੇ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਲੋਕ-ਬੋਲੀਆਂ ਵਿੱਚ ਸ਼ਬਦਾਂ ਦੇ ਵਰਤਣ ਦੀ ਖ਼ੂਬਸੂਰਤੀ ਆਪਣਾ ਵਿਸ਼ੇਸ਼ ਮਹੱਤਵ ਰੱਖਦੀ ਹੈ। ਇੱਕ ਬੋਲੀ ਵਿੱਚ ਨੂੰਹ ਆਪਣੀ ਸੱਸ ਨੂੰ 'ਐਤਵਾਰੀ' ਕਹਿ ਕੇ ਸੰਬੋਧਿਤ ਹੁੰਦੀ ਹੈ ਕਿਉਂਕਿ ਐਤਵਾਰ ਇੱਕ ਖਾਲੀ ਦਿਨ ਗਿਣਿਆ ਜਾਂਦਾ ਹੈ। ਇਸ ਦਿਨ ਨੂੰ ਗੁਣਵੱਤਾ ਦੀ ਕਸਵੱਟੀ ਤੋਂ ਸੱਖਣਾ ਦਿਨ ਗਿਣਿਆ ਜਾਂਦਾ ਹੈ। ਨੂੰਹ ਆਪਣੀ ਸੱਸ ਨੂੰ 'ਐਤਵਾਰੀ' ਕਹਿੰਦੀ ਹੋਈ ਆਪਣੇ ਭਰਾ ਦੀ ਗਾਲ੍ਹ ਦਾ ਜੁਆਬ ਇਉਂ ਦਿੰਦੀ ਹੈ;

**ਸੁਣ ਨੀਂ ਸੱਸੇ ਐਤਵਾਰੀਏ ਵਾਰ-ਵਾਰ ਸਮਝਾਵਾਂ।**
**ਜਿਹੜਾ ਤੇਰਾ ਲੀਰ ਪਰਾਂਦਾ ਸਣੇ ਸੰਦੂਕ ਅੱਗ ਲਾਵਾਂ।**
**ਜਿਹੜੀ ਤੇਰੀ ਸੇਰ ਪੰਜੀਰੀ ਵਿਹੜੇ ਵਿੱਚ ਖਿੰਡਾਵਾਂ।**
**ਨੀਂ ਗਾਲ੍ਹ ਭਰਾਵਾਂ ਦੀ ਨਾ ਮੈਂ ਸੁਣਾ, ਨਾ ਖਾਵਾਂ।**

ਸੱਸ ਦੇ ਕਲੇਸ਼ ਦਾ ਜਾਦੂ ਜਦ ਨੂੰਹ ਦੇ ਸਿਰ ਚੜ੍ਹ ਕੇ ਬੋਲਣ ਲੱਗਦਾ ਹੈ ਤਾਂ ਉਹ ਇੱਕ ਦਿਨ ਆਪਣੇ ਪਤੀ ਅੱਗੇ ਆਪਣੀਆਂ ਭਾਵਨਾਵਾਂ ਦਾ ਖਿਲਾਰਾ ਪਾ ਦਿੰਦੀ ਹੈ। ਆਪਣੀ ਤੜਫ਼ਦੀ ਵੇਦਨਾ ਦਾ ਪ੍ਰਗਟਾਵਾ ਕਰਦੀ ਹੋਈ ਇੱਕ ਲੋਕ-ਬੋਲੀ ਰਾਹੀਂ ਕਹਿ ਉੱਠਦੀ ਹੈ;

**ਮੇਰੀ ਸੱਸ ਬੜੀ ਕੁਪੱਤੀ**
**ਮੈਨੂੰ ਪਾਉਣ ਨਾ ਦਿੰਦੀ ਜੁੱਤੀ**
**ਮੈਂ ਵੀ ਜੁੱਤੀ ਪਾਉਣੀ ਐਂ।**
**ਮੁੰਡਿਆ ਰਾਜੀ ਰਹਿ ਜਾਂ ਗੁੱਸੇ**
**ਤੇਰੀ ਮਾਂ ਖੜਕਾਉਣੀ ਐਂ।**

ਜਦੋਂ ਨੂੰਹ ਤੇ ਸੱਸ ਦੇ ਰਿਸ਼ਤੇ ਵਾਲੇ ਭਾਂਡੇ ਖੜਕਣੇ ਸ਼ੁਰੂ ਹੋ ਜਾਣ ਤਾਂ ਫਿਰ ਇਹ ਰਿਸ਼ਤਾ ਵਿਅੰਗਾਂ ਤੇ ਮਸ਼ਕਰੀਆਂ ਦੇ ਘੇਰੇ ਵਿੱਚ ਆ ਜਾਂਦਾ ਹੈ। ਬੇਸ਼ੱਕ ਲੜਾਈ ਭਾਵੇਂ ਬੁੱਲ੍ਹਾਂ ਦੀ ਸੀਮਾ ਨਾ ਵੀ ਲੰਘੀ ਹੋਵੇ, ਪਰ ਅੰਦਰਲਾ ਦੱਬਿਆ ਘੁੱਟਿਆ ਵਲਵਲਾ ਗਿੱਧੇ ਦੇ ਪਿੜ ਵਿੱਚ ਬੋਲੀ ਬਣ ਕੇ ਆ ਉਤਰਦਾ ਹੈ। ਇਹ ਲੋਕ-ਬੋਲੀਆਂ ਸੱਸ ਦੀ ਦੁੱਖ ਤਕਲੀਫ਼ ਨੂੰ ਵੀ ਵਿਅੰਗਾਂ ਨਾਲ ਹੀ ਪਰੋਸ ਦਿੰਦੀਆਂ ਹਨ। ਸੱਸ 'ਤੇ ਕਟਾਖਸ਼ ਕਰਦੀ ਹੋਈ ਨੂੰਹ ਆਪਣੇ ਸਹੁਰੇ ਨੂੰ ਵੀ ਨਾਲ ਹੀ ਲਪੇਟ ਲੈਂਦੀ ਹੈ;

**ਸੱਸ ਮੇਰੀ ਦੇ ਮਾਤਾ ਨਿਕਲੀ ਨਿਕਲੀ ਨਿਆਰੀ ਨਿਆਰੀ।**
**ਸਹੁਰਾ ਮੇਰਾ ਪੂਜਣ ਲੱਗਿਆ ਲੈ ਕੇ ਲਾਲ ਫੁਲਕਾਰੀ।**
**ਜੋਤ ਜਗਾਉਂਦੇ ਨੇ ਦਾੜ੍ਹੀ ਫੂਕ ਲਈ ਸਾਰੀ।**

ਪਿੱਛੇ ਜਿਹੇ ਕਰੋਨਾ ਦੀ ਬੜੀ ਭੈੜੀ ਲਾਗ ਸ਼ੁਰੂ ਹੋਈ। ਜਿੱਥੇ ਉਸ ਨੇ ਮਾਨਵਤਾ ਦਾ ਕਾਫ਼ੀ ਨੁਕਸਾਨ ਕੀਤਾ, ਉੱਥੇ ਇਸ ਲਾਗ ਤੋਂ ਨੂੰਹ ਤੇ ਸੱਸ ਦਾ ਰਿਸ਼ਤਾ ਵੀ ਅਭਿੱਜ ਨਹੀਂ ਰਹਿ ਸਕਿਆ। ਇਹ ਕਰੋਨਾ ਦੀ ਬਿਮਾਰੀ ਬੋਲੀਆਂ ਦੀ ਗੋਦੀ ਚੜ੍ਹ ਕੇ ਸਾਡੇ ਗਿੱਧਿਆਂ ਵਿੱਚ ਵੀ ਪ੍ਰਵੇਸ਼ ਕਰ ਗਈ;

**ਸੱਸ ਮੇਰੀ ਨੂੰ ਹੋਇਆ ਕਰੋਨਾ ਅੱਡ ਕਰ ਦਿੱਤੇ ਭਾਂਡੇ।**
**ਲੀੜੇ ਲੱਤੇ, ਮੰਜੇ ਬਿਸਤਰੇ ਨਾ ਰੱਖੇ ਹੁਣ ਸਾਂਝੇ।**
**ਸਹੁਰਾ ਮੇਰਾ ਦੇਵੇ ਮੱਤਾਂ ਬੈਠਾ**
**ਵਿੱਚ ਬਰਾਂਡੇ।**
**ਨੀਂ ਤਕੜੀ ਹੋਜੇਂਗੀ ਖਾ ਲਿਆ**
**ਕਰ ਦੋ ਆਂਡੇ।**

ਗਿੱਧੇ ਦੀਆਂ ਬੋਲੀਆਂ ਵਿੱਚ ਸੱਸ ਦੇ ਸੁਭਾਅ ਦੀ ਪੂਰੀ ਚੀਰ ਫਾੜ ਕੀਤੀ ਜਾਂਦੀ ਹੈ। ਰਸਦਾਰ ਤੇ ਵਿਅੰਗਮਈ ਬਣਾਉਣ ਲਈ ਸੱਸ ਦੀ ਪਾਤਰਤਾ ਸਿਰਜ ਲਈ ਜਾਂਦੀ ਹੈ। ਇੱਕ ਨਵੀਂ ਵਿਆਹੀ ਮੁਟਿਆਰ ਦੇ ਮੂੰਹੋਂ ਨਿਕਲੀ ਸੱਸ 'ਤੇ ਵਿਅੰਗ ਕਰਦੀ ਬੋਲੀ ਸੱਚ ਦੇ ਜ਼ਿਆਦਾ ਨੇੜੇ ਪ੍ਰਤੀਤ ਹੁੰਦੀ ਹੈ;

**ਪਹਿਲੀ ਵਾਰ ਮੈਂ ਗਈ**
**ਸਹੁਰਿਆਂ ਨੂੰ**
**ਬਾਪੂ ਮੇਰਾ ਆਇਆ।**
**ਕਿਲੋ ਲੱਡੂ, ਕਿਲੋ ਬਰਫ਼ੀ ਕਿਲੋ**
**ਖੋਆ ਲਿਆਇਆ।**



**ਜਾਂਦੇ ਬਾਪੂ ਨੇ ਸੱਸ ਮੇਰੀ ਨੂੰ ਸੌ ਦਾ ਨੋਟ ਫੜਾਇਆ।**
**ਸੱਸ ਮੇਰੀ ਨਿੱਤ ਪੁੱਛਦੀ ਤੇਰਾ ਬਾਪੂ ਫੇਰ ਨਾ ਆਇਆ।**

ਜਿੱਥੇ ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਦੱਬੇ-ਘੁੱਟੇ ਵਲਵਲਿਆਂ ਦਾ ਪ੍ਰਗਟਾਵਾ ਬਣਦੀਆਂ ਹਨ, ਉੱਥੇ ਇਹ ਸਮਾਜਿਕ ਰਿਸ਼ਤਿਆਂ ਦੀ ਮਿੱਥ ਨੂੰ ਹਿੱਕ ਦੇ ਜ਼ੋਰ ਨਾਲ ਤੋੜਨ ਦੀ ਹਿੰਮਤ ਵੀ ਦਿਖਾਉਂਦੀਆਂ ਹਨ। ਸੱਸ ਦੇ ਪੁੱਤਰ ਹੋਣ ਦੀ ਸੂਰਤ ਵਿੱਚ ਉਸ ਨੂੰ ਤਰ੍ਹਾਂ-ਤਰ੍ਹਾਂ ਦੇ ਤਖੱਲਸਾਂ ਜਾਂ ਮੇਹਣਿਆਂ ਨਾਲ ਨੀਵਾਂ ਦਿਖਾਉਣ ਦੀ ਜੁਰੱਅਤ ਕੀਤੀ ਜਾਂਦੀ ਹੈ;

**ਸੱਸ ਮੇਰੀ ਨੇ ਮੁੰਡੇ ਜੰਮੇ ਜੰਮ ਜੰਮ ਭਰੀ ਰਸੋਈ।**
**ਨੀਂ ਸਾਰੇ ਮਾਂ ਵਰਗੇ ਪਿਓ ਵਰਗਾ ਨਾ ਕੋਈ।**

ਸਮਾਜਿਕ ਵਰਤਾਰੇ ਵਿੱਚ ਵਿਚਰਦੀਆਂ ਕਹਾਵਤਾਂ ਜਾਂ ਅਖਾਉਤਾਂ ਨੂੰ ਇਨ੍ਹਾਂ ਬੋਲੀਆਂ ਵਿੱਚ ਖ਼ੂਬਸੂਰਤ ਅੰਦਾਜ਼ ਨਾਲ ਫਿੱਟ ਕਰ ਲਿਆ ਜਾਂਦਾ ਹੈ। ਸਾਉਣ ਦੇ ਮਹੀਨੇ ਜ਼ਿਆਦਾ ਮੀਂਹ ਪੈਣ ਕਰਕੇ ਖਰਬੂਜ਼ੇ ਜਾਂ ਮਤੀਰੇ ਆਮ ਕਰਕੇ ਖ਼ਰਾਬ ਹੋ ਜਾਂਦੇ ਹਨ। ਜੇਕਰ ਕੋਈ ਉੱਚੇ ਟਿੱਬੇ 'ਤੇ ਟਾਵਾਂ-ਟਾਵਾਂ ਮਤੀਰਾ ਬਚ ਵੀ ਜਾਵੇ ਤਾਂ ਉਹ ਮਤੀਰਾ ਬੇਰਸਾ ਹੋਣ ਕਰਕੇ ਕਿਸੇ ਕੰਮ ਨਹੀਂ ਆਉਂਦਾ। ਇਸੇ ਕਰਕੇ ਇੱਕ ਕਹਾਵਤ ਨੂੰ ਦੰਦ-ਕਥਾ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ। ਅਖੇ 'ਜੱਟ ਦੀ ਫਕੀਰੀ, ਸਾਢੂ ਦੀ ਸਕੀਰੀ ਤੇ ਭਾਦੋਂ ਦੀ ਮਤੀਰੀ' ਕਿਸੇ ਕੰਮ ਦੀ ਨਹੀਂ ਮੰਨੀ ਜਾਂਦੀ।

ਵਾਰਤਾਲਾਪੀ ਅੰਦਾਜ਼ ਵਿੱਚ ਕਈ ਸੁਆਲ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਪੁੱਛਿਆ ਨਹੀਂ ਜਾ ਸਕਦਾ, ਪਰ ਗਿੱਧੇ ਦੇ ਪਿੜ ਅੰਦਰ ਨੂੰਹ ਤੇ ਸੱਸ ਦੇ ਅਭਿਨੈ ਕਰਦੀਆਂ ਮੁਟਿਆਰਾਂ ਦੁਆਰਾ ਸਵਾਂਗ ਦੇ ਰੂਪ ਵਿੱਚ ਨਾ ਪੁੱਛਣਯੋਗ ਸਵਾਲ ਵੀ ਪ੍ਰਤੱਖ ਹੁੰਦੇ ਜਾਂਦੇ ਹਨ;

**ਹਰਾ-ਹਰਾ ਟਾਂਡਾ**
**ਉਤੇ ਦੁੰਮ ਹੈ ਜੁਆਰ ਦਾ।**
**ਸੱਚ ਦੱਸੀ ਸੱਸੇ**
**ਰਾਂਝਾ ਪੁੱਤ ਕਿਹੜੇ ਯਾਰ ਦਾ।**

ਹਰ ਪੀੜ੍ਹੀ ਦਾ, ਹਰ ਸਮਾਜਿਕ ਵਰਤਾਰੇ ਦਾ ਆਪਣਾ ਵਿਧਾਨ ਹੁੰਦਾ ਹੈ। ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਜਿੱਥੇ ਅੰਦਰਲੀ ਵੇਦਨਾ ਦਾ ਪ੍ਰਗਟਾਵਾ ਹੁੰਦੀਆਂ ਹਨ, ਉੱਥੇ ਇਹ ਨਿਰੋਲ ਮਨੋਰੰਜਕ ਹੁੰਦੀਆਂ ਹੋਈਆਂ ਭੂਤਕਾਲ ਦੀ ਪ੍ਰਤੀਨਿਧਤਾ ਵੀ ਕਰਦੀਆਂ ਹਨ। ਮੌਜੂਦਾ ਮਾਹੌਲ ਵਿਚਲਾ ਸਮਾਜਿਕ ਤਾਣਾ-ਬਾਣਾ ਕਾਫ਼ੀ ਉਲਝਿਆ ਹੋਣ ਕਰਕੇ ਕਿਸੇ ਕੋਲ ਐਨਾ ਵਕਤ ਨਹੀਂ ਕਿ ਉਹ ਦੂਸਰੇ ਦੀ ਨੁਕਤਾਚੀਨੀ ਵਿੱਚ ਹੀ ਲੱਗਿਆ ਰਹੇ। ਹੁਣ ਸੱਸਾਂ ਦਾ ਆਪਣਾ ਸ਼ਡਿਊਲ ਹੈ ਤੇ ਨੂੰਹਾਂ ਦਾ ਆਪਣਾ। ਹੁਣ ਸੱਸਾਂ ਨੂੰ ਆਪਣੀ ਪੁਰਾਤਨ ਦਿੱਖ ਨੂੰ ਖਾਰਜ ਕਰਕੇ ਨਵੇਂ ਯੁੱਗ ਅਨੁਸਾਰ ਨਵੇਂ ਰੂਪ ਵਿੱਚ ਪੇਸ਼ ਹੋਣ ਦੀ ਲੋੜ ਹੈ। ਨਵੇਂ ਵਕਤ ਦੇ ਮੁਤਾਬਿਕ ਸੱਸਾਂ ਨੂੰ ਮਾਵਾਂ ਬਣਨ ਦੀ ਲੋੜ ਹੈ। ਜੇਕਰ ਸੱਸਾਂ ਨੇ ਮਾਵਾਂ ਦਾ ਰੋਲ ਨਾ ਨਿਭਾਇਆ ਤਾਂ ਮੁਟਿਆਰਾਂ ਦੇ ਮੂੰਹੋਂ ਇਹ ਬੋਲੀ ਸਦਾ ਹੀ ਪੈਂਦੀ ਰਹੇਗੀ;

**ਸ਼ਾਮ ਹੋਈ ਤੋਂ ਘਰ ਮੁੜ ਪੈਂਦੇ ਕੀ ਨਿਆਣਾ ਕੀ ਸਿਆਣਾ।**
**ਜੇਠ ਤਾੜਦਾ ਰਹਿੰਦਾ ਮੈਨੂੰ ਕੰਤ ਅਜੇ ਮੇਰਾ ਨਿਆਣਾ।**
**ਸੱਸ ਵੀ ਉਤੋਂ ਲਾਵੇ ਲੂਤੀਆਂ ਮੈਂ ਵੀ ਸਾਰੀਆਂ ਜਾਣਾ।**
**ਜੇ ਸੱਸ ਮਾਂ ਬਣ ਜੇ ਪੇਕੀਂ ਕਾਸਤੋਂ ਜਾਣਾ।**


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
quickbooks
e-file



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us





Uscipp Insurance Services
650 N WILMA AVE STE A, RIPON CA 95366



TRUCK INSURANCE
TRUCK TAX
IFTA



Amarjit S Bir
amarjit@uscipp.org
Lic#0I15593CA
Ph: (925)318-1247

## ਭਰਵੀਂ ਜ਼ਿੰਦਗੀ

ਸੁਹਣਾ, ਪਾਕ ਸਥਾਂ ਹੋਏ ਮਹਿਕਾਂ ਰੰਗ ਲਿਆਉਣਾ ਹੀ ਹੈ,
ਕਵਿਤਾ ਸੰਗ ਸਰਾਂ ਹੋਵੇ ਤਾਂ ਕਾਇਨਾਤ ਨਸ਼ਿਆਉਣਾ ਹੀ ਹੈ।

ਚੀਨੀ ਵਸਤਾਂ ਵਾਂਗ ਹਮੇਸ਼ਾ ਭਰਮ ਰਹਿੰਦਾ ਹੈ ਟੁੱਟਣ ਦਾ,
ਕੱਚੇ ਆਖ਼ਰ ਟੁੱਟ ਜਾਂਦੇ ਨੇ, ਕੱਚਿਆਂ ਕੱਚ ਕਮਾਉਣਾ ਹੀ ਹੈ।

ਬਾਜ਼ਾਂ ਦੀ ਆਮਦ ਦਾ ਖ਼ਤਰਾ ਸਦੀਆਂ ਤੋਂ ਹੀ ਬਣਿਆ ਰਹਿਣਾ,
ਰੱਖੀਂ ਤਿੱਖੇ ਤੇਵਰ, ਤਿਆਗੀ ਘਰ ਤੇ ਬੋਟ ਬਚਾਉਣਾ ਵੀ ਹੈ।

ਭਾਣਾ ਮੰਨਣਾ ਚੰਗਾ, ਜੇਕਰ ਹੋਵੇ ਰੱਬ ਦੀ ਕੁਦਰਤ ਵੱਲੋਂ,
ਤਕੜੇ ਹੱਥੋਂ ਮਾੜਾ ਮਰੇ ਤਾਂ ਫਿਰ ਹਥਿਆਰ ਉਠਾਉਣਾ ਹੀ ਹੈ।

ਉਸ ਖਿੱਤੇ ਦਾ ਕੀ ਬਣਨਾ ਜੋ ਬਣ ਜਾਏ ਅੱਡਾ ਠੱਗੀ ਦਾ,
ਮਰਦ ਬਰਾਬਰ ਔਰਤ ਨੇ ਵੀ ਵਾਧੂ ਨਾਮ ਕਮਾਉਣਾ ਹੀ ਹੈ।

ਕਲਮਾਂ ਵੀ ਕੁਝ ਚਾਟੇ ਲੱਗੀਆਂ ਮੁੱਦਿਆਂ ਨੂੰ ਭਟਕਾਉਣ ਲਈ,
ਨੀਤੀ ਰੱਖੀ ਸਾਹਿਤ ਸਭਾਵਾਂ ਧੜਿਆਂ ਨੂੰ ਚਮਕਾਉਣਾ ਹੀ ਹੈ।

ਪੈਸਾ ਬੇਸ਼ੱਕ ਸਾਧਨ ਹੁੰਦਾ ਭਰਵੀਂ ਜ਼ਿੰਦਗੀ ਜਿਊਣ ਲਈ,
ਜੇਕਰ ਇਹਨੂੰ ਬਾਪ ਬਣਾ ਲਉ ਇਸਨੇ ਪੁੱਤ ਬਣਾਉਣਾ ਹੀ ਹੈ।

ਖੜ੍ਹੇ ਰਹਿਣ ਲਈ ਪੈਰ ਬਣੇ ਪਰ ਅੰਬਰ ਤੱਕ ਹੈ ਪਹੁੰਚ ਮੇਰੀ,
ਬੇਗ਼ੈਰਤ ਜਹੇ ਯੱਭਲ ਲੋਕਾਂ ਫੋਕਾ ਢੋਲ ਵਜਾਉਣਾ ਹੀ ਹੈ।

ਸਾਂਝ ਮੁਹੱਬਤਾਂ ਵਾਲਾ ਬੂਟਾ ਫਲਦਾ ਸੰਘਣੀ ਛਾਂ ਬਣ ਕੇ,
ਸ਼ੱਕ, ਸਹਿਮ ਦੇ ਛੌਰਾਂ ਹੇਠਾਂ 'ਰੱਤੜਾ' ਇਸ ਮੁਰਝਾਉਣਾ ਹੀ ਹੈ।

-ਕੇਵਲ ਸਿੰਘ ਰੱਤੜਾ

## ਬੱਤਖ ਹੰਸ ਨਹੀਂ ਬਣਦੀ

ਵਹਿਣ ਦਰਿਆਵਾਂ ਦੇ ਮੋੜ ਦਿੰਦੇ,
ਜੋ ਹੁੰਦੇ ਸਿਦਕ 'ਚ ਪ੍ਰਪੱਕ ਯਾਰੋ।

ਪਾਣੀ ਉੱਚੇ ਥਾਵਾਂ 'ਤੇ ਚਾੜ੍ਹ ਦਿੰਦੇ,
ਹੁੰਦੇ ਕਾਮੇ ਜੋ ਅਣਥੱਕ ਯਾਰੋ।
ਚੀਰ ਜਾਂਦੇ ਹਿੰਮਤੀ ਪਰਬਤਾਂ ਨੂੰ,
ਦਿੰਦੇ ਪਹਾੜ ਪਰ੍ਹਾਂ ਨੂੰ ਧੱਕ ਯਾਰੋ।

ਦਲਿੱਦਰੀ ਝੂਰਦੇ ਕਿਸਮਤਾਂ ਨੂੰ,
ਨਾਲੇ ਕਰਦੇ ਨੇ ਬੱਕ ਬੱਕ ਯਾਰੋ।
ਉਹ ਤਰਸਦੇ ਰਹਿੰਦੇ ਅੰਬੀਆਂ ਨੂੰ,
ਆਪ ਬੀਜ ਲੈਂਦੇ ਜੋ ਅੱਕ ਯਾਰੋ।

ਰੰਗ ਖ਼ੂਨ ਦੇ ਫਿੱਕੇ ਨੇ ਪੈ ਜਾਂਦੇ,
ਪਾਉਂਦੀ ਫ਼ਰਕ ਭਰਾਵੀਂ ਚੱਕ ਯਾਰੋ।
ਬੱਤਖ ਹੰਸ ਕਦੇ ਨਹੀਂ ਬਣ ਸਕਦੀ,
ਜਿਹਨੂੰ ਅੰਗਰੇਜ਼ ਆਖਦੇ ਡੱਕ ਯਾਰੋ।

-ਹਰਪ੍ਰੀਤ ਪੱਤੋ
ਸੰਪਰਕ: 94658-21417

## ਤਰੱਕੀ

ਹਰ ਸ਼ੈਅ ਕਰ ਲਈ ਪੱਕੀ, ਕਹਿੰਦੇ ਆਪਾਂ
ਕਰ ਲਈ ਖ਼ੂਬ ਤਰੱਕੀ, ਕਹਿੰਦੇ ਆਪਾਂ।

ਪਹਿਲਾ ਟੱਕ ਲਗਾਇਆ ਅਸਾਂ ਨਿਆਈਆਂ ਨੂੰ
ਨਹੀਂ ਛੱਡੇ ਰੱਕੜ-ਢੱਕੀ, ਕਹਿੰਦੇ ਆਪਾਂ।

ਰੰਗ ਸ਼ਰਬਤੀ ਵਾਲੀ ਮਿੱਟੀ ਦਿਸਦੀ ਨਾ
ਨਹੀਓਂ ਛੱਡੀ ਰੇਤ ਕੱਕੀ, ਕਹਿੰਦੇ ਆਪਾਂ।

ਲੈ ਕੇ ਕਾਲੀ ਥਾਰ ਘੁੰਮਾਉਂਦਾ ਸੜਕਾਂ 'ਤੇ
ਨਾਂ ਰੱਖਿਆ ਹੈ ਬੱਕੀ ਕਹਿੰਦੇ ਆਪਾਂ।

ਪ੍ਰਪੰਚ ਖ਼ੂਬ ਰਚਾਇਆ ਦਾਨ-ਪੁੰਨ ਦਾ
ਖੋਹ ਕੇ ਵਸਤ ਨਿਹੱਕੀ ਕਹਿੰਦੇ ਆਪਾਂ।

ਰੰਗ ਦੀ ਦੁੱਕੀ ਤਿੱਕੀ ਪਿੱਛੇ ਐਵੇਂ ਭੱਜਦੇ ਰਹੇ
ਨਾ ਸਾਂਭੀ ਹੁਕਮ ਦੀ ਯੱਕੀ ਕਹਿੰਦੇ ਆਪਾਂ।

ਅੰਨ੍ਹਾ ਅੱਜ ਵੀ ਪੀਂਹਦਾ ਕੁੱਤੀ ਚੱਟਦੀ ਏ
ਬਦਲ ਲਈ ਭਾਵੇਂ ਚੱਕੀ ਕਹਿੰਦੇ ਆਪਾਂ।

- ਰਘੁਵੀਰ ਸਿੰਘ ਕਲੋਆ

## ਮਸਨੂਈ ਰਿਸ਼ਤੇ

ਠੱਗਣਾ ਤੇ ਲੁੱਟਣਾ ਅਦਾ ਹੋ ਗਿਆ ਹੈ
ਇੰਸਾ 'ਚੋਂ ਇੰਸਾ ਜੁਦਾ ਹੋ ਗਿਆ ਹੈ
ਝੂਠੇ ਚਲਿੱਤਰਾਂ ਦੇ ਹਨ ਬੋਲਬਾਲੇ
ਸੱਚ ਬੋਲਣਾ ਜਿਉਂ ਗੁਨਾਹ ਹੋ ਗਿਆ ਹੈ।

ਮਜ਼ਹਬ ਦੇ ਨਾਂ 'ਤੇ ਹੈ ਭਰਮਾਉਂਦਾ ਫਿਰਦਾ
ਹਰ ਸ਼ਖ਼ਸ ਅੱਜਕਲ੍ਹ ਖ਼ੁਦਾ ਹੋ ਗਿਆ ਹੈ
ਉਹ ਨੀਵਾਂ ਵਿਖਾਉਣ ਦੇ ਮੌਕੇ ਨੇ ਲੱਭਦੇ
ਮੇਰਾ ਹੁਨਰ ਮੇਰੀ ਸਜ਼ਾ ਹੋ ਗਿਆ ਹੈ।

ਈਮਾਨ ਦਾ ਹਾਲ ਪੁੱਛਿਆ ਕਿਸੇ ਨਾ
ਮਸ਼ਹੂਰ ਹਰ ਥਾਂ ਦਗ਼ਾ ਹੋ ਗਿਆ ਹੈ
ਮਸਨੂਈ ਰਿਸ਼ਤੇ ਨਿਭਾਉਂਦੇ ਨੇ ਰੋਬੋਟ
ਜਜ਼ਬਾਤ ਦਾ ਯੁਗ ਤਾਂ ਵਿਦਾ ਹੋ ਗਿਆ ਹੈ।

ਹਨੇਰੇ ਨੂੰ ਜਿੱਤਣ ਦਾ ਵੱਲ 'ਦੀਪ' ਸਿੱਖਿਆ
ਹਰ ਦੌਰ ਕੌਸ-ਏ-ਕਜ਼ਾ ਹੋ ਗਿਆ ਹੈ।

-ਦੀਪਿਕਾ ਅਰੋੜਾ

## ਪੰਜਾਬ ਦੇ ਹਾਲਾਤ

ਅੱਜਕੱਲ੍ਹ ਚੋਰਾਂ ਬਦਲੇ ਸਾਧ ਨੇ ਕੁੱਟਦੇ,
ਚੋਰ ਅਤੇ ਹਾਕਮ ਰਲ ਮੌਜਾਂ ਨੇ ਲੁੱਟਦੇ।

ਕਾਤਲ ਅਤੇ ਲੁਟੇਰੇ ਬੇਖ਼ੌਫ਼ ਨੇ ਘੁੰਮਦੇ,
ਦਿਨ ਦਿਹਾੜੇ ਲੋਕ ਨੇ ਮਾਰੇ ਤੇ ਲੁੱਟਦੇ।

ਲੋਕ ਜਿੱਥੇ ਵੀ ਜਾਂਦੇ ਬਿਲਕੁਲ ਨਾ ਪੁੱਛਦੇ,
ਹੁੰਦੀ ਨਹੀਂ ਸੁਣਵਾਈ ਸਭ ਲੋਕ ਨੇ ਪਿੱਟਦੇ।

ਹਰ ਪਾਸੇ ਨੇ ਚਰਚੇ ਅੱਜਕੱਲ੍ਹ ਨਸ਼ਿਆਂ ਦੇ,
ਨਸ਼ਿਆਂ ਨਾਲ ਰੋਜ਼ਾਨਾ ਬਹੁਤ ਘਰ ਪੱਟੀਦੇ।

ਹਸਦੇ ਵਸਦੇ ਪੰਜਾਬ ਨੂੰ ਨਜ਼ਰ ਤਾਂ ਲੱਗੀ ਏ,
ਗਿਰਝਾਂ ਦੇ ਝੁੰਡ ਘੁੰਮਦੇ ਫਿਰ ਪੰਜਾਬ 'ਚ ਤੱਕੀਦੇ।

'ਖੁਡਾਲ' ਪੰਜਾਬ ਨੇ ਪਹਿਲਾਂ ਬੜੇ ਦੁੱਖ ਝੱਲੇ ਨੇ,
ਹੁਣ ਰੱਬਾ ਰੱਖੀਂ ਖ਼ੈਰ ਦੁੱਖ ਹੋਰ ਨਹੀਂ ਝੱਲੀਦੇ।

-ਗੁਰਤੇਜ ਸਿੰਘ ਖੁਡਾਲ

## ਵੋਟ ਪਾ ਦਿਓ

ਚਾਰੇ ਪਾਸੇ ਸ਼ੋਰ ਹੈ ਮਚਿਆ
ਰਾਜ ਕਰਨ ਦਾ ਵੇਲਾ ਆਇਆ
ਜਨ ਸੇਵਾ ਕਰ ਮਿਲੇ ਖ਼ੁਦਾਈ
ਵੋਟ ਪਾ ਦਿਓ ਮੈਨੂੰ ਬਾਈ
ਲਾਰਿਆਂ ਨਾਲ ਨਾ ਡੰਗ ਟਪਾਵਾਂ
ਸੌ ਗੱਲਾਂ ਦੀ ਇੱਕ ਸੁਣਾਵਾਂ
ਲਿਸਟ ਕੰਮਾਂ ਦੀ ਦਿੰਦਾ ਜਾਈਂ
ਵੋਟ ਪਾ ਦਿਓ ਮੈਨੂੰ ਬਾਈ
ਬਹੁਤ ਆ ਗਏ, ਹੋਰ ਵੀ ਆਉਣੇ
ਲਾਰਿਆਂ ਦੀ ਪੰਡ ਨਾਲ ਲਿਆਉਂਦੇ
ਉਨ੍ਹਾਂ ਦੀਆਂ ਗੱਲਾਂ 'ਚ ਨਾ ਆਈਂ
ਵੋਟ ਪਾ ਦਿਓ ਮੈਨੂੰ ਬਾਈ
ਨਸ਼ੇ ਨੋਟ ਦਾ ਮੀਂਹ ਵੀ ਆਉਣਾ
ਭਿੱਜ ਭਿੱਜ ਲੋਕਾਂ ਖ਼ੁਸ਼ੀ ਮਨਾਉਣਾ
ਜ਼ਮੀਰ ਵਾਲੀ ਤੂੰ ਛੱਤਰੀ ਫੜਾਈਂ
ਵੋਟ ਪਾ ਦਿਓ ਮੈਨੂੰ ਬਾਈ
ਪੰਜ ਸਾਲ ਤੁਸਾਂ ਕਸ਼ਟ ਹੰਢਾਇਆ
ਕੰਮ ਨੂੰ ਕਿਸੇ ਵੀ ਹੱਥ ਨਾ ਲਾਇਆ
ਇਸ ਵਾਰੀ ਮੈਨੂੰ ਅਜ਼ਮਾਈਂ
ਵੋਟ ਪਾ ਦਿਓ ਮੈਨੂੰ ਬਾਈ
ਇਹ ਸ਼ਬਦ ਹਰ ਨੇਤਾ ਸੁਣਾਊ
ਪਰ ਲੋਕਤੰਤਰ ਦਾ ਥੰਮ ਲੁਕਾਈ
'ਧਾਲੀਵਾਲਾ' ਚੰਗਾ ਕਿਰਦਾਰ ਦੇਖ ਕੇ
ਉਸ ਦੇ ਨਾਮ 'ਤੇ ਮੋਹਰ ਤੂੰ ਲਾਈਂ।

-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ

## ਬਰਾਬਰ

ਖ਼ੁਸ਼ੀ ਗ਼ਮੀ ਜਿਵੇਂ ਇੱਕ ਬਰਾਬਰ
ਤੂੰ ਤੇ ਮੈਂ ਹਾਂ ਇੱਕ ਬਰਾਬਰ
ਧੁੱਪ ਤੇ ਛਾਂ ਵੀ ਇੱਕ ਬਰਾਬਰ
ਜਾਤਾਂ-ਪਾਤਾਂ ਇੱਕ ਬਰਾਬਰ
ਨੇੜੇ-ਦੂਰ ਸਭ ਇੱਕ ਬਰਾਬਰ
ਵੈਰ-ਵਿਰੋਧ ਵੀ ਇੱਕ ਬਰਾਬਰ
ਐ ਇਨਸਾਨ ਨਾ ਬਹੁਤਾ ਸੋਚ
ਭੇਤ-ਅਭੇਤ ਸਭ ਇੱਕ ਬਰਾਬਰ।

- ਦਵਿੰਦਰ ਕੌਰ ਥਿੰਦ

## ਕਿੰਜ ਆਖਾਂ ਤੇਰੀ ਦੁਨੀਆ ਨੂੰ

ਚੰਗਿਆਂ ਨੂੰ ਪੈਂਦੇ ਡੰਡੇ ਨੇ, ਬੁਰਿਆਂ ਨੇ ਅਤਿ ਮਚਾਉਣੀ ਏ
ਕਿੰਜ ਆਖਾਂ ਤੇਰੀ ਦੁਨੀਆ ਨੂੰ, ਇਹ ਸੋਹਣੀ ਏ ਮਨਮੋਹਣੀ ਏ
ਕਮਜ਼ੋਰ ਦਬਾਏ ਜਾਂਦੇ ਨੇ, ਤੇ ਤਕੜੇ ਕਰਦੇ ਰਾਜ ਜਦੋਂ
ਕਿੰਜ ਕਹਾਂ ਕਿ ਮਾਲੀ ਚੰਗਾ ਏ, ਉੱਜੜੇ ਨੇ ਸਾਡੇ ਬਾਗ਼ ਜਦੋਂ
ਰੋਜ਼ੀ ਲਈ ਨਿਕਲੇ ਪਰਤੇ ਨਾ, ਕਿਤੋਂ ਲਾਸ਼ ਉਨ੍ਹਾਂ ਦੀ ਥਿਆਉਣੀ ਏ
ਕਿੰਜ ਆਖਾਂ ਤੇਰੀ ਦੁਨੀਆ ਨੂੰ...

ਕਰਕੇ ਤੇ ਜ਼ੁਲਮ ਉਹ ਅੰਤਾਂ ਦਾ, ਅਸੀਂ ਕੁਸਕੀਏ ਨਾ ਉਹ ਚਾਹੁੰਦੇ ਨੇ
ਜਦ ਲੋੜ ਅਸਾਡੀ ਪੈਂਦੀ ਏ, ਫਿਰ ਇੱਜ਼ਤ ਨਾਲ ਬੁਲਾਉਂਦੇ ਨੇ
ਜਦ ਅਸੀਂ ਬੇਲੋੜੇ ਹੋ ਜਾਈਏ, ਫਿਰ ਕੱਖ ਦੀ ਜੂਨ ਹੰਢਾਉਣੀ ਏ
ਕਿੰਜ ਆਖਾਂ ਤੇਰੀ ਦੁਨੀਆ ਨੂੰ...

ਤੂੰ ਕਾਹਦਾ ਰੱਬ ਹੈਂ ਰੱਬਾ ਓਏ, ਤੂੰ ਬੋਲਾ ਏਂ ਤੇ ਗੂੰਗਾ ਏਂ
ਬੇਵੱਸ ਦੇ ਸਿਰ ਵਿੱਚ ਵੱਜਦਾ ਏ, ਸ਼ਾਹਾਂ ਦਾ ਭੈੜਾ ਠੂੰਗਾ ਏ
ਸੱਚ ਨੂੰ ਹੈ ਫਾਂਸੀ ਏਸ ਜਹਾਂ, ਤੇ ਝੂਠ ਨੇ ਸਜ਼ਾ ਸੁਣਾਉਣੀ ਏ
ਕਿੰਜ ਆਖਾਂ ਤੇਰੀ ਦੁਨੀਆ ਨੂੰ...

ਕਈ ਭੁੱਖੇ ਹੀ ਸੌਂ ਜਾਂਦੇ ਨੇ, ਕਈ ਸਮਝ ਸਕਣ ਨਾ ਕੀ ਖਾਈਏ
ਇਸ ਜ਼ਿੱਲਤੀ ਬਦਜ਼ਿੰਦਗਾਨੀ ਨੂੰ, ਜੀਣੇ ਤੋਂ ਚੰਗਾ ਮਰ ਜਾਈਏ
ਤੇਰੇ ਚੇਲਿਆਂ ਨੇ ਵੀ ਤੇਰੇ ਘਰ, ਪੈਸੇ ਦੀ ਬੀਨ ਵਜਾਉਣੀ ਏ
ਕਿੰਜ ਆਖਾਂ ਤੇਰੀ ਦੁਨੀਆ ਨੂੰ...

ਜੋ ਮੂਰਖ ਬਣਨ ਬਚ ਜਾਂਦੇ ਨੇ, ਹੱਕ ਮੰਗਣ ਤਾਂ ਕੁੱਟ ਪੈਂਦੀ ਏ
ਜੋ ਦਿਲ ਦੀ ਵੇਦਨਾ ਪੇਸ਼ ਕਰੇ, ਉਹਨੂੰ ਝੱਲਾ ਦੁਨੀਆ ਕਹਿੰਦੀ ਏ।
ਆਪਣੇ ਹੀ ਘਰ ਵਿੱਚ ਡਰ-ਡਰ ਕੇ, ਫਿਰ ਦਿਨ ਤੇ ਰਾਤ ਲੰਘਾਉਣੀ ਏ
ਕਿੰਜ ਆਖਾਂ ਤੇਰੀ ਦੁਨੀਆ ਨੂੰ...

ਹਾਲਾਤ ਕਦੇ ਵੀ ਬਦਲੇ ਨਾ, ਸਰਕਾਰ ਬਦਲਦੀ ਰਹਿੰਦੀ ਏ
ਕਰ ਵਾਅਦੇ ਪਹਿਲਾਂ ਵੋਟਾਂ ਤੋਂ, ਜਿੱਤ ਬਾਅਦ ਬਦਲਦੀ ਰਹਿੰਦੀ ਏ
ਮੰਨ ਹਾਰ 'ਕਮਲ' ਕੁਝ ਮਿਲਣਾ ਨਹੀਂ, ਜਿੰਦ ਬਚੀ ਤਾਂ ਪੈਣੀ ਜਿਊਣੀ ਏ
ਕਿੰਜ ਆਖਾਂ ਤੇਰੀ ਦੁਨੀਆ ਨੂੰ...

ਖ਼ੁਦ ਸੂਰਜ ਬਣ ਕੇ ਹਨੇਰ ਮਿਟਾ, ਇਹ ਰਾਤ ਨਹੀਂ ਇੰਜ ਮੁੱਕਣੀ ਏ
ਕੀ ਮਰਨ ਤੋਂ ਡਰਨਾ ਐ ਸਾਥੀ, ਜਿੰਦ ਓਥੇ ਆਖ਼ਰ ਢੁਕਣੀ ਏ
ਧਰ ਸੀਸ ਤਲੀ 'ਤੇ ਤੈਅ ਕਰ ਲੈ, ਸਦੀ ਇਨਕਲਾਬ ਦੀ ਲਿਆਉਣੀ ਏ।
ਕਿੰਜ ਆਖਾਂ ਤੇਰੀ ਦੁਨੀਆ ਨੂੰ...

ਚੰਗਿਆਂ ਨੂੰ ਪੈਂਦੇ ਡੰਡੇ ਨੇ ਬੁਰਿਆਂ ਨੇ ਅਤਿ ਮਚਾਉਣੀ ਏ
ਕਿੰਜ ਆਖਾਂ ਤੇਰੀ ਦੁਨੀਆ ਨੂੰ, ਇਹ ਸੋਹਣੀ ਏ ਮਨਮੋਹਣੀ ਏ।

- ਕਮਲ ਸਰਾਵਾਂ

## ਰੁੱਖ ਤਾਂ ਲਗਾਈਏ

ਚਲੋ ਧਰਤੀ ਦਾ ਕਰਜ਼ ਚੁਕਾਈਏ, ਰੁੱਖ ਤਾਂ ਲਗਾਈਏ,
ਹਰ ਇੱਕ ਸੁੰਨਾ ਵਿਹੜਾ ਮਹਿਕਾਈਏ, ਰੁੱਖ ਤਾਂ ਲਗਾਈਏ।

ਤਪਸ਼ਾਂ ਨਾਲ ਝੁਲਸੇ ਖੇਤ, ਨਦੀਆਂ ਤੇ ਜੰਗਲ-ਬੇਲੇ,
ਘਟਾਵਾਂ ਪਿਆਰ ਦੀਆਂ ਫਿਰ ਬੁਲਾਈਏ, ਰੁੱਖ ਤਾਂ ਲਗਾਈਏ।

ਪਰਿੰਦੇ ਲੱਭਦੇ ਫਿਰਦੇ ਨੇ ਛਾਵਾਂ ਤੇ ਟਿਕਾਣੇ,
ਉਹਨਾਂ ਵਾਸਤੇ ਵੀ ਘਰ ਬਣਾਈਏ, ਰੁੱਖ ਤਾਂ ਲਗਾਈਏ।

ਉਦਾਸੀ ਓੜ੍ਹ ਬੈਠੇ ਨੇ ਪਹਾੜ, ਖੇਤ ਤੇ ਜੰਗਲ ਸਾਰੇ,
ਹਰ ਇੱਕ ਚਿਹਰੇ ਉੱਤੇ ਹਰਖ ਲਿਆਈਏ, ਰੁੱਖ ਤਾਂ ਲਗਾਈਏ।

ਇਹ ਕੁਦਰਤ ਦੀ ਅਮਾਨਤ, ਇਹ ਰੱਬ ਦੀਆਂ ਨੇ ਨੇਮਤਾਂ,
ਇਹਨਾਂ ਦਾ ਮਾਣ ਦਿਲਾਂ ਵਿੱਚ ਵਸਾਈਏ, ਰੁੱਖ ਤਾਂ ਲਗਾਈਏ।

ਇਹੀ ਦੇਂਦੇ ਨੇ ਠੰਢੀ ਛਾਂ, ਇਹੀ ਸਾਹਾਂ ਦੇ ਨੇ ਰਾਖੇ,
ਮੁਹੱਬਤ ਦਾ ਇਨ੍ਹਾਂ ਨਾਲ ਫ਼ਰਜ਼ ਨਿਭਾਈਏ, ਰੁੱਖ ਤਾਂ ਲਗਾਈਏ।

ਧੂੰਏ ਨਾਲ ਘੁੱਟਦੇ ਮੌਸਮ ਨੂੰ ਕੁਝ ਰਾਹਤ ਮਿਲ ਜਾਵੇ,
ਹਵਾਵਾਂ ਵਿੱਚ ਨਵੀਂ ਖ਼ੁਸ਼ਬੂ ਰਚਾਈਏ, ਰੁੱਖ ਤਾਂ ਲਗਾਈਏ।

ਜੇ ਚਾਹੁੰਦੇ ਹਾਂ ਆਉਣ ਵਾਲੀਆਂ ਨਸਲਾਂ ਰਹਿਣ ਖ਼ੁਸ਼ਹਾਲ,
ਹਰਾ-ਭਰਾ ਜਹਾਨ ਉਹਨਾਂ ਨੂੰ ਦੇ ਜਾਈਏ, ਰੁੱਖ ਤਾਂ ਲਗਾਈਏ।

'ਅਮਰ' ਨੇਕੀ ਦਾ ਰਾਹ ਇਹ, ਇਬਾਦਤ ਤੋਂ ਨਹੀਂ ਘੱਟ,
ਦੁਆਵਾਂ ਕਾਦਰੋਂ ਖ਼ੂਬ ਕਮਾਈਏ, ਰੁੱਖ ਤਾਂ ਲਗਾਈਏ,

ਅਮਰਜੀਤ ਦਸੂਹਾ
8968933711

## ਥਾਲੀ ਦੇ ਬੈਂਗਣ !



ਕਾਲੀ ਘਟਾ ਨੂੰ ਦੇਖ ਕੇ 'ਮੋਰ ਬਗਲੇ'
ਖ਼ੁਸ਼ੀਆਂ ਨਾਲ ਉਡਾਰੀਆਂ ਮਾਰਦੇ ਨੇ।
ਲੀਡਰ ਲੋਕ ਇਉਂ ਚੋਣਾ ਨੂੰ ਦੇਖ ਕੇ ਜੀ
ਫਾਇਦਾ ਕਿੱਧਰੋਂ ਹੋਊ ਇਹ ਤਾੜਦੇ ਨੇ।
ਪਹਿਲਾਂ ਕੋਸਦੇ ਭੰਡਦੇ ਰਹਿਣ ਜਿਸਨੂੰ
ਸੋਭਾ ਕਰਦਿਆਂ ਫੇਰ ਸੰਘ ਪਾੜਦੇ ਨੇ।
ਆਗੂ ਏਦਾਂ ਦੇ ਹੋਣ ਜਿਸ ਦੇਸ ਅੰਦਰ
ਅਕਸਰ ਜਿੱਤਦੇ ਲੋਕ ਪਰ 'ਹਾਰਦੇ' ਨੇ।
'ਘਰ ਵਾਪਸੀ' ਲਿਖਣ ਅਖਬਾਰ ਵਾਲੇ
ਪੱਤਰਕਾਰਾਂ ਨੇ ਸ਼ਬਦ ਇਹ ਰੱਟਿਆ ਏ।
ਪਾ ਕੇ ਲਾਹਣਤਾਂ 'ਥਾਲੀ ਦੇ ਬੈਂਗਣਾ' ਨੂੰ
ਕਹਿਣਾ ਚਾਹੀਦਾ 'ਥੁੱਕਿਆ ਚੱਟਿਆ' ਏ!

-ਤਰਲੋਚਨ ਸਿੰਘ ਦੁਪਾਲਪੁਰ
001-408-905-5517

## ਗ਼ਜ਼ਲ

ਗ਼ੈਰਾਂ ਨੂੰ ਵੀਂ ਗਲਵਕੜੀ ਵਿਚ ਘੁੱਟ ਕੇ ਵੇਖੋ ਖਾਂ।
ਜੰਨਤ ਦਾ ਸਾਰਾ ਸਰਮਾਇਆ ਲੁੱਟ ਕੇ ਵੇਖੋ ਖਾਂ।
ਪੁੱਤਾਂ ਨਾਲੋਂ ਵੱਧ ਪਿਆਰੇ ਰਾਜ ਦੁਲਾਰੇ ਹੁੰਦੇ,
ਮਾਲੀ ਸਾਹਮਣੇ ਕੋਈ ਵੀ ਰੁਖ਼ੱ ਪੁੱਟ ਕੇ ਵੇਖੋ ਖਾਂ।
ਮਜ਼ਦੂਰ ਕਿਸੇ ਤੋਂ ਪੁੱਛੋ ਹਾਲਤ ਕੀ ਹੁੰਦੀ ਐ,
ਧੁੱਪਾਂ ਦੇ ਵਿਚ ਪੱਥਰ ਰੋੜੀ ਕੁੱਟ ਕੇ ਵੇਖੋ ਖਾਂ।
ਮਾਂ ਦੀ ਮਮਤਾ ਕੀ ਹੁੰਦੀ ਫੇਰ ਪਤਾ ਲਗ ਜਾਊ,
ਅੰਕੁਰ ਵਾਂਗੂੰ ਟਹਿਣੀ ਵਿਚੋਂ ਫੁੱਟ ਕੇ ਵੇਖੋ ਖਾਂ।
ਫਿਰ ਅਲਬੇਲੇ ਮੌਸਮ ਵਿਚ ਯਾਦਾਂ ਦਾ ਸੰਨਾਟਾ,
ਕੋਈ ਪੱਥਰ ਪਾਣੀ ਦੇ ਵਿਚ ਸੁੱਟ ਕੇ ਵੇਖੋ ਖਾਂ।
ਤੜਪਣ ਵਿਚ ਇਕ ਚੀਖ਼ ਜਿਹੀ ਦਿਲ ਨੂੰ ਚੀਰ ਦਵੇ ਹੈ,
ਮਾਂ ਦੀ ਉਂਗਲ ਨਾਲੋਂ ਕੋਈ ਛੁੱਟ ਕੇ ਵੇਖੋ ਖਾਂ।
ਔੜਾਂ ਵਿਚ ਫਿਰ ਪੁੰਗਰਨ ਦੀ ਸੌਗਾਤ ਮਿਲੇਗੀ,
ਬੱਦਲੀ ਦੇ ਨਾਲ ਬੱਦਲਾਂ ਵਾਂਗੂੰ ਜੁਟ ਕੇ ਵੇਖੋ ਖਾਂ।
ਬਾਲਮ, ਸਾਰਾ ਬਚਪਨ ਮੁੱਠੀ ਦੇ ਵਿਚ ਆ ਜਾਵੇ,
ਚੜ੍ਹ ਕੇ ਡਿੱਗਦੀ ਹੋਈ ਗੁੱਡੀ ਲੁੱਟ ਕੇ ਵੇਖੋ ਖਾਂ।

ਬਲਵਿੰਦਰ ਬਾਲਮ ਗੁਰਦਾਸਪੁਰ
+919815625409, ਐਡਮਿੰਟਨ ਕਨੇਡਾ

## ਰਾਵੀ ਦੇ ਕੰਢੇ

ਦਿਲ ਦੇ ਵਿੱਚ ਯਾਦਾਂ ਦਾ ਸਰਮਾਇਆ ਹੈ,
ਰਾਵੀ ਕੰਢੇ ਬਹਿ ਕੇ ਗੀਤ ਬਣਾਇਆ ਹੈ।

ਭਾਣਾ ਮੰਨ ਕੇ ਬਹਿ ਗਏ ਸਤਿਗੁਰ ਤਵੀ ਉੱਤੇ,
ਵਹਿਸ਼ੀਆਂ ਤੱਤਾ ਰੇਤਾ ਸਿਰ 'ਤੇ ਪਾਇਆ ਹੈ।

ਚੁੱਕ 'ਨੇਤਨਯਾਹੂ' ਦੀ 'ਚ ਆ ਕੇ ਹਮਲਾ ਕਰ ਬੈਠਾ,
ਇਰਾਨ ਨੇ ਹੁਣ ਟਰੰਪ ਨੂੰ ਸਬਕ ਸਿਖਾਇਆ ਹੈ।

ਅਰਥਚਾਰੇ ਦਾ ਭੱਠਾ ਬੈਠਾ ਵਿਦਵਾਨ ਕਹਿੰਦੇ,
ਪਰ ਅਨਪੜ੍ਹ ਆਖਣ ਐਵੇਂ ਰੌਲਾ ਪਾਇਆ ਹੈ।

ਤਿੰਨ ਜ਼ਮਾਤਾਂ ਵਸਦੀਆਂ ਸਦਾ ਇਸ ਧਰਤੀ 'ਤੇ,
ਲੁੱਟਣ ਪੁਜਾਰੀ, ਮਾੜਾ ਤਕੜੇ ਨੇ ਢਾਇਆ ਹੈ।

ਜਿੰਦੇ ਨੀ ਕੀ ਬਾਹਰ ਲੱਭੇਂ ਰੱਬ ਤਾਂ ਤੇਰੇ ਅੰਦਰ ਹੈ,
ਖੋਲ੍ਹਕੇ ਦੀਦੇ "ਨੂਰਪੁਰੀ" ਵੇਖੀਂ ਕੀ ਕੀ ਛੁਪਾਇਆ ਹੈ।

ਸੇਵਾ ਸਿੰਘ 'ਨੂਰਪੁਰੀ'

## ਸਾਹਿਤਕ ਚਿੰਤਕ

ਪਹਿਲੀ ਗੱਲ ਤਾਂ ਇਹ ਕਿ ਚੋਰੀ ਕਰਦੇ ਨੇ
ਦੂਜੀ ਗੱਲ ਕਿ ......ਸੀਨਾਜੋਰੀ ਕਰਦੇ ਨੇ

ਉਂਝ ਕਹਿੰਦੇ ਫਲ਼ ਲੱਗਦੇ ਨੀਵਿਆਂ ਰੁੱਖਾਂ ਨੂੰ
ਖੁਦ ਸਿੰਬਲ ਰੁੱਖ ਬਣਕੇ ਖ਼ੋਰੀ ਕਰਦੇ ਨੇ

ਕਥਨੀ ਕਰਨੀ ਵਿੱਚ ਇਨ੍ਹਾਂ ਦੇ ਫਰਕ ਬੜਾ
ਲਿਖ ਲਿਖ ਵੱਡੀਆਂ ਹਵਾਵਾਂਖੋਰੀ ਕਰਦੇ ਨੇ

ਸਾਹਿਤਕਾਰ ਸਿਆਸਤਕਾਰ 'ਚ ਫਰਕ ਹੁੰਦਾ
ਸਾਹਿਤ ਵਿੱਚ ਸਿਆਸਤਖੋਰੀ ਕਰਦੇ ਨੇ

ਜਿਸ 'ਸਾਹਿਤ' ਦੀ ਥਾਲੀ ਦੇ ਵਿੱਚ ਖਾਂਦੇ ਨੇ
ਓਸੇ ਦੇ ਵਿੱਚ ਵੇਖੋ ਮੋਰੀ ਕਰਦੇ ਨੇ

'ਖ਼ੁਸ਼ੀ ਮੁਹੰਮਦਾ' ਸੱਚ ਲਿਖਣਾ ਕੰਮ ਲੇਖਕ ਦਾ
ਲੇਖਕ ਤਾਂ ਗੱਲ ਸੱਚੀ ਕੋਰੀ ਕਰਦੇ ਨੇ

ਖ਼ੁਸ਼ੀ ਮੁਹੰਮਦ ਚੱਠਾ

# 10ਵੀਂ ਤੋਂ ਬਾਅਦ ਯੂਪੀਐਸਸੀ ਦੀ ਤਿਆਰੀ ਕਿਵੇਂ ਕਰੀਏ ?






ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ


10ਵੀਂ ਜਮਾਤ ਤੋਂ ਬਾਅਦ ਆਈਏਐਸ ਇਮਤਿਹਾਨ ਦੀ ਤਿਆਰੀ, ਤੁਸੀਂ ਇਸ ਉਮਰ ਵਿੱਚ ਆਪਣੇ ਕੈਰੀਅਰ ਬਾਰੇ ਫੈਸਲਾ ਕੀਤਾ ਹੈ ਜਿੱਥੇ ਤੁਹਾਡੇ ਕੋਲ ਲਗਭਗ 6-7 ਸਾਲ ਦਾ ਸਮਾਂ ਹੈ, ਯਾਨੀ ਤੁਹਾਡੀ ਉਮਰ ਹੁਣ 14-16 ਸਾਲ ਦੇ ਵਿਚਕਾਰ ਹੋਵੇਗੀ ਕਿਉਂਕਿ ਆਈਏਐਸ ਪ੍ਰੀਖਿਆ ਲਈ ਅਰਜ਼ੀ ਦੇਣ ਦੀ ਘੱਟੋ-ਘੱਟ ਉਮਰ 21 ਸਾਲ ਹੈ। ਸਾਲ ਦੂਜਿਆਂ ਦੇ ਬਾਵਜੂਦ, ਤੁਹਾਡੇ ਕੋਲ ਤਿਆਰੀ ਲਈ ਕਾਫ਼ੀ ਸਮਾਂ ਹੈ। 10ਵੀਂ ਤੋਂ ਬਾਅਦ ਯੂਪੀਐਸਸੀ ਦੀ ਤਿਆਰੀ ਸ਼ੁਰੂ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਕੁਝ ਸੁਝਾਅ ਦਿੱਤੇ ਗਏ ਹਨ: ਪਹਿਲਾਂ ਆਪਣੇ ਆਪ ਨੂੰ ਤਿਆਰ ਕਰੋ ਇਹ ਸਮਝਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਕਿ 10ਵੀਂ ਤੋਂ ਬਾਅਦ ਯੂ.ਪੀ.ਐੱਸ.ਸੀ. ਦੀ ਤਿਆਰੀ ਕਿਵੇਂ ਕਰਨੀ ਹੈ, ਤੁਹਾਨੂੰ ਪਹਿਲਾਂ ਆਪਣੇ ਆਪ ਨੂੰ ਯੂ.ਪੀ.ਐੱਸ.ਸੀ. ਆਈ.ਏ.ਐੱਸ. ਦੀ ਤਿਆਰੀ ਯਾਤਰਾ ਲਈ ਤਿਆਰ ਕਰਨਾ ਚਾਹੀਦਾ ਹੈ। ਆਈਏਐਸ ਇਮਤਿਹਾਨ ਵਿੱਚ ਸਫਲ ਹੋਣ ਲਈ, ਤੁਹਾਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ। ਆਪਣੇ ਟੀਚੇ ਨਿਰਧਾਰਤ ਕਰੋ ਅਤੇ ਆਪਣਾ ਸਮਾਂ ਪ੍ਰਭਾਵਸ਼ਾਲੀ ਢੰਗ ਨਾਲ ਨਿਰਧਾਰਤ ਕਰੋ। ਜੇ ਤੁਸੀਂ ਸੋਚਦੇ ਹੋ ਕਿ ਆਈਏਐਸ ਬਣਨਾ ਇੱਕ ਵਧੀਆ ਕਰੀਅਰ ਵਿਕਲਪ ਹੈ, ਤਾਂ ਪਹਿਲਾਂ ਤਿਆਰ ਹੋ ਜਾਓ ਅਤੇ ਹੇਠਾਂ ਦਿੱਤੇ ਵਿਸ਼ਿਆਂ 'ਤੇ ਕੁਝ ਖੋਜ ਕਰੋ: ਸਾਡੇ ਸਮਾਜ ਵਿੱਚ ਆਈਏਐਸ ਅਫਸਰਾਂ ਦੇ ਸਕਾਰਾਤਮਕ ਅਕਸ ਦੇ ਕਾਰਨ, ਬਹੁਤ ਸਾਰੇ ਵਿਦਿਆਰਥੀ ਇਸ ਨੌਕਰੀ ਲਈ ਅਸਲ ਵਿੱਚ ਮਾਨਸਿਕ ਤੌਰ 'ਤੇ ਤਿਆਰ ਹਨ ਜਾਂ ਨਹੀਂ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ, ਅੰਨ੍ਹੇਵਾਹ ਤਿਆਰੀ ਕਰਨ ਲੱਗ ਜਾਂਦੇ ਹਨ ਅਤੇ ਫਿਰ ਕੁਝ ਸਮੇਂ ਬਾਅਦ ਤਿਆਰੀ ਕਰਨੀ ਬੰਦ ਕਰ ਦਿੰਦੇ ਹਨ। ਸਭ ਤੋਂ ਪਹਿਲਾਂ, ਆਪਣੀ ਤਾਕਤ ਅਤੇ ਕਮਜ਼ੋਰੀ ਦੀ ਪਛਾਣ ਕਰੋ, ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਤੁਹਾਨੂੰ ਇਸ ਇਮਤਿਹਾਨ ਨੂੰ ਪੂਰਾ ਕਰਨ ਲਈ ਸਖ਼ਤ ਮਿਹਨਤ ਕਰਨੀ ਪਵੇਗੀ। ਆਈਏਐਸ ਨੂੰ ਕੈਰੀਅਰ ਦੇ ਖੇਤਰ ਵਜੋਂ ਦੇਖਣ ਤੋਂ ਪਹਿਲਾਂ, ਤੁਹਾਨੂੰ ਇਸ ਨੌਕਰੀ ਦੇ ਫਾਇਦਿਆਂ ਅਤੇ ਨੁਕਸਾਨਾਂ ਦੀ ਪਛਾਣ ਕਰਨੀ ਚਾਹੀਦੀ ਹੈ, ਨਾਲ ਹੀ ਤੁਸੀਂ ਆਈਏਐਸ ਕਿਉਂ ਬਣਨਾ ਚਾਹੁੰਦੇ ਹੋ। ਕੀ ਤੁਸੀਂ ਸਮਾਜ ਤੋਂ ਵਧੇਰੇ ਧਿਆਨ ਖਿੱਚਣਾ ਚਾਹੁੰਦੇ ਹੋ ? ਜਾਂ ਕੀ ਤੁਸੀਂ ਲੋਕ ਹਿੱਤ ਵਿੱਚ ਕੰਮ ਕਰਨ ਦੇ ਇੱਛੁਕ ਹੋ ? ਆਈ.ਏ.ਐਸ. ਨੂੰ ਇੱਕ ਨੌਕਰੀ ਨਾਲੋਂ ਇੱਕ ਸੇਵਾ ਵਜੋਂ ਜਾਣਿਆ ਜਾਂਦਾ ਹੈ ਜਿਸ ਵਿੱਚ ਤੁਸੀਂ ਸਮਾਜ ਅਤੇ ਇਸਦੇ ਵਿਕਾਸ ਲਈ ਹਮੇਸ਼ਾ ਤਿਆਰ ਰਹਿੰਦੇ ਹੋ। ਜਦੋਂ ਕਿ ਨੌਕਰੀ ਰੁਜ਼ਗਾਰ ਦੀ ਸਥਿਤੀ ਹੈ; ਇੱਕ ਫੁੱਲ-ਟਾਈਮ ਜਾਂ ਪਾਰਟ-ਟਾਈਮ ਪੋਜੀਸ਼ਨ/ਕੰਮ ਦਾ ਇੱਕ ਟੁਕੜਾ, ਖਾਸ ਤੌਰ 'ਤੇ ਇੱਕ ਖਾਸ ਕੰਮ ਜੋ ਇੱਕ ਸਹਿਮਤ ਕੀਮਤ ਲਈ ਕਿਸੇ ਦੇ ਕਿੱਤੇ ਦੀ ਰੁਟੀਨ ਦੇ ਹਿੱਸੇ ਵਜੋਂ ਕੀਤਾ ਜਾਂਦਾ ਹੈ। ਆਈਏਐਸ ਅਫਸਰ ਦੀ ਭਰਤੀ ਪ੍ਰਕਿਰਿਆ ਨੂੰ ਸਮਝੋ ਯੂਪੀਐਸਸੀ ਸਿਵਲ ਸਰਵਿਸਿਜ਼ ਇਮਤਿਹਾਨ (ਸੀਐਸਈ) ਦੀ ਤਿਆਰੀ ਕਰਨਾ ਇੱਕ ਸਮਾਂ ਲੈਣ ਵਾਲੀ ਪ੍ਰਕਿਰਿਆ ਹੈ ਕਿਉਂਕਿ ਭਾਰਤ ਵਿੱਚ ਹੋਰ ਬਹੁਤ ਸਾਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਉਲਟ ਇਸ ਵਿੱਚ ਕਈ ਪੜਾਅ ਅਤੇ ਮਾਪ ਹਨ, ਪਰ 10ਵੀਂ ਜਮਾਤ ਤੋਂ ਬਾਅਦ ਕਿਸੇ ਉਮੀਦਵਾਰ ਲਈ ਇਸ ਪ੍ਰੀਖਿਆ ਨੂੰ ਸਹੀ ਢੰਗ ਨਾਲ ਪਾਸ ਕਰਨਾ ਅਸੰਭਵ ਨਹੀਂ ਹੈ। ਪਹੁੰਚ ਅਤੇ ਮਾਨਸਿਕਤਾ. ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਸੀ) ਹਰ ਸਾਲ ਤਿੰਨ ਪੜਾਵਾਂ ਵਿੱਚ ਸਿਵਲ ਸੇਵਾਵਾਂ ਪ੍ਰੀਖਿਆ (ਸੀਐਸਈ) ਦਾ ਆਯੋਜਨ ਕਰਦਾ ਹੈ, ਯੂਪੀਐਸਸੀ ਸਿਲੇਬਸ ਨੂੰ ਜਾਣੋ ਯੂਪੀਐਸਸੀ ਸਿਲੇਬਸ ਤੁਹਾਡੀ ਯੂਪੀਐਸਸੀ ਪ੍ਰੀਖਿਆ ਯਾਤਰਾ ਵਿੱਚ ਤੁਹਾਡਾ ਸੱਚਾ ਮਾਰਗਦਰਸ਼ਕ ਹੋਵੇਗਾ; ਆਈਏਐਸ ਪ੍ਰੀਖਿਆ ਦੀ ਤਿਆਰੀ ਕਰਨ ਤੋਂ ਪਹਿਲਾਂ ਯੂਪੀਐਸਸੀ ਸਿਲੇਬਸ ਨੂੰ ਚੰਗੀ ਤਰ੍ਹਾਂ ਪੜ੍ਹੋ। ਯੂਪੀਐਸਸੀ ਨੇ ਆਈਏਐਸ ਇਮਤਿਹਾਨ ਦੇ ਸਿਲੇਬਸ ਨੂੰ ਦੋ ਪੜਾਵਾਂ ਵਿੱਚ ਚੰਗੀ ਤਰ੍ਹਾਂ ਕਵਰ ਕੀਤਾ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹਨ: ਯੂਪੀਐਸਸੀ ਮੁੱਖ ਸਿਲੇਬਸ ਯੂਪੀਐਸਸੀ ਇਮਤਿਹਾਨ ਦੇ ਸਿਲੇਬਸ ਨੂੰ ਪੜ੍ਹਨਾ ਤੁਹਾਨੂੰ ਵਿਸ਼ਿਆਂ ਅਤੇ ਵਿਸ਼ਿਆਂ ਨੂੰ ਸਮਝਣ ਵਿੱਚ ਮਦਦ ਕਰੇਗਾ ਜਿਨ੍ਹਾਂ 'ਤੇ ਤੁਹਾਨੂੰ ਹਰੇਕ ਪੇਪਰ ਲਈ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। 10ਵੀਂ ਤੋਂ ਬਾਅਦ ਸਹੀ ਵਿਸ਼ਾ ਚੁਣੋ 10ਵੀਂ ਜਮਾਤ ਤੋਂ ਬਾਅਦ, ਸਿਰਫ਼ ਉਹੀ ਵਿਸ਼ਿਆਂ ਦੀ ਚੋਣ ਕਰੋ ਜਿਨ੍ਹਾਂ ਵਿੱਚ ਤੁਹਾਡੀ ਦਿਲਚਸਪੀ ਹੈ ਅਤੇ ਯੂਪੀਐਸਸੀ ਪ੍ਰੀਖਿਆ ਦੇ ਸਿਲੇਬਸ ਨੂੰ ਪੜ੍ਹ ਕੇ ਆਈਏਐਸ ਪ੍ਰੀਖਿਆ ਵਿੱਚ ਉਹਨਾਂ ਵਿਸ਼ਿਆਂ ਦੀ ਭੂਮਿਕਾ ਦੀ ਵੀ ਜਾਂਚ ਕਰੋ। ਪ੍ਰੀਲਿਮ ਅਤੇ ਮੇਨ ਦੋਵਾਂ ਦੀ ਇੱਕੋ ਸਮੇਂ ਤਿਆਰੀ ਸ਼ੁਰੂ ਕਰੋ ਤੁਹਾਡੇ ਕੋਲ ਹੁਣ ਬਹੁਤ ਸਮਾਂ ਹੈ। ਇਸ ਲਈ, ਪ੍ਰੀਲਿਮ ਅਤੇ ਮੁੱਖ ਪ੍ਰੀਖਿਆਵਾਂ ਦੋਵਾਂ ਲਈ ਇੱਕੋ ਸਮੇਂ ਅਧਿਐਨ ਕਰਨਾ ਸ਼ੁਰੂ ਕਰੋ। ਆਈਏਐਸ ਪ੍ਰੀਲਿਮ ਅਤੇ ਮੇਨ ਪ੍ਰੀਖਿਆਵਾਂ ਲਈ ਬਰਾਬਰ ਨਿਰੰਤਰ ਫੋਕਸ ਦੀ ਲੋੜ ਹੁੰਦੀ ਹੈ; ਹਰ ਇੱਕ ਆਈਏਐਸ ਪ੍ਰੀਖਿਆ ਵਿੱਚ ਇੱਕ ਵਿਲੱਖਣ ਭੂਮਿਕਾ ਨਿਭਾਉਂਦਾ ਹੈ। ਤੁਸੀਂ ਮੁੱਢਲੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਆਈਏਐਸ ਮੁੱਖ ਪ੍ਰੀਖਿਆ ਲਈ ਹਾਜ਼ਰ ਹੋਵੋਗੇ, ਅਤੇ ਇੱਕ ਵਾਰ ਜਦੋਂ ਤੁਸੀਂ ਮੁੱਖ ਪ੍ਰੀਖਿਆ ਪਾਸ ਕਰ ਲੈਂਦੇ ਹੋ, ਤਾਂ ਤੁਸੀਂ ਇੰਟਰਵਿਊ ਲੈਣ ਲਈ ਯੋਗ ਹੋਵੋਗੇ। ਸਾਰੇ ਵਿਸ਼ਿਆਂ 'ਤੇ ਧਿਆਨ ਕੇਂਦਰਿਤ ਕਰੋ ਕਿਉਂਕਿ ਅਸੀਂ ਨਹੀਂ ਜਾਣਦੇ ਕਿ ਹਰੇਕ ਤੋਂ ਕਿੰਨੇ ਸਵਾਲ ਪੁੱਛੇ ਜਾ ਸਕਦੇ ਹਨ। ਇਹ ਸਾਲ ਦਰ ਸਾਲ ਬਦਲਦਾ ਹੈ. ਆਈਏਐਸ ਪ੍ਰੀਖਿਆ ਦੀ ਤਿਆਰੀ ਵਿੱਚ 6ਵੀਂ ਤੋਂ 12ਵੀਂ ਜਮਾਤ ਤੱਕ ਐਨਸੀਆਰਟੀ ਦੀਆਂ ਪਾਠ-ਪੁਸਤਕਾਂ ਨੂੰ ਪੜ੍ਹਨਾ ਬਹੁਤ ਮਹੱਤਵਪੂਰਨ ਹੈ। ਐਨਸੀਆਰਟੀ ਪਾਠ ਪੁਸਤਕਾਂ ਵਿਦਿਆਰਥੀਆਂ ਲਈ ਬੁਨਿਆਦੀ ਸਿੱਖਣ ਲਈ ਇੱਕ ਵਧੀਆ ਸਰੋਤ ਹਨਧਾਰਨਾਵਾਂ ਅਤੇ ਸਿਧਾਂਤ। ਯੂਪੀਐਸਸੀ ਜ਼ਿਆਦਾਤਰ ਪ੍ਰਸ਼ਨ ਸਿੱਧੇ ਐਨਸੀਆਰਟੀ ਪਾਠ ਪੁਸਤਕਾਂ ਤੋਂ ਪੁੱਛਦਾ ਹੈ। ਮਿਆਰੀ ਕਿਤਾਬਾਂ ਪੜ੍ਹੋ ਆਈਏਐਸ ਟੌਪਰ ਅਤੇ ਮਾਹਰ ਹਮੇਸ਼ਾ ਚਾਹਵਾਨਾਂ ਨੂੰ ਮਿਆਰੀ ਹਵਾਲਾ ਕਿਤਾਬਾਂ ਵੱਲ ਜਾਣ ਤੋਂ ਪਹਿਲਾਂ ਐਨਸੀਆਰਟੀ ਕਿਤਾਬਾਂ ਨਾਲ ਆਪਣੀ ਯੂਪੀਐਸਸੀ ਦੀ ਤਿਆਰੀ ਸ਼ੁਰੂ ਕਰਨ ਦੀ ਸਲਾਹ ਦਿੰਦੇ ਹਨ। ਹਾਲਾਂਕਿ, ਆਈਏਐਸ ਪ੍ਰੀਖਿਆ ਲਈ ਸਹੀ ਕਿਤਾਬਾਂ ਦੀ ਚੋਣ ਕਰਨਾ ਮਹੱਤਵਪੂਰਨ ਹੈ; ਇੱਥੇ ਕੁਝ ਮਿਆਰੀ ਯੂਪੀਐਸਸੀ ਕਿਤਾਬਾਂ ਹਨ ਜੋ ਤੁਹਾਡੀ ਆਈਏਐਸ ਪ੍ਰੀਖਿਆ ਦੀ ਤਿਆਰੀ ਵਿੱਚ ਤੁਹਾਡੀ ਮਦਦ ਕਰਨਗੀਆਂ: ਮਹੱਤਵਪੂਰਨ ਵਿਸ਼ਿਆਂ 'ਤੇ ਆਪਣੇ ਖੁਦ ਦੇ ਨੋਟ ਬਣਾਓ ਅਤੇ ਉਹਨਾਂ ਨੂੰ ਲਗਾਤਾਰ ਸੋਧਦੇ ਰਹੋ। ਰੋਜ਼ਾਨਾ ਅਧਾਰ 'ਤੇ ਯੂਪੀਐਸਸੀ ਕਿਤਾਬਾਂ (ਐਨਸੀਆਰਟੀ/ਸਟੈਂਡਰਡ ਪਾਠ ਪੁਸਤਕਾਂ) ਪੜ੍ਹੋ, ਉਹਨਾਂ ਨੂੰ ਘੱਟ ਨਾ ਸਮਝੋ ਕਿਉਂਕਿ ਇਹ ਸੰਕਲਪ ਨਿਰਮਾਤਾ ਹਨ ਅਤੇ ਬੁਨਿਆਦ ਦੇ ਰੂਪ ਵਿੱਚ ਕੰਮ ਕਰਦੀਆਂ ਹਨ, ਅਤੇ ਤੁਰੰਤ ਸੰਸ਼ੋਧਨ ਲਈ ਉਹਨਾਂ 'ਤੇ ਛੋਟੇ ਨੋਟ ਬਣਾਓ। ਨਿਊਜ਼ ਪੇਪਰ ਪੜ੍ਹੋ ਜੇਕਰ ਤੁਸੀਂ ਆਈਏਐਸ ਇਮਤਿਹਾਨ ਨੂੰ ਪਾਸ ਕਰਨਾ ਚਾਹੁੰਦੇ ਹੋ ਤਾਂ ਅਖਬਾਰ ਪੜ੍ਹਨਾ ਤੁਹਾਡੀ ਰੋਜ਼ਾਨਾ ਰੁਟੀਨ ਦਾ ਹਿੱਸਾ ਹੋਣਾ ਚਾਹੀਦਾ ਹੈ। ਇੱਕ ਅਖਬਾਰ ਤੋਂ ਨੋਟਸ ਬਣਾਓ ਅਤੇ ਬਣਾਈ ਰੱਖੋ; ਹੋਰ ਵੇਰਵਿਆਂ ਲਈ, ਇਹ ਲੇਖ ਪੜ੍ਹੋ- ਯੂਪੀਐਸਸੀ ਲਈ ਅਖ਼ਬਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਪੜ੍ਹਿਆ ਜਾਵੇ ? ਪੁਰਾਣੇ ਪ੍ਰਸ਼ਨ ਪੱਤਰ ਨੂੰ ਵੇਖੋ ਅਤੇ ਮੌਕ ਟੈਸਟ ਸੀਰੀਜ਼ ਦੀ ਕੋਸ਼ਿਸ਼ ਕਰੋ ਇੱਕ ਵਾਰ ਜਦੋਂ ਤੁਸੀਂ ਯੂਪੀਐਸਸੀ ਪ੍ਰੀਖਿਆ ਸਿਲੇਬਸ ਨੂੰ ਸਮਝ ਲੈਂਦੇ ਹੋ, ਤਾਂ ਤੁਸੀਂ ਯੂਪੀਐਸਸੀ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੀ ਕਿਸਮ ਦਾ ਵਿਸ਼ਲੇਸ਼ਣ ਕਰਨ ਲਈ ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਨੂੰ ਦੇਖ ਸਕਦੇ ਹੋ। ਪੜ੍ਹਨ ਤੋਂ ਬਾਅਦ, ਪੁਰਾਣੇ ਪ੍ਰਸ਼ਨ ਪੱਤਰ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੋ। ਅਤੇ ਇਸ ਪ੍ਰਕਿਰਿਆ ਨੂੰ ਸਮੇਂ-ਸਮੇਂ 'ਤੇ ਦੁਹਰਾਉਂਦੇ ਰਹੋ। ਤੁਸੀਂ ਆਪਣੀ ਆਈਏਐਸ ਦੀ ਤਿਆਰੀ ਨੂੰ ਬਿਹਤਰ ਬਣਾਉਣ ਲਈ ਯੂਪੀਐਸਸੀ ਸਿਵਲ ਸਰਵਿਸਿਜ਼ ਮੌਕ ਟੈਸਟ ਵੀ ਲੈ ਸਕਦੇ ਹੋ, ਜੋ ਕਿ ਆਈਏਐਸ ਪ੍ਰੀਲਿਮਸ ਪ੍ਰੀਖਿਆ ਵਿੱਚ ਬਹੁਤ ਲਾਭਦਾਇਕ ਹੋਵੇਗਾ। ਹਫ਼ਤਾਵਾਰੀ ਆਧਾਰ 'ਤੇ ਸੋਧ ਕਰਨ ਦੀ ਆਦਤ ਵਿਕਸਿਤ ਕਰੋ ਸਭ ਤੋਂ ਆਮ ਗਲਤੀਆਂ ਵਿੱਚੋਂ ਇੱਕ ਜੋ ਚਾਹਵਾਨ ਕਰਦੇ ਹਨ ਉਹ ਹੈ ਇੱਕ ਵਿਸ਼ੇ 'ਤੇ ਵੱਡੀ ਗਿਣਤੀ ਵਿੱਚ ਕਿਤਾਬਾਂ ਖਰੀਦਣਾ ਅਤੇ ਹਰ ਕਿਤਾਬ ਨੂੰ ਪੜ੍ਹਨਾ। ਇਸ ਦੀ ਲੋੜ ਨਹੀਂ ਹੈ। ਇੱਕੋ ਵਿਸ਼ੇ 'ਤੇ ਕਈ ਕਿਤਾਬਾਂ ਰੱਖਣ ਦੀ ਬਜਾਏ, ਇੱਕ ਕਿਤਾਬ ਨੂੰ ਕਈ ਵਾਰ ਪੜ੍ਹਨਾ ਬਿਹਤਰ ਹੈ। ਸੰਸ਼ੋਧਨ ਕਰਨਾ ਜਾਰੀ ਰੱਖੋ, ਭਾਵੇਂ ਤੁਹਾਡੇ ਲਈ ਰੋਜ਼ਾਨਾ ਅਧਾਰ 'ਤੇ ਅਜਿਹਾ ਕਰਨਾ ਮੁਸ਼ਕਲ ਹੋਵੇ, ਹਫ਼ਤੇ ਵਿੱਚ ਘੱਟੋ-ਘੱਟ 1-2 ਵਾਰ। 10ਵੀਂ ਤੋਂ ਬਾਅਦ ਯੂਪੀਐਸਸੀ ਲਈ ਕਿਹੜੀ ਸਟਰੀਮ ਵਧੀਆ ਹੈ ? 11ਵੀਂ ਜਮਾਤ ਵਿੱਚ ਪਦਉੱਨਤ ਹੋਏ ਵਿਦਿਆਰਥੀਆਂ ਦੇ ਮਨ ਵਿੱਚ ਇਹ ਸਵਾਲ ਹਮੇਸ਼ਾ ਬਣਿਆ ਰਹਿੰਦਾ ਹੈ ਕਿ 10ਵੀਂ ਤੋਂ ਬਾਅਦ ਯੂਪੀਐਸਸੀ ਲਈ ਕਿਹੜੀ ਸਟਰੀਮ ਵਧੀਆ ਹੈ ? ਹਾਲਾਂਕਿ ਇਸ ਸਵਾਲ ਦਾ ਜਵਾਬ ਤੁਹਾਡੀਆਂ ਨਿੱਜੀ ਤਰਜੀਹਾਂ ਅਤੇ ਦਿਲਚਸਪੀ ਦੇ ਖੇਤਰਾਂ 'ਤੇ ਨਿਰਭਰ ਕਰਦਾ ਹੈ, ਤੁਸੀਂ ਗਿਆਰ੍ਹਵੀਂ ਜਮਾਤ ਵਿੱਚ ਮਨੁੱਖਤਾ, ਮੈਡੀਕਲ ਅਤੇ ਗੈਰ-ਮੈਡੀਕਲ ਸਮੇਤ ਕੋਈ ਵੀ ਸਟ ?ਰੀਮ ਚੁਣ ਸਕਦੇ ਹੋ। 11ਵੀਂ ਜਮਾਤ ਵਿੱਚ, ਤੁਹਾਡੇ ਕੋਲ ਕੋਈ ਵੀ ਧਾਰਾ ਚੁਣਨ ਦੀ ਆਜ਼ਾਦੀ ਹੈ; ਯੂਪੀਐਸਸੀ ਤੁਹਾਨੂੰ ਕਿਸੇ ਵੀ ਸਟਰੀਮ ਤੱਕ ਸੀਮਤ ਨਹੀਂ ਕਰਦਾ; ਇਹ ਜ਼ਰੂਰੀ ਨਹੀਂ ਹੈ ਕਿ ਤੁਸੀਂ ਸਿਰਫ਼ ਮਨੁੱਖਤਾ ਦੀਆਂ ਧਾਰਾਵਾਂ ਹੀ ਚੁਣੋ, ਪਰ ਤੁਸੀਂ ਗੈਰ-ਮਨੁੱਖਤਾ ਦੀਆਂ ਧਾਰਾਵਾਂ ਵੀ ਚੁਣ ਸਕਦੇ ਹੋ। ਜੇਕਰ ਤੁਸੀਂ ਗੈਰ-ਮਨੁੱਖਤਾ ਸਟਰੀਮਜ਼ ਮੈਡੀਕਲ, ਗੈਰ-ਮੈਡੀਕਲ, ਆਦਿ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਯੂਪੀਐਸਸੀ ਵਿਕਲਪਿਕ ਵਿਸ਼ੇ ਵੀ ਮਿਲਣਗੇ ਜਿਵੇਂ - ਮੈਡੀਕਲ ਸਾਇੰਸ, ਐਗਰੀਕਲਚਰ, ਬੋਟਨੀ, ਕੈਮਿਸਟਰੀ, ਭੌਤਿਕ ਵਿਗਿਆਨ, ਗਣਿਤ, ਇੰਜਨੀਅਰਿੰਗ, ਆਦਿ। ਤੁਸੀਂ ਕਿਸੇ ਇੱਕ ਨੂੰ ਅਪਣਾ ਕੇ ਤਿਆਰੀ ਕਰ ਸਕਦੇ ਹੋ। ਇੱਕ ਵਿਕਲਪਿਕ ਵਿਸ਼ੇ ਵਜੋਂ ਵਿਸ਼ਾ। ਜੇਕਰ ਤੁਸੀਂ ਹਿਊਮੈਨਟੀਜ਼ ਸਟਰੀਮ ਦੀ ਚੋਣ ਕਰਦੇ ਹੋ ਜਿਸ ਵਿੱਚ ਇਤਿਹਾਸ, ਭੂਗੋਲ, ਰਾਜਨੀਤੀ ਸ਼ਾਸਤਰ ਆਦਿ ਵਰਗੇ ਵਿਸ਼ੇ ਹਨ। ਇਹ ਤੁਹਾਡੇ ਲਈ ਇੱਕ ਬਿਹਤਰ ਵਿਕਲਪ ਹੋ ਸਕਦਾ ਹੈ ਕਿਉਂਕਿ ਮਾਨਵਤਾ ਸਟਰੀਮ ਨਾਲ ਸਬੰਧਤ ਵਿਸ਼ੇ ਤੁਹਾਨੂੰ ਆਈਏਐਸ ਪ੍ਰੀਲਿਮਜ਼, ਮੇਨਜ਼ ਅਤੇ ਵਿਕਲਪਿਕ ਵਿਸ਼ਿਆਂ ਵਿੱਚ ਮਦਦ ਕਰਨਗੇ। 10ਵੀਂ ਤੋਂ ਬਾਅਦ ਯੂਪੀਐਸਸੀ ਲਈ ਕਿਹੜਾ ਵਿਸ਼ਾ ਸਭ ਤੋਂ ਵਧੀਆ ਹੈ ? ਜਿਵੇਂ ਕਿ ਅਸੀਂ ਉੱਪਰ ਦੱਸਿਆ ਹੈ ਕਿ ਹਿਊਮੈਨਟੀਜ਼ ਦੇ ਵਿਦਿਆਰਥੀ ਕਿਸੇ ਨਾ ਕਿਸੇ ਤਰੀਕੇ ਨਾਲ ਦੂਜਿਆਂ ਨਾਲੋਂ ਅੱਗੇ ਹੁੰਦੇ ਹਨ ਕਿਉਂਕਿ ਮਾਨਵਤਾ ਦੇ ਵਿਸ਼ੇ ਤੁਹਾਨੂੰ ਆਈਏਐਸ ਪ੍ਰੀਲਿਮ ਤੋਂ ਲੈ ਕੇ ਮੁੱਖ ਪ੍ਰੀਖਿਆ ਤੱਕ ਮਦਦ ਕਰਦੇ ਹਨ ਅਤੇ ਉਨ੍ਹਾਂ ਦੇ ਪ੍ਰਸ਼ਨ ਯੂਪੀਐਸਸੀ ਪ੍ਰੀਖਿਆ ਵਿੱਚ ਬਹੁਤ ਭਾਰ ਰੱਖਦੇ ਹਨ, ਇਸ ਤਰ੍ਹਾਂ ਤੁਸੀਂ ਆਪਣੀ 10ਵੀਂ ਤੋਂ ਬਾਅਦ, ਤੁਸੀਂ ਕਰ ਸਕਦੇ ਹੋ। ਇਤਿਹਾਸ, ਰਾਜਨੀਤੀ ਸ਼ਾਸਤਰ, ਲੋਕ ਪ੍ਰਸ਼ਾਸਨ, ਸਮਾਜ ਸ਼ਾਸਤਰ, ਅਰਥ ਸ਼ਾਸਤਰ, ਮਨੋਵਿਗਿਆਨ ਆਦਿ ਵਰਗੇ ਮਨੁੱਖਤਾ ਦੇ ਵਿਸ਼ਿਆਂ ਵਿੱਚੋਂ ਚੁਣੋ। ਫਿਰ ਵੀ, ਅਸੀਂ ਤੁਹਾਨੂੰ ਦੁਬਾਰਾ ਸਲਾਹ ਦੇਣ 'ਤੇ ਜ਼ੋਰ ਦੇਵਾਂਗੇ ਕਿ ਕੋਈ ਵਿਸ਼ਾ ਚੁਣਨ ਤੋਂ ਪਹਿਲਾਂ, ਆਪਣੀ ਦਿਲਚਸਪੀ ਦੀ ਪਛਾਣ ਕਰੋ ਅਤੇ ਯੂਪੀਐਸਸੀ ਸਿਲੇਬਸ ਨੂੰ ਚੰਗੀ ਤਰ੍ਹਾਂ ਪੜ੍ਹੋ, ਫਿਰ ਆਪਣੇ ਵਿਸ਼ੇ ਚੁਣੋ। 10ਵੀਂ ਤੋਂ ਬਾਅਦ ਯੂਪੀਐਸਸੀ - ਫਾਇਦੇ ਅਤੇ ਨੁਕਸਾਨ ਯੂਪੀਐਸਸੀ ਸਿਵਲ ਸਰਵਿਸਿਜ਼ ਇਮਤਿਹਾਨ ਦੀ ਤਿਆਰੀ ਦੇ ਇਸ ਦੇ ਮਾਪ ਹਨ ਜਿੱਥੇ ਤੁਹਾਨੂੰ ਇਕਾਗਰਤਾ, ਧੀਰਜ ਅਤੇ ਸਹੀ ਦਿਸ਼ਾ ਦੇ ਨਾਲ ਲਗਾਤਾਰ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ। ਕੀ ਤੁਸੀਂ ਸਮਝਦੇ ਹੋ ਕਿ ਯੂਪੀਐਸਸੀ ਪ੍ਰੀਖਿਆ ਇੰਨੀ ਔਖੀ ਕਿਉਂ ਹੈ ? ਇਹ ਚਾਹੁੰਦਾ ਹੈ ਕਿ ਤੁਸੀਂ ਦਬਾਅ ਨਾਲ ਨਜਿੱਠੋ। ਇਹ ਤੁਹਾਡੀ ਜੀਵਨ ਸ਼ੈਲੀ ਦਾ ਹਿੱਸਾ ਬਣਨਾ ਚਾਹੁੰਦਾ ਹੈ। ਯੂਪੀਐਸਸੀ ਤੁਹਾਡੀ ਧਾਰਨਾ 'ਤੇ ਵਿਚਾਰ ਕਰਨ ਤੋਂ ਬਾਅਦ ਤੁਹਾਨੂੰ ਚੁਣੇਗਾ। ਯੂਪੀਐਸਸੀ ਦੀ ਧਾਰਨਾ ਨੂੰ ਸਮਝਣਾ ਮਹੱਤਵਪੂਰਨ ਹੈ, ਅਤੇ ਤੁਹਾਨੂੰ ਉਸ ਧਾਰਨਾ ਨੂੰ ਖੋਜਣਾ ਚਾਹੀਦਾ ਹੈ, ਫਿਰ ਹੇਠਾਂ ਦਿੱਤੇ ਸਵਾਲ 'ਤੇ ਵਿਚਾਰ ਕਰੋ: ਕੀ ਮੈਂ ਸੱਚਮੁੱਚ ਇਸ ਪ੍ਰੀਖਿਆ ਲਈ ਤਿਆਰ ਹਾਂ ? ਕੇਵਲ ਤਦ ਹੀ ਤੁਹਾਨੂੰ ਯੂਪੀਐਸਸੀ ਸੀ.ਐਸ.ਈ ਪ੍ਰੀਖਿਆ ਦੀ ਤਿਆਰੀ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਆਉ 10ਵੀਂ ਜਮਾਤ ਤੋਂ ਬਾਅਦ ਯੂਪੀਐਸਸੀ ਦੀ ਤਿਆਰੀ ਦੇ ਕੁਝ ਫਾਇਦੇ ਅਤੇ ਨੁਕਸਾਨ ਦੀ ਜਾਂਚ ਕਰੀਏ। 10ਵੀਂ ਤੋਂ ਬਾਅਦ ਯੂਪੀਐਸਸੀ ਦੀ ਤਿਆਰੀ ਦੇ ਫਾਇਦੇ ਜੇਕਰ ਤੁਸੀਂ ਇਸ ਉਮਰ ਵਿੱਚ ਤਿਆਰੀ ਸ਼ੁਰੂ ਕਰਦੇ ਹੋ, ਤਾਂ ਤੁਹਾਡੇ ਕੋਲ ਆਪਣੀ ਆਈਏਐਸ ਪ੍ਰੀਖਿਆ ਦੀ ਤਿਆਰੀ ਲਈ ਦੂਜਿਆਂ ਨਾਲੋਂ ਜ਼ਿਆਦਾ ਸਮਾਂ ਹੋਵੇਗਾ। ਜੇਕਰ ਤੁਸੀਂ ਹੁਣੇ ਹੀ ਆਈਏਐਸ ਇਮਤਿਹਾਨ ਦੀ ਤਿਆਰੀ ਸ਼ੁਰੂ ਕਰਦੇ ਹੋ, ਤਾਂ ਤੁਹਾਡੀ ਭਵਿੱਖ ਦੀ ਤਿਆਰੀ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਨਹੀਂ ਹੋਣਗੀਆਂ ਕਿਉਂਕਿ ਜਦੋਂ ਤੁਸੀਂ ਪ੍ਰੀਖਿਆ ਲਈ ਹਾਜ਼ਰ ਹੋਣਾ ਹੈ ਤਾਂ ਤੁਸੀਂ ਸ਼ਾਇਦ ਬਹੁਤ ਕੁਝ ਸਿੱਖ ਲਿਆ ਹੋਵੇਗਾ। ਜੇਕਰ ਤੁਸੀਂ ਇਸ ਉਮਰ ਵਿੱਚ ਆਪਣੀ ਆਈਏਐਸ ਪ੍ਰੀਖਿਆ ਦੀ ਤਿਆਰੀ ਸ਼ੁਰੂ ਕਰਦੇ ਹੋ, ਤਾਂ ਬਾਅਦ ਵਿੱਚ, ਆਈਏਐਸ ਪ੍ਰੀਖਿਆ ਲਈ ਕੋਚਿੰਗ ਲਈ ਤੁਹਾਡੇ ਘਰ/ਸ਼ਹਿਰ ਤੋਂ ਬਾਹਰ ਜਾਣ ਦੀ ਸੰਭਾਵਨਾ ਘੱਟ ਹੁੰਦੀ ਹੈ। ਜੇਕਰ ਤੁਸੀਂ ਇਸ ਉਮਰ ਵਿੱਚ ਆਪਣੀ ਆਈਏਐਸ ਪ੍ਰੀਖਿਆ ਲਈ ਪੜ੍ਹਾਈ ਸ਼ੁਰੂ ਕਰਦੇ ਹੋ ਤਾਂ ਤੁਸੀਂ ਪੈਸੇ ਅਤੇ ਸਮੇਂ ਦੀ ਬੱਚਤ ਕਰਨ ਦੇ ਯੋਗ ਹੋਵੋਗੇ। ਘਰ ਬੈਠੇ ਆਈਏਐਸ ਪ੍ਰੀਖਿਆ ਦੀ ਤਿਆਰੀ ਕਰਨ ਨਾਲ ਤੁਹਾਨੂੰ ਆਪਣੇ ਪਰਿਵਾਰ ਦਾ ਵੀ ਸਹਿਯੋਗ ਮਿਲੇਗਾ। 10ਵੀਂ ਤੋਂ ਬਾਅਦ ਯੂਪੀਐਸਸੀ ਦੀ ਤਿਆਰੀ ਕਰਨ ਦੇ ਨੁਕਸਾਨ ਬਿਨਾਂ ਲੋੜੀਂਦੇ ਗਿਆਨ ਦੇ ਇਸ ਛੋਟੀ ਉਮਰ ਵਿੱਚ ਆਈਏਐਸ ਪ੍ਰੀਖਿਆ ਦੀ ਤਿਆਰੀ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਜਲਦਬਾਜ਼ੀ ਵਾਲਾ ਫੈਸਲਾ ਹੋ ਸਕਦਾ ਹੈ। ਇਹ ਜਾਣੇ ਬਿਨਾਂ ਕਿ ਉਹ ਮਾਨਸਿਕ ਅਤੇ ਸਰੀਰਕ ਤੌਰ 'ਤੇ ਇਸ ਲਈ ਤਿਆਰ ਹਨ ਜਾਂ ਨਹੀਂ ਆਈਏਐਸ ਪ੍ਰੀਖਿਆ ਦੀ ਤਿਆਰੀ ਸ਼ੁਰੂ ਕਰਨਾ ਅਕਸਰ ਇਸ ਉਮਰ ਵਿੱਚ ਇੱਕ ਸਮੱਸਿਆ ਦੇਖੀ ਜਾਂਦੀ ਹੈ। ਵਿਦਿਆਰਥੀ ਅਕਸਰ ਆਪਣੀਆਂ ਅਕਾਦਮਿਕ ਜ਼ਿੰਮੇਵਾਰੀਆਂ ਦੇ ਸਿਖਰ 'ਤੇ ਆਈਏਐਸ ਪ੍ਰੀਖਿਆ ਦੀ ਤਿਆਰੀ ਲਈ ਸਮਾਂ ਕੱਢਣ ਲਈ ਸੰਘਰਸ਼ ਕਰਦੇ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਇਸ ਉਮਰ ਵਿਚ ਇਕਾਗਰਤਾ ਦੀ ਕਮੀ ਹੋ ਜਾਂਦੀ ਹੈ, ਵਿਦਿਆਰਥੀ ਆਈਏਐਸ ਪ੍ਰੀਖਿਆ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ ਪਰ ਕੁਝ ਸਮੇਂ ਬਾਅਦ ਉਹ ਆਪਣੀ ਤਿਆਰੀ ਵਿਚਾਲੇ ਹੀ ਛੱਡ ਦਿੰਦੇ ਹਨ। ਵਿਦਿਆਰਥੀ ਆਈਏਐਸ ਇਮਤਿਹਾਨ ਦੀ ਤਿਆਰੀ ਲਈ ਸਭ ਤੋਂ ਵਧੀਆ ਅਤੇ ਸਭ ਤੋਂ ਢੁਕਵੇਂ ਮਾਰਗਦਰਸ਼ਨ ਅਤੇ ਸਰੋਤਾਂ ਨੂੰ ਲੱਭਣ ਲਈ ਸੰਘਰਸ਼ ਕਰਦੇ ਰਹਿੰਦੇ ਹਨ। ਯੂਪੀਐਸਸੀ ਦੀ ਤਿਆਰੀ ਲਈ ਕੋਚਿੰਗ ਸਹਾਇਤਾ ਯੂਪੀਐਸਸੀ ਆਈਏਐਸ ਇਮਤਿਹਾਨ ਵਿੱਚ, ਸਖ਼ਤ ਮਿਹਨਤ ਦੇ ਨਾਲ-ਨਾਲ ਉਚਿਤ ਮਾਰਗਦਰਸ਼ਨ ਬਹੁਤ ਮਹੱਤਵਪੂਰਨ ਹੁੰਦਾ ਹੈ, ਇਸ ਲਈ ਆਈਏਐਸ ਪ੍ਰੀਖਿਆ ਦੀ ਤਿਆਰੀ ਕਰਦੇ ਸਮੇਂ ਕੋਚਿੰਗ ਸਹਾਇਤਾ ਬਹੁਤ ਮਹੱਤਵਪੂਰਨ ਹੁੰਦੀ ਹੈ, ਜਿੱਥੇ ਤੁਸੀਂ ਲਗਾਤਾਰ ਸਲਾਹਕਾਰਾਂ ਜਾਂ ਮਾਹਰਾਂ ਤੋਂ ਮਾਰਗਦਰਸ਼ਨ ਪ੍ਰਾਪਤ ਕਰਦੇ ਹੋ। ਭਾਰਤ ਵਿੱਚ, ਯੂਪੀਐਸਸੀ ਦੀ ਤਿਆਰੀ ਲਈ ਬਹੁਤ ਸਾਰੇ ਕੋਚਿੰਗ ਸਹਾਇਕ ਪਲੇਟਫਾਰਮ ਹਨ। ਜੇਕਰ ਤੁਸੀਂ ਸਭ ਤੋਂ ਵੱਧ ਲਾਗਤ-ਪ੍ਰਭਾਵਸ਼ਾਲੀ ਅਤੇ ਸਭ ਤੋਂ ਵਧੀਆ ਵਿਕਲਪ ਚਾਹੁੰਦੇ ਹੋ, ਤਾਂ ਟੈਸਟਬੁੱਕ ਦੇ 'ਆਨਲਾਈਨ ਸੁਪਰਕੋਚਿੰਗ ਪ੍ਰੋਗਰਾਮ' ਨਾਲ ਜਾਓ, ਜਿਸ ਵਿੱਚ ਯੂਪੀਐਸਸੀ ਪ੍ਰੀਖਿਆ ਲਈ ਇੱਕ-ਨਾਲ-ਇੱਕ ਸਲਾਹ, ਵਿਸ਼ੇ-ਵਿਸ਼ੇਸ਼ ਸਲਾਹਕਾਰ, ਅਤੇ ਮੁਫ਼ਤ ਲਾਈਵ ਕਲਾਸਾਂ ਸ਼ਾਮਲ ਹਨ। ਟੈਸਟਬੁੱਕ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਕੁਝ ਹੋਰ ਸ਼ਾਨਦਾਰ ਵਿਸ਼ੇਸ਼ਤਾਵਾਂ ਦੀ ਜਾਂਚ ਕਰੋ। ਟੈਸਟਬੁੱਕ ਤੁਹਾਡੀ ਤਿਆਰੀ ਲਈ ਤੁਹਾਨੂੰ ਭਾਰਤ ਦਾ ਸਭ ਤੋਂ ਵਧੀਆ ਆਈਏਐਸ ਕੋਰਸ ਪੇਸ਼ ਕਰਦੀ ਹੈ। ਸਾਡੇ ਫੈਕਲਟੀ ਮੈਂਬਰ ਬਹੁਤ ਹੀ ਨਾਮਵਰ ਪ੍ਰੋਫੈਸਰ, ਗਤੀਸ਼ੀਲ ਵਿਅਕਤੀ, ਵਿਦਵਾਨ, ਅਤੇ ਵਿਸ਼ਾ ਵਸਤੂ ਦੇ ਮਾਹਰ ਹਨ ਜੋ ਆਪਣੇ ਸਰਲ, ਵਿਦਿਆਰਥੀ-ਅਨੁਕੂਲ ਅਤੇ ਪ੍ਰਭਾਵਸ਼ਾਲੀ ਅਧਿਆਪਨ ਤਰੀਕਿਆਂ ਲਈ ਪੂਰੇ ਭਾਰਤ ਵਿੱਚ ਜਾਣੇ ਜਾਂਦੇ ਹਨ। ਸਿੱਟਾ ਜੇਕਰ ਤੁਸੀਂ ਜ਼ੀਰੋ ਲੈਵਲ ਤੋਂ ਯੂ.ਪੀ.ਐੱਸ.ਸੀ. ਦੀ ਤਿਆਰੀ ਸ਼ੁਰੂ ਕਰਨ ਬਾਰੇ ਵਿਚਾਰ ਕਰ ਰਹੇ ਹੋ, ਤਾਂ ਆਪਣੀਆਂ ਤਰਜੀਹਾਂ ਨੂੰ ਧਿਆਨ ਵਿੱਚ ਰੱਖੋ ਅਤੇ ਹੌਲੀ-ਹੌਲੀ ਆਪਣੀ ਯਾਤਰਾ ਸ਼ੁਰੂ ਕਰੋ। ਆਈਏਐਸ ਇਮਤਿਹਾਨ ਦੇ ਸਾਰੇ ਪਹਿਲੂਆਂ ਦਾ ਚੰਗੀ ਤਰ੍ਹਾਂ ਅਧਿਐਨ ਕਰਨ ਤੋਂ ਬਾਅਦ, ਤੁਹਾਨੂੰ ਆਪਣੇ ਪੂਰੇ ਦਿਲ ਅਤੇ ਆਤਮਾ ਨਾਲ ਸਿਵਲ ਸਰਵਿਸਿਜ਼ ਪ੍ਰੀਖਿਆ ਤੱਕ ਪਹੁੰਚ ਕਰਨੀ ਚਾਹੀਦੀ ਹੈ। ਆਈਏਐੱਸ ਇਮਤਿਹਾਨ ਨੂੰ ਪਾਸ ਕਰਨ ਲਈ, ਤੁਹਾਨੂੰ ਹਮੇਸ਼ਾ ਆਪਣੇ ਨਾਲ ਇਮਾਨਦਾਰ ਹੋਣਾ ਚਾਹੀਦਾ ਹੈ. ਹਾਲਾਂਕਿ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਹਰ ਯਾਤਰਾ ਵਿੱਚ ਉਤਰਾਅ-ਚੜ੍ਹਾਅ ਹੁੰਦੇ ਹਨ ਅਤੇ ਆਈਏਐਸ ਪ੍ਰੀਖਿਆ ਵਿੱਚ ਦੋਵੇਂ ਹੀ ਹੋਣਗੇ। ਦੌੜ ਸਿਰਫ ਉਹੀ ਜਿੱਤ ਸਕਦੇ ਹਨ ਜੋ ਦ੍ਰਿੜ੍ਹ ਇਰਾਦੇ ਅਤੇ ਸ਼ਰਧਾ ਨਾਲ ਕਾਇਮ ਰਹੋ।

# Dosanjh Family AUTO GROUP

Cadillac | CHEVROLET | INFINITI | KIA | NISSAN | BUICK

GMC | LIVERMORE TOYOTA | HYUNDAI Fremont Hyundai | TOYOTA | Ford | ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD